5-JAN-PAGE-1.qxd 1/4/2026 10:20 PM Page 1

ਸੋਮਵਾਰ, 5 ਜਨਵਰੀ, 2026
22 ਪੋਹ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 216

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • MONDAY, 5 JANUARY, 2026 ਜਲੰਧਰ

nawan zamana TV

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਵੈਨੇਜ਼ੁਏਲਾ 'ਤੇ ਅਮਰੀਕੀ ਸਾਮਰਾਜ ਦਾ ਹਮਲਾ ਅੱਤ ਨਿੰਦਣਯੋਗ : ਬੰਤ ਬਰਾੜ, ਹਰਭਜਨ

## • ਸੰਪੂਰਨ ਅਜ਼ਾਦੀ ਦਾ ਮੁੱਢ ਬਾਬਾ ਭਕਨਾ ਹੁਰਾਂ ਬੱਧਾ : ਗੁਰਮੀਤ • ਬਾਬਾ ਸੋਹਣ ਸਿੰਘ ਭਕਨਾ ਦੇ ਜਨਮ ਦਿਨ 'ਤੇ ਸਮਾਗਮ

**ਸਰਾਏ ਅਮਾਨਤ ਖਾਂ/ਝਬਾਲ (ਮੱਖਣ ਮਨੋਜ/ਹਰਜਿੰਦਰ ਸੋਨੀ)**

ਹਰ ਸਾਲ ਦੀ ਤਰ੍ਹਾਂ ਬਾਬਾ ਸੋਹਣ ਸਿੰਘ ਭਕਨਾ ਦੇ ਜਨਮ ਦਿਹਾੜੇ 'ਤੇ ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਗਦਰੀ ਯੋਧਿਆਂ ਅਤੇ ਸਮੂਹ ਦੇਸ਼ ਭਗਤਾਂ ਨੂੰ ਯਾਦ ਕਰਦਿਆਂ ਵਿਸ਼ਾਲ ਸਿਆਸੀ ਕਾਨਫਰੰਸ ਅਤੇ ਸੱਭਿਆਚਾਰਕ ਪ੍ਰੋਗਰਾਮ ਬਲਵਿੰਦਰ ਸਿੰਘ ਦੁਧਾਲਾ, ਜਸਬੀਰ ਸਿੰਘ ਗਿੱਲ, ਗੁਰਦਿਆਲ ਸਿੰਘ ਖਡੂਰ ਸਾਹਿਬ, ਗੁਰਬਿੰਦਰ ਸਿੰਘ ਸੋਹਲ, ਗੁਰਦੀਪ ਸਿੰਘ ਗਿੱਲਵਾਲੀ, ਗੁਰਮੁੱਖ ਸਿੰਘ ਸ਼ੇਰਗਿੱਲ ਤੇ ਰੁਪਿੰਦਰ ਕੌਰ ਮਾੜੀਮੇਘਾ ਦੀ ਪ੍ਰਧਾਨਗੀ ਹੇਠ ਕਰਵਾਇਆ ਗਿਆ।

ਯਾਦ ਰਹੇ ਕਿ ਹਰ ਸਾਲ ਬਾਬਾ ਸੋਹਣ ਸਿੰਘ ਭਕਨਾ ਦੇ ਪਰਵਾਰ ਵੱਲੋਂ ਜਸਬੀਰ ਸਿੰਘ ਗਿੱਲ ਦੀ ਅਗਵਾਈ ਵਿੱਚ ਉਹਨਾ ਦੀ ਯਾਦਗਾਰ ਵਿਖੇ ਅਖੰਡ ਪਾਠ ਦੇ ਭੋਗ ਉਪਰੰਤ ਸਥਾਨਕ ਬਾਬਾ ਸੋਹਣ ਸਿੰਘ ਭਕਨਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੀ ਗਰਾਊਂਡ ਵਿੱਚ ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਸਿਆਸੀ ਕਾਨਫਰੰਸ ਕੀਤੀ ਜਾਂਦੀ ਹੈ, ਜਿਸ ਵਿੱਚ ਪਾਰਟੀ ਵਰਕਰਾਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਿੰਡ ਅਤੇ ਇਲਾਕੇ ਦੇ ਲੋਕ ਹਿੱਸਾ ਲੈਂਦੇ ਹਨ। ਇਸ ਵਾਰੀ ਫਿਰ ਉਸੇ ਇਨਕਲਾਬੀ ਉਤਸ਼ਾਹ ਨਾਲ ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਕਾਨਫਰੰਸ ਤੇ ਕਵੀਸ਼ਰੀ ਜਥੇ ਰਾਹੀਂ ਬਾਬਾ ਜੀ ਦਾ ਜਨਮ ਦਿਹਾੜਾ ਮਨਾਇਆ ਗਿਆ।

ਇਸ ਮੌਕੇ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਸੂਬਾਈ ਸਕੱਤਰ ਬੰਤ ਸਿੰਘ ਬਰਾੜ ਅਤੇ ਸੂਬਾਈ ਆਗੂ ਹਰਭਜਨ ਸਿੰਘ ਨੇ ਕਿਹਾ ਕਿ ਅੱਜ ਦੇਸ਼ ਦੇ ਹਾਲਾਤ ਮਿਹਨਤਕਸ਼ ਲੋਕਾਂ ਲਈ ਬਹੁਤ ਮਾਰੂ ਹਨ। ਕੇਂਦਰ ਦੀ ਭਾਜਪਾ ਸਰਕਾਰ ਨਵੇਂ ਤੋਂ ਨਵਾਂ ਕਾਨੂੰਨ ਬਣਾ ਰਹੀ ਹੈ, ਜੋ ਕਿ ਮਜ਼ਦੂਰ-ਕਿਸਾਨ ਦਾ ਗਲਾ ਘੁੱਟਣ ਵਾਲਾ ਅਤੇ ਕਾਰਪੋਰੇਟ ਘਰਾਣਿਆਂ ਨੂੰ ਫਾਇਦਾ ਦੇਣ ਵਾਲਾ ਹੁੰਦਾ ਹੈ। ਉਹਨਾਂ ਯਾਦ ਕਰਾਇਆ ਕਿ ਬਾਬਾ ਸੋਹਣ ਸਿੰਘ ਭਕਨਾ ਤੇ ਉਹਨਾ ਦੇ ਗਦਰੀ ਸਾਥੀ ਦੇਸ਼ ਦੀ ਅਸਲੀ ਆਜ਼ਾਦੀ ਲਈ ਆਪਣੀ ਜਾਨ ਦੀ ਬਾਜ਼ੀ ਲਾ ਗਏ ਅਤੇ ਉਹਨਾਂ ਆਜ਼ਾਦੀ ਤੋਂ ਬਾਅਦ ਵੀ ਇਸ ਦੇਸ਼ ਵਿੱਚ ਲੋਕਾਂ ਨੂੰ ਬਰਾਬਰ ਤੇ ਖੁਸ਼ਹਾਲ ਵੇਖਣ ਲਈ ਸਮਾਜਵਾਦੀ ਰਾਜ ਪ੍ਰਬੰਧ ਲਈ ਸੰਘਰਸ਼ ਕੀਤਾ। ਅੱਜ ਸੰਸਾਰ ਸਾਮਰਾਜੀ ਸ਼ਕਤੀਆਂ ਦੀ ਦਲਾਲੀ ਕਰਦਿਆਂ ਸਾਡੇ ਦੇਸ਼ ਦੀ ਕੇਂਦਰ ਅਤੇ ਪੰਜਾਬ ਸਰਕਾਰ ਝੂਠ ਬੋਲ-ਬੋਲ ਕੇ ਲੋਕਾਂ ਨੂੰ ਗੁੰਮਰਾਹ ਕਰ ਰਹੀਆਂ ਹਨ। ਧਰਮ-ਜਾਤਾਂ ਦੇ ਨਾਂਅ 'ਤੇ ਨਫਰਤ ਪੈਦਾ ਕੀਤੀ ਜਾ ਰਹੀ ਹੈ। ਸੋ ਇਸ ਕਰਕੇ ਅੱਜ ਦੇਸ਼ ਦੇ ਮਜ਼ਦੂਰ ਤੇ ਕਿਸਾਨ ਅਤੇ ਹੋਰ ਮਿਹਨਤਕਸ਼ ਜਨਤਾ ਦਾ ਫਰਜ਼ ਬਣਦਾ ਹੈ ਕਿ ਉਹ ਵਿਸ਼ਾਲ ਸਾਂਝਾ ਸੰਘਰਸ਼ ਏਨੀ ਵੱਡੀ ਪੱਧਰ 'ਤੇ ਲਿਜਾਣ ਕਿ ਸਾਡੇ ਮਹਾਨ ਦੇਸ਼ ਭਗਤਾਂ ਦੇ ਸੁਪਨਿਆਂ ਦਾ ਭਾਰਤ ਬਣ ਸਕੇ। ਅੱਜ ਦੇਸ਼ ਦੀ ਸਰਕਾਰ ਨੇ ਨਰੇਗਾ ਕਾਨੂੰਨ ਤੋੜ ਦਿੱਤਾ ਹੈ।ਮਜ਼ਦੂਰਾਂ ਦੇ ਹੱਕ ਦੇ ਹੋਰ ਕਾਨੂੰਨ ਵੀ ਤੋੜ ਦਿੱਤੇ ਹਨ। ਚਾਰ ਲੇਬਰ ਕੋਡ ਲਾਗੂ ਕੀਤੇ ਜਾ ਰਹੇ ਹਨ, ਜਿਹਨਾਂ ਨਾਲ ਦੇਸ਼ ਦਾ ਮਜ਼ਦੂਰ ਬੰਧੂਆ ਮਜ਼ਦੂਰ ਬਣ ਜਾਵੇਗਾ। ਬਿਜਲੀ ਬਿੱਲ ਕਾਨੂੰਨ ਬਣਾਉਣ ਲਈ ਲਿਆਂਦਾ ਜਾ ਰਿਹਾ ਹੈ, ਜਿਸ ਨਾਲ ਸਮੁੱਚੀ ਬਿਜਲੀ ਕਾਰਪੋਰੇਟ ਘਰਾਣਿਆਂ ਦੇ ਹੱਥ ਵਿੱਚ ਹੋਵੇਗੀ। ਕੰਮ ਦਿਹਾੜੀ ਸਮਾਂ 12 ਘੰਟੇ ਤੱਕ ਕਰ ਦਿੱਤਾ ਗਿਆ ਹੈ, ਜੋ ਕਿ ਗੁਲਾਮਦਾਰੀ ਦੀ ਨਿਸ਼ਾਨੀ ਹੈ। ਭਾਰਤੀ ਕਮਿਊਨਿਸਟ ਪਾਰਟੀ ਕੇਂਦਰ ਤੇ ਪੰਜਾਬ ਸਰਕਾਰ ਦੇ ਅਜਿਹੇ ਮਾਰੂ ਫੈਸਲਿਆਂ ਵਿਰੁੱਧ ਲਗਾਤਾਰ ਸੰਘਰਸ਼ ਕਰ ਰਹੀ ਹੈ।ਸੋ ਇਸ ਸਮੇਂ ਸਭ ਤੋਂ ਪਹਿਲਾਂ ਵੱਖ-ਵੱਖ ਕਮਿਊਨਿਸਟ ਪਾਰਟੀਆਂ ਦਾ ਫਰਜ਼ ਬਣਦਾ ਹੈ ਕਿ ਉਹ ਇੱਕ ਪਲੇਟਫਾਰਮ 'ਤੇ ਇਕੱਠਿਆਂ ਹੋ ਕੇ ਵਿਸ਼ਾਲ ਸੰਘਰਸ਼ ਦੀ ਸ਼ੁਰੂਆਤ ਕਰਨ।



ਇਸ ਮੌਕੇ ਕਮਿਊਨਿਸਟ ਆਗੂਆਂ ਨੇ ਅਮਰੀਕਾ ਵੱਲੋਂ ਵੈਨੇਜ਼ੂਏਲਾ 'ਤੇ ਹਮਲਾ ਕਰਨ ਦੀ ਜ਼ੋਰਦਾਰ ਨਿੰਦਾ ਕੀਤੀ। ਉਹਨਾਂ ਕਿਹਾ ਕਿ ਅਮਰੀਕੀ ਸਾਮਰਾਜ ਅੱਜ ਹਲਕੇ ਕੁੱਤੇ ਵਾਂਗ ਦੁਨੀਆ ਦੇ ਮਾੜੇ ਦੇਸ਼ਾਂ ਮਗਰ ਪਿਆ ਹੈ। ਉਹ ਇਰਾਕ ਵਾਂਗ ਹੀ ਇਸ ਦੇਸ਼ ਵਿੱਚੋਂ ਤੇਲ ਤੇ ਸੋਨੇ ਦੇ ਭੰਡਾਰ ਕਾਬੂ ਕਰਨਾ ਚਾਹੁੰਦਾ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਜਨਰਲ ਸਕੱਤਰ ਗੁਰਮੀਤ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਬਾਬਾ ਸੋਹਣ ਸਿੰਘ ਭਕਨਾ ਨੇ ਦੇਸ਼ ਭਗਤਾਂ ਦੀ ਯਾਦ ਨੂੰ ਸਾਂਭਣ ਲਈ ਦੇਸ਼ ਭਗਤ ਯਾਦਗਾਰ ਬਣਾਉਣ ਸਮੇਂ ਆਪਣੀ ਜਮੀਨ ਵੇਚ ਕੇ ਵੱਡਾ ਹਿੱਸਾ ਪਾਇਆ। ਉਹਨਾ ਬਹੁਤ ਸਾਰੇ ਦੇਸ਼ ਭਗਤਾਂ ਦੇ ਰੁਲ਼ ਰਹੇ ਬੱਚਿਆਂ ਨੂੰ ਪੜ੍ਹਾਉਣ ਲਈ ਸਕੂਲ ਵੀ ਖੋਲ੍ਹਿਆ। ਉਹਨਾ ਨੂੰ ਕਮਿਊਨਿਸਟ ਪਾਰਟੀਆਂ ਦੀ ਫੁੱਟ ਵੀ ਬਹੁਤ ਬੁਰੀ ਲੱਗੀ।ਬਾਬਾ ਜੀ ਉਹ ਮਹਾਨ ਦੇਸ਼ ਭਗਤ ਸਨ, ਜਿਹਨਾ ਗਦਰੀ ਯੋਧਿਆਂ ਤੋਂ ਇਲਾਵਾ ਭਗਤ ਸਿੰਘ ਤੇ ਉਹਦੇ ਸਾਥੀਆਂ ਨਾਲ ਵੀ ਜੇਲ੍ਹ ਵਿੱਚ ਇਕੱਠਿਆਂ ਸਮਾਂ ਬਿਤਾਇਆ, ਉਹ ਕਰਤਾਰ ਸਿੰਘ ਸਰਾਭਾ, ਭਗਤ ਸਿੰਘ ਤੇ ਉਹਦੇ ਸਾਥੀਆਂ ਨੂੰ ਆਪਣੇ ਬੱਚਿਆਂ ਵਾਂਗ ਪਿਆਰ ਕਰਦੇ ਸਨ। ਬਾਬਾ ਜੀ ਨੇ ਇਸ ਪਿੰਡ ਤੇ ਇਲਾਕੇ ਦੇ ਮੁੰਡਿਆਂ ਤੇ ਖਾਸ ਕਰ ਕੁੜੀਆਂ ਦੀ ਸਿੱਖਿਆ ਲਈ ਵੱਡਾ ਉਪਰਾਲਾ ਕਰਦਿਆਂ ਆਪਣੀ ਜ਼ਮੀਨ ਵਿੱਚ ਸਕੂਲ ਖੋਲ੍ਹਿਆ ਅਤੇ ਅਖੀਰ ਦਸ ਏਕੜ ਜ਼ਮੀਨ ਇਹ ਸਰਕਾਰੀ ਸਕੂਲ ਨੂੰ ਦੇ ਦਿੱਤੀ। ਬਾਬਾ ਜੀ ਘੱਟ ਕਲਾਸਾਂ ਪੜ੍ਹੇ ਹੋਣ ਦੇ ਬਾਵਜੂਦ ਬੜੇ ਉੱਚੀ ਵਿਦਵਤਾ ਦੇ ਮਾਲਕ ਸਨ ਅਤੇ ਉਹ ਹਮੇਸ਼ਾ ਸਮੁੱਚੀ ਮਨੁੱਖਤਾ ਨੂੰ ਖੁਸ਼ਹਾਲ ਵੇਖਣਾ ਚਾਹੁੰਦੇ ਸਨ। ਬਾਬਾ ਜੀ 29 ਸਾਲ ਦੀ ਜੇਲ੍ਹ ਤੇ ਜ਼ਾਲਮ ਸਰਕਾਰਾਂ ਦੇ ਵੱਡੇ ਤਸੀਹੇ ਝੱਲਦਿਆਂ ਵੀ 98 ਸਾਲ ਦੀ ਵੱਡੀ ਉਮਰ ਭੋਗ ਕੇ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ।

ਸਥਾਨਕ ਆਗੂਆਂ ਦਵਿੰਦਰ ਸੋਹਲ, ਲਖਬੀਰ ਸਿੰਘ ਨਿਜ਼ਾਮਪੁਰਾ, ਪ੍ਰਿਥੀਪਾਲ ਮਾੜੀਮੇਘਾ, ਬਲਵਿੰਦਰ ਸਿੰਘ ਦੁਧਾਲਾ ਤੇ ਬਲਕਾਰ ਸਿੰਘ ਵਲਟੋਹਾ ਨੇ ਕਿਹਾ ਕਿ ਪਿਛਲੇ 30 ਸਾਲਾਂ ਤੋਂ ਬਾਬਾ ਸੋਹਣ ਸਿੰਘ ਭਕਨਾ ਦਾ ਜਨਮ ਦਿਹਾੜਾ ਲਗਾਤਾਰ ਪੂਰੀ ਇਨਕਲਾਬੀ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ, ਤਾਂ ਕਿ ਸਾਡੀ ਆਉਣ ਵਾਲੀ ਪੀੜ੍ਹੀ ਨੂੰ ਇਹ ਪਤਾ ਚੱਲੇ ਕਿ ਇਸ ਦੇਸ਼ ਦੀ ਆਜ਼ਾਦੀ ਅਤੇ ਇੱਥੋਂ ਦੇ ਮਿਹਨਤਕਸ਼ ਲੋਕਾਂ ਲਈ ਬਾਬਾ ਸੋਹਣ ਸਿੰਘ ਭਕਨਾ ਤੇ ਉਹਦੇ ਸਾਥੀਆਂ ਦੀ ਕਿੱਡੀ ਵੱਡੀ ਦੇਣ ਹੈ। ਪੰਜਾਬ ਇਸਤਰੀ ਸਭਾ ਵੱਲੋਂ ਸੂਬਾਈ ਪ੍ਰਧਾਨ ਰਜਿੰਦਰ ਪਾਲ ਕੌਰ ਨੇ ਕਿਹਾ ਕਿ ਅੱਜ ਔਰਤਾਂ 'ਤੇ ਵੱਡੇ ਜ਼ੁਲਮ

• ਬਾਕੀ ਸਫਾ 2 'ਤੇ



ਵੈਨੇਜ਼ੁਏਲਾ 'ਤੇ ਅਮਰੀਕੀ ਕਾਰਵਾਈ ਖਿਲਾਫ ਵਾਸ਼ਿੰਗਟਨ ਤੇ ਪੈਰਿਸ ਤੋਂ ਲੈ ਕੇ ਬ੍ਰਾਜ਼ੀਲ ਦੇ ਸਾਓ ਪਾਓਲੋ ਵਿੱਚ ਮੁਜ਼ਾਹਰੇ ਹੋਏ। ਮੁਜ਼ਾਹਰਾਕਾਰੀਆਂ ਨੇ ਇਸ ਨੂੰ ਸਾਮਰਾਜੀ ਕਾਰਵਾਈ ਕਰਾਰ ਦਿੱਤਾ ਹੈ।

# ਅਮਰੀਕਾ ਮਾਦੁਰੋ ਜੋੜੇ ਨੂੰ ਤੁਰੰਤ ਛੱਡੇ : ਚੀਨ

**ਬੀਜਿੰਗ** : ਚੀਨ ਨੇ ਅਮਰੀਕਾ ਨੂੰ ਵੈਨੇਜ਼ੁਏਲਾ ਦੇ ਰਾਸ਼ਟਰਪਤੀ ਨਿਕੋਲਸ ਮਾਦੂਰੋ ਤੇ ਉਨ੍ਹਾ ਦੀ ਪਤਨੀ ਨੂੰ ਤੁਰੰਤ ਛੱਡਣ ਲਈ ਕਿਹਾ ਹੈ। ਚੀਨੀ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਕਿਸੇ ਦੇਸ਼ ਦੇ ਰਾਸ਼ਟਰਪਤੀ ਨੂੰ ਚੁੱਕ ਕੇ ਆਪਣੇ ਦੇਸ਼ ਲੈ ਜਾਣਾ ਗਲਤ ਹੈ। ਮੁੱਦੇ ਦਾ ਹੱਲ ਗੱਲਬਾਤ ਨਾਲ ਹੋਣਾ ਚਾਹੀਦਾ ਹੈ। ਨਿਊ ਯਾਰਕ ਦੇ ਮੇਅਰ ਜ਼ੋਹਰਾਨ ਮਮਦਾਨੀ ਨੇ ਅਮਰੀਕੀ ਕਾਰਵਾਈ ਨੂੰ ਜੰਗੀ ਕਾਰਵਾਈ ਦੱਸਦਿਆਂ ਕਿਹਾ ਕਿ ਇਹ ਕਦਮ ਕੌਮਾਂਤਰੀ ਤੇ ਅਮਰੀਕੀ ਕਾਨੂੰਨਾਂ ਦੀ ਉਲੰਘਣਾ ਹੈ। ਵੈਨੇਜ਼ੁਏਲਾ ਸਰਕਾਰ ਨੇ ਮੈਕਸੀਕੋ ਦੀ ਰਾਸ਼ਟਰਪਤੀ ਆਂਦਰੇਸ ਮੈਨੁਏਲ ਲੋਪੇਜ਼ ਓਬਰਾਦੋਰ ਦਾ ਧੰਨਵਾਦ ਕੀਤਾ ਹੈ, ਜਿਸ ਨੇ ਅਮਰੀਕੀ ਹਮਲੇ ਖਿਲਾਫ ਉਸ ਨਾਲ ਯਕਜਹਿਤੀ ਦਾ ਪ੍ਰਗਟਾਵਾ ਕੀਤਾ ਹੈ। ਮੈਕਸੀਕੋ ਨੇ ਅਮਰੀਕੀ ਹਮਲੇ ਨੂੰ ਵੈਨੇਜ਼ੁਏਲਾ ਦੀ ਪ੍ਰਭੂਸੱਤਾ 'ਤੇ ਹੈਂਕੜ ਭਰਿਆ ਹਮਲਾ ਗਰਦਾਨਿਆ ਸੀ। ਬ੍ਰਾਜ਼ੀਲ, ਕੋਲੰਬੀਆ ਤੇ ਕਿਊਬਾ ਵਰਗੇ ਲਾਤੀਨੀ ਅਮਰੀਕੀ ਦੇਸ਼ਾਂ ਨੇ ਵੀ ਵੈਨੇਜ਼ੁਏਲਾ ਨਾਲ ਯਕਜਹਿਤੀ ਪ੍ਰਗਟਾਈ ਹੈ। ਉੱਤਰੀ ਕੋਰੀਆ ਨੇ ਕਿਹਾ ਹੈ ਕਿ ਅਮਰੀਕੀ ਹਮਲਾ ਕਿਸੇ ਦੇਸ਼ ਦੇ ਪ੍ਰਭੂਸੱਤਾ ਖੋਹਣ ਦਾ ਅਤਿਅੰਤ ਭਿਆਨਕ ਰੂਪ ਹੈ। ਇਹ ਅਮਰੀਕਾ ਦੀ ਬਦਮਾਸ਼ੀ ਨੂੰ ਫਿਰ ਸਾਹਮਣੇ ਲਿਆਉਂਦਾ ਹੈ।

## ਭਾਰਤ ਵੱਲੋਂ ਨਿੰਦਾ ਤੋਂ ਗੁਰੇਜ਼

**ਨਵੀਂ ਦਿੱਲੀ** : ਵੈਨੇਜ਼ੂਏਲਾ ਵਿੱਚ ਅਮਰੀਕੀ ਫੌਜੀ ਕਾਰਵਾਈ ਅਤੇ ਰਾਸ਼ਟਰਪਤੀ ਨਿਕੋਲਸ ਮਾਦੁਰੋ ਦੀ ਹਿਰਾਸਤ ਤੋਂ ਬਾਅਦ ਪੈਦਾ ਹੋਏ ਹਾਲਾਤ 'ਤੇ ਭਾਰਤ ਨੇ ਡੂੰਘੀ ਚਿੰਤਾ ਪ੍ਰਗਟਾਈ ਹੈ।

ਭਾਰਤੀ ਵਿਦੇਸ਼ ਮੰਤਰਾਲੇ ਨੇ ਇਸ ਮਾਮਲੇ ਵਿੱਚ ਅਮਰੀਕਾ ਦੀ ਸਿੱਧੀ ਨਿੰਦਾ ਕਰਨ ਤੋਂ ਗੁਰੇਜ਼ ਕਰਦਿਆਂ 'ਸਾਰੇ ਸੰਬੰਧਤ ਪੱਖਾਂ' ਨੂੰ ਆਪਸੀ ਗੱਲਬਾਤ ਰਾਹੀਂ ਮਸਲੇ ਹੱਲ ਕਰਨ ਦਾ ਸੱਦਾ ਦਿੱਤਾ ਹੈ।

ਭਾਰਤ ਨੇ ਸਪੱਸ਼ਟ ਕੀਤਾ ਹੈ ਕਿ ਉਹ ਖੇਤਰ ਵਿੱਚ ਸ਼ਾਂਤੀ ਅਤੇ ਸਥਿਰਤਾ ਦਾ ਸਮਰਥਨ ਕਰਦਾ ਹੈ ਅਤੇ ਵੈਨੇਜ਼ੂਏਲਾ ਦੇ ਲੋਕਾਂ ਦੀ ਸੁਰੱਖਿਆ ਨੂੰ ਲੈ ਕੇ ਫਿਕਰਮੰਦ ਹੈ। ਦੂਜੇ ਪਾਸੇ, ਵੈਨੇਜ਼ੂਏਲਾ ਵਿੱਚ ਵਿਗੜਦੇ ਹਾਲਾਤ ਨੂੰ ਦੇਖਦੇ ਹੋਏ ਭਾਰਤ ਸਰਕਾਰ ਨੇ ਆਪਣੇ ਨਾਗਰਿਕਾਂ ਲਈ ਸਖਤ ਯਾਤਰਾ ਐਡਵਾਈਜ਼ਰੀ ਜਾਰੀ ਕੀਤੀ ਹੈ। ਭਾਰਤੀਆਂ ਨੂੰ ਗੈਰ-ਜ਼ਰੂਰੀ ਯਾਤਰਾ ਤੋਂ ਬਚਣ ਅਤੇ ਉੱਥੇ ਰਹਿ ਰਹੇ ਭਾਰਤੀ ਨਾਗਰਿਕਾਂ ਨੂੰ ਭਾਰਤੀ ਦੂਤਾਵਾਸ ਦੇ ਸੰਪਰਕ ਵਿੱਚ ਰਹਿਣ ਦੀ ਸਲਾਹ ਦਿੱਤੀ ਗਈ ਹੈ।

## ਬੰਗਲਾਦੇਸ਼ ਦੀ ਟੀਮ ਵੱਲੋਂ ਭਾਰਤ 'ਚ ਖੇਡਣ ਤੋਂ ਨਾਂਹ

**ਢਾਕਾ** : ਬੰਗਲਾਦੇਸ਼ ਕ੍ਰਿਕਟ ਬੋਰਡ ਨੇ ਆਪਣੀ ਸੀਨੀਅਰ ਪੁਰਸ਼ ਟੀਮ ਨੂੰ ਆਈ ਸੀ ਸੀ ਟੀ-20 ਵਿਸ਼ਵ ਕੱਪ 2026 ਲਈ ਭਾਰਤ ਨਾ ਭੇਜਣ ਦਾ ਵੱਡਾ ਫੈਸਲਾ ਲਿਆ ਹੈ। ਬੋਰਡ ਨੇ ਆਈ ਸੀ ਸੀ ਨੂੰ ਅਪੀਲ ਕੀਤੀ ਹੈ ਕਿ ਉਨ੍ਹਾਂ ਦੇ ਮੈਚ ਭਾਰਤ ਤੋਂ ਸ੍ਰੀਲੰਕਾ ਤਬਦੀਲ ਕੀਤੇ ਜਾਣ। ਇਹ ਫੈਸਲਾ ਉਸ ਵੇਲੇ ਆਇਆ ਹੈ, ਜਦੋਂ ਹਾਲ ਹੀ ਵਿੱਚ ਸ਼ਾਹਰੁਖ ਖਾਨ ਦੀ ਕੋਲਕਾਤਾ ਨਾਈਟ ਰਾਈਡਰਜ਼ (ਕੇ ਕੇ ਆਰ) ਨੇ ਭਾਰਤੀ ਕ੍ਰਿਕਟ ਕੰਟਰੋਲ ਬੋਰਡ ਦੇ ਨਿਰਦੇਸ਼ਾਂ 'ਤੇ ਬੰਗਲਾਦੇਸ਼ੀ ਤੇਜ਼ ਗੇਂਦਬਾਜ਼ ਮੁਸਤਫਿਜ਼ੁਰ ਰਹਿਮਾਨ ਨੂੰ ਆਈ ਪੀ ਐੱਲ 2026 ਦੀ ਆਪਣੀ ਟੀਮ ਵਿੱਚੋਂ ਬਾਹਰ ਕਰ ਦਿੱਤਾ ਹੈ। ਮੁਸਤਫਿਜ਼ੁਰ ਰਹਿਮਾਨ ਨੂੰ ਕੇ ਕੇ ਆਰ ਨੇ ਪਿਛਲੇ ਸਾਲ ਦੀ ਨਿਲਾਮੀ ਵਿੱਚ 9.20 ਕਰੋੜ ਰੁਪਏ ਦੀ ਵੱਡੀ ਰਕਮ ਵਿੱਚ ਖਰੀਦਿਆ ਸੀ, ਪਰ ਬੰਗਲਾਦੇਸ਼ ਵਿੱਚ ਘੱਟ ਗਿਣਤੀ ਹਿੰਦੂਆਂ ਨੂੰ ਨਿਸ਼ਾਨਾ ਬਣਾਏ ਜਾਣ ਦੀਆਂ ਘਟਨਾਵਾਂ ਤੋਂ ਬਾਅਦ ਭਾਰਤ ਵਿੱਚ ਉਸ ਦੀ ਚੋਣ ਦਾ ਭਾਰੀ ਵਿਰੋਧ ਹੋ ਰਿਹਾ ਸੀ। ਬੰਗਲਾਦੇਸ਼ ਨੇ ਵਿਸ਼ਵ ਕੱਪ ਵਿੱਚ ਆਪਣਾ ਪਹਿਲਾ ਮੈਚ 7 ਫਰਵਰੀ ਨੂੰ ਕੋਲਕਾਤਾ ਦੇ ਈਡਨ ਗਾਰਡਨ ਵਿੱਚ ਵੈਸਟ ਇੰਡੀਜ਼ ਵਿਰੁੱਧ ਖੇਡਣਾ ਸੀ। ਇਸ ਤੋਂ ਬਾਅਦ ਉਸ ਦੇ ਮੁਕਾਬਲੇ ਇਟਲੀ, ਇੰਗਲੈਂਡ ਅਤੇ ਨੇਪਾਲ ਨਾਲ ਹੋਣੇ ਸਨ। ਇਸ ਨਵੇਂ ਘਟਨਾਕ੍ਰਮ ਨੇ ਵਿਸ਼ਵ ਕੱਪ ਦੇ ਸ਼ਡਿਊਲ ਅਤੇ ਖੇਡ ਜਗਤ ਵਿੱਚ ਵੱਡੀ ਹਲਚਲ ਪੈਦਾ ਕਰ ਦਿੱਤੀ ਹੈ।

## ਉਲੰਪਿਕ ਦੀ ਮੇਜ਼ਬਾਨੀ ਲਈ ਪੂਰਾ ਜ਼ੋਰ ਲਾ ਰਹੇ ਹਾਂ : ਮੋਦੀ

**ਵਾਰਾਨਸੀ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਕਿਹਾ ਕਿ ਭਾਰਤ 2036 ਉਲੰਪਿਕ ਖੇਡਾਂ ਦੀ ਮੇਜ਼ਬਾਨੀ ਲਈ ਜ਼ੋਰ-ਸ਼ੋਰ ਨਾਲ ਤਿਆਰੀ ਕਰ ਰਿਹਾ ਹੈ। ਇੱਥੇ 72ਵੀਂ ਕੌਮੀ ਵਾਲੀਬਾਲ ਚੈਂਪੀਅਨਸ਼ਿਪ ਦੇ ਉਦਘਾਟਨੀ ਸਮਾਰੋਹ ਨੂੰ ਵੀਡੀਓ ਕਾਨਫਰੰਸ ਰਾਹੀਂ ਸੰਬੋਧਨ ਕਰਦੇ ਹੋਏ ਮੋਦੀ ਨੇ ਕਿਹਾ ਕਿ ਪਿਛਲੇ ਦਹਾਕੇ ਵਿੱਚ ਵੱਖ-ਵੱਖ ਸ਼ਹਿਰਾਂ ਵਿੱਚ 20 ਤੋਂ ਵੱਧ ਵੱਡੇ ਕੌਮਾਂਤਰੀ ਟੂਰਨਾਮੈਂਟ ਕਰਵਾਏ ਗਏ ਹਨ, ਜਿਨ੍ਹਾਂ ਵਿੱਚ ਅੰਡਰ-17 ਫੀਫਾ ਵਿਸ਼ਵ ਕੱਪ, ਹਾਕੀ ਵਿਸ਼ਵ ਕੱਪ ਅਤੇ ਪ੍ਰਮੁੱਖ ਸ਼ਤਰੰਜ ਟੂਰਨਾਮੈਂਟ ਸ਼ਾਮਲ ਹਨ। 2030 ਰਾਸ਼ਟਰਮੰਡਲ ਖੇਡਾਂ ਵੀ ਭਾਰਤ ਵਿੱਚ ਕਰਵਾਈਆਂ ਜਾਣਗੀਆਂ। ਭਾਰਤ 2036 ਉਲੰਪਿਕ ਦੀ ਮੇਜ਼ਬਾਨੀ ਲਈ ਪੂਰੀ ਤਾਕਤ ਨਾਲ ਤਿਆਰੀ ਕਰ ਰਿਹਾ ਹੈ।

## ਵਲਟੋਹਾ ਸੰਧੂਆਂ ਦੇ ਸਰਪੰਚ ਦੀ ਹੱਤਿਆ

**ਪੱਟੀ (ਬਲਦੇਵ ਸਿੰਘ ਸੰਧੂ)**-ਅਣਪਛਾਤੇ ਵਿਅਕਤੀਆਂ ਨੇ ਵਿਧਾਨ ਸਭਾ ਹਲਕਾ ਖੇਮਕਰਨ ਅਧੀਨ ਆਉਂਦੇ ਪਿੰਡ ਵਲਟੋਹਾ ਸੰਧੂਆਂ ਦੇ ਸਰਪੰਚ ਜਰਮਲ ਸਿੰਘ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ।ਜਰਮਲ ਸਿੰਘ ਅੰਮ੍ਰਿਤਸਰ ਵਿਖੇ ਆਪਣੇ ਕਿਸੇ ਰਿਸ਼ਤੇਦਾਰ ਦੇ ਵਿਆਹ ਸਮਾਗਮ ਵਿੱਚ ਸ਼ਾਮਲ ਹੋਣ ਲਈ ਪਹੁੰਚੇ ਸਨ, ਜਿੱਥੇ ਚੱਲਦੇ ਸਮਾਗਮ ਦੌਰਾਨ ਅਣਪਛਾਤੇ ਵਿਅਕਤੀਆਂ ਨੇ ਗੋਲੀਆਂ ਮਾਰ ਦਿੱਤੀਆਂ। ਜਰਮਲ ਸਿੰਘ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਵੱਲੋਂ ਮ੍ਰਿਤਕ ਐਲਾਨ ਦਿੱਤਾ ਗਿਆ।



## ਤੰਬਾਕੂ ਉਤਪਾਦਾਂ ਦੀ ਸਮਗਲਿੰਗ ਵਧਣ ਦਾ ਖਦਸ਼ਾ

**ਨਵੀਂ ਦਿੱਲੀ** : ਕੇਂਦਰ ਸਰਕਾਰ ਵੱਲੋਂ ਤੰਬਾਕੂ ਉਤਪਾਦਾਂ 'ਤੇ ਲਗਾਏ ਗਏ ਭਾਰੀ ਟੈਕਸਾਂ ਕਾਰਨ ਦੇਸ਼ ਵਿੱਚ ਨਾਜਾਇਜ਼ ਵਪਾਰ ਅਤੇ ਸਮਗਲਿੰਗ ਵਧਣ ਦਾ ਖਤਰਾ ਪੈਦਾ ਹੋ ਗਿਆ ਹੈ। ਵਿੱਤ ਮੰਤਰਾਲੇ ਨੇ ਹਾਲ ਹੀ ਵਿੱਚ ਸਿਗਰਟਾਂ 'ਤੇ ਨਵੀਂ ਐਕਸਾਈਜ਼ ਡਿਊਟੀ ਲਾਗੂ ਕੀਤੀ ਹੈ, ਜਿਸ ਨਾਲ 1 ਫਰਵਰੀ ਤੋਂ ਟੈਕਸਾਂ ਵਿੱਚ 60 ਤੋਂ 70 ਫੀਸਦੀ ਤੱਕ ਦਾ ਵਾਧਾ ਹੋ ਜਾਵੇਗਾ। ਮਾਹਰਾਂ ਅਨੁਸਾਰ ਏਨਾ ਵੱਡਾ ਵਾਧਾ ਲੋਕਾਂ ਨੂੰ ਸਿਗਰਟ ਛੱਡਣ ਲਈ ਨਹੀਂ, ਸਗੋਂ ਸਸਤੀਆਂ ਅਤੇ ਗੈਰ-ਕਾਨੂੰਨੀ ਸਮਗਲਡ ਸਿਗਰਟਾਂ ਵੱਲ ਧੱਕੇਗਾ। ਵਰਤਮਾਨ ਵਿੱਚ ਵੀ ਭਾਰਤ ਵਿੱਚ ਨਾਜਾਇਜ਼ ਤੰਬਾਕੂ ਦਾ ਬਾਜ਼ਾਰ ਕੁੱਲ ਮਾਰਕੀਟ ਦਾ 26 ਫੀਸਦੀ ਹੈ, ਜੋ ਦੁਨੀਆ ਵਿੱਚ ਚੌਥੇ ਨੰਬਰ 'ਤੇ ਹੈ। ਜੇ ਪੀ ਮੋਰਗਨ ਅਤੇ ਨੋਮੁਰਾ ਵਰਗੀਆਂ ਗਲੋਬਲ ਵਿੱਤੀ ਸੰਸਥਾਵਾਂ ਨੇ ਚੇਤਾਵਨੀ ਦਿੱਤੀ ਹੈ ਕਿ ਟੈਕਸਾਂ ਵਿੱਚ ਬੇਤਹਾਸ਼ਾ ਵਾਧੇ ਨਾਲ ਸਰਕਾਰ ਦੇ ਮਾਲੀਏ ਨੂੰ ਵੱਡੀ ਸੱਟ ਵੱਜ ਸਕਦੀ ਹੈ, ਕਿਉਂਕਿ ਖਪਤਕਾਰ ਡਿਊਟੀ-ਪੇਡ ਸਿਗਰਟਾਂ ਦੀ ਬਜਾਏ ਬਿਨਾਂ ਟੈਕਸ ਵਾਲੀਆਂ ਚੋਰੀ-ਛਿਪੇ ਆਉਣ ਵਾਲੀਆਂ ਸਿਗਰਟਾਂ ਦੀ ਵਰਤੋਂ ਕਰਨਗੇ। ਆਸਟਰੇਲੀਆ ਵਰਗੇ ਦੇਸ਼ਾਂ ਦਾ ਹਵਾਲਾ ਦਿੰਦੇ ਹੋਏ ਮਾਹਰਾਂ ਨੇ ਕਿਹਾ ਕਿ ਅਜਿਹੇ ਫੈਸਲਿਆਂ ਨਾਲ ਅਕਸਰ ਸੰਗਠਤ ਅਪਰਾਧ ਅਤੇ ਸਮਗਲਿੰਗ ਨੈੱਟਵਰਕ ਮਜ਼ਬੂਤ ਹੁੰਦੇ ਹਨ। 'ਟੋਬੈਕੋ ਇੰਸਟੀਚਿਊਟ ਆਫ ਇੰਡੀਆ' ਨੇ ਵੀ ਸਰਕਾਰ ਨੂੰ ਇਸ ਫੈਸਲੇ 'ਤੇ ਮੁੜ ਵਿਚਾਰ ਕਰਨ ਦੀ ਅਪੀਲ ਕੀਤੀ ਹੈ, ਤਾਂ ਜੋ ਨਾਜਾਇਜ਼ ਕਾਰੋਬਾਰ ਨੂੰ ਰੋਕਿਆ ਜਾ ਸਕੇ।

## ਲਾਪਤਾ ਪਾਵਨ ਸਰੂਪਾਂ ਦੇ ਮਾਮਲੇ 'ਚ 2 ਗ੍ਰਿਫਤਾਰੀਆਂ

**ਛੇਹਰਟਾ (ਮਨੋਜ ਕੁਮਾਰ)**

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੁੰਮ ਹੋਏ 328 ਸਰੂਪਾਂ ਦੇ ਮਾਮਲੇ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ (ਸਿੱਟ) ਨੇ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਕਾਰਵਾਈ ਦੌਰਾਨ 14 ਥਾਵਾਂ 'ਤੇ ਤਲਾਸ਼ੀ ਮੁਹਿੰਮ ਚਲਾਈ ਗਈ ਅਤੇ ਮੋਬਾਇਲ ਡਿਵਾਈਸਾਂ, ਟੈਬਲੇਟਜ਼, ਕੰਪਿਊਟਰ ਤੇ ਅਸੈਸਰੀਜ਼, ਸਟੋਰੇਜ ਡਿਵਾਈਸਾਂ ਸਮੇਤ ਦੋਸ਼ਪੂਰਨ ਵਿੱਤੀ ਰਿਕਾਰਡ ਤੇ ਦਸਤਾਵੇਜ਼ ਜ਼ਬਤ ਕੀਤੇ ਗਏ ਹਨ।

ਸਿੱਟ ਦੇ ਬੁਲਾਰੇ ਨੇ ਦੱਸਿਆ ਕਿ ਪੁਲਸ ਕਮਿਸ਼ਨਰੇਟ ਅੰਮ੍ਰਿਤਸਰ ਅਧੀਨ ਥਾਣਾ ਸੀ-ਡਵੀਜ਼ਨ ਵਿਚ ਦਰਜ ਕੀਤੀ ਗਈ ਐੱਫ ਆਈ ਆਰ ਵਿਚ ਕੁੱਲ 16 ਵਿਅਕਤੀਆਂ ਨੂੰ ਨਾਮਜ਼ਦ ਕੀਤਾ ਗਿਆ ਹੈ, ਜਿਨ੍ਹਾਂ ਵਿਚੋਂ ਦੋ ਮੁਲਜ਼ਮਾਂ ਦੀ ਕਥਿਤ ਤੌਰ 'ਤੇ ਮੌਤ ਹੋ ਚੁੱਕੀ ਹੈ ਅਤੇ 14 ਵਿਅਕਤੀਆਂ ਦੀ ਜਾਂਚ ਚੱਲ ਰਹੀ ਹੈ।

ਇਸ ਮਾਮਲੇ ਵਿਚ ਹੁਣ ਤੱਕ ਸਤਿੰਦਰ ਸਿੰਘ ਕੋਹਲੀ ਤੇ ਕੰਵਲਜੀਤ ਸਿੰਘ ਉਰਫ਼ ਕਵਲਜੀਤ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

ਬੁਲਾਰੇ ਨੇ ਅੱਗੇ ਦੱਸਿਆ ਕਿ ਕੰਵਲਜੀਤ ਸਿੰਘ ਉਰਫ਼ ਕਵਲਜੀਤ ਸਿੰਘ ਨੂੰ 3 ਜਨਵਰੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਹ ਸਹਾਇਕ ਵਜੋਂ ਕੰਮ ਕਰ ਰਿਹਾ ਸੀ ਅਤੇ ਪਵਿੱਤਰ ਸਰੂਪਾਂ ਦੀ ਸਾਂਭ-ਸੰਭਾਲ, ਮਰਿਆਦਾ, ਅਣ-ਅਧਿਕਾਰਤ ਛਪਾਈ ਦੌਰਾਨ ਹੋਈਆਂ ਗੰਭੀਰ ਕੁਤਾਹੀਆਂ ਤੇ ਊਣਤਾਈਆਂ ਵਿਚ ਉਸ ਦੀ ਸਿੱਧੀ ਭੂਮਿਕਾ ਸੀ।

ਬੁਲਾਰੇ ਨੇ ਕਿਹਾ ਕਿ ਪੰਜਾਬ ਤੇ ਚੰਡੀਗੜ੍ਹ ਵਿੱਚ ਕੁੱਲ 14 ਥਾਵਾਂ 'ਤੇ ਤਲਾਸ਼ੀ ਮੁਹਿੰਮ ਚਲਾਈ ਗਈ, ਜਿਸ ਵਿਚ ਚੰਡੀਗੜ੍ਹ ਵਿਚ 2 ਥਾਵਾਂ, ਅੰਮ੍ਰਿਤਸਰ ਸ਼ਹਿਰ ਵਿਚ 8 ਥਾਵਾਂ ਅਤੇ ਗੁਰਦਾਸਪੁਰ, ਰੋਪੜ, ਤਰਨ ਤਾਰਨ ਤੇ ਅੰਮ੍ਰਿਤਸਰ ਦਿਹਾਤੀ ਵਿੱਚ 1-1 ਥਾਂ 'ਤੇ ਛਾਪੇਮਾਰੀ ਕਰਕੇ ਤਲਾਸ਼ੀ ਮੁਹਿੰਮ ਚਲਾਈ ਗਈ। ਤਲਾਸ਼ੀ ਦੌਰਾਨ 7 ਮੋਬਾਇਲ ਫ਼ੋਨ, 3 ਟੈਬਲੇਟ, 2 ਲੈਪਟਾਪ, 1 ਸਟੋਰੇਜ ਡਿਵਾਈਸ ਅਤੇ ਦੋਸ਼ਪੂਰਨ ਵਿੱਤੀ ਰਿਕਾਰਡ ਤੇ ਦਸਤਾਵੇਜ਼ ਜ਼ਬਤ ਕੀਤੇ ਗਏ ਹਨ।

# ਗੁਰੀਲੇ ਦੀ ਧੀ ਨੇ ਸੰਭਾਲੀ ਕਮਾਨ

**ਕਰਾਕਸ** : ਅਮਰੀਕੀ ਫੌਜ ਵੱਲੋਂ ਰਾਸ਼ਟਰਪਤੀ ਨਿਕੋਲਸ ਮਾਦੁਰੋ ਦੀ ਗ੍ਰਿਫਤਾਰੀ ਤੋਂ ਬਾਅਦ ਵੈਨੇਜ਼ੁਏਲਾ ਵਿੱਚ ਤਿੱਖੀ ਰਾਜਨੀਤਕ ਉਥਲ-ਪੁਥਲ ਦੇ ਵਿਚਕਾਰ ਦੇਸ਼ ਦੀ ਸੁਪਰੀਮ ਕੋਰਟ ਨੇ ਉਪ ਰਾਸ਼ਟਰਪਤੀ ਡੈਲਸੀ ਰੋਡ੍ਰੀਗਜ਼ ਨੂੰ ਕਾਰਜਕਾਰੀ ਰਾਸ਼ਟਰਪਤੀ ਵਜੋਂ ਅਹੁਦਾ ਸੰਭਾਲਣ ਦਾ ਆਦੇਸ਼ ਦਿੱਤਾ ਹੈ। ਅਦਾਲਤ ਨੇ ਕਿਹਾ ਕਿ ਇਹ ਫੈਸਲਾ ਦੇਸ਼ ਦੀ ਪ੍ਰਭੂਸੱਤਾ ਅਤੇ ਪ੍ਰਸ਼ਾਸਨਕ ਨਿਰੰਤਰਤਾ ਨੂੰ ਬਣਾਈ ਰੱਖਣ ਲਈ ਜ਼ਰੂਰੀ ਹੈ।



56 ਸਾਲਾ ਡੈਲਸੀ ਰੋਡ੍ਰੀਗਜ਼ ਵੈਨੇਜ਼ੁਏਲਾ ਦੀ ਰਾਜਨੀਤੀ ਵਿੱਚ ਇੱਕ ਪ੍ਰਮੁੱਖ ਅਤੇ ਤਜਰਬੇਕਾਰ ਹਸਤੀ ਹੈ। ਉਹ ਇੱਕ ਇਨਕਲਾਬੀ ਪਰਵਾਰ ਤੋਂ ਆਉਂਦੀ ਹੈ। ਉਸ ਦੇ ਪਿਤਾ ਜੋਰਜ ਐਂਟੋਨੀਓ ਰੋਡ੍ਰੀਗਜ਼ ਇੱਕ ਖੱਬੇਪੱਖੀ ਗੁਰੀਲਾ ਨੇਤਾ ਸਨ। ਕਾਨੂੰਨ ਦੀ ਵਿਦਿਆਰਥਣ ਡੈਲਸੀ ਪਿਛਲੇ ਦਹਾਕੇ ਵਿੱਚ ਮਾਦੁਰੋ ਦੇ ਸਭ ਤੋਂ ਭਰੋਸੇਮੰਦ ਸਹਿਯੋਗੀਆਂ ਵਿੱਚੋਂ ਇੱਕ ਵਜੋਂ ਉਭਰੀ ਹੈ। ਉਹ ਮਾਦੁਰੋ ਸਰਕਾਰ ਦੀ ਪੱਕੀ ਸਮਰਥਕ ਰਹੀ ਹੈ। ਮਾਦੁਰੋ ਨੇ ਆਪਣੀ ਸਰਕਾਰ ਦੇ ਸਮਰਥਨ ਲਈ ਉਸ ਨੂੰ ਸ਼ੇਰਨੀ ਵੀ ਕਿਹਾ।

2013 ਅਤੇ 2017 ਦੇ ਵਿਚਕਾਰ ਉਸ ਨੇ ਸੂਚਨਾ ਅਤੇ ਵਿਦੇਸ਼ ਮੰਤਰਾਲਿਆਂ ਵਿੱਚ ਮਹੱਤਵਪੂਰਨ ਅਹੁਦੇ ਸੰਭਾਲੇ। ਜੂਨ 2018 ਵਿੱਚ, ਮਾਦੁਰੋ ਨੇ ਉਸ ਨੂੰ ਉਪ ਰਾਸ਼ਟਰਪਤੀ ਨਿਯੁਕਤ ਕੀਤਾ। ਮਾਦੁਰੋ ਨੇ ਅਕਸਰ ਉਸ ਨੂੰ 'ਇੱਕ ਬਹਾਦਰ ਇਨਕਲਾਬੀ, ਇੱਕ ਹਜ਼ਾਰ ਲੜਾਈਆਂ ਵਿੱਚ ਪਰਖਿਆ' ਦੱਸਿਆ। ਅਗਸਤ 2024 ਵਿੱਚ ਉਸ ਨੂੰ ਅਮਰੀਕੀ ਪਾਬੰਦੀਆਂ ਦੇ ਵਿਰੁੱਧ ਦੇਸ਼ ਦੀ ਆਰਥਿਕਤਾ ਨੂੰ ਸੰਭਾਲਣ ਵਿੱਚ ਸਹਾਇਤਾ ਲਈ ਤੇਲ ਮੰਤਰੀ ਦਾ ਵਾਧੂ ਚਾਰਜ ਦਿੱਤਾ ਗਿਆ ਸੀ।

ਸੁਪਰੀਮ ਕੋਰਟ ਦੇ ਹੁਕਮ ਤੋਂ ਬਾਅਦ ਡੈਲਸੀ ਰੋਡ੍ਰੀਗਜ਼ ਨੇ ਸਰਕਾਰੀ ਟੈਲੀਵਿਜ਼ਨ 'ਤੇ ਪ੍ਰਸਾਰਤ ਇੱਕ ਆਡੀਓ ਸੰਦੇਸ਼ ਵਿੱਚ ਮਾਦੁਰੋ ਨੂੰ ਦੇਸ਼ ਦਾ ਇਕਲੌਤਾ ਜਾਇਜ਼ ਰਾਸ਼ਟਰਪਤੀ ਐਲਾਨਿਆ ਅਤੇ ਅਮਰੀਕਾ ਤੋਂ ਸਬੂਤ ਮੰਗਿਆ ਕਿ ਉਹ ਜ਼ਿੰਦਾ ਹੈ। ਉਸ ਨੇ ਕਿਹਾ ਕਿ ਇਸ ਦੇਸ਼ ਦਾ ਸਿਰਫ ਇੱਕ ਹੀ ਰਾਸ਼ਟਰਪਤੀ ਹੈ ਅਤੇ ਉਸ ਦਾ ਨਾਂਅ ਨਿਕੋਲਸ ਮਾਦੁਰੋ ਮੋਰੋਸ ਹੈ।

## ਮਚਾਡੋ ਰਾਜ ਕਰਨ ਜੋਗੀ ਨਹੀਂ : ਟਰੰਪ



**ਵਾਸ਼ਿੰਗਟਨ** : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੈਨੇਜ਼ੁਏਲਾ ਨੂੰ ਖੁਦ ਚਲਾਉਣ ਦਾ ਐਲਾਨ ਕਰਨ ਤੋਂ ਬਾਅਦ ਕਿਹਾ ਹੈ ਕਿ ਵੈਨੇਜ਼ੁਏਲਾ ਦੀ ਆਪੋਜ਼ੀਸ਼ਨ ਆਗੂ ਮਾਰੀਆ ਮਚਾਡੋ ਨੂੰ ਦੇਸ਼ ਚਲਾਉਣ ਲਈ ਹਮਾਇਤ ਤੇ ਸਤਿਕਾਰ ਹਾਸਲ ਨਹੀਂ। ਮਚਾਡੋ ਨੂੰ ਪਿਛਲੇ ਸਾਲ ਨੋਬੇਲ ਅਮਨ ਇਨਾਮ ਮਿਲਿਆ ਸੀ ਤੇ ਉਸ ਨੇ ਇਸ ਨੂੰ ਟਰੰਪ ਨੂੰ ਸਮਰਪਤ ਕੀਤਾ ਸੀ।

## ਸਾਬਕਾ ਅਮਰੀਕੀ ਜਰਨੈਲ ਦੀ ਚਿਤਾਵਨੀ

**ਨਿਊ ਯਾਰਕ** : ਰਿਟਾਇਰਡ ਅਮਰੀਕੀ ਲੈਫਟੀਨੈਂਟ ਜਨਰਲ ਬੇਨ ਹੌਜੇਸ ਨੇ ਕਿਹਾ ਹੈ ਕਿ ਵੈਨੇਜ਼ੁਏਲਾ ਦੇ ਰਾਸ਼ਟਰਪਤੀ ਨਿਕੋਲਸ ਮਾਦੁਰੋ ਨੂੰ ਲਾਂਭੇ ਕਰਨਾ ਆਸਾਨ ਸੀ, ਅਸਲੀ ਮੁਸ਼ਕਲ ਅੱਗੇ ਆਉਣੀ ਹੈ। ਉਸ ਨੂੰ ਨਹੀਂ ਲੱਗਦਾ ਕਿ ਅਮਰੀਕੀ ਸਰਕਾਰ ਨੇ ਇਹ ਸੋਚਿਆ ਹੈ ਕਿ ਅੱਗੇ ਕੀ ਹੋਵੇਗਾ। ਇਰਾਕ ਤੇ ਅਫਗਾਨਿਸਤਾਨ 'ਚ ਕਾਰਵਾਈਆਂ ਕਰਕੇ ਜਿਹੜੀ ਗਰਬ-ਗੁਮਾਨੀ ਅਮਰੀਕੀਆਂ ਨੂੰ ਚੜ੍ਹੀ ਸੀ, ਬਾਅਦ ਵਿੱਚ ਸਾਬਤ ਹੋਇਆ ਸੀ ਕਿ ਭਿਅੰਕਰ ਗਲਤੀ ਕੀਤੀ। ਉਸ ਨੇ ਕਿਹਾ, 'ਜਦ ਮੈਂ ਸੁਣਿਆ ਕਿ ਰਾਸ਼ਟਰਪਤੀ ਟਰੰਪ ਨੇ ਕਿਹਾ ਹੈ ਕਿ ਉਹ ਵੈਨੇਜ਼ੁਏਲਾ ਵਿੱਚ ਫੌਜੀ ਘੱਲਣ ਤੋਂ ਵੀ ਨਹੀਂ ਟਲੇਗਾ ਤਾਂ ਮੈਂ ਇਰਾਕ ਤੇ ਅਫਗਾਨਿਸਤਾਨ ਵਿੱਚ ਆਪਣੀ ਤਾਇਨਾਤੀ ਬਾਰੇ ਸੋਚਿਆ। ਮੈਂ ਤੁਹਾਨੂੰ ਦੱਸ ਸਕਦਾ ਹਾਂ ਕਿ ਜੇ ਸਪੱਸ਼ਟ ਤੌਰ 'ਤੇ ਪ੍ਰੀਭਾਸ਼ਤ ਰਣਨੀਤਕ ਉਦੇਸ਼ ਨਾ ਹੋਵੇ ਅਤੇ ਯੋਜਨਾ ਦੇ ਸਿਆਸੀ ਤੇ ਨਾਗਰਿਕ ਪੱਖ ਸਹੀ ਤਰ੍ਹਾਂ ਨਾ ਵਿਚਾਰੇ ਗਏ ਹੋਣ ਤਾਂ ਉਹੀ ਹੁੰਦਾ ਹੈ, ਜੋ ਇਰਾਕ ਤੇ ਅਫਗਾਨਿਸਤਾਨ ਵਿੱਚ ਹੋਇਆ।'

## ਕਿਊਬਾ ਨੂੰ ਵੀ ਧਮਕੀ

**ਵਾਸ਼ਿੰਗਟਨ** : ਵੈਨੇਜ਼ੁਏਲਾ ਦੇ ਰਾਸ਼ਟਰਪਤੀ ਨਿਕੋਲਸ ਮਾਦੁਰੋ ਦੀ ਗ੍ਰਿਫਤਾਰੀ ਤੋਂ ਬਾਅਦ ਅਮਰੀਕਾ ਨੇ ਕਿਊਬਾ ਨੂੰ ਵੀ ਚਿਤਾਵਨੀ ਦਿੱਤੀ ਹੈ। ਅਮਰੀਕਾ ਦੇ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਕਿਹਾ ਕਿ ਮਾਦੁਰੋ ਦੀ ਸੁਰੱਖਿਆ ਤੇ ਖੁਫੀਆ ਤੰਤਰ ਵਿੱਚ ਕਿਊਬਾ ਦੀ ਦਖਲਅੰਦਾਜ਼ੀ ਸੀ, ਜੋ ਗਲਤ ਹੈ। ਰਾਸ਼ਟਰਪਤੀ ਟਰੰਪ ਨੇ ਕਿਹਾ ਕਿ ਕਿਊਬਾ ਦੀ ਹਾਲਤ ਦਿਨ-ਬ-ਦਿਨ ਖਰਾਬ ਹੁੰਦੀ ਜਾ ਰਹੀ ਹੈ, ਜਿਸ ਕਰ ਕੇ ਅਮਰੀਕਾ ਉਥੋਂ ਦੇ ਲੋਕਾਂ ਦੀ ਮਦਦ ਕਰਨਾ ਚਾਹੁੰਦਾ ਹੈ। ਦੂਜੇ ਪਾਸੇ, ਕਿਊਬਾ ਨੇ ਅਮਰੀਕਾ ਦੀ ਵੈਨੇਜ਼ੁਏਲਾ 'ਤੇ ਕਾਰਵਾਈ ਦੀ ਸਖਤ ਨਿਖੇਧੀ ਕੀਤੀ ਹੈ। ਉਸ ਨੇ ਕਿਹਾ ਕਿ ਅਮਰੀਕਾ ਦੀ ਇਹ ਕਾਰਵਾਈ ਪੂਰੇ ਖਿੱਤੇ ਨੂੰ ਅਸਥਿਰ ਕਰ ਦੇਵੇਗੀ।

## ਅੱਜ-ਨਾਮਾ

ਬੋਲਿਆ ਪ੍ਰਧਾਨ ਪੰਜਾਬ ਦੀ ਕਾਂਗਰਸ ਦਾ,
ਲਾਏ ਹਨ ਰਾਜ ਸਰਕਾਰ 'ਤੇ ਦੋਸ਼ ਮੀਆਂ।
ਅਮਨ-ਕਾਨੂੰਨ ਦੇ ਮੁੱਦੇ ਦੀ ਕਰੀ ਚਰਚਾ,
ਕਹਿੰਦਾ ਕਰੇ ਸਰਕਾਰ ਕੋਈ ਹੋਸ਼ ਮੀਆਂ।
ਆਪਣੀ ਪਾਰਟੀ ਦਾ ਕਿੱਸਾ ਨਾਲ ਛੋਹਿਆ,
ਜੀਹਦੇ ਅੰਦਰ ਨਹੀਂ ਦਿੱਸਦਾ ਜੋਸ਼ ਮੀਆਂ।
ਕਰਦੇ ਕੰਮ ਨਹੀਂ ਖਾਸ ਕੋਈ ਪਾਰਟੀ ਦਾ,
ਸਭ ਹੀ ਕਰਦੇ ਕਰਾਉਂਦੇ ਨੇ ਰੋਸ ਮੀਆਂ।
ਔਝੜ ਵਿੱਚ ਜਦ ਕਾਂਗਰਸ ਫਸੀ ਫਿਰਦੀ,
ਕਰਨਾ ਕਿਉਂ ਸਰਕਾਰ ਨੇ ਫਿਕਰ ਮੀਆਂ।
ਸਿਆਸਤ ਵਿੱਚ ਹੈ ਅੱਜ ਨਾ ਕਦਰ ਓਨੀ,
ਚੱਲਦਾ ਜਿਵੇਂ ਸੀ ਓਸ ਦਾ ਜ਼ਿਕਰ ਮੀਆਂ।

-ਤੀਸ ਮਾਰ ਖਾਂ

# ਧਾਮੀ ਨੂੰ ਗੁਰੂ ਸਾਹਿਬ ਦਾ ਸਿਪਾਹੀ ਹੋਣਾ ਚਾਹੀਦੈ : ਬਲਤੇਜ ਪੰਨੂ

**ਚੰਡੀਗੜ੍ਹ (ਗੁਰਜੀਤ ਬਿੱਲਾ)**



ਆਮ ਆਦਮੀ ਪਾਰਟੀ ਪੰਜਾਬ ਦੇ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਐਤਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ 'ਤੇ ਤਿੱਖਾ ਹਮਲਾ ਕਰਦਿਆਂ ਉਨ੍ਹਾ 'ਤੇ ਇਨਸਾਫ਼, ਸੱਚ ਅਤੇ ਗੁਰੂ ਸਾਹਿਬ ਦੇ ਨਾਲ ਖੜ੍ਹਨ ਦੀ ਬਜਾਏ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਬੁਲਾਰੇ ਵਜੋਂ ਕੰਮ ਕਰਨ ਦਾ ਦੋਸ਼ ਲਾਇਆ।

ਇੱਕ ਦਿਨ ਪਹਿਲਾਂ ਚੰਡੀਗੜ੍ਹ ਵਿੱਚ ਹਰਜਿੰਦਰ ਸਿੰਘ ਧਾਮੀ ਵੱਲੋਂ ਕੀਤੀ ਗਈ ਪ੍ਰੈੱਸ ਕਾਨਫਰੰਸ ਦਾ ਜਵਾਬ ਦਿੰਦਿਆਂ ਬਲਤੇਜ ਪੰਨੂ ਨੇ ਕਿਹਾ ਕਿ ਹਰਜਿੰਦਰ ਸਿੰਘ ਧਾਮੀ ਨੇ ਦਾਅਵਾ ਕੀਤਾ ਸੀ ਕਿ ਉਹ ਮੀਡੀਆ ਰਾਹੀਂ ਆਪਣਾ ਪੱਖ ਲੋਕਾਂ ਸਾਹਮਣੇ ਰੱਖਣਾ ਚਾਹੁੰਦੇ ਹਨ। ਪੰਨੂ ਨੇ ਟਿੱਪਣੀ ਕੀਤੀ ਕਿ ਧਾਮੀ ਦੀ ਪ੍ਰੈੱਸ ਕਾਨਫਰੰਸ ਦਾ ਸੱਦਾ ਇੱਕ ਸਿਆਸੀ ਪਾਰਟੀ ਸ਼੍ਰੋਮਣੀ ਅਕਾਲੀ ਦਲ (ਬਾਦਲ) ਵੱਲੋਂ ਜਾਰੀ ਕੀਤਾ ਗਿਆ ਸੀ। ਧਾਮੀ ਸਾਹਿਬ ਅਕਸਰ ਕਹਿੰਦੇ ਹਨ ਕਿ ਉਨ੍ਹਾ 'ਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਬੁਲਾਰੇ ਹੋਣ ਦੇ ਦੋਸ਼ ਲੱਗਦੇ ਹਨ। ਕੱਲ੍ਹ ਉਨ੍ਹਾ ਖੁਦ ਇਹ ਮੰਨ ਲਿਆ ਕਿ ਉਨ੍ਹਾ ਨੂੰ ਅਕਾਲੀ ਦਲ ਦਾ ਸਿਪਾਹੀ ਹੋਣ 'ਤੇ ਮਾਣ ਹੈ। ਚੰਗਾ ਹੁੰਦਾ ਜੇ ਉਹ ਗੁਰੂ ਸਾਹਿਬ ਦੇ ਸਿਪਾਹੀ ਹੁੰਦੇ।

ਧਾਮੀ ਦੇ ਇਸ ਦਾਅਵੇ 'ਤੇ ਸਖ਼ਤ ਇਤਰਾਜ਼ ਜਤਾਉਂਦੇ ਹੋਏ ਕਿ ਸ਼੍ਰੋਮਣੀ ਕਮੇਟੀ ਐੱਫ ਆਈ ਆਰ ਨੂੰ ਸਵੀਕਾਰ ਨਹੀਂ ਕਰਦੀ ਅਤੇ ਉਸ ਨੂੰ ਪੁਲਸ ਦੀ ਲੋੜ ਨਹੀਂ, ਪੰਨੂ ਨੇ ਕਿਹਾ ਕਿ ਇਹ ਪੂਰੀ ਤਰ੍ਹਾਂ ਗੁੰਮਰਾਹਕੁੰਨ ਹੈ। ਉਨ੍ਹਾ ਸਵਾਲ ਕੀਤਾ, 'ਸ਼੍ਰੋਮਣੀ ਕਮੇਟੀ ਖੁਦ ਇੱਕ ਐਕਟ ਦੇ ਤਹਿਤ ਬਣੀ ਹੈ, ਜੋ ਕਿ ਇੱਕ ਕਾਨੂੰਨ ਹੈ। ਜਦੋਂ ਵੀ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਵਿੱਚ ਆਪਣਾ ਜਨਰਲ ਹਾਊਸ ਬੁਲਾਉਂਦੀ ਹੈ, ਤਾਂ ਉਹ ਡਿਪਟੀ ਕਮਿਸ਼ਨਰ ਤੋਂ ਇਜਾਜ਼ਤ ਲੈਂਦੀ ਹੈ। ਤੁਸੀਂ ਕਿਵੇਂ ਕਹਿ ਸਕਦੇ ਹੋ ਕਿ ਤੁਸੀਂ ਐੱਫ ਆਈ ਆਰ ਜਾਂ ਪੁਲਸ ਵਿੱਚ ਵਿਸ਼ਵਾਸ ਨਹੀਂ ਕਰਦੇ?'

ਉਨ੍ਹਾ ਕਿਹਾ ਕਿ ਅਸਲ ਸਵਾਲ, ਜਿਸ ਤੋਂ ਹਰਜਿੰਦਰ ਸਿੰਘ ਧਾਮੀ ਬਚ ਰਹੇ ਹਨ, ਉਹ ਸਧਾਰਨ ਤੇ ਅਟੱਲ ਹੈ : ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 328 ਲਾਪਤਾ ਸਰੂਪ ਕਿੱਥੇ ਹਨ, ਜਿਨ੍ਹਾਂ ਦਾ ਸ਼੍ਰੋਮਣੀ ਕਮੇਟੀ ਅੱਜ ਤੱਕ ਪਤਾ ਲਗਾਉਣ ਵਿੱਚ ਅਸਫਲ ਰਹੀ ਹੈ।

ਪੰਨੂ ਨੇ ਧਾਮੀ ਨੂੰ ਸਿੱਧੀ ਚੁਣੌਤੀ ਦਿੱਤੀ ਅਤੇ ਕਿਹਾ ਕਿ ਕਿ ਜਦੋਂ ਤੁਸੀਂ ਆਪਣੀ ਅਗਲੀ ਪ੍ਰੈੱਸ ਕਾਨਫਰੰਸ ਕਰੋਗੇ, ਤਾਂ ਇੱਕ ਸਵਾਲ ਦਾ ਇਮਾਨਦਾਰੀ ਨਾਲ ਜਵਾਬ ਦਿਓ। ਉਨ੍ਹਾ ਪੁੱਛਿਆ ਕਿ ਤੁਹਾਡੇ ਕੋਲ ਇੱਕ ਡਾਇਰੀ ਹੈ, ਜਿਸ ਵਿੱਚ ਬੇਅਦਬੀ ਦੇ ਮਾਮਲਿਆਂ ਅਤੇ 328 ਲਾਪਤਾ ਸਰੂਪਾਂ ਦੇ ਵੇਰਵੇ ਦਰਜ ਹਨ। ਤੁਸੀਂ ਉਹ ਡਾਇਰੀ ਕਿਉਂ ਛੁਪਾਈ ਹੈ? ਕੀ ਤੁਹਾਡੀ ਪ੍ਰਧਾਨਗੀ ਉਸ ਡਾਇਰੀ 'ਤੇ ਨਿਰਭਰ ਹੈ?

ਉਹਨਾ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਉਹ ਸ਼੍ਰੋਮਣੀ ਕਮੇਟੀ ਵੱਲੋਂ ਹੁਣ ਤੱਕ ਦਰਜ ਕੀਤੀਆਂ ਗਈਆਂ ਸਾਰੀਆਂ ਐੱਫ ਆਈ ਆਰਜ਼ ਦੇ ਵੇਰਵੇ ਵੀ ਜਨਤਕ ਕਰਨਗੇ। ਉਨ੍ਹਾ ਜ਼ੋਰ ਦੇ ਕੇ ਕਿਹਾ— ਇਨਸਾਫ਼ ਅਤੇ ਸੱਚ ਦੇ ਨਾਲ ਖੜ੍ਹੋ। ਗੁਰੂ ਸਾਹਿਬ ਦੇ ਸਿਪਾਹੀ ਬਣੋ, ਬਾਦਲ ਪਰਵਾਰ ਦੇ ਨਹੀਂ।

## ਬਾਬਾ 40 ਦਿਨ ਫਿਰ ਬਾਹਰ ਰਹੇਗਾ

**ਚੰਡੀਗੜ੍ਹ** : ਕਤਲ ਅਤੇ ਜਬਰ-ਜ਼ਨਾਹ ਮਾਮਲੇ 'ਚ ਹਰਿਆਣਾ ਦੇ ਰੋਹਤਕ ਦੀ ਸੁਨਾਰੀਆ ਜੇਲ੍ਹ 'ਚ ਨਜ਼ਰਬੰਦ ਡੇਰਾ ਸੱਚਾ ਸੌਦਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਇੱਕ ਵਾਰ ਮੁੜ ਜੇਲ੍ਹ ਤੋਂ ਬਾਹਰ ਆਵੇਗਾ। ਉਸ ਨੂੰ 40 ਦਿਨਾਂ ਦੀ ਪੈਰੋਲ ਮਿਲੀ ਹੈ, ਜਿਸ ਸੰਬੰਧੀ ਜੇਲ੍ਹ ਪ੍ਰਸ਼ਾਸਨ ਨੇ ਮਨਜ਼ੂਰੀ ਦੇ ਦਿੱਤੀ ਹੈ। ਉਸ ਦੇ 1-2 ਦਿਨਾਂ ਵਿੱਚ ਬਾਹਰ ਆਉਣ ਦੀ ਸੰਭਾਵਨਾ ਹੈ। ਪੈਰੋਲ ਦੌਰਾਨ ਉਹ ਸਿਰਸਾ ਵਿੱਚ ਹੀ ਰਹੇਗਾ। ਇਸ ਤੋਂ ਪਹਿਲਾਂ ਉਸ ਨੂੰ ਅਗਸਤ ਵਿੱਚ 40 ਦਿਨਾਂ ਦੀ ਪੈਰੋਲ ਮਿਲੀ ਸੀ ਤੇ ਉਸ ਨੇ ਆਪਣਾ 58ਵਾਂ ਜਨਮ ਦਿਨ ਡੇਰਾ ਸਿਰਸਾ ਵਿੱਚ ਮਨਾਇਆ ਸੀ। ਇਹ 15ਵੀਂ ਵਾਰ ਹੋਵੇਗਾ, ਜਦੋਂ ਉਸ ਨੂੰ ਸਜ਼ਾ ਸੁਣਾਏ ਜਾਣ ਤੋਂ ਬਾਅਦ ਪੈਰੋਲ 'ਤੇ ਜੇਲ੍ਹ ਤੋਂ ਰਿਹਾਅ ਕੀਤਾ ਜਾਵੇਗਾ। ਉਹ ਦੋ ਸਾਧਵੀਆਂ ਨਾਲ ਜਬਰ-ਜ਼ਨਾਹ ਦੇ ਮਾਮਲੇ ਵਿੱਚ 20 ਸਾਲ ਦੀ ਕੈਦ ਦੀ ਸਜ਼ਾ ਕੱਟ ਰਿਹਾ ਹੈ। ਉਸ ਨੂੰ ਪੱਤਰਕਾਰ ਰਾਮ ਚੰਦਰ ਛਤਰਪਤੀ ਦੇ ਕਤਲ ਲਈ ਵੀ ਦੋਸ਼ੀ ਠਹਿਰਾਇਆ ਗਿਆ ਹੈ ਅਤੇ ਇਸ ਮਾਮਲੇ ਵਿੱਚ ਉਸ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਡੇਰਾ ਮੁਖੀ ਨੂੰ ਫਿਰ 40 ਦਿਨ ਦੀ ਪੈਰੋਲ ਦਿੱਤੇ ਜਾਣ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਖਤ ਇਤਰਾਜ਼ ਪ੍ਰਗਟ ਕੀਤਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਜਿਹੜਾ ਵਿਅਕਤੀ ਗੰਭੀਰ ਦੋਸ਼ਾਂ ਵਿੱਚ ਸਜ਼ਾ ਕੱਟ ਰਿਹਾ ਹੈ ਅਤੇ ਸਿੱਖ ਧਰਮ ਵਿਰੋਧੀ ਗਤੀਵਿਧੀਆਂ ਦਾ ਵੀ ਦੋਸ਼ੀ ਹੈ, ਉਸ ਉੱਤੇ ਸਰਕਾਰਾਂ ਦੀ ਇਹ ਦਰਿਆਦਿਲੀ ਹੈਰਾਨੀਜਨਕ ਹੀ ਨਹੀਂ, ਸਗੋਂ ਲੋਕਤੰਤਰ ਅਤੇ ਇਨਸਾਫ ਪ੍ਰਣਾਲੀ ਦਾ ਵੀ ਮਜ਼ਾਕ ਹੈ। ਉਨ੍ਹਾ ਕਿਹਾ ਕਿ ਅਜਿਹੇ ਵਿਅਕਤੀਆਂ ਨੂੰ ਸਰਕਾਰ ਵੱਲੋਂ ਵਿਸ਼ੇਸ਼ ਰਿਆਇਤਾਂ ਦੇਣਾ ਜਿਥੇ ਪੀੜਤ ਲੋਕਾਂ ਨਾਲ ਮਜ਼ਾਕ ਹੈ, ਉਥੇ ਨਿਆਂ ਪ੍ਰਣਾਲੀ ਲਈ ਵੀ ਸਵਾਲ ਹੈ।

ਉਨਾ ਕਿਹਾ ਕਿ ਜੇ ਸਰਕਾਰਾਂ ਨੇ ਦੋਸ਼ੀਆਂ ਨੂੰ ਸਿਆਸੀ ਲਾਭ ਲਈ ਰਾਹਤ ਦੇਣ ਦਾ ਇਹ ਰੁਝਾਨ ਜਾਰੀ ਰੱਖਿਆ ਤਾਂ ਲੋਕਾਂ ਦਾ ਇਨਸਾਫ ਪ੍ਰਣਾਲੀ ਤੋਂ ਭਰੋਸਾ ਉੱਠ ਜਾਵੇਗਾ।

CMYK

5-JAN-PAGE-1.qxd 1/4/2026 10:21 PM Page 2



## ਨਗਰ ਕੀਰਤਨ 'ਚ ਮੇਅਰ ਕੁੰਦਨ ਗੋਗਿਆ ਤੇ ਚੇਅਰਮੈਨ ਬਲਜਿੰਦਰ ਢਿੱਲੋਂ ਸ਼ਾਮਿਲ ਹੋਏ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਸਰਬੰਸਦਾਨੀ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਗੁਰਦੁਆਰਾ ਦੀਪ ਨਗਰ ਤੋਂ ਨਗਰ ਕੀਰਤਨ ਕਢਿਆ ਗਿਆ, ਜੋ ਵਖ ਵਖ ਥਾਵਾਂ, ਆਨੰਦ ਨਗਰ ਬੀ, ਦਸਮੇਸ਼ ਨਗਰ, ਆਨੰਦ ਨਗਰ ਏ ਤੋਂ ਹੁੰਦਾ ਹੋਇਆ ਵਾਪਸ ਦੀਪ ਨਗਰ ਪੁੱਜਾ। ਇਸ ਦੇ ਸੰਬੰਧ ਵਿੱਚ ਦਸਮੇਸ਼ ਨਗਰ ਵਿਖੇ ਮਾਰਕੀਟ ਕਮੇਟੀ ਦੇ ਪ੍ਰਧਾਨ ਰਾਜਵਿੰਦਰ ਸਿੰਘ ਥਿੰਦ, ਚਰਨਜੀਤ ਸਿੰਘ ਐਸ ਕੇ ਅਤੇ ਸਮੂਹ ਕਮੇਟੀ ਮੈਂਬਰਾਂ ਵੱਲੋਂ ਅਟੁਟ ਲੰਗਰ ਵਰਤਾਇਆ ਗਿਆ,ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਪਟਿਆਲਾ ਨਗਰ ਨਿਗਮ ਦੇ ਮੇਅਰ ਕੁੰਦਨ ਗੋਗੀਆ ਅਤੇ ਆਮ ਆਦਮੀ ਪਾਰਟੀ ਲੋਕ ਸਭਾ ਪਟਿਆਲਾ ਦੇ ਇੰਚਾਰਜ ਅਤੇ ਚੇਅਰਮੈਨ ਬਲਜਿੰਦਰ ਸਿੰਘ ਢਿੱਲੋਂ ਸ਼ਾਮਿਲ ਹੋਏ। ਇਸ ਮੌਕੇ ਗੁਰਦੁਆਰਾ ਦਸਮੇਸ਼ ਨਗਰ ਕਮੇਟੀ ਅਤੇ ਮਾਰਕੀਟ ਕਮੇਟੀ ਵੱਲੋਂ ਉਹਨਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਉਹਨਾਂ ਦੇ ਨਾਲ ਟੀਮ ਮੈਂਬਰ ਲਖਵਿੰਦਰ ਸਿੰਘ ਢਿੱਲੋਂ,ਗੁਲਜਾਰ ਪਟਿਆਲਵੀ,ਗਜਨ ਸਿੰਘ,ਹਰਜੀਤ ਸਿੰਘ ਆਦਿ ਮੌਜੂਦ ਸਨ। ਚੇਅਰਮੈਨ ਢਿੱਲੋਂ ਨੇ ਕਿਹਾ ਕਿ ਗੁਰੂ ਸਾਹਿਬਾਨਾਂ ਵੱਲੋਂ ਦਿੱਤੀ ਸਿੱਖੀ ਦੀ ਵਡਮੁੱਲੀ ਦਾਤ ਨੂੰ ਸਾਨੂੰ ਸੰਭਾਲ ਕੇ ਰੱਖਣਾ ਚਾਹੀਦਾ ਹੈ। ਮੇਅਰ ਕੁੰਦਨ ਗੋਗੀਆ ਨੇ ਕਿਹਾ ਕਿ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਸਰਬੰਸ ਵਾਰ ਕੇ ਹਿੰਦੂ ਧਰਮ ਦੀ ਰਖਿਆ ਕੀਤੀ, ਜਿਸ ਕਰਕੇ ਉਹਨਾਂ ਨੂੰ ਸਾਰੇ ਵਿਸ਼ਵ ਵਿੱਚ ਰਹਿੰਦੀ ਦੁਨੀਆਂ ਤੱਕ ਯਾਦ ਕੀਤਾ ਜਾਵੇਗਾ। ਇਸ ਮੌਕੇ ਜਤਿੰਦਰ ਕੌਰ (ਐਸ ਕੇ) ਕੌਂਸਲਰ,ਮਨਦੀਪ ਸਿੰਘ ਵਿਰਦੀ ਕੌਂਸਲਰ, ਚਰਨਜੀਤ ਸਿੰਘ (ਐਸ ਕੇ) ਹਲਕਾ ਕੋਆਰਡੀਨੇਟਰ ਟ੍ਰੇਡ ਵਿੰਗ, ਗੁਰਬੀਰ ਸਿੰਘ, ਰਵਿੰਦਰ ਸਿੰਘ, ਕਰਮਦੀਪ ਸਿੰਘ, ਗੁਰਮੇਲ ਸਿੰਘ ਸੋਹੀ ਪ੍ਰਧਾਨ, ਹਰਪ੍ਰੀਤ ਸਿੰਘ ਗਿੱਲ ਕੰਵਲ ਬਾਵਾ, ਅਮਰਿੰਦਰ ਸਿੰਘ ਰਾਜਨ ਤੋਂ ਇਲਾਵਾ ਇਲਾਕੇ ਦੀਆਂ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰੀ।

## ਮੁੱਖ ਮੰਤਰੀ ਤੀਰਥ ਯਾਤਰਾ 'ਚ ਬੀ ਐੱਲ ਓ ਦੀਆਂ ਡਿਊਟੀਆਂ ਲਗਾਉਣ 'ਤੇ ਰੋਸ



**ਮਾਨਸਾ (ਆਤਮਾ ਸਿੰਘ ਪਮਾਰ)**-ਸਬ ਡਵੀਜ਼ਨ ਸਰਦੂਲਗੜ੍ਹ ਦੇ ਸਮੂਹ ਬੀ ਐਲ ਓਜ ਦਾ ਵਫਦ ਐਸ ਡੀ ਐਮ ਸਰਦੂਲਗੜ੍ਹ ਨੂੰ ਮਿਲਿਆ।ਆਗੂਆਂ ਨੇ ਐਸ ਡੀ ਐਮ ਨੂੰ ਮਾਣਯੋਗ ਮੁੱਖ ਚੋਣ ਅਫਸਰ ਪੰਜਾਬ ਦੁਆਰਾ ਜਾਰੀ ਕੀਤੇ ਪੱਤਰ ਦਾ ਹਵਾਲਾ ਦਿੰਦਿਆ ਕਿਹਾ ਕਿ ਚੋਣਾਂ ਦੇ ਕੰਮ ਤੋਂ ਬਿਨ੍ਹਾਂ ਹੋਰ ਕਿਸੇ ਵਾਧੂ ਡਿਊਟੀ ਲਈ ਬੀ ਐਲ ਓਜ ਨੂੰ ਨਹੀਂ ਲਗਾਇਆ ਜਾ ਸਕਦਾ ਪ੍ਰੰਤੂ ਇਹ ਪੱਤਰ ਜਾਰੀ ਹੋਣ ਦੇ ਬਾਵਜੂਦ ਵੀ ਬੀ ਐਲ ਓਜ ਦੀਆਂ ਡਿਊਟੀਆਂ ਮੁੱਖ ਮੰਤਰੀ ਤੀਰਥ ਯਾਤਰਾ ਲਈ ਲਗਾ ਦਿੱਤੀਆਂ ਗਈਆਂ ਹਨ।ਇਸ ਤੋਂ ਇਲਾਵਾ ਵੀ ਹੜ ਕੰਟਰੋਲ, ਧੂੰਧ ਨਸ਼ਿਆਂ ਵਿਰੁੱਧ, ਪਰਾਲੀ ਸਾੜਨ ਆਦਿ ਕੰਮਾਂ 'ਚ ਡਿਊਟੀਆਂ ਲਗਾ ਦਿੱਤੀਆਂ ਜਾਂਦੀਆਂ ਹਨ।ਉਨ੍ਹਾਂ ਕਿਹਾ ਕਿ ਸਾਨੂੰ ਆਪਣੇ ਪਿੱਤਰੀ ਵਿਭਾਗਾਂ ਦਾ ਕੰਮ ਵੀ ਕਰਨਾ ਪੈਂਦਾ ਹੈ।ਜਦੋਂ ਕਿ ਪੰਜਾਬ ਵਿੱਚ ਵੱਖ ਵੱਖ ਵਿਭਾਗਾਂ ਵਿੱਚ ਕੰਮ ਕਰਦੇ ਦੂਸਰੇ ਕਰਮਚਾਰੀਆਂ ਦੀਆਂ ਸੇਵਾਵਾਂ ਵੀ ਲਈਆਂ ਜਾ ਸਕਦੀਆਂ ਹਨ ਇਸ ਤੋਂ ਪਹਿਲਾਂ ਵੀ ਜ਼ਿਲਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਦੌਰਾਨ ਬੀ ਐਲ ਓਜ ਦੀਆਂ ਡਿਊਟੀਆਂ ਜ਼ਬਰਦਸਤੀ ਲਗਾਈਆਂ ਗਈਆਂ ਸਨ।ਜੱਥੇਬੰਦੀ ਦੇ ਆਗੂ ਮੰਗਾ ਸਿੰਘ ਨੇ ਕਿਹਾ ਸਾਡੀ ਡਿਊਟੀ ਵੋਟਰ ਸੂਚੀਆਂ ਦੀ ਸੁਧਾਈ ਲਈ ਲਗਾਈ ਗਈ ਹੈ ਜੋ ਕਿ ਅਹਿਮ ਕਾਰਜ ਹੈ ਸਾਨੂੰ ਵੋਟਰ ਸੂਚੀਆਂ ਦੀ ਸੁਧਾਈ ਤੋਂ ਬਿਨਾਂ ਹੋਰ ਕਿਸੇ ਡਿਊਟੀ 'ਤੇ ਨਾ ਲਗਾਇਆ ਜਾਵੇ। ਇਸ ਮੌਕੇ ਸੰਦੀਪ ਸਿੰਘ, ਪ੍ਰਭੂ ਰਾਮ, ਰਾਜ ਕੁਮਾਰ, ਰਵਿੰਦਰ ਕੁਮਾਰ, ਕੁਲਦੀਪ ਸਿੰਘ ਜਸਵੰਤ ਰਾਏ, ਕਰਮਜੀਤ, ਦੀਪਕ ਕੁਮਾਰ, ਯਾਦਵਿੰਦਰ ਆਦਿ ਵੀ ਹਾਜਰ ਸਨ।

## ਸੰਯੁਕਤ ਮੋਰਚੇ ਵੱਲੋਂ 16 ਦੇ ਰੋਸ ਧਰਨੇ ਨੂੰ ਸਫਲ ਬਣਾਉਣ ਲਈ ਨੁੱਕੜ ਮੀਟਿੰਗਾਂ



**ਬੋਹਾ (ਨਿਰੰਜਣ ਬੋਹਾ)**-ਸੰਯੁਕਤ ਮੋਰਚੇ ਵੱਲੋਂ 16 ਜਨਵਰੀ ਨੂੰ ਮਨਰੇਗਾ ਕਨੂੰਨ, ਬਿਜਲੀ ਸੋਧ ਅਤੇ ਕਿਰਤ ਕਨੂੰਨਾਂ ਵਿੱਚ ਕੀਤੇ ਲੋਕ ਵਿਰੋਧੀ ਬਦਲਾਅ ਦੇ ਰੋਸ ਵਜੋਂ ਕੇਂਦਰ ਸਰਕਾਰ ਖ਼ਿਲਾਫ਼ ਵੱਡੇ ਪੱਧਰ 'ਤੇ ਰੋਸ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ।ਇਸ ਰੋਸ ਧਰਨੇ ਨੂੰ ਸਫਲ ਬਣਾਉਣ ਲਈ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਬਲਾਕ ਪ੍ਰਧਾਨ ਸਤਪਾਲ ਸਿੰਘ ਬਰੇ, ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਸੂਬਾ ਆਗੂ ਪ੍ਰਸ਼ੋਤਮ ਸਿੰਘ ਗਿੱਲ ਅਤੇ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਦੇ ਬਲਾਕ ਪ੍ਰਧਾਨ ਸੁਖਪਾਲ ਸਿੰਘ ਹਾਕਮ ਵਾਲਾ ਦੀ ਅਗਵਾਈ ਹੇਠ ਸਾਂਝੇ ਤੌਰ 'ਤੇ ਰਾਮ ਨਗਰ ਭੱਠਲ, ਟਾਹਲੀਆਂ, ਮੱਲ ਸਿੰਘ ਵਾਲਾ, ਛੀਨੇ, ਆਲਮਪੁਰ ਮੰਦਰਾਂ ਆਦਿ ਪਿੰਡਾਂ ਵਿੱਚ ਨੁੱਕੜ ਮੀਟਿੰਗਾਂ ਕੀਤੀਆਂ ਗਈਆਂ।ਇਸ ਮੌਕੇ ਆਗੂਆਂ ਨੇ ਪਿੰਡਾਂ ਦੀਆਂ ਸੱਥਾਂ ਵਿੱਚ ਕਿਰਤੀ ਕਿਸਾਨਾਂ ਮਜ਼ਦੂਰਾਂ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਕੇਂਦਰ ਸਰਕਾਰ ਬਿਜਲੀ ਸੋਧ 2025 ਲਾਗੂ ਕਰਕੇ ਬਿਜਲੀ ਸੈਕਟਰ ਕਾਰਪੋਰੇਟ ਘਰਾਣਿਆਂ ਨੂੰ ਸੌਂਪਣਾ ਚਾਹੁੰਦੀ ਹੈ ਤਾਂ ਜੋ ਦੇਸ਼ ਦੇ ਗਰੀਬ ਲੋਕਾਂ ਦੀ ਰੱਜ ਕੇ ਲੁੱਟ ਕੀਤੀ ਜਾ ਸਕੇ।ਉਹਨਾਂ ਕਿਹਾ ਕਿਰਤ ਕਿਰਤੀਆਂ ਦੇ 29 ਕਿਰਤ ਕਨੂੰਨਾਂ ਨੂੰ ਰੱਦ ਕਰਕੇ ਚਾਰ ਲੇਬਰ ਕੋਡ ਲਾਗੂ ਕਰ ਦਿੱਤੇ ਹਨ ਅਤੇ ਮਨਰੇਗਾ ਕਨੂੰਨ ਬਦਲਣਾ ਮਜ਼ਦੂਰਾਂ ਦੇ ਹੱਕਾਂ 'ਤੇ ਡਾਕਾ ਹੈ।ਇਸ ਮੌਕੇ ਸੰਯੁਕਤ ਕਿਸਾਨ ਮੋਰਚਾ ਦਰਸ਼ਨ ਸਿੰਘ ਮਘਾਣੀਆ ਡਾ ਹਰਬੰਸ ਸਿੰਘ ਭੀਮੜਾ, ਕੇਵਲ ਸਿੰਘ ਸੇਦੋਵਾਲਾ, ਬਹਾਦਰ ਸਿੰਘ ਮਲਸਿੰਘਵਾਲਾ ਰਘਬੀਰ ਸਿੰਘ ਸੇਰਖਾਂਵਾਲਾ ਜਗਤਾਰ ਸਿੰਘ ਪਿਪਲੀਆਂ ਬਾਬੂ ਸਿੰਘ ਭੱਠਲ ਕੁਕਰ ਭੱਠਲ ਮੇਜਰ ਸਿੰਘ ਟਾਹਲੀਆ ਧੰਨਾ ਸਿੰਘ ਟਾਹਲੀਆ ਆਦਿ ਮੌਜੂਦ ਸਨ।

## 50 ਲੱਖ ਦੀ ਲਾਗਤ ਨਾਲ ਸਰਹਿੰਦ ਚੋਅ 'ਤੇ ਲੱਗੇਗਾ ਕਰੱਸ਼ ਬੈਰੀਅਰ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਵਿਧਾਇਕ ਲਖਬੀਰ ਸਿੰਘ ਰਾਏ ਵੱਲੋਂ ਸਰਹਿੰਦ ਚੋਅ (ਹੰਸਲਾ ਨਦੀ) ਦੇ ਕਿਨਾਰੇ ਤੇ ਕਰੱਸ਼ ਬੈਰੀਅਰ ਲਗਾਉਣ ਦਾ ਕੰਮ ਸ਼ੁਰੂ ਕਰਾਇਆ ਗਿਆ।ਇਲਾਕਾ ਨਿਵਾਸੀਆਂ ਨੇ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਦਾ ਧੰਨਵਾਦ ਕੀਤਾ ਹੈ। ਵਿਧਾਇਕ ਲਖਬੀਰ ਸਿੰਘ ਰਾਏ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਯੋਗ ਅਗਵਾਈ ਵਿੱਚ ਪੰਜਾਬ ਸਰਕਾਰ ਵੱਲੋਂ ਨਿਰੰਤਰ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ।ਇਸੇ ਲੜੀ ਦੇ ਤਹਿਤ ਨਗਰ ਕੌਂਸਲ ਸਰਹਿੰਦ ਦੇ ਅਧੀਨ ਆਉਂਦੇ ਵਾਰਡ ਨੰਬਰ 03 ਵਿੱਚੋਂ ਲੰਘਦੇ ਚੋਅ ਦੇ ਕਿਨਾਰੇ ਉੱਤੇ ਕਰੀਬ 50 ਲੱਖ ਰੁਪਏ ਦੀ ਲਾਗਤ ਦੇ ਨਾਲ ਕਰਸ਼ ਬੈਰੀਅਰ ਲਾਇਆ ਜਾ ਰਿਹਾ ਹੈ।ਇਸ ਤੋਂ ਪਹਿਲਾਂ ਹਮੇਸ਼ਾ ਹੀ ਇਹ ਸਮੱਸਿਆ ਬਣੀ ਰਹਿੰਦੀ ਸੀ ਕਿ ਕੋਈ ਅਣਸੁਖਾਵੀ ਘਟਨਾ ਨਾ ਵਾਪਰ ਜਾਵੇ।ਧੁੰਦ ਦੇ ਦਿਨਾਂ ਦੌਰਾਨ ਸ਼ਹੀਦੀ ਜੋੜ ਮੇਲ ਤੇ ਜਾਣ ਵਾਲੀ ਸੰਗਤ ਇਸੇ ਰਸਤੇ ਤੋਂ ਜਾਂਦੀ ਹੈ। ਉਨ੍ਹਾਂ ਦੀ ਸੁਰੱਖਿਆ ਨੂੰ ਲੈ ਕੇ ਪੁਲਿਸ ਮੁਲਾਜ਼ਮ ਤੈਨਾਤ ਕਰਨੇ ਪੈਂਦੇ ਸਨ।ਇਨ੍ਹਾਂ ਬੈਰੀਅਰ ਦੇ ਲੱਗਣ ਨਾਲ ਸੁਰੱਖਿਆ ਪੱਖੋਂ ਮਜਬੂਤੀ ਹੋਵੇਗੀ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਦੇ ਹਿੱਤ ਵਿੱਚ ਕੰਮ ਕਰ ਰਹੀ ਹੈ, ਜਿੱਥੇ ਲੋਕਾਂ ਦੀਆਂ ਬੁਨਿਆਦੀ ਸਹੂਲਤਾਂ ਪੂਰੀਆਂ ਕੀਤੀਆਂ ਜਾ ਰਹੀਆਂ ਹਨ, ਉੱਥੇ ਉਨ੍ਹਾਂ ਦੇ ਅਧਿਕਾਰਾਂ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ।ਕੇਂਦਰ ਸਰਕਾਰ ਵੱਲੋਂ ਪੰਜਾਬ ਨਾਲ ਕੀਤੇ ਜਾ ਰਹੇ ਸਲੂਕ ਦਾ ਵੀ ਮੂੰਹ ਤੋੜ ਜਵਾਬ ਦਿੱਤਾ ਜਾਵੇਗਾ।

## ਸਫਾ 1 ਦੇ ਬਾਕੀ…

### ਬਾਬਾ ਭਕਨਾ ਤੇ ਹੋਰ ...

ਹੋ ਰਹੇ ਹਨ, ਸਮੇਂ ਦੇ ਹਾਕਮ ਜ਼ਾਲਮਾਂ ਦਾ ਸਾਥ ਦੇ ਰਹੇ ਹਨ, ਜੋ ਕਿ ਕਦਾਚਿਤ ਬਰਦਾਸ਼ਤ ਕਰਨ ਯੋਗ ਨਹੀਂ। ਬੁਲਾਰਿਆਂ ਇਹ ਵੀ ਜ਼ਿਕਰ ਕੀਤਾ ਕਿ ਜਿਸ ਤਰ੍ਹਾਂ ਅੱਜ ਦੇਸ਼ ਦੇ ਕਿਸਾਨ ਸੰਘਰਸ਼ ਦੇ ਮੈਦਾਨ ਵਿੱਚ ਹਨ, ਇਸੇ ਤਰ੍ਹਾਂ ਹੀ ਮਜ਼ਦੂਰਾਂ ਅਤੇ ਹੋਰ ਤਬਕਿਆਂ ਨੂੰ ਵੀ ਸਾਂਝੇ ਰੂਪ ਵਿੱਚ ਸਮੇਂ ਦੀਆਂ ਸਰਮਾਏਦਾਰ ਸਰਕਾਰਾਂ ਵਿਰੁੱਧ ਤਿੱਖੇ ਸੰਘਰਸ਼ ਕਰਨ ਦੀ ਲੋੜ ਹੈ। ਹੋਰਨਾਂ ਤੋਂ ਇਲਾਵਾ ਟਰੇਡ ਯੂਨੀਅਨ ਆਗੂ ਨਰਿੰਦਰ ਬੱਲ ਤੇ ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾਈ ਵਰਕਿੰਗ ਪ੍ਰਧਾਨ ਮਹਾਂਬੀਰ ਸਿੰਘ ਗਿੱਲ, ਬਲਕਾਰ ਸਿੰਘ ਦੁਧਾਲਾ, ਸਰਬਜੀਤ ਸਿੰਘ ਭੱਲਾ, ਮੰਗਲ ਸਿੰਘ ਭੈਣੀ, ਸੀਮਾ ਸੋਹਲ, ਗੁਰਬਿੰਦਰ ਸਿੰਘ ਸੋਹਲ ਤੇ ਨਰਿੰਦਰ ਪਾਲ ਪਾਲ਼ੀ ਨੇ ਵੀ ਆਪਣੇ ਵਿਚਾਰ ਰੱਖੇ।

# ਦੇਸ਼ ਭਗਤ 'ਵਰਸਿਟੀ ਵੱਲੋਂ ਸ਼ਾਨਦਾਰ ਪੁਸਤਕ ਰਿਲੀਜ਼ ਸਮਾਗਮ ਦਾ ਆਯੋਜਨ




**ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)**

ਦੇਸ਼ ਭਗਤ ਯੂਨੀਵਰਸਿਟੀ ਦੇ ਪ੍ਰਕਾਸ਼ਨ ਬਿਊਰੋ ਵੱਲੋਂ ਸਫਲਤਾਪੂਰਵਕ ਇੱਕ ਪੁਸਤਕ ਰਿਲੀਜ਼ ਸਮਾਰੋਹ ਦਾ ਆਯੋਜਨ ਕੀਤਾ ਗਿਆ, ਜੋ ਯੂਨੀਵਰਸਿਟੀ ਲਈ ਇੱਕ ਯਾਦਗਾਰੀ ਅਕਾਦਮਿਕ ਸਮਾਗਮ ਵਜੋਂ ਉਭਰਿਆ।ਇਸ ਪ੍ਰੋਗਰਾਮ ਵਿੱਚ ਪ੍ਰਸਿੱਧ ਸਿੱਖਿਆ ਸ਼ਾਸਤਰੀਆਂ ਅਤੇ ਸ਼ਖ਼ਸੀਅਤਾਂ ਦੀ ਹਾਜ਼ਰੀ ਦੇਖਣ ਨੂੰ ਮਿਲੀ ਜਿਨ੍ਹਾਂ ਵਿੱਚ ਡਾ. ਜ਼ੋਰਾ ਸਿੰਘ ਚਾਂਸਲਰ, ਡਾ. ਤਜਿੰਦਰ ਕੌਰ, ਪ੍ਰੋ-ਚਾਂਸਲਰ, ਡਾ. ਹਰਸ਼ ਸਦਾਵਰਤੀ ਵਾਈਸ-ਚਾਂਸਲਰ, ਡਾ. ਅਮਰਜੀਤ ਸਿੰਘ, ਪ੍ਰੋ ਵਾਈਸ-ਚਾਂਸਲਰ, ਡਾ. ਬੂਟਾ ਸਿੰਘ, ਪ੍ਰੋ ਵਾਈਸ-ਚਾਂਸਲਰ (ਆਰ ਆਈ ਸੀ) ਸ਼ਾਮਲ ਸਨ।ਇਸ ਸਮਾਗਮ ਦੌਰਾਨ ਵਿਸ਼ੇਸ਼ ਮੁੱਖ ਮਹਿਮਾਨ ਵਜੋਂ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਸਾਬਕਾ ਵਾਈਸ-ਚਾਂਸਲਰ, ਪ੍ਰੋਫੈਸਰ ਅਰੁਣ ਕੇ. ਗਰੋਵਰ ਅਤੇ ਮੁੱਖ ਮਹਿਮਾਨ, ਮਹਾਰਾਜਾ ਅਗਰਸੇਨ ਯੂਨੀਵਰਸਿਟੀ ਦੇ ਵਾਈਸ-ਚਾਂਸਲਰ, ਪ੍ਰੋਫੈਸਰ ਰਾਕੇਸ਼ ਕੁਮਾਰ ਗੁਪਤਾ ਨੇ ਸ਼ਿਰਕਤ ਕੀਤੀ।

ਪ੍ਰੋਗਰਾਮ ਦੀ ਰਸਮੀ ਸ਼ੁਰੂਆਤ ਡਾ. ਨਵੀਸ਼ਾ, ਸਹਾਇਕ ਕੋਆਰਡੀਨੇਟਰ, ਪੀ ਐਚ.ਡੀ. ਥੀਸਿਸ ਟੂ ਬੁੱਕ ਸੈਕਸ਼ਨ, ਪਬਲੀਕੇਸ਼ਨ ਬਿਊਰੋ ਅਤੇ ਡਾ. ਰੇਨੂ ਸ਼ਰਮਾ ਦੇ ਸਵਾਗਤੀ ਸ਼ਬਦਾਂ ਨਾਲ ਹੋਈ, ਜਿਨ੍ਹਾਂ ਨੇ ਯੂਨੀਵਰਸਿਟੀ ਦੇ ਅੰਦਰ ਵਿਦਵਤਾਪੂਰਨ ਲਿਖਤ, ਖੋਜ ਪ੍ਰਸਾਰ ਅਤੇ ਇੱਕ ਮਜ਼ਬੂਤ ਪ੍ਰਕਾਸ਼ਨ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਵਿੱਚ ਪ੍ਰਕਾਸ਼ਨ ਬਿਊਰੋ ਦੇ ਦ੍ਰਿਸ਼ਟੀਕੋਣ, ਉਦੇਸ਼ਾਂ ਅਤੇ ਅਕਾਦਮਿਕ ਮਹੱਤਵ 'ਤੇ ਚਾਨਣਾ ਪਾਇਆ।ਪ੍ਰਕਾਸ਼ਨ ਬਿਊਰੋ ਦੇ ਇੰਚਾਰਜ ਡਾ. ਆਰਤੀ ਨੇ ਕਿਤਾਬ ਭਾਗ ਦੀਆਂ ਪ੍ਰਾਪਤੀਆਂ ਬਾਰੇ ਇੱਕ ਵਿਆਪਕ ਰਿਪੋਰਟ ਪੇਸ਼ ਕੀਤੀ। ਖੋਜ ਜਰਨਲ ਸੈਕਸ਼ਨ ਦੇ ਕੋਆਰਡੀਨੇਟਰ ਡਾ. ਸੁਖਪਾਲ ਕੌਰ ਨੇ ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ ਦੁਆਰਾ ਪ੍ਰਕਾਸ਼ਿਤ ਦ ਕੁਇੰਟੇਸੈਂਸ਼ੀਅਲ ਜਰਨਲ ਅਤੇ ਹੋਰ ਖੋਜ ਰਸਾਲਿਆਂ ਬਾਰੇ ਵਿਸਤ੍ਰਿਤ ਜਾਣਕਾਰੀ ਸਾਂਝੀ ਕੀਤੀ।ਲੈਬ ਮੈਨੂਅਲ ਭਾਗ ਦੇ ਕੋਆਰਡੀਨੇਟਰ ਡਾ. ਹੇਮਰਾਜ ਨੇ ਪ੍ਰਕਾਸ਼ਨ ਬਿਊਰੋ ਦੀ ਅਗਵਾਈ ਹੇਠ ਵਿਕਸਤ ਕੀਤੇ ਗਏ ਪ੍ਰਯੋਗਸ਼ਾਲਾ ਮੈਨੂਅਲਾਂ ਦੀ ਅਕਾਦਮਿਕ ਮਹੱਤਤਾ ਅਤੇ ਵਿਹਾਰਕ ਸਾਰਥਕਤਾ 'ਤੇ ਜ਼ੋਰ ਦਿੱਤਾ।ਡਾ. ਅਮਰਜੀਤ ਸਿੰਘ, ਪ੍ਰੋ ਵਾਈਸ-ਚਾਂਸਲਰ, ਨੇ ਪ੍ਰਕਾਸ਼ਨ ਬਿਊਰੋ ਦੀ ਸਥਾਪਨਾ ਅਤੇ ਮਜ਼ਬੂਤੀ ਵਿੱਚ ਸ਼ਾਮਲ ਯਾਤਰਾ, ਚੁਣੌਤੀਆਂ ਅਤੇ ਨਿਰੰਤਰ ਯਤਨਾਂ ਬਾਰੇ ਕੀਮਤੀ ਜਾਣਕਾਰੀ ਸਾਂਝੀ ਕੀਤੀ।ਇਕੱਠ ਨੂੰ ਸੰਬੋਧਨ ਕਰਦੇ ਹੋਏ, ਮੁੱਖ ਮਹਿਮਾਨ ਪ੍ਰੋ. ਰਾਕੇਸ਼ ਕੁਮਾਰ ਗੁਪਤਾ ਨੇ ਦੇਸ਼ ਭਗਤ ਯੂਨੀਵਰਸਿਟੀ ਨੂੰ ਇਸ ਦੀਆਂ ਸ਼ਲਾਘਾਯੋਗ ਪ੍ਰਾਪਤੀਆਂ ਲਈ ਵਧਾਈ ਦਿੱਤੀ ਅਤੇ ਅਕਾਦਮਿਕ ਉੱਤਮਤਾ ਅਤੇ ਸੰਸਥਾਗਤ ਦ੍ਰਿਸ਼ਟੀ ਨੂੰ ਵਧਾਉਣ ਵਿੱਚ ਪ੍ਰਕਾਸ਼ਨ ਬਿਊਰੋ ਦੀ ਮਹੱਤਵਪੂਰਨ ਭੂਮਿਕਾ 'ਤੇ ਜ਼ੋਰ ਦਿੱਤਾ।ਵਿਸ਼ੇਸ਼ ਮੁੱਖ ਮਹਿਮਾਨ ਪ੍ਰੋ. ਅਰੁਣ ਕੇ. ਗਰੋਵਰ ਨੇ ਭਾਰਤ ਵਿੱਚ ਪ੍ਰਕਾਸ਼ਨ ਦੇ ਇਤਿਹਾਸ 'ਤੇ ਇੱਕ ਗਿਆਨਵਰਧਕ ਭਾਸ਼ਣ ਦਿੱਤਾ ਅਤੇ ਅਕਾਦਮਿਕ ਭਰੋਸੇਯੋਗਤਾ ਅਤੇ ਵਿਸ਼ਵਵਿਆਪੀ ਸਾਖ ਬਣਾਉਣ ਵਿੱਚ ਸੰਸਥਾਗਤ ਪ੍ਰਕਾਸ਼ਨਾਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ।ਇਸ ਸਮਾਗਮ ਦਾ ਇੱਕ ਮੁੱਖ ਆਕਰਸ਼ਣ ਪਬਲੀਕੇਸ਼ਨ ਬਿਊਰੋ ਦੀਆਂ ਸਮੂਹਿਕ ਅਕਾਦਮਿਕ ਪ੍ਰਾਪਤੀਆਂ ਦਾ ਪ੍ਰਤੀਕ, ਪਤਵੰਤਿਆਂ ਵੱਲੋਂ ਕਿਤਾਬਾਂ, ਖੋਜ ਰਸਾਲਿਆਂ ਅਤੇ ਪ੍ਰਯੋਗਸ਼ਾਲਾ ਮੈਨੂਅਲ ਦਾ ਉਦਘਾਟਨ ਅਤੇ ਰਿਲੀਜ਼ ਕਰਨਾ ਸੀ। ਸਨਮਾਨ ਸਮਾਰੋਹ ਦੌਰਾਨ, ਪੀ ਐਚ.ਡੀ. ਥੀਸਿਸ ਟੂ ਬੁੱਕ ਸੈਕਸ਼ਨ ਦੀ ਸਹਿ-ਕੋਆਰਡੀਨੇਟਰ ਡਾ. ਦਰਸ਼ਨਾ ਨੇ ਰਿਲੀਜ਼ ਲਈ ਕਿਤਾਬਾਂ ਦੀ ਇੱਕ ਲੜੀ ਪੇਸ਼ ਕੀਤੀ। ਪ੍ਰੋਗਰਾਮ ਦੌਰਾਨ ਕੁੱਲ ਛੇ ਕਿਤਾਬਾਂ, ਇੱਕ ਪ੍ਰਯੋਗਸ਼ਾਲਾ ਮੈਨੂਅਲ ਅਤੇ ਇੱਕ ਖੋਜ ਜਰਨਲ (ਪ੍ਰਤੀਕ ਲਾਂਚ) ਅਧਿਕਾਰਤ ਤੌਰ 'ਤੇ ਜਾਰੀ ਕੀਤੇ ਗਏ।ਸਮਾਰੋਹ ਦੀ ਸਮਾਪਤੀ ਪੀ ਐਚ.ਡੀ. ਥੀਸਿਸ ਟੂ ਬੁੱਕ ਸੈਕਸ਼ਨ ਦੇ ਕੋਆਰਡੀਨੇਟਰ ਡਾ. ਅਜੇ ਗੁਪਤਾ ਦੁਆਰਾ ਰਸਮੀ ਧੰਨਵਾਦ ਦੇ ਮਤੇ ਨਾਲ ਹੋਈ।

## ਅਮਨਦੀਪ ਹਸਪਤਾਲ ਫਿਰੋਜ਼ਪੁਰ 'ਚ 31 ਜਨਵਰੀ ਤੱਕ ਮੁਫ਼ਤ ਓ ਪੀ ਡੀ



**ਫਿਰੋਜ਼ਪੁਰ (ਗੁਰਬਚਨ ਸਿੰਘ)**-ਅਮਨਦੀਪ ਹਸਪਤਾਲ ਫਿਰੋਜ਼ਪੁਰ ਵੱਲੋਂ ਉਜਾਲਾ ਸਿਗਨਸ ਦੇ ਸਹਿਯੋਗ ਨਾਲ ਆਮ ਜਨਤਾ ਲਈ 31 ਜਨਵਰੀ 2026 ਤੱਕ ਮੁਫ਼ਤ ਮਲਟੀ-ਸਪੈਸ਼ਲਿਟੀ ਓ ਪੀ ਡੀ ਸਹੂਲਤ ਸ਼ੁਰੂ ਕਰਨ ਦਾ ਐਲਾਨ ਕੀਤਾ ਗਿਆ ਹੈ। ਇਹ ਪਹਿਲ ਸਮਾਜ ਨੂੰ ਸੌਖੀਆਂ ਅਤੇ ਉੱਚ-ਗੁਣਵੱਤਾ ਵਾਲੀਆਂ ਸਿਹਤ ਸੇਵਾਵਾਂ ਉਪਲਬੱਧ ਕਰਵਾਉਣ ਦੇ ਉਦੇਸ਼ ਨਾਲ ਕੀਤੀ ਗਈ ਹੈ। ਇਸ ਯੋਜਨਾ ਤਹਿਤ ਇੰਟਰਨਲ ਮੈਡੀਸਨ, ਦਿਲ ਰੋਗ, ਦਿਮਾਗ ਅਤੇ ਰੀੜ੍ਹ ਦੀ ਹੱਡੀ ਦੀ ਦੇਖਭਾਲ, ਛਾਤੀ ਰੋਗ, ਈ ਐੱਨ ਟੀ, ਇਸਤਰੀ ਰੋਗ, ਹੱਡੀ ਰੋਗ, ਬਾਲ ਰੋਗ, ਜਨਰਲ ਸਰਜਰੀ ਅਤੇ ਗੁਰਦਾ ਰੋਗ ਸਮੇਤ ਕਈ ਵਿਭਾਗਾਂ ਵਿਚ ਮਾਹਿਰ ਡਾਕਟਰਾਂ ਵੱਲੋਂ ਮੁਫ਼ਤ ਸਲਾਹ ਦਿੱਤੀ ਜਾ ਰਹੀ ਹੈ। ਇਸ ਦੇ ਨਾਲ ਹੀ ਮਰੀਜ਼ਾਂ ਨੂੰ ਸੀ ਟੀ ਸਕੈਨ ਅਤੇ ਐੱਮ ਆਰ ਆਈ ਜਾਂਚਾਂ 'ਤੇ 40 ਫੀਸਦੀ ਵਿਸ਼ੇਸ਼ ਛੋਟ ਦਾ ਲਾਭ ਵੀ ਮਿਲੇਗਾ। ਅਮਨਦੀਪ ਹਸਪਤਾਲ ਦੀ ਡਾਇਰੈਕਟਰ ਡਾ. ਅਮਨਦੀਪ ਕੌਰ ਨੇ ਕਿਹਾ ਕਿ ਸਮਾਜਿਕ ਜ਼ਿੰਮੇਵਾਰੀ ਅਮਨਦੀਪ ਹਸਪਤਾਲ ਦੀ ਹੈਲਥਕੇਅਰ ਨੀਤੀ ਦਾ ਅਟੁੱਟ ਹਿੱਸਾ ਹੈ ਅਤੇ ਇਸ ਮੁਫ਼ਤ ਮਲਟੀ-ਸਪੈਸ਼ਲਟੀ ਓ ਪੀ ਡੀ ਰਾਹੀਂ ਮਰੀਜ਼ਾਂ ਨੂੰ ਸਮੇਂ ਸਿਰ ਸਹੀ ਸਲਾਹ ਅਤੇ ਬਿਹਤਰ ਇਲਾਜ ਉਪਲਬਧ ਕਰਵਾਉਣਾ ਹੀ ਹਸਪਤਾਲ ਦਾ ਮੁੱਖ ਮਕਸਦ ਹੈ।

# ਗੁਰਦੁਆਰਾ ਡੇਰਾ ਸ੍ਰੀ ਗੁਰੂ ਰਵਿਦਾਸ 'ਚ ਮਨਾਇਆ ਪੂਰਨਮਾਸ਼ੀ ਦਾ ਦਿਹਾੜਾ



**ਨਾਭਾ (ਵਰਿੰਦਰ ਵਰਮਾ)**-ਬੀਤੇ ਦਿਨ ਪੂਰਨਮਾਸ਼ੀ ਦਾ ਪਵਿੱਤਰ ਦਿਹਾੜਾ ਹਰ ਮਹੀਨੇ ਦੀ ਤਰ੍ਹਾਂ ਗੁਰਦੁਆਰਾ ਡੇਰਾ ਸ੍ਰੀ ਗੁਰੂ ਰਵਿਦਾਸ ਬੌੜਾਂ ਗੇਟ ਨਾਭਾ ਵਿਖੇ ਬੜੀ ਸ਼ਰਧਾ ਨਾਲ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਗਿਆ।ਸਮਾਗਮ ਦੌਰਾਨ ਸ਼ਾਮ 4 ਵਜੇ ਤੋਂ 6 ਵਜੇ ਤੱਕ ਬੀਬੀਆਂ ਦੁਆਰਾ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਨ ਉਪਰੰਤ ਭਾਈ ਜਤਿੰਦਰ ਸਿੰਘ ਜੀ ਧੂਰਾ ਵੱਲੋਂ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਬਾਣੀ ਤੇ ਬਾਣੇ ਨਾਲ ਜੁੜਨ ਲਈ ਪ੍ਰੇਰਿਤ ਕੀਤਾ।ਅਰਦਾਸ ਉਪਰੰਤ ਦੋ ਸਤਿਕਾਰਯੋਗ ਸਖ਼ਸ਼ੀਅਤਾਂ ਡਾ. ਨੀਤੂ ਰਾਣੀ, ਜੋ ਮਾਤਾ ਸਾਹਿਬ ਕੌਰ (ਗਰਲਜ਼) ਕਾਲਜ ਤਲਵੰਡੀ ਸਾਬੋ ਵਿਖੇ ਬਤੌਰ ਸਹਾਇਕ ਪ੍ਰੋਫੈਸਰ ਡਿਊਟੀ ਨਿਭਾਅ ਰਹੇ ਹਨ।ਇੱਕ ਲੇਖਕ ਹੋਣ ਦੇ ਨਾਤੇ ਕਾਫੀ ਕਿਤਾਬਾਂ ਲਿਖੀਆਂ। ਭਾਸ਼ਾ ਵਿਭਾਗ ਪੰਜਾਬ ਸਰਕਾਰ ਵੱਲੋਂ ਇਨ੍ਹਾਂ ਨੂੰ ਹਿੰਦੀ ਵਿੱਚ ਲਿਖੀ ਇੱਕ ਕਿਤਾਬ ਬੈਸਟ ਕ੍ਰਿਟਿਕ ਬੁੱਕ ਲਈ ਇੰਦਰ ਨਾਥ ਮਦਾਨ ਐਵਾਰਡ 2025 ਦੇ ਕੇ ਸਨਮਾਨਤ ਕਰਨ ਦੀ ਖੁਸ਼ੀ ਵਿੱਚ ਤੇ ਕਾਕਾ ਬਿਕਰਮਜੀਤ ਸਿੰਘ ਜੋ ਕਿ ਥਾਪਰ ਕਾਲਜ ਪਟਿਆਲਾ ਵਿਖੇ ਮਕੈਨੀਕਲ ਇੰਜਨੀਰਿੰਗ ਦਾ ਲਾਸਟ ਈਅਰ ਦਾ ਵਿਦਿਆਰਥੀ ਹੈ।

ਕਾਲਜ ਵਿੱਚ ਪ੍ਰੋਜੈਕਟ ਬਣਾਉਣ ਦੇ ਮੁਕਾਬਲੇ 'ਚ ਰੋਟਰੀ ਸੰਡ ਸੇਵਿੰਗ ਮਸ਼ੀਨ ਬਣਾ ਕੇ ਤੀਜਾ ਸਥਾਨ ਪ੍ਰਾਪਤ ਕਰਨ ਉਪਰੰਤ ਇਹ ਮਸ਼ੀਨ ਗੁਰੂ ਘਰ ਨੂੰ ਭੇਟ ਕਰਨ ਦੀ ਖੁਸ਼ੀ ਵਿੱਚ ਸ੍ਰੀ ਗੁਰੂ ਰਵਿਦਾਸ ਸੇਵਾ ਸੁਸਾਇਟੀ (ਰਜਿ: 239) ਨਾਭਾ ਵੱਲੋਂ ਗੁਰਦੁਆਰਾ ਡੇਰਾ ਸ੍ਰੀ ਗੁਰੂ ਰਵਿਦਾਸ ਵਿਖੇ ਪੂਰਨਮਾਸ਼ੀ ਦੇ ਮੌਕੇ ਦੋਨੋਂ ਸਨਮਾਨਯੋਗ ਸਖ਼ਸ਼ੀਅਤਾਂ ਨੂੰ ਮੋਮੈਂਟੋ ਤੇ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ।ਇਸ ਸਮੇਂ ਡਾ. ਨੀਤੂ ਰਾਣੀ ਦੇ ਪਤੀ ਪ੍ਰੋ. ਚਰਨਜੀਤ ਸਿੰਘ, ਕਾਕਾ ਬਿਕਰਮਜੀਤ ਸਿੰਘ ਤੇ ਉਨ੍ਹਾਂ ਦੇ ਮਾਤਾ ਸ੍ਰੀਮਤੀ ਕੁਲਵਿੰਦਰ ਕੌਰ ਹਾਜ਼ਰ ਸਨ।ਇਨ੍ਹਾਂ ਨੂੰ ਵੀ ਸਿਰੋਪਾਓ ਦੇਕੇ ਸਨਮਾਨਤ ਕੀਤਾ ਗਿਆ।ਸਟੇਜ ਦੀ ਡਿਊਟੀ ਸੁਸਾਇਟੀ ਦੇ ਜਨ: ਸਕੱਤਰ ਅਮਰ ਸਿੰਘ ਟੋਡਰਵਾਲ ਨੇ ਬਾਖੂਬੀ ਨਿਭਾਈ ਤੇ ਸੁਸਾਇਟੀ ਵੱਲੋਂ ਕੀਤੇ ਜਾ ਰਹੇ ਲੋਕ ਭਲਾਈ ਹਿੱਤ ਕਾਰਜਾਂ ਬਾਰੇ ਚਾਨਣਾ ਪਾਇਆ ਤੇ ਭਾਰਤ ਦੀ ਪਹਿਲੀ ਮਹਿਲਾ ਅਧਿਆਪਕਾ ਮਾਤਾ ਸਵਿੱਤਰੀ ਬਾਈ ਫੂਲੇ ਦੇ ਜਨਮ ਦਿਨ ਦੀਆਂ ਵਧਾਈਆਂ ਦੇਣ ਦੇ ਨਾਲ ਉਨ੍ਹਾਂ ਦੇ ਜੀਵਨ ਸੰਘਰਸ਼ ਤੋਂ ਪ੍ਰੇਰਣਾ ਲੈ ਕੇ ਅੱਗੇ ਵਧਣ ਲਈ ਪ੍ਰੇਰਿਤ ਕੀਤਾ।

# ਜੁਝਾਰੂ ਸਾਥੀ ਕੁਲਵੰਤ ਸਿੰਘ ਦੀ ਸੇਵਾ-ਮੁਕਤੀ 'ਤੇ ਸਨਮਾਨ ਸਮਾਰੋਹ



**ਮੋਗਾ (ਇਕਬਾਲ ਸਿੰਘ ਖਹਿਰਾ)**

ਕੁਲਵੰਤ ਸਿੰਘ ਬੱਸੀ ਧੱਲੇਕੇ ਦੀ ਸੇਵਾ ਮੁਕਤੀ 'ਤੇ ਪਿੰਡ ਧੱਲੇ ਕੇ ਵਿਖੇ ਇੱਕ ਵਿਸ਼ਾਲ ਸਨਮਾਨ ਸਮਾਰੋਹ ਕਰਵਾਇਆ ਗਿਆ। ਇਸ ਸਮਾਗਮ ਦੌਰਾਨ ਵੱਡੀ ਗਿਣਤੀ ਵਿੱਚ ਬਿਜਲੀ ਵਿਭਾਗ ਦੇ ਕਰਮਚਾਰੀਆਂ ਅਤੇ ਪੈਨਸ਼ਨਰਾਂ ਵੱਲੋਂ ਸ਼ਮੂਲੀਅਤ ਕੀਤੀ ਗਈ। ਇਸ ਸਮਾਗਮ ਨੂੰ ਸੰਬੋਧਨ ਕਰਦਿਆਂ ਬਰਜਿੰਦਰ ਸ਼ਰਮਾ ਮੀਤ ਪ੍ਰਧਾਨ ਟੀ.ਐਸ.ਯੂ ਪੰਜਾਬ, ਰਘਵੀਰ ਸਿੰਘ ਰਾਮਗੜ੍ਹ ਚੀਫ ਆਰਗੇਨਾਈਜ਼ਰ ਟੀ.ਐਸ.ਯੂ ਪੰਜਾਬ, ਡਾ. ਕੁਲਬੀਰ ਸਿੰਘ ਸਾਬਕਾ ਜੋਨ ਪ੍ਰਧਾਨ ਬਠਿੰਡਾ ਵੈਸਟ ਜੋਨ, ਗੁਰਮੀਤ ਸਿੰਘ ਡਾਲਾ ਪ੍ਰਧਾਨ ਟੀ.ਐਸ.ਯੂ ਸਬ ਅਰਬਨ ਮੰਡਲ ਮੋਗਾ, ਮਨਜੋਤ ਸਿੰਘ ਬਰਾੜ ਪ੍ਰਧਾਨ ਟੀ.ਐਸ.ਯੂ ਸਿਟੀ ਡਵੀਜ਼ਨ ਮੋਗਾ, ਬਲਵਿੰਦਰ ਸਿੰਘ ਉੱਭੀ ਸਕੱਤਰ ਟੀ.ਐਸ.ਯੂ ਵੈਸਟ ਜੋਨ ਬਠਿੰਡਾ, ਸੇਵਕ ਸਿੰਘ ਪ੍ਰਧਾਨ ਆਜ਼ਾਦ ਸ਼ਮਸ਼ੇਰ ਗਰੁੱਪ ਪੰਜਾਬ, ਗੁਰਮੇਲ ਸਿੰਘ ਨਾਹਰ ਮੀਤ ਪ੍ਰਧਾਨ ਪੀ.ਐਸ ਪੀ ਸੀ ਐਲ ਪੈਨਸ਼ਨਰ ਯੂਨੀਅਨ ਪੰਜਾਬ, ਗੁਰਮੀਤ ਸਿੰਘ ਧਾਲੀਵਾਲ ਸਾਬਕਾ ਸਟੇਟ ਆਗੂ ਫੈਡਰੇਸ਼ਨ ਏਟਕ ਪੰਜਾਬ, ਦਰਸ਼ਨ ਸਿੰਘ ਡਿਪਟੀ ਸੈਕਟਰੀ ਫੈਡਰੇਸ਼ਨ ਏਟਕ ਪੰਜਾਬ, ਹਰਪਾਲ ਸਿੰਘ ਮਚਾਕੀ ਸਾਬਕਾ ਸਰਕਲ ਆਗੂ ਫੈਡਰੇਸ਼ਨ ਏਟਕ ਫਰੀਦਕੋਟ, ਜਸਬੀਰ ਸਿੰਘ ਐਸ.ਡੀ.ਓ ਉੱਤਰੀ ਸਬ ਡਵੀਜ਼ਨ ਮੋਗਾ, ਮਨਦੀਪ ਸਿੰਘ ਐਕਸੀਅਨ ਸਬ ਅਰਬਨ ਮੰਡਲ ਮੋਗਾ, ਜਸਵਿੰਦਰ ਸਿੰਘ ਮਾਨ ਰਿਟਾਇਰਡ ਐਸ ਈ ਬਠਿੰਡਾ, ਸਤਨਾਮ ਸਿੰਘ ਸਾਬਕਾ ਪ੍ਰਧਾਨ ਨੈਸਲੇ ਇੰਪਲਾਈਜ਼ ਯੂਨੀਅਨ ਮੋਗਾ ਨੇ ਕਿਹਾ ਕਿ ਕੁਲਵੰਤ ਸਿੰਘ ਬਿਜਲੀ ਬੋਰਡ ਵਿੱਚ 40 ਸਾਲ ਬੇਦਾਗ ਸੇਵਾ ਨਿਭਾ ਕੇ ਸੇਵਾ ਮੁਕਤ ਹੋਏ ਹਨ।

ਆਗੂਆਂ ਨੇ ਦੱਸਿਆ ਕਿ ਕੁਲਵੰਤ ਸਿੰਘ ਬੱਸੀ ਜੁਝਾਰੂ ਆਗੂ ਹਨ ਜਿਨ੍ਹਾਂ ਵਲੋਂ ਬਿਜਲੀ ਬੋਰਡ ਵਿੱਚ ਪੂਰੀ ਲਗਨ ਅਤੇ ਤਨਦੇਹੀ ਨਾਲ ਆਪਣੀ ਸੇਵਾ ਨਿਭਾਉਂਦੇ ਹੋਏ 2003 ਵਿੱਚ ਬਿਜਲੀ ਬੋਰਡ ਦਾ ਕੈਸ਼ ਲੁੱਟਣ ਆਏ ਲੁਟੇਰਿਆਂ ਦਾ ਖਾਲੀ ਹੱਥ ਮੁਕਾਬਲਾ ਕੀਤਾ। ਕੁਲਵੰਤ ਸਿੰਘ ਤੋਂ ਕੈਸ਼ ਵਾਲਾ ਬੈਗ ਖੋਹਣ ਲਈ ਲੁਟੇਰਿਆਂ ਵੱਲੋਂ ਅੰਧਾ ਧੁੰਦ ਗੋਲੀਆਂ ਚਲਾਈਆਂ ਗਈਆਂ ਜਿਸ ਚੋਂ ਚਾਰ ਗੋਲੀਆਂ ਕੁਲਵੰਤ ਸਿੰਘ ਦੀ ਗਰਦਨ ਵਿੱਚ ਅਤੇ ਇੱਕ ਗੋਲੀ ਹੱਥ ਵਿੱਚ ਲੱਗੀ ਜਿਸ ਨਾਲ ਉਹ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਿਆ ਪਰ ਉਸ ਨੇ ਲੁਟੇਰਿਆਂ ਨੂੰ ਕੈਸ਼ ਦਾ ਬੈਗ ਨਹੀਂ ਦਿੱਤਾ। ਜ਼ਖਮੀ ਹਾਲਤ ਵਿੱਚ ਕੁਲਵੰਤ ਸਿੰਘ ਨੂੰ ਮੋਗਾ ਦੇ ਹਸਪਤਾਲ ਤੋਂ ਅਗਲੇਰੇ ਇਲਾਜ ਲਈ ਲੁਧਿਆਣਾ ਭੇਜਿਆ ਗਿਆ।

ਉਹ ਕੁਦਰਤ ਦਾ ਕਰਿਸ਼ਮਾ ਅਤੇ ਸਾਥੀਆਂ ਦੀਆਂ ਦੁਆਵਾਂ ਸਨ ਇਹ ਕੁਲਵੰਤ ਸਿੰਘ ਸਿਹਤਯਾਬ ਹੋ ਗਿਆ। ਜਿਸ ਦੀ ਬਹਾਦਰੀ ਨੂੰ ਦੇਖਦੇ ਹੋਏ 26 ਜਨਵਰੀ 2004 ਨੂੰ ਗਣਤੰਤਰ ਦਿਵਸ ਮੌਕੇ ਪੰਜਾਬ ਸਰਕਾਰ ਦੀ ਤਰਫੋਂ ਬਹਾਦਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਅਤੇ ਪੰਜਾਬ ਰਾਜ ਬਿਜਲੀ ਬੋਰਡ ਦੀ ਤਰਫੋਂ ਇੱਕ ਵਾਧੂ ਇੰਕਰੀਮੈਂਟ ਵੀ ਦਿੱਤਾ ਗਿਆ। ਇਸ ਸਮਾਗਮ ਦੌਰਾਨ ਵੱਖ-ਵੱਖ ਯੂਨੀਅਨਾਂ, ਸਮਾਜ ਸੇਵੀ ਜਥੇਬੰਦੀਆਂ ਅਤੇ ਬਿਜਲੀ ਬੋਰਡ ਦੇ ਕਾਮਿਆਂ ਅਤੇ ਪੈਨਸ਼ਨਰਾਂ ਵੱਲੋਂ ਕੁਲਵੰਤ ਸਿੰਘ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ । ਕੁਲਵੰਤ ਸਿੰਘ ਨੇ ਸਮੁੱਚੇ ਸਾਥੀਆਂ ਤੇ ਜਥੇਬੰਦੀਆਂ ਦਾ ਇਸ ਸਮਾਗਮ ਵਿੱਚ ਪੁੱਜਣ 'ਤੇ ਧੰਨਵਾਦ ਕੀਤਾ। ਸਟੇਜ ਸਕੱਤਰ ਦੀ ਭੂਮਿਕਾ ਰਾਮ ਸਨੇਹੀ ਮਿੰਟੂ ਨੇ ਬਾਖੂਬੀ ਨਿਭਾਈ।

# ਧੀਆਂ ਬੋਝ ਨਹੀਂ, ਸਿਰ ਦਾ ਤਾਜ ਹੁੰਦੀਆਂ : ਐਡਵੋਕੇਟ ਅਮਿਤ ਅਗਰਵਾਲ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸਮਾਜ ਸੇਵੀ ਐਡਵੋਕੇਟ ਅਮਿਤ ਅਗਰਵਾਲ ਨੇ ਕਿਹਾ ਹੈ ਕਿ ਧੀਆਂ ਕਦੇ ਵੀ ਪਰਿਵਾਰ ਜਾਂ ਸਮਾਜ ਲਈ ਬੋਝ ਨਹੀਂ ਹੁੰਦੀਆਂ, ਸਗੋਂ ਉਹ ਮਾਪਿਆਂ ਦੇ ਸਿਰ ਦਾ ਤਾਜ ਹੁੰਦੀਆਂ ਹਨ।ਉਨ੍ਹਾਂ ਆਖਿਆ ਕਿ ਜਿਵੇਂ ਅਸੀਂ ਮੁੰਡਿਆਂ ਦੇ ਜਨਮ 'ਤੇ ਲੋਹੜੀ ਮਨਾਉਂਦੇ ਹਾਂ, ਉਸੇ ਤਰ੍ਹਾਂ ਧੀਆਂ ਦੀ ਲੋਹੜੀ ਵੀ ਪੂਰੇ ਉਤਸ਼ਾਹ ਅਤੇ ਖੁਸ਼ੀ ਨਾਲ ਮਨਾਉਣੀ ਚਾਹੀਦੀ ਹੈ, ਤਾਂ ਜੁ ਸਮਾਜ ਵਿੱਚ ਬਰਾਬਰੀ ਦਾ ਸੰਦੇਸ਼ ਜਾਵੇ ਤੇ ਧੀ-ਪੁੱਤਰ ਵਿੱਚ ਕੋਈ ਭੇਦਭਾਵ ਨਾ ਰਹੇ।ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਵੀ ਸਮਾਜ ਅੰਦਰ ਕੁਝ ਪੁਰਾਣੀਆਂ ਸੋਚਾਂ ਅਤੇ ਕੁਰੀਤੀਆਂ ਮੌਜੂਦ ਹਨ, ਜਿਨ੍ਹਾਂ ਕਾਰਨ ਧੀਆਂ ਨੂੰ ਉਹ ਸਨਮਾਨ ਨਹੀਂ ਮਿਲਦਾ ਜਿਸ ਦੀ ਉਹ ਹੱਕਦਾਰ ਹਨ।ਇਨ੍ਹਾਂ ਕੁਰੀਤੀਆਂ ਨੂੰ ਖਤਮ ਕਰਨ ਲਈ ਸਿਰਫ ਕਾਨੂੰਨ ਹੀ ਨਹੀਂ, ਸਗੋਂ ਲੋਕਾਂ ਦੀ ਸੋਚ ਬਦਲਣ ਦੀ ਸਖ਼ਤ ਲੋੜ ਹੈ। ਜਦ ਤੱਕ ਸੋਚ ਨਹੀਂ ਬਦਲੇਗੀ, ਤਦ ਤੱਕ ਅਸਲ ਸਮਾਜਿਕ ਬਦਲਾਅ ਸੰਭਵ ਨਹੀਂ।ਐਡਵੋਕੇਟ ਅਗਰਵਾਲ ਨੇ ਕਿਹਾ ਕਿ ਅੱਜ ਦੀਆਂ ਧੀਆਂ ਕਿਸੇ ਵੀ ਪੱਖੋਂ ਮੁੰਡਿਆਂ ਨਾਲੋਂ ਘੱਟ ਨਹੀਂ ਹਨ। ਸਿੱਖਿਆ, ਖੇਡਾਂ, ਪ੍ਰਸ਼ਾਸਨ, ਸਿਹਤ, ਵਿਗਿਆਨ, ਫੌਜ, ਕਾਨੂੰਨ ਤੇ ਰਾਜਨੀਤੀ ਸਮੇਤ ਹਰ ਖੇਤਰ ਵਿੱਚ ਧੀਆਂ ਆਪਣੀ ਕਾਬਲੀਅਤ ਦਾ ਲੋਹਾ ਮਨਵਾ ਰਹੀਆਂ ਹਨ।ਉਹ ਹਰ ਫੀਲਡ ਵਿੱਚ ਮੁੰਡਿਆਂ ਦੇ ਨਾਲ ਮੋਢੇ ਨਾਲ ਮੋਢਾ ਲਾ ਕੇ ਕੰਮ ਕਰ ਰਹੀਆਂ ਹਨ ਤੇ ਕਈ ਖੇਤਰਾਂ ਵਿਚ ਤਾਂ ਮੁੰਡਿਆਂ ਨਾਲੋਂ ਵੀ ਅੱਗੇ ਹਨ।ਉਨ੍ਹਾਂ ਕਿਹਾ ਕਿ ਧੀਆਂ ਸਿਰਫ ਆਪਣੇ ਪਰਿਵਾਰਾਂ ਦਾ ਹੀ ਨਹੀਂ, ਸਗੋਂ ਦੇਸ਼ ਅਤੇ ਸਮਾਜ ਦਾ ਨਾਂਅ ਵੀ ਰੌਸ਼ਨ ਕਰ ਰਹੀਆਂ ਹਨ। ਅਜਿਹੀਆਂ ਅਨੇਕਾਂ ਮਿਸਾਲਾਂ ਸਾਡੇ ਸਾਹਮਣੇ ਹਨ, ਜਿੱਥੇ ਧੀਆਂ ਨੇ ਮੁਸ਼ਕਲ ਹਾਲਾਤਾਂ ਦੇ ਬਾਵਜੂਦ ਉੱਚੇ ਮਕਾਮ ਹਾਸਲ ਕੀਤੇ ਹਨ।ਇਸ ਨਾਲ ਇਹ ਸਾਬਤ ਹੁੰਦਾ ਹੈ ਕਿ ਜੇ ਧੀਆਂ ਨੂੰ ਬਰਾਬਰ ਦੇ ਮੌਕੇ ਦਿੱਤੇ ਜਾਣ, ਤਾਂ ਉਹ ਹਰ ਮੰਜ਼ਲ ਹਾਸਲ ਕਰ ਸਕਦੀਆਂ ਹਨ।ਐਡਵੋਕੇਟ ਅਗਰਵਾਲ ਨੇ ਮਾਪਿਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਧੀਆਂ ਨੂੰ ਪੜ੍ਹਾਈ, ਸਿਹਤ ਅਤੇ ਕਰੀਅਰ ਦੇ ਮਾਮਲੇ ਵਿੱਚ ਮੁੰਡਿਆਂ ਦੇ ਬਰਾਬਰ ਮੌਕੇ ਦੇਣ।ਧੀਆਂ 'ਤੇ ਭਰੋਸਾ ਕਰਨਾ ਅਤੇ ਉਨ੍ਹਾਂ ਦੇ ਸੁਪਨਿਆਂ ਨੂੰ ਪੰਖ ਲਗਾਉਣਾ ਸਾਡੇ ਸਮਾਜ ਦੀ ਜ਼ਿੰਮੇਵਾਰੀ ਹੈ। ਉਨ੍ਹਾਂ ਆਪਣੇ ਬਿਆਨ ਦੇ ਅੰਤ ਵਿੱਚ ਫਿਰ ਦੁਹਰਾਇਆ ਕਿ ਧੀਆਂ ਬੋਝ ਨਹੀਂ, ਸਿਰ ਦਾ ਤਾਜ ਹੁੰਦੀਆਂ ਹਨ। ਜਦੋਂ ਸਮਾਜ ਇਹ ਗੱਲ ਦਿਲੋਂ ਮੰਨ ਲਵੇਗਾ, ਤਦ ਹੀ ਇੱਕ ਸੱਚਮੁੱਚ ਸੁਸੰਸਕ੍ਰਿਤ ਅਤੇ ਅੱਗੇ ਵਧਦਾ ਸਮਾਜ ਤਿਆਰ ਹੋ ਸਕੇਗਾ।

## ਗੁਰਦੁਆਰਾ ਯਾਦਗਾਰ ਸ਼ਹੀਦਾਂ ਵਿਖੇ ਪੂਰਨਮਾਸ਼ੀ ਦਾ ਦਿਹਾੜਾ ਮਨਾਇਆ

**ਲੌਂਗੋਵਾਲ (ਪ੍ਰਦੀਪ ਸੱਪਲ)** ਗੁਰੂਦੁਆਰਾ ਯਾਦਗਾਰ ਸ਼ਹੀਦਾਂ ਪੱਤੀ ਦੁੱਲਟ ਤੇ ਸਮੂਹ ਸੰਗਤਾਂ ਵੱਲੋਂ ਰਲ-ਮਿਲ ਕੇ ਹਰ ਮਹੀਨੇ ਦੀ ਤਰ੍ਹਾਂ ਇਸ ਵਾਰ ਵੀ ਪੂਰਨਮਾਸ਼ੀ ਦਾ ਸ਼ੁਭ ਦਿਹਾੜਾ ਬੜੀ ਧੂਮਧਾਮ ਨਾਲ ਮਨਾਇਆ ਤੇ ਗੁਰੂਦੁਆਰਾ ਸਾਹਿਬ ਦੇ ਸੇਵਾਦਾਰ ਅਵਤਾਰ ਸਿੰਘ ਦੁੱਲਟ ਨੰਬਰਦਾਰ, ਸੁਰਜੀਤ ਸਿੰਘ ਡੇਅਰੀ ਵਾਲੇ, ਜਸਮਿੰਦਰ ਸਿੰਘ ਦੁੱਲਟ, ਪ੍ਰਧਾਨ ਗੁਰਜੰਟ ਸਿੰਘ ਦੁੱਲਟ, ਜਸਵਿੰਦਰ ਸਿੰਘ ਨਿਪੀ ਨੇ ਕੀਰਤਨ ਦੀਆਂ ਵਾਰਾਂ ਪੇਸ਼ ਕਤਿਆਂ ਤੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ।ਹੈੱਡ ਗ੍ਰੰਥੀ ਭਾਈ ਹਰਜਿੰਦਰ ਸਿੰਘ ਨੇ ਕਥਾ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।ਇਸ ਮੌਕੇ ਮਹਿੰਦਰ ਸਿੰਘ ਦੁੱਲਟ, ਸੁਖਜਿੰਦਰ ਸਿੰਘ ਦੁੱਲਟ, ਲਖਵਿੰਦਰ ਸਿੰਘ ਭਾਲ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਲਵਾਈ।ਇਸ ਤੋਂ ਇਲਾਵਾ ਭਗਤ ਰਵਿਦਾਸ ਧਰਮਸ਼ਾਲਾ ਪੱਤੀ ਜੈਦ, ਵੱਡਾ ਵਿਹੜਾ, ਪੱਤੀ ਝਾੜੋਂ, ਪੱਤੀ ਸੁਨਾਮੀ ਤੋਂ ਇਲਾਵਾ ਹੋਰ ਕਈ ਮੁਹੱਲਿਆਂ ਵਿੱਚ ਸੰਗਤਾਂ ਵੱਲੋਂ ਵੀ ਪੂਰਨਮਾਸ਼ੀ ਦਾ ਸ਼ੁਭ ਦਿਹਾੜਾ ਮਨਾਇਆ ਗਿਆ।

# ਤਰਕਸ਼ੀਲ ਸੁਸਾਇਟੀ ਵਿਗਿਆਨਕ ਸੋਚ ਅਧਾਰਤ ਸਮਾਜ ਉਸਾਰੀ ਲਈ ਯਤਨਸ਼ੀਲ : ਜਸਵੰਤ ਜ਼ੀਰਖ



**ਲੁਧਿਆਣਾ (ਰੈਕਟਰ ਕਥੂਰੀਆ)**

ਤਰਕਸ਼ੀਲ ਸੁਸਾਇਟੀ ਪੰਜਾਬ ਦੇ ਜ਼ੋਨ ਲੁਧਿਆਣਾ ਦੀ ਮੀਟਿੰਗ ਜ਼ੋਨ ਦੇ ਦਫਤਰ , ਨੇੜੇ ਬੱਸ ਸਟੈਂਡ ਲੁਧਿਆਣਾ ਵਿਖੇ ਹੋਈ। ਮੀਟਿੰਗ ਦੀ ਕਾਰਵਾਈ ਪ੍ਰੈੱਸ ਨੂੰ ਜਾਰੀ ਕਰਦਿਆਂ ਜ਼ੋਨ ਦੇ ਮੀਡੀਆ ਮੁਖੀ ਹਰਚੰਦ ਭਿੰਡਰ ਨੇ ਦੱਸਿਆ ਕਿ ਇਸ ਸਮੇਂ ਜ਼ੋਨ ਜੱਥੇਬੰਦਕ ਆਗੂ ਜਸਵੰਤ ਜ਼ੀਰਖ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਤਰਕਸ਼ੀਲ ਸੁਸਾਇਟੀ ਪੰਜਾਬ, ਸਮਾਜ ਨੂੰ ਅੰਧਵਿਸ਼ਵਾਸ਼ਾਂ ਤੋਂ ਮੁਕਤ ਕਰਕੇ ਮਨੁੱਖਤਾ ਨੂੰ ਧਰਮਾਂ, ਜ਼ਾਤਾਂ ਤੇ ਫਿਰਕਿਆਂ ਅਧਾਰਿਤ ਵੰਡ ਨੂੰ ਖਤਮ ਕਰ ਕੇ ਉਸਾਰੂ ਅਤੇ ਵਿਗਿਆਨਿਕ ਸੋਚ ਅਤੇ ਬਰਾਬਰਤਾ ਦੇ ਆਧਾਰ 'ਤੇ ਸਮਾਜ ਉਸਾਰਨ ਲਈ ਯਤਨਸ਼ੀਲ ਹੈ।ਆਪਣੀ ਵਿਚਾਰਧਾਰਾ ਨੂੰ ਹੋਰ ਪ੍ਰਫੁੱਲਤ ਕਰਨ ਲਈ ਤਰਕਸ਼ੀਲ ਸੁਸਾਇਟੀ ਦੇ ਜ਼ੋਨ ਲੁਧਿਆਣਾ ਦੀਆਂ ਇਕਾਈਆਂ ਸੁਧਾਰ,ਜਗਰਾਓਂ ਮਲੇਰ ਕੋਟਲਾ, ਕੋਹਾੜਾ, ਲੁਧਿਆਣਾ ,ਵੱਲੋਂ ਸਮਾਜ ਵਿੱਚ ਧਰਮਾਂ ਦੇ ਨਾਂ ਹੇਠ ਫੈਲਾਏ ਜਾਂਦੇ ਅੰਧਵਿਸ਼ਵਾਸੀ ਕੱਟੜਵਾਦੀ ਵਿਚਾਰਾਂ ਅਤੇ ਭਗਵਾਂ ਕਰਨ ਦੇ ਮਨਸੂਬਿਆਂ ਨੂੰ ਠੱਲ ਪਾਉਣ ਲਈ ਚੇਤਨਾ ਫੈਲਾਉਣ ਦੇ ਪ੍ਰੋਗਰਾਮ ਉਲੀਕੇ ਗਏ ਤਾਂ ਕਿ ਮਨੁੱਖਤਾ ਵਿਰੋਧੀ ਫਿਰਕਾਪ੍ਰਸਤਾਂ ਦੀ ਮਾਨਸਿਕਤਾ ਬਾਰੇ ਲੋਕਾਂ ਨੂੰ ਸੁਚੇਤ ਕੀਤਾ ਜਾਵੇ।ਮਨੁੱਖੀ ਬਰਾਬਰਤਾ 'ਤੇ ਅਧਾਰਤ ਸਮਾਜ ਦੀ ਸਿਰਜਣਾ ਲਈ ਆਪਣੇ ਕਾਰਜ ਕਰ ਰਹੀ ਤਰਕਸ਼ੀਲ ਸੁਸਾਇਟੀ ਦੇ ਉਪਰਾਲਿਆਂ ਨੂੰ ਹੋਰ ਉਤਸਾਹਿਤ ਕਰਨ ਹਿਤ ਉੱਘੇ ਸਮਾਜ ਚਿੰਤਕ ਅਦਾਰੇ 'ਸੂਹੀ ਸਵੇਰ' ਵੱਲੋਂ 15 ਫਰਵਰੀ ਨੂੰ ਸਥਾਨਕ ਪੰਜਾਬੀ ਭਵਨ ਵਿਖੇ ਤਰਕਸ਼ੀਲ ਸੁਸਾਇਟੀ ਪੰਜਾਬ ਦਾ ਸਨਮਾਨ ਕੀਤਾ ਜਾ ਰਿਹਾ ਹੈ।5 ਜਨਵਰੀ ਤੋਂ 12 ਜਨਵਰੀ ਤੱਕ ਮੈਗਜੀਨ ਹਫਤਾ ਮਨਾਇਆ ਜਾਵੇਗਾ ਤਾਂ ਕਿ ਤਰਕਸ਼ੀਲ ਮੈਗਜੀਨ ਦੇ ਵੱਧ ਤੋਂ ਵੱਧ ਪਾਠਕ ਬਣਾਏ ਜਾਣ।ਮੀਟਿੰਗ ਵਿੱਚ ਪੰਜਾਬ ਸਰਕਾਰ ਵੱਲੋਂ ਤਾਨਾਸ਼ਾਹੀ ਰਵਈਆ ਅਪਣਾਉਂਦੇ ਹੋਏ ਕਈ ਲੋਕ ਪੱਖੀ ਪੱਤਰਕਾਰਾਂ ਉੱਪਰ ਝੂਠੇ ਕੇਸ ਦਰਜ ਕਰਨ ਦੀ ਸਖ਼ਤ ਨਿਖੇਧੀ ਕਰਦਿਆਂ ਉਹਨਾਂ ਦਾ ਸਾਥ ਦੇਣ ਦਾ ਫੈਸਲਾ ਕੀਤਾ ਗਿਆ।ਇਸੇ ਤਰ੍ਹਾਂ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ 16 ਜਨਵਰੀ ਨੂੰ ਡੀ ਸੀ ਦਫ਼ਤਰਾਂ ਸਾਹਮਣੇ ਨਿੱਜੀ ਕਰਣ, ਬਿਜਲੀ ਬਿੱਲ, ਬੀਜ਼ ਬਿੱਲ ਅਤੇ 4 ਕਿਰਤ ਕੋਡਾਂ ਖ਼ਿਲਾਫ਼ ਦਿੱਤੇ ਜਾ ਰਹੇ ਧਰਨਿਆਂ ਵਿੱਚ ਵਧ ਚੜ੍ਹਕੇ ਹਿੱਸਾ ਲੈਣਾ ਤਹਿ ਕੀਤਾ ਗਿਆ। ਮੀਟਿੰਗ ਵਿੱਚ ਉਪਰੋਕਤ ਜ਼ੋਨ ਆਗੂਆਂ ਸਮੇਤ ਧਰਮਪਾਲ ਸਿੰਘ, ਸਮਸੇਰ ਨੂਰਪੁਰੀ, ਕਮਲਜੀਤ ਬੁਜਰਗ ਸਮੇਤ ਇਕਾਈ ਮੁਖੀ ਬਲਵਿੰਦਰ ਲੁਧਿਆਣਾ, ਕਰਤਾਰ ਵੀਰਾਨ ਜਗਰਾਓਂ, ਪੂਰਨ ਸਿੰਘ ਮਲੇਰਕੋਟਲਾ, ਧਰਮ ਸਿੰਘ ਸੂਜਾਪੁਰ ਸੁਧਾਰ, ਰੁਪਿੰਦਰਪਾਲ ਕੋਹਾੜਾ ਸਮੇਤ ਮਲਕੀਤ ਸਿੰਘ ਸੁਧਾਰ ਸ਼ਾਮਲ ਸਨ।

## ਸ੍ਰੀ ਗੁਰੂ ਗੋਬਿੰਦ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਿਤ ਖ਼ੂਨਦਾਨ ਕੈਂਪ



**ਬੋਹਾ (ਨਿਰੰਜਣ ਬੋਹਾ)**-ਨੇੜਲੇ ਪਿੰਡ ਹਾਕਮਵਾਲਾ ਦੇ ਸ਼ਹੀਦ ਬਾਬਾ ਜੀਵਨ ਸਿੰਘ ਯੂਥ ਵਾਲਮੀਕ ਕਲੱਬ ਵੱਲੋਂ ਨੇਕੀ ਫਾਉਂਡੇਸ਼ਨ ਬੁਢਲਾਡਾ ਦੇ ਸਹਿਯੋਗ ਨਾਲ ਪਹਿਲਾ ਖ਼ੂਨਦਾਨ ਕੈਂਪ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਲਗਾਇਆ ਗਿਆ।ਇਸ ਕੈਂਪ ਵਿੱਚ ਮੁੱਖ ਮਹਿਮਾਨ ਵਜੋਂ ਉੱਘੇ ਸਮਾਜ ਸੇਵੀ ਅਤੇ ਸੀਨੀਅਰ ਅਕਾਲੀ ਆਗੂ ਬਲਵਿੰਦਰ ਸਿੰਘ ਪਟਵਾਰੀ ਵਿਸ਼ੇਸ਼ ਤੌਰ 'ਤੇ ਪਹੁੰਚੇ।ਇਸ ਮੌਕੇ ਜਿਥੇ ਬਲਵਿੰਦਰ ਸਿੰਘ ਪਟਵਾਰੀ ਨੇ ਨੌਜਵਾਨਾਂ ਦੇ ਸ਼ਲਾਘਾਯੋਗ ਉਪਰਾਲੇ ਲਈ ਵਧਾਈ ਦਿੱਤੀ ਉੱਥੇ ਉਹਨਾਂ ਆਖਿਆ ਕਿ ਅਜੋਕੇ ਸਮੇਂ ਵਿੱਚ ਖ਼ੂਨਦਾਨ ਸਭ ਤੋਂ ਉੱਤਮ ਦਾਨ ਹੈ ਕਿਉਂਕਿ ਲੱਖਾਂ ਹੀ ਮਰੀਜ ਜ਼ਿੰਦਗੀ ਦੀ ਜੰਗ ਜਿੱਤਣ ਲਈ ਮੌਤ ਨਾਲ ਜੂਝ ਰਹੇ ਹਨ ਅਜਿਹੇ ਵਿਚ ਖੂਨਦਾਨ ਲੋੜਵੰਦਾਂ ਲਈ ਖੂਨ ਦੀ ਇੱਕ ਇੱਕ ਬੰਦ ਬਹੁ ਕੀਮਤੀ ਹੈ।ਇਸ ਮੌਕੇ 20 ਯੂਨਿਟ ਖ਼ੂਨ ਇਕੱਤਰ ਕੀਤਾ ਗਿਆ।ਇਸ ਮੌਕੇ ਸਰਪੰਚ ਸੁਖਵਿੰਦਰ ਸਿੰਘ ਬੱਬਲ, ਪੱਤਰਕਾਰ ਦਰਸ਼ਨ ਹਾਕਮਵਾਲਾ, ਨੇਕੀ ਫਾਉਂਡੇਸ਼ਨ ਦੀ ਟੀਮ, ਬਲੱਡ ਬੈਂਕ ਮਾਨਸਾ ਦੇ ਸਟਾਫ ਤੋਂ ਇਲਾਵਾ ਕਲੱਬ ਦੇ ਪ੍ਰਧਾਨ ਸੁਖਪਾਲ ਸਿੰਘ ਪਾਲੂ, ਮੀਤ ਪ੍ਰਧਾਨ ਗੁਰਦੀਪ ਸਿੰਘ ਦੀਪਾ, ਖਜਾਨਜੀ ਸੁਖਵਿੰਦਰ ਸਿੰਘ ਕਾਜੂ, ਸਕੱਤਰ ਗੁਰਬਾਜ ਸਿੰਘ, ਮੁੱਖ ਸਲਾਹਕਾਰ ਕੇਵਲ ਸਿੰਘ, ਡਾ ਸੈਕਟਰੀ ਅਵਤਾਰ ਸਿੰਘ, ਗਗਨਦੀਪ ਸਿੰਘ, ਪ੍ਰੈਸ ਸਕੱਤਰ ਕਮਲਪ੍ਰੀਤ ਸਿੰਘ, ਸਲਾਹਕਾਰ ਕਾਲਾ ਸਿੰਘ, ਮਨਪ੍ਰੀਤ ਸਿੰਘ, ਕਾਰਜਕਾਰੀ ਮੈਂਬਰ ਅਤੇ ਤਰਨਪ੍ਰੀਤ ਸਿੰਘ ਸੁਖਪ੍ਰੀਤ ਸੁਖੀ, ਜੱਸੀ ਆਦਿ ਮੌਜੂਦ ਸਨ।

## ਮਿਸ਼ਨ 2027 ਨੂੰ ਲੈ ਕੇ ਕਾਂਗਰਸ ਵੱਲੋਂ ਹਲਕਾ ਫਿਰੋਜ਼ਪੁਰ ਦਿਹਾਤੀ 'ਚ ਲਾਮਬੰਦੀ ਸ਼ੁਰੂ



**ਮਮਦੋਟ (ਜਸਬੀਰ ਸਿੰਘ ਕੰਬੋਜ, ਹਰਪਾਲ ਸਿੰਘ ਸੋਢੀ)**-ਕਾਂਗਰਸ ਹਾਈ ਕਮਾਂਡ ਵੱਲੋਂ ਨਿਯੁਕਤ ਕੀਤੇ ਗਏ ਹਲਕਾ ਫਿਰੋਜ਼ਪੁਰ ਦਿਹਾਤੀ ਦੇ ਇੰਚਾਰਜ ਅਮਰਦੀਪ ਸਿੰਘ ਆਸ਼ੂ ਬੰਗੜ ਵੱਲੋਂ ਮਿਸ਼ਨ 2027 ਤਹਿਤ ਹਲਕਾ ਫਿਰੋਜ਼ਪੁਰ ਦਿਹਾਤੀ ਵਿੱਚ ਕਾਂਗਰਸੀ ਵਰਕਰਾਂ ਅਤੇ ਵੋਟਰਾਂ ਨਾਲ ਤਾਲਮੇਲ ਕਰਨਾ ਸ਼ੁਰੂ ਕਰ ਦਿੱਤਾ ਹੈ। ਇਸੇ ਕੜੀ ਤਹਿਤ ਉਹਨਾਂ ਵੱਲੋਂ ਆਪਣੀ ਟੀਮ ਜਿਸ ਵਿੱਚ ਚੇਅਰਮੈਨ ਗੁਰਬਚਨ ਸਿੰਘ ਕਾਲਾ ਟਿੱਬਾ ਬਲਾਕ ਪ੍ਰਧਾਨ ਮਮਦੋਟ, ਤਰਸੇਮ ਸਿੰਘ ਮੈਂਬਰ ਬਲਾਕ ਸੰਮਤੀ ਦਵਿੰਦਰ ਸਿੰਘ ਸਰਪੰਚ ਰਹੀਮੇ ਕੇ ਸਮੇਤ ਵੱਡੀ ਗਿਣਤੀ ਵਿੱਚ ਕਾਂਗਰਸ ਪਾਰਟੀ ਦੇ ਅਹੁਦੇਦਾਰ ਸਨ, ਵੱਲੋਂ ਹਲਕਾ ਫਿਰੋਜ਼ਪੁਰ ਦਿਹਾਤੀ ਦੇ ਬਲਾਕ ਮਮਦੋਟ ਦੇ ਪਿੰਡ ਪੋਜੋ ਕੇ ਵਿਖੇ ਕਾਂਗਰਸ ਪਾਰਟੀ ਦੇ ਆਗੂ ਸੋਨਾ ਸਿੰਘ ਦੇ ਗ੍ਰਹਿ ਵਿਖੇ ਪਾਰਟੀ ਵਰਕਰਾਂ ਨਾਲ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਉਹਨਾਂ ਕਾਂਗਰਸ ਪਾਰਟੀ ਵੱਲੋਂ ਦੇਸ਼ ਦੀ ਆਜ਼ਾਦੀ ਤੋ ਬਾਅਦ ਵਿੱਚ ਦੇਸ਼ ਨੂੰ ਮਜਬੂਤ ਕਰਨ ਲਈ ਬਣਾਈਆਂ ਯੋਜਨਾਵਾਂ ਵਿਕਾਸ ਕਾਰਜਾਂ ਅਤੇ ਗਰੀਬ ਪਰਿਵਾਰਾਂ ਨੂੰ ਪੈਰਾਂ ਸਿਰ ਕਰਨ ਸਬੰਧੀ ਲਾਗੂ ਕੀਤੀਆਂ ਸਕੀਮਾਂ ਬਾਰੇ ਜਾਣਕਾਰੀ ਦਿੱਤੀ। ਉਹਨਾ ਕਿਹਾ ਕਿ ਕਾਂਗਰਸ ਪਾਰਟੀ ਹੀ ਦੇਸ਼ ਵਿੱਚ ਇੱਕ ਅਜਿਹੀ ਪਾਰਟੀ ਹੈ ਜੋ ਧਰਮ ਨਿਰਪੱਖ ਪਾਰਟੀ ਹੈ ਤੇ ਜਿਸ ਵਿੱਚ ਹਰ ਧਰਮ ਹਰ ਜਾਤ ਹਰ ਕੌਮ ਦੇ ਨਾਗਰਿਕ ਆਪਣੀ ਪ੍ਰਤਿਭਾ ਦੇ ਸਿਰ 'ਤੇ ਵੱਡੇ ਵੱਡੇ ਅਹੁਦੇ ਹਾਸਲ ਕਰ ਸਕਦੇ ਹਨ । ਇਸ ਮੌਕੇ ਰਸ਼ਪਾਲ ਸਿੰਘ ਸਾਬਕਾ ਮੈਂਬਰ, ਗੁਰਬਖਸ਼ ਸਿੰਘ, ਮੱਖਣ ਸਿੰਘ, ਜੰਗੀਰ ਸਿੰਘ, ਟਹਿਲ ਸਿੰਘ, ਅਮਰਜੀਤ ਸਿੰਘ, ਗੱਜਣ ਸਿੰਘ, ਦੁੱਲਾ ਸਿੰਘ, ਕਸ਼ਮੀਰ ਸਿੰਘ, ਗੁਰਮੀਤ ਸਿੰਘ, ਪਿਆਰਾ ਸਿੰਘ, ਬੱਗੂ ਸਿੰਘ, ਹਰਮੇਸ਼ ਸਿੰਘ, ਗੁਰਮੀਤ ਸਿੰਘ, ਮੰਗਲ ਸਿੰਘ, ਜਰਨੈਲ ਸਿੰਘ, ਜਸਵੰਤ ਸਿੰਘ, ਗੁਰਨਾਮ ਸਿੰਘ, ਫਲਕ ਸਿੰਘ ਮੈਂਬਰ, ਤਰਨ ਬੁੱਟਰ ਪੀ ਏ, ਗਗਨ ਗਾਮੇ ਵਾਲਾ ਆਦਿ ਹਾਜ਼ਰ ਸਨ।

## ਵਿਨੋਦ ਵਰਮਾ ਬੱਬੂ ਪੰਜਾਬ ਜਰਨਲਿਸਟ ਐਸੋਸੀਏਸ਼ਨ ਦੇ ਪ੍ਰਧਾਨ ਚੁਣੇ



**ਧੂਰੀ (ਮਨੋਹਰ ਸਿੰਘ ਸੱਗੂ)**-ਪੰਜਾਬ ਜਰਨਲਿਸਟ ਐਸੋਸੀਏਸ਼ਨ ਦੀ ਧੂਰੀ ਇਕਾਈ ਦੀ ਮੀਟਿੰਗ ਪ੍ਰੈੱਸ ਟਰੱਸਟ ਪੰਜਾਬ ਦੇ ਦਫ਼ਤਰ ਵਿਖੇ ਹੋਈ।ਮੀਟਿੰਗ 'ਚ ਵੱਖ-ਵੱਖ ਅਖਬਾਰੀ ਅਦਾਰਿਆਂ ਤੇ ਟੀ ਵੀ ਚੈਨਲਾਂ ਦੇ ਪੱਤਰਕਾਰਾਂ ਨੇ ਭਾਗ ਲਿਆ।ਹਾਜ਼ਰੀਨ ਵੱਲੋਂ ਸਰਬਸੰਮਤੀ ਨਾਲ ਵਿਨੋਦ ਵਰਮਾ (ਬੱਬੂ) ਨੂੰ ਇੱਕ ਸਾਲ ਲਈ ਪੰਜਾਬ ਜਰਨਲਿਸਟ ਐਸੋਸੀਏਸ਼ਨ ਧੂਰੀ ਦਾ ਪ੍ਰਧਾਨ ਚੁਣਿਆ ਗਿਆ।ਚੁਣੇ ਗਏ ਬਾਕੀ ਅਹੁਦੇਦਾਰਾਂ 'ਚ ਸੰਜੇ ਲਹਿਰੀ, ਰਾਜੇਸ਼ ਕੁਮਾਰ ਤੇ ਸੰਦੀਪ ਸਿੰਗਲਾ ਨੂੰ ਸਰਪ੍ਰਸਤ, ਹਰਦੀਪ ਸਿੰਘ ਸੋਢੀ ਤੇ ਸੰਜੀਵ ਜੈਨ ਨੂੰ ਚੇਅਰਮੈਨ, ਸੁਰਿੰਦਰ ਬਾਂਸਲ ਨੂੰ ਵਾਈਸ ਚੇਅਰਮੈਨ, ਰਵਿੰਦਰ ਜੌਲੀ ਤੇ ਜਸਵੀਰ ਸਿੰਘ ਮਾਨ ਨੂੰ ਸਕੱਤਰ, ਧਰਮਵੀਰ ਜੁਆਇੰਟ ਸਕੱਤਰ, ਵਿਕਾਸ ਸੇਠ ਖ਼ਜ਼ਾਨਚੀ, ਬਿੰਨੀ ਗਰਗ ਦਫ਼ਤਰ ਇੰਚਾਰਜ, ਜਾਵੇਦ ਅੰਜੁਮਨ ਕੋਆਰਡੀਨੇਟਰ ਤੇ ਅਮਿਤ ਗੁਪਤਾ, ਦਵਿੰਦਰ ਖੀਪਲ ਤੇ ਪੁਸ਼ਪਿੰਦਰ ਅਤਰੀ ਨੂੰ ਕਮੇਟੀ ਮੈਂਬਰ ਚੁਣਿਆ ਗਿਆ।ਨਵੇਂ ਚੁਣੇ ਗਏ ਪ੍ਰਧਾਨ ਵਿਨੋਦ ਵਰਮਾ ਨੇ ਸਮੁੱਚੇ ਸਾਥੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਪੱਤਰਕਾਰ ਭਾਈਚਾਰੇ ਵੱਲੋਂ ਸੌਂਪੀ ਗਈ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਂਦਿਆਂ ਆਪਸੀ ਸਹਿਯੋਗ ਨਾਲ ਪੱਤਰਕਾਰ ਭਾਈਚਾਰੇ ਨੂੰ ਦਰਪੇਸ਼ ਮੁਸ਼ਕਲਾਂ ਨੂੰ ਸਰਕਾਰ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਤੱਕ ਪੁਚਾ ਕੇ ਹੱਲ ਕਰਾਉਣ ਦੇ ਯਤਨ ਕਰਨਗੇ।

## ਗੁਰੂ ਗੋਬਿੰਦ ਸਿੰਘ ਨੂੰ ਸਮਰਪਤ ਗੁਰਮਤਿ ਸਮਾਗਮ ਕਰਾਇਆ



**ਧੂਰੀ (ਮੋਹਿਤ ਗਰਗ)**-ਗੁਰਦੁਆਰਾ ਨਾਨਕਸਰ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਪੁਰਬ ਨੂੰ ਮੁੱਖ ਰੱਖਦੇ ਹੋਏ ਗੁਰਮਤਿ ਸਮਾਗਮ ਦਾ ਆਯੋਜਨ ਕੀਤਾ ਗਿਆ।ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ।ਗੁਰਮਤਿ ਸਮਾਗਮ ਲਈ ਭਾਈ ਸਤਨਾਮ ਸਿੰਘ ਚੁਮਿੰਡਾ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਬਾਰੇ ਕਥਾਵਾਂ ਸੁਣਾਈਆਂ।ਭਾਈ ਚੁਮਿੰਡਾ ਨੇ ਕਿਹਾ ਕਿ ਗੁਰੂ ਜੀ ਨੇ ਆਪਣੇ ਪਿਤਾ, ਮਾਤਾ ਤੇ ਸਾਹਿਬਜ਼ਾਦਿਆਂ ਨੂੰ ਧਰਮ ਲਈ ਕੁਰਬਾਨ ਕੀਤਾ ਤੇ ਸਰਬੰਸਦਾਨੀ ਵਜੋਂ ਦੁਨੀਆ 'ਤੇ ਵਿਲੱਖਣ ਮਿਸਾਲ ਕਾਇਮ ਕੀਤੀ।ਢਾਡੀ ਜੱਥੇ ਨੇ ਗੁਰੂ ਜੀ ਦੇ ਜੀਵਨ ਬਾਰੇ ਵਾਰਾਂ ਗਾਇਨ ਕਰਦੇ ਹੋਏ ਪ੍ਰਸੰਗ ਸੁਣਾਏ ਅਤੇ ਸੰਗਤਾਂ ਵਿੱਚ ਜੋਸ਼ ਭਰਿਆ।ਇਸ ਉਪਰੰਤ ਭਾਈ ਗੁਰਜੰਟ ਸਿੰਘ ਨੇ ਸ਼ਬਦ ਕੀਰਤਨ ਕੀਤਾ ਗਿਆ।ਪ੍ਰੋਗਰਾਮ ਇੰਚਾਰਜ ਭਾਈ ਜਸਵੀਰ ਸਿੰਘ ਹੈੱਡ ਗ੍ਰੰਥੀ ਨੇ ਢਾਡੀ ਜੱਥੇ, ਸੰਗਤਾਂ ਤੇ ਸੇਵਕਾਂ ਦਾ ਵਿਸ਼ੇਸ਼ ਧੰਨਵਾਦ ਕੀਤਾ।ਪੂਰੇ ਸਮਾਗਮ ਨੂੰ ਵਿਧੀਵਤ ਢੰਗ ਨਾਲ ਚਲਾਉਣ ਲਈ ਪ੍ਰਧਾਨ ਬੰਤ ਸਿੰਘ ਵਿਰਕ, ਮੈਨੇਜਰ ਭਾਈ ਹਰਦੀਪ ਸਿੰਘ, ਭਾਈ ਜਗਤਾਰ ਸਿੰਘ, ਤਲਵੀਰ ਸਿੰਘ ਧਨੇਸਰ, ਸੁਖਵੀਰ ਸਿੰਘ ਸੋਢੀ, ਅਮਨਦੀਪ ਸਿੰਘ, ਸੀਪਾ, ਦਲਜੀਤ ਸਿੰਘ, ਜਗਤਾਰ ਸਿੰਘ, ਸੁਰਿੰਦਰ ਸਿੰਘ, ਵਰਿੰਦਰ ਸਿੰਘ, ਸਤਿਨਾਮ ਸਿੰਘ, ਭਰਪੂਰ ਸਿੰਘ, ਬਲਜਿੰਦਰ ਸਿੰਘ, ਬੱਬੂ, ਰਾਜਵੀਰ ਸਿੰਘ, ਮੱਘਰ ਸਿੰਘ, ਅੰਮ੍ਰਿਤ ਸਿੰਘ, ਡਾ. ਨਵਿੰਦਰ ਸਿੰਘ ਪੰਧੇਰ, ਪ੍ਰਿੰ. ਮੇਜਰ ਸਿੰਘ ਆਦਿ ਨੇ ਵਿਸ਼ੇਸ਼ ਯੋਗਦਾਨ ਪਾਇਆ।ਸੰਗਤ ਦੁਆਰਾ ਤਿਆਰ ਕੀਤਾ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

## ਬਜ਼ੁਰਗਾਂ ਲਈ ਵੀ ਸੀਨੀਅਰ ਸਿਟੀਜ਼ਨ ਕਮਿਸ਼ਨ ਦੀ ਸਥਾਪਨਾ ਕੀਤੀ ਜਾਵੇ : ਸਰਦਾਰੀ ਲਾਲ ਕਾਮਰਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਸੀਨੀਅਰ ਸਿਟੀਜਨ ਕੌਂਸਲ ਜਨਰਲ ਬਾਡੀ ਮੋਗਾ ਦੀ ਮੀਟਿੰਗ ਕੌਂਸਲ ਪ੍ਰਧਾਨ ਸਰਦਾਰੀ ਲਾਲ ਕਾਮਰਾ ਦੀ ਪ੍ਰਧਾਨਗੀ ਹੇਠ ਮੋਗਾ ਵਿਖੇ ਹੋਈ। ਮੀਟਿੰਗ ਦੀ ਕਾਰਵਾਈ ਅਵਤਾਰ ਸਿੰਘ ਜਨਰਲ ਸਕੱਤਰ ਵਲੋਂ ਚਲਾਈ ਗਈ। ਉਨ੍ਹਾਂ ਕੌਂਸਲ ਵੱਲੋਂ 2025 ਦੌਰਾਨ ਕੀਤੇ ਕਾਰਜਾਂ ਅਤੇ ਬਜ਼ੁਰਗ ਭਲਾਈ ਐਕਟ 2007 ਸਬੰਧੀ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਸੀਨੀਅਰ ਸਿਟੀਜ਼ਨ ਬਜ਼ੁਰਗਾਂ ਦੀ ਪੈਨਸ਼ਨਰਾਂ ਦੇ ਘਰ ਜਾ ਕੇ ਕੇ.ਵਾਈ.ਸੀ.ਪੂਰੀ ਕੀਤੀ ਗਈ ਹੈ ਅਤੇ ਲਾਈਫ ਸਰਟੀਫੀਕੇਟ ਮੁਕੰਮਲ ਕੀਤੇ ਹਨ। ਉਨ੍ਹਾਂ ਮੰਗ ਕੀਤੀ ਕਿ ਬਜ਼ੁਰਗਾਂ ਲਈ ਵੀ ਸੀਨੀਅਰ ਸਿਟੀਜਨ ਕਮਿਸ਼ਨ ਦੀ ਸਥਾਪਨਾ ਕੀਤੀ ਜਾਵੇ। ਇਸ ਮੀਟਿੰਗ ਮੌਕੇ ਸਰਦਾਰੀ ਲਾਲ ਕਾਮਰਾ, ਗੁਰਚਰਨ ਸਿੰਘ, ਇੰਦਰਜੀਤ ਸਿੰਘ, ਵਿਜੇ ਸ਼ਰਮਾ, ਸਵਤੰਤਰ ਗੁਪਤਾ, ਇਕਬਾਲ ਸਿੰਘ ਲੋਹਾਮ, ਜੋਗਿੰਦਰ ਸਿੰਘ ਲੋਹਾਮ, ਪ੍ਰੇਮ ਕੁਮਾਰ, ਅਵਤਾਰ ਸਿੰਘ, ਕੁਲਦੀਪ ਰਾਏ ਅਰੋੜਾ, ਗੁਰਦਰਸ਼ਨ ਸਿੰਘ ਸੋਢੀ, ਸੁਰਿੰਦਰ ਸਿੰਘ, ਜੋਗਿੰਦਰ ਸਿੰਘ, ਗਿਆਨ ਸਿੰਘ, ਵਿਜੇ ਕੁਮਾਰ ਟੰਡਨ, ਲਾਲ ਚੰਦ ਅਰੋੜਾ, ਦਰਬਾਰ ਸਿੰਘ, ਵਿਜੇ ਕੁਮਾਰ ਬਾਂਸਲ, ਜੁਗਰਾਜ ਸਿੰਘ ਬਾਸੀ, ਡਾ.ਜਸਵੰਤ ਸਿੰਘ ਗਿੱਲ, ਹਰਭਜਨ ਸਿੰਘ ਨਾਗਰਾ, ਡਾ.ਹਰਪ੍ਰੀਤ ਸਿੰਘ, ਜਸਵੰਤ ਸਿੰਘ ਗਿੱਲ ਸ਼ਾਮਿਲ ਸਨ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

5 Jan Page 3.qxd 1/4/2026 10:40 PM Page 1



# ਪਾਵਰਕਾਮ ਦੇ ਮੁੱਖ ਦਫ਼ਤਰ ਲੜੀਵਾਰ ਭੁੱਖ ਹੜਤਾਲ ਜਾਰੀ

**ਜੇ ਕੇਂਦਰ ਸਰਕਾਰ ਨੇ ਬਜਟ ਸੈਸ਼ਨ 'ਚ ਬਿਜਲੀ ਸੋਧ ਬਿੱਲ ਪੇਸ਼ ਕੀਤਾ ਤਾਂ ਕਰਾਂਗੇ ਤਿੱਖਾ ਵਿਰੋਧ**

**ਪਟਿਆਲਾ (ਰਸ਼ਮ)-** ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਜਥੇਬੰਦੀਆਂ ਦੇ ਸਾਂਝੇ ਬੜੇ ਪੀਐੱਸਈਬੀ ਇੰਪਲਾਈਜ਼ ਜੁਆਇੰਟ ਫੋਰਮ, ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ ਐਸੋਸੀਏਸ਼ਨ ਆਫ ਜੂਨੀਅਰ ਇੰਜੀਨੀਅਰਜ਼ ਗਰਿੱਡ ਸਬ-ਸਟੇਸ਼ਨ ਇੰਪਲਾਈਜ਼ ਯੂਨੀਅਨ, ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ (ਸਬੰਧਤ ਏਟਕ) ਅਤੇ ਪੈਨਸ਼ਨਰ ਵੈੱਲਫੇਅਰ ਫੈਡਰੇਸ਼ਨ (ਪਹਿਲਵਾਨ) ਨਾਲ ਸਬੰਧਤ 13 ਆਗੂਆਂ ਨੇ ਪੰਜਾਬ ਸਰਕਾਰ ਦੀਆਂ ਬਿਜਲੀ ਨਿਗਮ ਦੀਆਂ ਜਾਇਦਾਦਾਂ ਵੇਚਣ ਦੀ ਨੀਤੀ ਖ਼ਿਲਾਫ਼ ਚੱਲ ਰਹੀ ਪਾਵਰਕਾਮ ਦੇ ਮੁੱਖ ਦਫ਼ਤਰ ਸਾਹਮਣੇ 24 ਘੰਟੇ ਦੀ ਲੜੀਵਾਰ ਭੁੱਖ ਹੜਤਾਲ ਰੱਖ ਕੇ ਪੰਜਾਬ ਸਰਕਾਰ ਅਤੇ ਪਾਵਰ ਮੈਨੇਜਮੈਂਟ ਖ਼ਿਲਾਫ਼ ਜ਼ੋਰਦਾਰ ਪਿੱਟ ਸਿਆਪਾ ਕੀਤਾ।ਭੁੱਖ ਹੜਤਾਲ ਕੈਂਪ ਵਿੱਚ ਇਕੱਤਰ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਪੰਜਾਬ ਸਰਕਾਰ ਦੀਆਂ ਅਦਾਰੇ ਨੂੰ ਖ਼ਤਮ ਕਰਨ ਵਾਲੀਆਂ ਨੀਤੀਆਂ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ।ਇਸ ਮੌਕੇ ਬਲਦੇਵ ਸਿੰਘ ਮੰਡਾਲੀ, ਕੁਲਵਿੰਦਰ ਸਿੰਘ ਢਿੱਲੋਂ, ਹਿੰਮੀ ਹਰਮਨਦੀਪ, ਮਨਜੀਤ ਸਿੰਘ ਚਾਹਲ, ਕਰਮਜੀਤ ਸਿੰਘ ਪਟਿਆਲਾ, ਜਗਤਾਰ ਸਿੰਘ, ਰਾਜਵੀਰ ਸਿੰਘ, ਨਿਰਮਲ ਸਿੰਘ ਨੱਥਾ, ਕੁਲਦੀਪ ਸਿੰਘ ਚੌਹਾਨ, ਗੁਰਪ੍ਰੀਤ ਸਿੰਘ, ਗੁਰਮੀਤ ਸਿੰਘ, ਅਵਤਾਰ ਸਿੰਘ, ਮਨਦੀਪ ਸਿੰਘ, ਸੁਖਜੀਤ ਸਿੰਘ, ਹਰਵਿੰਦਰ ਸਿੰਘ, ਜੋਗਿੰਦਰ ਸਿੰਘ, ਸੰਤੋਖ ਸਿੰਘ ਬੋਪਾਰਾਏ ਆਦਿ ਨੇ ਕਿਹਾ ਕਿ ਪੰਜਾਬ ਸਰਕਾਰ ਅਤੇ ਪਾਵਰ ਮੈਨੇਜਮੈਂਟ ਬਿਜਲੀ ਨਿਗਮ ਦੀਆਂ ਵੱਡੇ ਅਕਾਰ ਦੀਆਂ ਬੇਸ਼ਕੀਮਤੀ



ਜਾਇਦਾਦਾਂ ਵੇਚ ਕੇ ਪਬਲਿਕ ਸੈਕਟਰ ਦੇ ਇਸ ਮਹੱਤਵਪੂਰਨ ਅਦਾਰੇ ਨੂੰ ਵਿੱਤੀ ਤੌਰ 'ਤੇ ਕਮਜ਼ੋਰ ਕਰਕੇ ਖ਼ਤਮ ਕਰਨਾ ਚਾਹੁੰਦੀ ਹੈ।ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੀ ਪਬਲਿਕ ਖੇਤਰ ਦੇ ਇਸ ਅਦਾਰੇ ਨੂੰ ਪੂੰਜੀਪਤੀਆਂ ਨੂੰ ਸੌਂਪਣਾ ਚਾਹੁੰਦੀ ਹੈ, ਜਿਸ ਨਾਲ ਬਿਜਲੀ ਆਮ ਲੋਕਾਂ ਅਤੇ ਕਿਸਾਨਾਂ ਦੀ ਪਹੁੰਚ ਤੋਂ ਬਾਹਰ ਹੋ ਜਾਵੇਗੀ।ਆਗੂਆਂ ਨੇ ਬਿਜਲੀ ਸੋਧ ਬਿੱਲ 2025 ਦੇ ਲੋਕ ਵਿਰੋਧੀ ਖਰੜੇ ਅਤੇ ਚਾਰ ਲੇਬਰ ਕੋਡਾਂ ਖ਼ਿਲਾਫ਼ ਤਿੱਖੇ ਸੰਘਰਸ਼ਾਂ ਲਈ ਲਾਮਬੰਦੀ ਕਰਨ ਬਾਰੇ ਸੁਚੇਤ ਕੀਤਾ।ਆਗੂਆਂ ਨੇ ਪਾਵਰ ਮੈਨੇਜਮੈਂਟ ਕੋਲੋਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਸਬੰਧੀ 10 ਅਗਸਤ ਨੂੰ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਬਿਜਲੀ ਮੰਤਰੀ ਦੀ ਹਾਜ਼ਰੀ ਵਿੱਚ ਕੀਤੇ ਸਮਝੌਤੇ ਇੰਨ ਬਿੰਨ ਲਾਗੂ ਕਰਨ ਦੀ ਜ਼ੋਰਦਾਰ ਮੰਗ ਕੀਤੀ।ਆਗੂਆਂ ਨੇ 16 ਪ੍ਰਤੀਸ਼ਤ ਮਹਿੰਗਾਈ ਭੱਤਾ ਜਾਰੀ ਕਰਨ, ਕੱਚੇ ਕਾਮੇ ਪੱਕੇ ਕਰਨ, ਬਿਜਲੀ ਨਿਗਮ ਵਿੱਚ ਖ਼ਾਲੀ ਪਈਆਂ ਹਜ਼ਾਰਾਂ ਅਸਾਮੀਆਂ ਰੈਗੂਲਰ ਭਰਤੀ ਰਾਹੀਂ ਭਰਨ, ਬਰਾਬਰ ਕੰਮ ਲਈ ਬਰਾਬਰ ਤਨਖ਼ਾਹ ਲਾਗੂ ਕਰਨ ਦੀ ਪੰਜਾਬ ਸਰਕਾਰ ਕੋਲੋਂ ਮੰਗ ਕੀਤੀ।ਬੁਲਾਰਿਆਂ ਨੇ ਕਿਹਾ ਕਿ 21 ਜਨਵਰੀ ਨੂੰ ਪਾਵਰਕਾਮ ਦੇ ਮੁੱਖ ਦਫਤਰ ਅੱਗੇ ਬਿਜਲੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵੱਲੋਂ ਲਾਮਿਸਾਲ ਸੂਬਾ ਪੱਧਰੀ ਧਰਨਾ ਦਿੱਤਾ ਜਾਵੇਗਾ ਅਤੇ ਅਗਲੇ ਤਿੱਖੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ।ਅੱਜ ਦਿਨ ਮੁਲਾਜ਼ਮ ਅਤੇ ਪੈਨਸ਼ਨਰ ਜਥੇਬੰਦੀਆਂ ਦੇ 13 ਆਗੂ ਹਰਭਜਨ ਸਿੰਘ, ਬਲਜੀਤ ਕੁਮਾਰ, ਬਰਿੰਦਰ ਸਿੰਘ, ਕਰਮਜੀਤ ਸਿੰਘ ਖੀਵਾ, ਉਜਾਗਰ ਸਿੰਘ, ਸਾਧੂ ਸਿੰਘ, ਹਰਵਿੰਦਰ ਸਿੰਘ, ਦਲਜੀਤ ਸਿੰਘ, ਰਜਿੰਦਰ ਸਿੰਘ, ਕੇਸਰ ਅਧਿਕਾਰੀ, ਅਜੈਬ ਸਿੰਘ, ਜੋਗਿੰਦਰ ਸਿੰਘ, ਨਿਰਮਲ ਸਿੰਘ 24 ਘੰਟੇ ਲਈ ਲੜੀਵਾਰ ਭੁੱਖ ਹੜਤਾਲ 'ਤੇ ਬੈਠੇ।

# ਨਿਕੋਲਸ ਮਾਦੁਰੋ ਤੇ ਉਨ੍ਹਾਂ ਦੀ ਪਤਨੀ ਦੀ ਗ੍ਰਿਫ਼ਤਾਰੀ ਘੋਰ ਫਾਸ਼ਿਸਟ ਕਾਰਵਾਈ : ਬਖ਼ਤਪੁਰਾ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)-** ਸੀਪੀਆਈ ਐੱਮਐੱਲ ਲਿਬਰੇਸ਼ਨ ਨੇ ਅਮਰੀਕਾ ਦੀ ਟਰੰਪ ਸਰਕਾਰ ਵੱਲੋਂ ਦੱਖਣੀ ਅਮਰੀਕੀ ਦੇਸ਼ ਵੈਨੇਜ਼ੁਏਲਾ ਦੇ ਮੌਜੂਦਾ ਰਾਸ਼ਟਰਪਤੀ ਨਿਕੋਲਸ ਮਾਦੂਰੋ ਅਤੇ ਉਨ੍ਹਾਂ ਦੀ ਪਤਨੀ ਨੂੰ ਗ੍ਰਿਫ਼ਤਾਰ ਕਰਨ ਦੀ ਕਾਰਵਾਈ ਨੂੰ ਘੋਰ ਫਾਸ਼ਿਸਟ ਕਾਰਵਾਈ ਦੱਸਿਆ ਹੈ।ਇਸ ਸਬੰਧੀ ਪ੍ਰੈੱਸ ਨੂੰ ਬਿਆਨ ਜਾਰੀ ਕਰਦਿਆਂ ਲਿਬਰੇਸ਼ਨ ਦੇ ਕੇਂਦਰੀ ਕਮੇਟੀ ਮੈਂਬਰ ਅਤੇ ਪੰਜਾਬ ਸੂਬੇ ਦੇ ਸਕੱਤਰ ਕਾਮਰੇਡ ਗੁਰਮੀਤ ਸਿੰਘ ਬਖ਼ਤਪੁਰਾ ਨੇ ਕਿਹਾ ਕਿ ਅਮਰੀਕਾ ਨੇ ਵਿਸ਼ਵ ਅੰਤਰਾਸ਼ਟਰੀ ਨਿਯਮਾਂ ਨੂੰ ਛਿੱਕੇ ਟੰਗ ਕੇ ਇਸ ਤਰ੍ਹਾਂ ਦੀ ਤਰਜ਼ 'ਤੇ ਵੈਨੇਜ਼ੁਏਲਾ ਦੇ ਖੱਬੇ-ਪੱਖੀ ਰਾਸ਼ਟਰਪਤੀ ਨੂੰ ਗ੍ਰਿਫਤਾਰ ਕਰਕੇ ਲੈ ਜਾਣ ਦੀ ਕਾਰਵਾਈ ਕੀਤੀ ਹੈ।ਅਮਰੀਕੀ ਰਾਸ਼ਟਰਪਤੀ ਟਰੰਪ ਨੇ ਵੈਨੇਜ਼ੁਏਲਾ ਦੇ ਰਾਸ਼ਟਰਪਤੀ ਮਾਦੂਰੋ ਉਪਰ ਨਿੱਜੀ ਤੌਰ 'ਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਦੇ ਨਿੰਦਣਯੋਗ ਘਟੀਆ ਦੋਸ਼ ਲਾਏ ਹਨ, ਜਦੋਂਕਿ ਦੁਨੀਆ ਭਰ ਦੇ ਸਮਾਜਵਾਦ ਵਿਰੋਧੀ ਇਹ ਜਾਣਦੇ ਹਨ ਕਿ ਅਮਰੀਕਾ ਵੈਨੇਜ਼ੁਏਲਾ ਦੇ ਰਾਸ਼ਟਰਪਤੀ ਨੂੰ ਆਪਣੇ ਸਾਹਮਣੇ ਸਿਆਸੀ ਤੌਰ 'ਤੇ ਗੋਡੇ ਟੇਕਣ ਲਈ ਮਜਬੂਰ ਕਰਦਾ ਰਿਹਾ ਹੈ ਜੋ ਵੈਨੇਜ਼ੁਏਲਾ ਦੇ ਰਾਸ਼ਟਰਪਤੀ ਨੂੰ ਕਦਾਚਿਤ ਮਨਜ਼ੂਰ ਨਹੀਂ ਸੀ।ਲਿਬਰੇਸ਼ਨ ਆਗੂ ਨੇ ਕਿਹਾ ਕਿ ਅਮਰੀਕੀ ਸਾਮਰਾਜ ਦੁਨੀਆਂ ਦੇ ਤੀਸਰੀ ਸੰਸਾਰ ਜੰਗ ਵੱਲ ਧੱਕ ਰਿਹਾ ਹੈ, ਜਿਸ ਨੀਤੀ ਨੂੰ ਦੁਨੀਆ ਦੇ ਸਮਾਜਵਾਦ ਪੱਖੀ ਅਤੇ ਵੈਨੇਜ਼ੁਏਲਾ ਦੇ ਰਾਸ਼ਟਰਪਤੀ ਵਿਰੋਧੀ ਦੇਸ਼ ਅਤੇ ਲੋਕ ਕਿਸੇ ਵੀ ਹਾਲਤ ਵਿੱਚ ਬਰਦਾਸ਼ਤ ਨਹੀਂ ਕਰਨਗੇ। ਉਨ੍ਹਾਂ ਕਿਹਾ ਕਿ ਸਾਡੀ ਪਾਰਟੀ ਅਮਰੀਕਾ ਦੀ ਇਸ ਗੁੰਡਾਗਰਦੀ ਦਾ ਸਾਰੇ ਦੇਸ਼ ਵਿੱਚ ਵਿਰੋਧ ਕਰੇਗੀ।



# ਰਵੀਪਾਲ ਸਿੰਘ ਅਤੇ ਮਹਿਕ ਸ਼ਰਮਾ ਵੱਲੋਂ ਕਲੈਟ 'ਚ ਉੱਚ ਰੈਂਕ ਹਾਸਲ

**ਪਠਾਨਕੋਟ (ਦਵਿੰਦਰ ਸਿੰਘ)-** ਪ੍ਰਤਾਪ ਵਰਲਡ ਸਕੂਲ ਪਠਾਨਕੋਟ ਦੇ ਹੋਣਹਾਰ ਵਿਦਿਆਰਥੀ ਮਹਿਕ ਸ਼ਰਮਾ ਅਤੇ ਰਵੀਪਾਲ ਸਿੰਘ ਨੇ ਕਲੈਟ ਦੀ ਪ੍ਰੀਖਿਆ ਪਾਸ ਕਰਕੇ ਸਕੂਲ ਅਤੇ ਮਾਪਿਆਂ ਦਾ ਨਾਂਅ ਰੁਸ਼ਨਾਇਆ ਹੈ। ਇਹ ਪ੍ਰਾਪਤੀ ਸਕੂਲ ਦੀ ਮਿਹਨਤ, ਉੱਚ ਮਾਰਗਦਰਸ਼ਨ ਅਤੇ ਵਿਦਿਆਰਥੀਆਂ ਪ੍ਰਤੀ ਅਧਿਆਪਕਾਂ ਦੀ ਸਮਰਪਣ ਦੀ ਭਾਵਨਾ ਨੂੰ ਦਰਸਾਉਂਦੀ ਹੈ। ਰਵੀਪਾਲ ਸਿੰਘ ਨੇ ਸਟੇਟ 'ਚ 58ਵਾਂ ਅਤੇ ਭਾਰਤ 'ਚ 1789ਵਾਂ ਰੈਂਕ ਹਾਸਲ ਕੀਤਾ ਹੈ ਜਿਸ ਕਰਕੇ ਉਸ ਨੂੰ ਇੱਕ ਵੱਕਾਰੀ ਯੂਨੀਵਰਸਿਟੀ ਵਿੱਚ ਦਾਖ਼ਲਾ ਮਿਲਿਆ ਹੈ।ਮਹਿਕ ਸ਼ਰਮਾ ਨੇ ਸਟੇਟ ਪੱਧਰ 'ਤੇ 412ਵਾਂ ਰੈਂਕ ਪ੍ਰਾਪਤ ਕਰਕੇ ਇੱਕ ਮੰਨੀ-ਪ੍ਰਮੰਨੀ ਲਾਅ ਯੂਨੀਵਰਸਿਟੀ ਵਿੱਚ ਆਪਣਾ ਸਥਾਨ ਸੁਨਿਸ਼ਚਿਤ ਕੀਤਾ ਹੈ। ਹੋਣਹਾਰ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਸ੍ਰੀਮਤ ਰਾਣੀ ਪ੍ਰਿੰ. ਪ੍ਰਤਾਪ ਵਰਲਡ ਸਕੂਲ, ਪਠਾਨਕੋਟ ਨੇ ਕਿਹਾ ਕਿ ਮਹਿਕ ਅਤੇ ਰਵੀਪਾਲ ਦੀ ਸਫਲਤਾ ਸਾਰੇ ਸਕੂਲ, ਪਰਿਵਾਰ ਲਈ ਮਾਣ ਦੀ ਗੱਲ ਹੈ। ਇਹ ਸਫਲਤਾ ਉਨ੍ਹਾਂ ਦੀ ਮਿਹਨਤ, ਅਨੁਸ਼ਾਸਨ ਅਤੇ ਦ੍ਰਿੜ੍ਹ ਨਿਸ਼ਚੇ ਦਾ ਹੀ ਸਿੱਟਾ ਹੈ। ਖ਼ੁਸ਼ੀ ਪ੍ਰਗਟ ਕਰਦੇ ਹੋਏ ਸੰਨੀ ਮਹਾਜਨ ਨਿਰਦੇਸ਼ਕ ਪ੍ਰਤਾਪ ਵਰਲਡ ਸਕੂਲ ਪਠਾਨਕੋਟ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਉਪਲਬਧੀਆਂ ਮਜ਼ਬੂਤ ਅਕੈਡਮਿਕ ਮੈਂਟਰਿੰਗ ਅਤੇ ਚੰਗੇ ਮਾਰਗਦਰਸ਼ਨ ਦੀ ਸ਼ਾਹਦੀ ਭਰਦੀਆਂ ਹਨ। ਪ੍ਰਿੰਸੀਪਲ ਮਹਿਕ ਸ਼ਰਮਾ ਅਤੇ ਰਵੀਪਾਲ ਸਿੰਘ 'ਤੇ ਫਖ਼ਰ ਹੈ ਅਤੇ ਸਾਨੂੰ ਪੂਰਾ ਵਿਸ਼ਵਾਸ ਹੈ ਕਿ ਉਹ ਆਪਣੇ ਕਾਨੂੰਨੀ ਕਰੀਅਰ ਵਿੱਚ ਵੀ ਬੁਲੰਦੀਆਂ ਨੂੰ ਛੂਹਣਗੇ ਅਤੇ ਸਕੂਲ ਦਾ ਨਾਂਅ ਰੌਸ਼ਨ ਕਰਨਗੇ। ਇਨ੍ਹਾਂ ਦੇ ਮਾਪੇ ਧੰਨਤਾ ਦੇ ਪਾਤਰ ਹਨ।





# ਸਫ਼ਰ-ਏ-ਸ਼ਹਾਦਤ ਨੂੰ ਸਮਰਪਿਤ ਛੇਵਾਂ ਸ਼ਹੀਦੀ ਸਮਾਗਮ ਕਰਵਾਇਆ

**ਝਬਾਲ (ਹਰਜਿੰਦਰ ਸਿੰਘ ਸੋਨੀ)-** ਧੰਨ-ਧੰਨ ਪਿਆਰੇ ਬਾਬਾ ਗੋਜਾ ਸਿੰਘ ਦੇ ਚਰਨ ਛੋਹ ਪ੍ਰਾਪਤ ਗੁਰਦੁਆਰਾ ਨਾਨਕਸਰ ਠਾਠ ਜੱਬੋਵਾਲ ਵਿਖੇ ਧੰਨ-ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਚਾਰ ਸਾਹਿਬਜ਼ਾਦੇ, ਮਾਤਾ ਗੁਜਰੀ ਜੀ ਅਤੇ ਸਮੂਹ ਸ਼ਹੀਦਾਂ ਨੂੰ ਸਮਰਪਿਤ ਛੇਵਾਂ ਸ਼ਹੀਦੀ ਸਮਾਗਮ ਕਰਵਾਇਆ ਗਿਆ। ਇਸ ਮੌਕੇ ਬਾਬਾ ਕਰਤਾਰ ਸਿੰਘ, ਬਾਬਾ ਗੁਲਜ਼ਾਰ ਸਿੰਘ ਵੱਲੋਂ ਜਾਣਕਾਰੀ ਦਿੱਤੀ ਗਈ ਕਿ ਇਹ ਸਮਾਗਮ ਕਲਤੂਰਾ ਸਿੱਖ ਇਟਲੀ ਅਤੇ ਨੌਜਵਾਨ ਸਭਾ ਬਾਬਾ ਮੱਖਣ ਸ਼ਾਹ ਲੁਬਾਣਾ ਇਟਲੀ ਦੇ ਉਪਰਾਲੇ ਸਦਕਾ ਕਰਵਾਏ ਗਏ। ਇਹ ਸਮਾਗਮ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦੇ, ਮਾਤਾ ਗੁਜਰੀ ਜੀ ਅਤੇ ਸਮੂਹ ਸ਼ਹੀਦਾਂ ਨੂੰ ਸਮਰਪਿਤ ਕਰਵਾਏ ਗਏ। ਅੰਮ੍ਰਿਤ ਵੇਲੇ ਚਾਰ ਸ੍ਰੀ ਅਖੰਡ ਪਾਠਾਂ ਦੇ ਭੋਗ ਪਾਏ ਗਏ ਅਤੇ ਬਾਬਾ ਗੁਲਜ਼ਾਰ ਸਿੰਘ ਨੇ ਆਰਤੀ ਕੀਤੀ ਅਤੇ ਬਾਬਾ ਕਰਤਾਰ ਸਿੰਘ ਨੇ ਅਰਦਾਸ ਬੇਨਤੀ ਕਰਕੇ ਸ਼ਹੀਦੀ ਸਮਾਗਮ ਦੀ ਸ਼ੁਰੂਆਤ ਕੀਤੀ ਜਿਸ ਵਿਚ ਇਲਾਕੇ ਭਰ ਦੇ ਸੰਤਾਂ ਮਹਾਂਪੁਰਸ਼ਾਂ ਨੇ ਜਿੱਥੇ ਹਾਜ਼ਰੀ ਭਰੀ ਉਥੇ ਹੀ ਭਾਈ ਬਲਦੇਵ ਸਿੰਘ ਭੂਲਪੁਰ (ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲੇ) ਅਤੇ ਢਾਡੀ ਸੁਲੱਖਣ ਸਿੰਘ ਚੌਧਰਪੁਰ ਵਾਲਿਆਂ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਅਤੇ ਢਾਡੀ ਵਾਰਾਂ ਸੁਣਾ ਕੇ ਨਿਹਾਲ ਕੀਤਾ। ਇਸ ਮੌਕੇ ਨਗਰ ਨਿਵਾਸੀ ਅਤੇ ਇਲਾਕੇ ਦੀਆਂ ਸੰਗਤਾਂ ਨੇ ਹਾਜ਼ਰੀ ਲਗਵਾਈ। ਬਾਬਾ ਕਰਤਾਰ ਸਿੰਘ, ਬਾਬਾ ਗੁਲਜ਼ਾਰ ਸਿੰਘ, ਬਾਬਾ ਹਾਕਮ ਸਿੰਘ ਵੱਲੋਂ ਆਏ ਹੋਏ ਸੰਤਾਂ ਮਹਾਂਪੁਰਸ਼ਾਂ ਅਤੇ ਜਥਿਆਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਕਲਤੂਰਾ ਸਿੱਖ ਇਟਲੀ ਅਤੇ ਨੌਜਵਾਨ ਸਭਾ ਬਾਬਾ ਮੱਖਣ ਸ਼ਾਹ ਲੁਬਾਣਾ ਅਤੇ ਸੰਗਤਾਂ ਦਾ ਧੰਨਵਾਦ ਕੀਤਾ ਗਿਆ। ਸੰਗਤਾਂ ਨੂੰ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਬਾਬਾ ਕਰਤਾਰ ਸਿੰਘ, ਬਾਬਾ ਗੁਲਜ਼ਾਰ ਸਿੰਘ, ਬਾਬਾ ਹਾਕਮ ਸਿੰਘ, ਬਾਬਾ ਅਮਨਦੀਪ ਸਿੰਘ, ਸਰਪੰਚ ਸਤਪਾਲ ਸਿੰਘ ਜੱਬੋਵਾਲ, ਸਰਦਾਰ ਬੂਟਾ ਸਿੰਘ ਅਵਾਣਾ, ਮਹਿੰਦਰ ਸਿੰਘ, ਬਲਜਿੰਦਰ ਸਿੰਘ ਨੀਟਾ, ਭਾਈ ਜਰਨੈਲ ਸਿੰਘ ਯੂਐੱਸਏ, ਜਰਨੈਲ ਸਿੰਘ, ਸੁਖਵਿੰਦਰ ਸਿੰਘ ਕਾਕਾ, ਲਖਵਿੰਦਰ ਸਿੰਘ ਲੱਖਾ, ਸੁਖਵਿੰਦਰ ਸਿੰਘ ਲੱਡੂ, ਪ੍ਰਦੇਸੀ ਸਾਊਂਡ, ਬਾਬਾ ਦਰਸ਼ਨ ਸਿੰਘ, ਰਾਜਪਾਲ ਸਿੰਘ ਅਤੇ ਹੋਰ ਵੀ ਸੰਗਤਾਂ ਹਾਜ਼ਰ ਸਨ।



# 'ਪ੍ਰਿਥੀਪਾਲ ਸਿੰਘ ਅਠੌਲਾ ਯਾਦਗਾਰੀ ਐਵਾਰਡ-2026' ਮੱਖਣ ਕੁਹਾੜ ਦੀ ਝੋਲੀ

**ਬਾਬਾ ਬਕਾਲਾ ਸਾਹਿਬ (ਜਸਪਾਲ ਸਿੰਘ)-** ਪਿਛਲੇ 41 ਸਾਲਾਂ ਤੋਂ ਨਿਰੰਤਰ ਪੰਜਾਬੀ ਮਾਂ ਬੋਲੀ ਦੀ ਸੇਵਾ ਵਿੱਚ ਜੁਟੀ ਚਰਚਿਤ ਸਾਹਿਤ ਸੰਸਥਾ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੇ ਸਹਿਯੋਗ ਨਾਲ ਇਕ ਸਾਹਿਤਕ ਸਮਾਗਮ 8 ਜਨਵਰੀ ਵੀਰਵਾਰ, ਸਵੇਰੇ 10.30 ਵਜੇ ਮੀਟਿੰਗ ਹਾਲ ਬਾਬਾ ਮੱਖਣ ਸ਼ਾਹ ਲੁਬਾਣਾ ਸਰਾਂ, ਬਾਬਾ ਬਕਾਲਾ ਸਾਹਿਬ ਵਿਖੇ ਕਰਵਾਇਆ ਜਾ ਰਿਹਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਸਭਾ ਦੇ ਮੁੱਖ ਸੰਚਾਲਕ ਸ਼ੇਲਿੰਦਰਜੀਤ ਸਿੰਘ ਰਾਜਨ ਨੇ ਦੱਸਿਆ ਕਿ ਇਸ ਮੌਕੇ ਸਭਾ ਦੇ ਬਾਨੀ ਸਰਪ੍ਰਸਤ ਅਤੇ 'ਕੌਮੀ ਸਵਤੰਤਰ' ਦੇ ਸੰਸਥਾਪਕ ਸ: ਪ੍ਰਿਥੀਪਾਲ ਸਿੰਘ ਅਠੌਲਾ ਯਾਦਗਾਰੀ ਐਵਾਰਡ-2026 ਐਤਕੀਂ ਲੋਕ ਕਵੀ ਮੱਖਣ ਕੁਹਾੜ (ਸੀ: ਮੀਤ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ) ਨੂੰ ਦਿੱਤਾ ਜਾਵੇਗਾ।ਇਸ ਸਮਾਗਮ ਵਿੱਚ ਸ: ਬਖਤਾਵਰ ਸਿੰਘ ਸ਼ੇਰਗਿੱਲ (ਮੀਆਂ ਸਖਾਵਤ) (ਸ: ਕਮਿਸ਼ਨਰ) ਬਤੌਰ ਮੁੱਖ ਮਹਿਮਾਨ ਅਤੇ ਸ: ਅਵਤਾਰ ਸਿੰਘ ਭੁੱਲਰ (ਸ: ਡਾਇਰੈਕਟਰ ਪੰਚਾਇਤਾਂ) ਵਿਸ਼ੇਸ਼ ਮਹਿਮਾਨ ਵਜੋਂ ਪੁੱਜਣਗੇ, ਜਦਕਿ ਪ੍ਰਧਾਨਗੀ ਮੰਡਲ ਵਿੱਚ ਸ: ਦੀਪ ਦਵਿੰਦਰ ਸਿੰਘ (ਸਕੱਤਰ ਕੇਂ.ਪੰ.ਲੇ. ਸਭਾ), ਡਾ: ਲੇਖ ਰਾਜ (ਪ੍ਰਧਾਨ ਜ਼ਿਲ੍ਹਾ ਸਾਹਿਤ ਕੇਂਦਰ ਗੁਰਦਾਸਪੁਰ), ਸ: ਗੁਰਮੀਤ ਸਿੰਘ ਬਾਜਵਾ (ਕਾਰਜਕਾਰੀ ਮੈਂਬਰ ਕੇਂ.ਪੰ.ਲੇ. ਸਭਾ), ਹਰਕੰਵਲਜੀਤ ਸਾਹਿਲ ਕੈਨੇਡਾ (ਸੰਪਾਦਕ 7-ਰੀਵਰ) ਸੁਸ਼ੋਭਿਤ ਹੋਣਗੇ।ਇਸ ਮੌਕੇ ਹਾਜ਼ਰੀਨ ਵੱਲੋਂ ਕਵੀ ਦਰਬਾਰ ਵੀ ਹੋਵੇਗਾ।ਸਭਾ ਦੇ ਸਰਪ੍ਰਸਤ ਪ੍ਰਿੰ: ਰਘਬੀਰ ਸਿੰਘ ਸੋਹਲ, ਪ੍ਰਧਾਨ ਸੰਤੋਖ ਸਿੰਘ ਗੁਰਾਇਆ, ਖਜ਼ਾਨਚੀ ਮਾ: ਮਨਜੀਤ ਸਿੰਘ ਵੱਸੀ, ਸੀ: ਮੀਤ ਪ੍ਰਧਾਨ ਡਾ: ਪਰਮਜੀਤ ਸਿੰਘ ਬਾਠ, ਮੱਖਣ ਸਿੰਘ ਭੈਣੀਵਾਲਾ, ਸਕੱਤਰ ਨਵਦੀਪ ਸਿੰਘ ਬਦੇਸ਼ਾ ਅਤੇ ਪ੍ਰੈੱਸ ਸਕੱਤਰ ਬਲਵਿੰਦਰ ਸਿੰਘ ਅਠੌਲਾ ਨੇ ਸਭ ਨੂੰ ਪੁਜਣ ਲਈ ਅਪੀਲ ਕੀਤੀ ਹੈ।





# ਵਾਜਪਾਈ ਨੇ ਸਿਆਸਤ ਨੂੰ ਰਾਸ਼ਟਰ ਨਿਰਮਾਣ ਦਾ ਸਾਧਨ ਬਣਾਇਆ : ਤਰੁਣ ਚੁੱਘ

**ਛੇਹਰਟਾ, (ਮਨੋਜ ਕੁਮਾਰ)-** ਭਾਰਤ ਰਤਨ, ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੀ ਯਾਦ ਵਿਚ ਅੰਮ੍ਰਿਤਸਰ ਦੇ ਲਾਰੈਂਸ ਰੋਡ ਵਿਚ ਭਾਜਪਾ ਦਫ਼ਤਰ ਵਿਚ ਅਟਲ ਸਮ੍ਰਿਤੀ ਸੰਮੇਲਨ ਵਿਚ ਵੱਡੀ ਗਿਣਤੀ ਵਿਚ ਭਾਜਪਾ ਵਰਕਰ ਸ਼ਾਮਲ ਹੋਏ। ਇਸ ਮੌਕੇ ਸਮਾਗਮ ਨੂੰ ਸੰਬੋਧਨ ਕਰਦਿਆਂ ਭਾਜਪਾ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ ਨੇ ਕਿਹਾ ਕਿ ਅਟਲ ਬਿਹਾਰੀ ਵਾਜਪਾਈ ਸਿਰਫ਼ ਵਿਅਕਤੀ ਨਹੀਂ ਸਨ, ਬਲਕਿ ਵਿਚਾਰ, ਸੰਕਲਪ ਤੇ ਰਾਸ਼ਟਰ ਨਿਰਮਾਣ ਦੀ ਜੀਵੰਤ ਚੇਤਨਾ ਸਨ। ਇਕ ਕਵੀ, ਪੱਤਰਕਾਰ ਤੇ ਬੁਲਾਰੇ ਦੇ ਰੂਪ ਵਿਚ ਉਨ੍ਹਾਂ ਨੇ ਰਾਜਨੀਤੀ ਨੂੰ ਸੱਤਾ ਦਾ ਨਹੀਂ, ਬਲਕਿ ਰਾਸ਼ਟਰ ਨਿਰਮਾਣ ਦਾ ਸਾਧਨ ਬਣਾਇਆ। ਤਰੁਣ ਚੁੱਘ ਨੇ ਕਿਹਾ ਕਿ ਪ੍ਰਧਾਨ ਮੰਤਰੀ ਦੇ ਰੂਪ ਵਿਚ ਵਾਜਪਾਈ ਨੇ ਗੱਠਜੋੜ ਦੀ ਰਾਜਨੀਤੀ ਦੇ ਯੁੱਗ ਵਿਚ ਵੀ ਸਥਿਰਤਾ, ਪਾਰਦਰਸ਼ਤਾ ਤੇ ਜਵਾਬਦੇਹੀ ਵਾਲਾ ਸੁਸ਼ਾਸਨ ਦਿੱਤਾ। ਕਾਂਗਰਸ 'ਤੇ ਤਿੱਖਾ ਹਮਲਾ ਕਰਦਿਆਂ ਤਰੁਣ ਚੁੱਘ ਨੇ ਵਾਜਪਾਈ ਦੇ ਸ਼ਬਦਾਂ ਨੂੰ ਦੁਹਰਾਇਆ ਕਿ ਕਾਂਗਰਸ ਸੱਤਾ ਵਿਚ ਓਨੀ ਖਤਰਨਾਕ ਨਹੀਂ, ਜਿੰਨੀ ਵਿਰੋਧੀ ਧਿਰ ਵਿਚ ਹੈ। ਉਨ੍ਹਾਂ ਕਿਹਾ ਕਿ ਅੱਜ ਕਾਂਗਰਸ ਨਕਾਰਾਤਮਕ ਰਾਜਨੀਤੀ ਕਰ ਰਹੀ ਹੈ, ਭਰਮ ਫ਼ੈਲਾ ਰਹੀ ਹੈ ਅਤੇ ਦੇਸ਼ ਦੀ ਏਕਤਾ ਨੂੰ ਕਮਜ਼ੋਰ ਕਰਨ ਦੀਆਂ ਕੋਸ਼ਿਸ਼ 'ਚ ਲੱਗੀ ਹੋਈ ਹੈ, ਜਿਸ ਨੂੰ ਦੇਸ਼ ਦੇ ਲੋਕ ਚੰਗੀ ਤਰ੍ਹਾਂ ਸਮਝ ਚੁੱਕੇ ਹਨ। ਇਸ ਦੇ ਉਲਟ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿਚ ਦੇਸ਼ ਵਿਕਾਸ, ਸਥਿਰਤਾ ਅਤੇ ਆਤਮਨਿਰਭਰ ਭਾਰਤ ਦੀ ਦਿਸ਼ਾ 'ਚ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ। ਇਸ ਮੌਕੇ ਭਾਜਪਾ ਦੇ ਸੀਨੀਅਰ ਆਗੂ ਹੇਮੰਤ ਪਿੰਕੀ ਨੇ ਕਿਹਾ ਕਿ ਉਨ੍ਹਾਂ ਨੂੰ ਅਟਲ ਬਿਹਾਰੀ ਵਾਜਪਾਈ ਦੇ ਅੰਤਿਮ ਸੰਸਕਾਰ ਵਿਚ ਸ਼ਾਮਲ ਹੋਣ ਦਾ ਸੁਭਾਗ ਮਿਲਿਆ ਸੀ। ਉਨ੍ਹਾਂ ਦੱਸਿਆ ਕਿ ਤਰੁਣ ਚੁੱਘ ਉਨ੍ਹਾਂ ਕੁਝ ਚੋਣਵੇਂ ਵਰਕਰਾਂ ਵਿੱਚੋਂ ਸਨ ਜਿਨ੍ਹਾਂ ਨੂੰ ਵਾਜਪਾਈ ਦੀ ਮ੍ਰਿਤਕ ਦੇਹ ਨੂੰ ਮੋਢਾ ਦੇਣ ਦਾ ਗੌਰਵ ਪ੍ਰਾਪਤ ਹੋਇਆ ਸੀ। ਅੰਤ ਵਿਚ ਪ੍ਰਦੀਪ ਸਰੀਨ ਤੇ ਪ੍ਰਮੋਦ ਗੁਪਤਾ ਨੇ ਸਮਾਗਮ ਵਿਚ ਮੌਜੂਦ ਵਰਕਰਾਂ ਦਾ ਧੰਨਵਾਦ ਕੀਤਾ।



# ਕੁੱਲ ਹਿੰਦ ਕਿਸਾਨ ਸਭਾ ਵੱਲੋਂ ਪਿੰਡਾਂ 'ਚ ਲੋਕ ਮਾਰੂ ਬਿੱਲਾਂ ਖਿਲਾਫ ਪ੍ਰਚਾਰ ਮੁਹਿਮ ਸ਼ੁਰੂ

**ਝਬਾਲ, (ਹਰਜਿੰਦਰ ਸਿੰਘ ਸੋਨੀ)-** ਕੁੱਲ ਹਿੰਦ ਕਿਸਾਨ ਸਭਾ ਵੱਲੋਂ ਝਬਾਲ ਨੇੜਲੇ ਪਿੰਡਾਂ ਮੰਨਣ, ਠੱਠੀ ਸੋਹਲ, ਬਘਿਆੜੀ, ਛਾਪਾ, ਸੋਹਲ, ਝਬਾਲ ਕਲਾਂ ਤੇ ਖੁਰਦ, ਕਸੇਲ, ਢੰਡ ਆਦਿ ਵਿੱਚ ਸੰਯੁਕਤ ਕਿਸਾਨ ਮੋਰਚਾ ਵੱਲੋਂ ਛਾਪੀ ਗਈ ਦੋਵਰਕੀ ਵੰਡੀ ਗਈ।ਇਸ ਦੋਵਰਕੀ ਰੂਪੀ ਪੈਂਫਲਿਟ ਵਿੱਚ ਸਰਕਾਰ ਵੱਲੋਂ ਪ੍ਰਸਤਾਵਿਤ ਬਿਜਲੀ ਬਿੱਲ, ਬੀਜ ਬਿੱਲ ਅਤੇ ਨਰੇਗਾ ਕਾਨੂੰਨ ਖ਼ਤਮ ਕਰਨ ਸਬੰਧੀ ਵਿਸਥਾਰ ਸਹਿਤ ਜਨਤਾ ਨੂੰ ਜਾਗਰੂਕ ਕਰਨ ਹਿੱਤ ਵਿਚਾਰ ਪੇਸ਼ ਕੀਤੇ ਗਏ ਹਨ।ਇਸ ਸਬੰਧੀ ਸੰਯੁਕਤ ਕਿਸਾਨ ਮੋਰਚਾ ਵੱਲੋਂ ਸਬੰਧਤ ਸਾਰੀਆਂ ਜਥੇਬੰਦੀਆਂ ਨੂੰ ਇਸ ਪ੍ਰਚਾਰ ਹਿੱਤ ਡਿਊਟੀਆਂ ਲਗਾਈਆਂ ਗਈਆਂ ਹਨ ਤਾਂ ਕਿ ਕੇਂਦਰ ਤੇ ਪੰਜਾਬ ਸਰਕਾਰ ਦੀਆਂ ਕਿਸਾਨ ਮਜ਼ਦੂਰ ਮਾਰੂ ਨੀਤੀਆਂ ਵਿਰੁੱਧ ਲੋਕਾਂ ਨੂੰ ਜਾਣਕਾਰੀ ਹੋਵੇ।ਇਸ ਸਬੰਧੀ ਕੁੱਲ ਹਿੰਦ ਕਿਸਾਨ ਸਭਾ ਦੇ ਬਲਾਕ ਪ੍ਰਧਾਨ ਮੋਤਾ ਸਿੰਘ ਸੋਹਲ, ਸੁੱਖਾ ਸਿੰਘ ਮੰਨਣ, ਬਲਵੰਤ ਸਿੰਘ ਮੰਨਣ, ਸੁਰਜੀਤ ਸਿੰਘ ਠੱਠੀ ਸੋਹਲ, ਸੁਰਿੰਦਰ ਸਿੰਘ ਬਿੱਲਾ ਬਘਿਆੜੀ, ਦਵਿੰਦਰ ਸੋਹਲ, ਪੰਜਾਬ ਸਿੰਘ ਕਸੇਲ ਸਮੇਤ ਕੁੱਲ ਹਿੰਦ ਕਿਸਾਨ ਸਭਾ ਦੇ ਸਥਾਨਕ ਵਰਕਰ ਹਾਜ਼ਰ ਸਨ।

# ਛੀਨਾ ਵੱਲੋਂ ਪਸ਼ੂਆਂ ਬਾਰੇ ਆਰਥਿਕ ਨੁਕਸਾਨ ਦੀ ਗਣਨਾ ਸਬੰਧੀ ਮੋਬਾਇਲ ਐਪ ਜਾਰੀ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-** ਖ਼ਾਲਸਾ ਯੂਨੀਵਰਸਿਟੀ ਦੇ ਪ੍ਰੋ-ਚਾਂਸਲਰ ਅਤੇ ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਆਨਰੇਰੀ ਸਕੱਤਰ ਸ: ਰਜਿੰਦਰ ਮੋਹਨ ਸਿੰਘ ਛੀਨਾ ਵੱਲੋਂ ਖ਼ਾਲਸਾ ਕਾਲਜ ਆਫ਼ ਵੈਟਰਨਰੀ ਐਂਡ ਐਨੀਮਲ ਸਾਇੰਸਜ਼ ਦੁਆਰਾ ਪਸ਼ੂਆਂ ਦੀਆਂ ਬਿਮਾਰੀਆਂ ਤੇ ਹੋਰਨਾਂ ਸੂਚਨਾਵਾਂ ਸਬੰਧੀ ਤਿਆਰ ਕੀਤਾ ਗਿਆ ਪਹਿਲਾ ਮੋਬਾਇਲ ਐਪਲੀਕੇਸ਼ਨ ਜਾਰੀ ਕੀਤਾ ਗਿਆ, ਜੋ ਪੈਰਾਂ ਅਤੇ ਮੂੰਹ ਦੀ ਬਿਮਾਰੀ (ਐੱਫਐੱਮਡੀ) ਅਤੇ ਹੈਮੋਰੇਜਿਕ ਸੈਪਟੀਸੀਮੀਆ (ਐੱਚ. ਐੱਸ.) ਕਾਰਨ ਹੋਣ ਵਾਲੇ ਆਰਥਿਕ ਨੁਕਸਾਨ ਦੀ ਗਣਨਾ ਕਰਨ ਸਬੰਧੀ ਜਾਣਕਾਰੀ ਪ੍ਰਦਾਨ ਕਰੇਗਾ।ਇਸ ਮੌਕੇ ਸ: ਛੀਨਾ ਨੇ ਕਾਲਜ ਪ੍ਰਿੰਸੀਪਲ ਡਾ. ਹਰੀਸ਼ ਕੁਮਾਰ ਵਰਮਾ ਦੀ ਮੌਜੂਦਗੀ 'ਚ ਕਿਸਾਨ ਭਾਈਚਾਰੇ ਲਈ ਇਕ ਮਹੱਤਵਪੂਰਨ ਸਾਧਨ ਵਜੋਂ ਉਕਤ ਨਵੀਨਤਾ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪਸ਼ੂਆਂ ਦੀਆਂ ਬਿਮਾਰੀਆਂ ਸਿਰਫ਼ ਜਾਨਵਰਾਂ ਦੀ ਸਿਹਤ ਨੂੰ ਪ੍ਰਭਾਵਿਤ ਨਹੀਂ ਕਰਦੀਆਂ, ਸਗੋਂ ਇਹ ਪੇਂਡੂ ਅਰਥ ਵਿਵਸਥਾ ਦੀ ਰੀੜ੍ਹ ਦੀ ਹੱਡੀ ਨੂੰ ਤੋੜ ਦਿੰਦੀਆਂ ਹਨ। ਉਨ੍ਹਾਂ ਕਿਹਾ ਕਿ ਉਕਤ ਐਪ ਕਿਸਾਨਾਂ ਨੂੰ ਬਿਮਾਰੀਆਂ ਦੇ ਲੁਕਵੇਂ ਖਰਚਿਆਂ ਨੂੰ ਸਮਝਣ 'ਚ ਸਹਾਇਤਾ ਪ੍ਰਦਾਨ ਕਰੇਗਾ ਅਤੇ ਉਨ੍ਹਾਂ ਨੂੰ ਸਮੇਂ ਸਿਰ ਟੀਕਾਕਰਨ ਅਤੇ ਰੋਕਥਾਮ ਉਪਾਅ ਅਪਨਾਉਣ ਲਈ ਜਾਗ੍ਰਿਤ ਕਰੇਗਾ।ਇਸ ਮੌਕੇ ਪ੍ਰਿੰ: ਡਾ. ਵਰਮਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਐਪਲੀਕੇਸ਼ਨ ਦਾ ਰਸਮੀ ਉਦਘਾਟਨ ਸ: ਛੀਨਾ ਦੁਆਰਾ ਕੀਤਾ ਗਿਆ। ਉਨ੍ਹਾਂ ਕਿਹਾ ਕਿ ਜਦੋਂ ਕਿਸਾਨ ਐੱਫਐੱਮਡੀ ਅਤੇ ਐੱਚ. ਐੱਸ. ਦੇ ਲੱਛਣਾਂ ਨੂੰ ਪਛਾਣਦੇ ਹਨ, ਉਹ ਅਕਸਰ ਕੁੱਲ ਵਿੱਤੀ ਪ੍ਰਭਾਵ ਨੂੰ ਘੱਟ ਸਮਝਦੇ ਹਨ।ਉਨ੍ਹਾਂ ਕਿਹਾ ਕਿ ਇਹ ਐਪ ਕਲੀਨਿਕਲ ਨਿਦਾਨ ਅਤੇ ਆਰਥਿਕ ਹਕੀਕਤ ਵਿਚਕਾਰ ਪਾੜੇ ਨੂੰ ਪੂਰਾ ਕਰੇਗਾ।ਉਨ੍ਹਾਂ ਕਿਹਾ ਕਿ ਸਧਾਰਨ ਡੇਟਾ ਇਨਪੁਟ ਕਰਕੇ ਇਕ ਕਿਸਾਨ ਰੁਪਏ 'ਚ ਸਹੀ ਨੁਕਸਾਨ ਦੇਖ ਸਕਦਾ ਹੈ, ਜੋ ਕਿ ਬਿਹਤਰ ਝੁੰਡ ਪ੍ਰਬੰਧਨ ਲਈ ਇਕ ਸ਼ਕਤੀਸ਼ਾਲੀ ਪ੍ਰੇਰਕ ਵਜੋਂ ਕੰਮ ਕਰਦਾ ਹੈ। ਉਨ੍ਹਾਂ ਉਮੀਦ ਜ਼ਾਹਿਰ ਕਰਦਿਆਂ ਕਿਹਾ ਕਿ ਇਸ ਨਵੀਨਤਾ ਤੋਂ ਨਾ ਸਿਰਫ਼ ਵਿਅਕਤੀਗਤ ਕਿਸਾਨਾਂ ਸਗੋਂ ਨੀਤੀ ਨਿਰਮਾਤਾਵਾਂ ਅਤੇ ਖੋਜਕਰਤਾਵਾਂ ਨੂੰ ਜਾਨਵਰਾਂ ਦੀਆਂ ਬਿਮਾਰੀਆਂ ਦੇ ਆਰਥਿਕ ਪ੍ਰਭਾਵ ਸਬੰਧੀ ਡੇਟਾ ਇਕੱਠਾ ਕਰਨ 'ਚ ਸਹਾਇਤਾ ਪ੍ਰਦਾਨ ਹੋਵੇਗੀ।ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਸਾਈਬਰ ਐਕਸਟੈਨਸ਼ਨ ਪਹੁੰਚ ਪਸ਼ੂਆਂ ਦੀ ਸਿੱਖਿਆ ਅਤੇ ਐਕਸਟੈਨਸ਼ਨ ਸੇਵਾਵਾਂ 'ਚ ਉਤਮਤਾ ਦੇ ਕੇਂਦਰ ਵਜੋਂ ਕਾਲਜ ਦੀ ਸਾਖ ਨੂੰ ਵਧਾਉਂਦੀ ਹੈ, ਜੋ ਪਸ਼ੂ ਧਨ ਖੇਤਰ ਅਤੇ ਪੇਂਡੂ ਅਰਥਵਿਵਸਥਾ 'ਚ ਅਰਥਪੂਰਨ ਯੋਗਦਾਨ ਪਾਉਂਦੀ ਹੈ।ਇਸ ਮੌਕੇ ਮੈਨੇਜਿੰਗ ਡਾਇਰੈਕਟਰ ਡਾ. ਐੱਸ. ਕੇ. ਨਾਗਪਾਲ ਨੇ ਰਾਜ ਦੇ ਪਸ਼ੂ ਧਨ ਕਿਸਾਨਾਂ ਦੇ ਹਿੱਤ ਲਈ ਇਕ ਨਵੇਂ ਕੰਮ ਸਬੰਧੀ ਪੂਰੀ ਟੀਮ ਨੂੰ ਵਧਾਈ ਦਿੱਤੀ।




**● ਪਸ਼ੂਆਂ ਦੀਆਂ ਬਿਮਾਰੀਆਂ ਪੇਂਡੂ ਆਰਥਿਕਤਾ ਲਈ ਖ਼ਤਰਾ : ਪ੍ਰਿੰ: ਡਾ. ਵਰਮਾ**

# ਲਿੰਕ ਸੜਕਾਂ ਨੂੰ ਅਠਾਰਾਂ ਫੁੱਟ ਚੌੜਾ ਕਰਨ ਦਾ ਨਿਰਮਾਣ ਕਾਰਜ ਸ਼ੁਰੂ

**● ਲੋਕਾਂ ਦੀਆਂ ਮੁੱਢਲੀਆਂ ਸਮੱਸਿਆਵਾਂ ਹੱਲ ਕਰਨ ਲਈ ਵਚਨਬੱਧ ਹਾਂ : ਸ਼ੈਰੀ ਕਲਸੀ**

**ਬਟਾਲਾ, (ਡਾ. ਮਲਵਿੰਦਰ ਸਿੰਘ)-** ਜਿਸ ਤਰ੍ਹਾਂ ਪਿਛਲੇ ਕਰੀਬ ਚਾਰ ਸਾਲਾਂ ਦੌਰਾਨ ਹਲਕੇ ਬਟਾਲਾ ਅੰਦਰ ਚਹੁੰਪੱਖੀ ਵਿਕਾਸ ਕਾਰਜ ਕਰਵਾਏ ਗਏ ਹਨ, ਉਸੇ ਰਫਤਾਰ ਨਾਲ ਨਵੇਂ ਸਾਲ 2026 ਵਿੱਚ ਵੀ ਵਿਕਾਸ ਕਾਰਜਾਂ ਦੀ ਰਫਤਾਰ ਜਾਰੀ ਰਹੇਗੀ ਤੇ ਲੋਕਾਂ ਦੀਆਂ ਪਹਿਲ ਦੇ ਆਧਾਰ ਤੇ ਮੁਸ਼ਕਿਲਾਂ ਹੱਲ ਕੀਤੀਆਂ ਜਾਣਗੀਆਂ।ਇਹ ਪ੍ਰਗਟਾਵਾ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਸ਼ੈਰੀ ਕਲਸੀ ਨੇ ਬਟਾਲਾ-ਸ੍ਰੀ ਹਰਗੋਬਿੰਦਪੁਰ ਸਾਹਿਬ ਰੋਡ ਤੋਂ ਪੱਤੀ ਰਿਆੜ ਦੀਆਂ ਲਿੰਕ ਸੜਕਾਂ ਨੂੰ 18 ਫੁੱਟ ਚੌੜਾ ਤੇ ਮਜ਼ਬੂਤ ਕਰਨ ਲਈ ਕੰਮ ਸ਼ੁਰੂ ਕਰਵਾਉਣ ਉਪਰੰਤ ਕੀਤਾ। ਹਲਕਾ ਵਾਸੀਆਂ ਨੂੰ ਨਵੇਂ ਸਾਲ ਦੀ ਮੁਬਾਰਕਬਾਦ ਦਿੰਦਿਆਂ ਉਨ੍ਹਾਂ ਕਿਹਾ ਕਿ ਸ. ਭਗਵੰਤ ਸਿੰਘ ਮਾਨ, ਮੁੱਖ ਮੰਤਰੀ ਪੰਜਾਬ ਦੀ ਅਗਵਾਈ ਵਿੱਚ ਸੂਬੇ ਭਰ ਵਿੱਚ ਲੋਕਾਂ ਦੇ ਹਿੱਤ ਵਿੱਚ ਵੱਡੇ ਵਿਕਾਸ ਕੰਮ ਕਰਵਾਏ ਗਏ ਹਨ ਅਤੇ ਬਟਾਲੇ ਹਲਕੇ ਅੰਦਰ ਵੀ ਕਰੋੜਾਂ ਰੁਪਏ ਦੀ ਲਾਗਤ ਨਾਲ ਵੱਖ ਵੱਖ ਵਿਕਾਸ ਕਾਰਜ ਕਰਵਾਏ ਗਏ ਹਨ।ਵਿਧਾਇਕ ਸ਼ੈਰੀ ਕਲਸੀ ਨੇ ਬਟਾਲਾ ਹਲਕੇ ਦੇ ਵਿਕਾਸ ਦੀ ਗੱਲ ਕਰਦਿਆਂ ਕਿਹਾ ਕਿ ਹਲਕੇ ਦਾ ਚਹੁਪੱਖੀ ਵਿਕਾਸ ਤੇ ਲੋਕਾਂ ਦੀਆਂ ਮੁੱਢਲੀਆਂ ਸਮੱਸਿਆਵਾਂ ਹੱਲ ਕਰਨ ਲਈ ਉਹ ਵਚਨਬੱਧ ਹਨ ਅਤੇ ਲੋਕ ਭਲਾਈ ਸਕੀਮਾਂ ਦਾ ਲਾਭ ਲੋਕਾਂ ਤੱਕ ਪੁਜਦਾ ਕਰਨ ਨੂੰ ਯਕੀਨੀ ਬਣਾਇਆ ਗਿਆ ਹੈ।ਉਨ੍ਹਾਂ ਦੱਸਿਆ ਕਿ ਪਿਛਲੇ ਦਿਨੀਂ ਮੁੱਖ ਮੰਤਰੀ ਪੰਜਾਬ ਵਲੋਂ ਬਟਾਲਾ ਵਿਖੇ ਨਵੇਂ ਬਣੇ ਤਹਿਸੀਲ ਕੰਪਲੈਕਸ ਦਾ ਉਦਘਾਟਨ ਕਰਕੇ ਲੋਕਾਂ ਨੂੰ ਸਮਰਪਿਤ ਕੀਤਾ ਗਿਆ ਹੈ।ਬਟਾਲਾ ਹਲਕੇ ਸਮੇਤ ਕਰੀਬ 314 ਪਿੰਡਾਂ ਦੇ ਲੋਕਾਂ ਨੂੰ ਇੱਕ ਛੱਤ ਹੇਠ ਵੱਖ-ਵੱਖ ਸਰਕਾਰੀ ਸੇਵਾਵਾਂ ਦਾ ਲਾਭ ਮੁਹੱਈਆ ਕਰਵਾਇਆ ਗਿਆ ਹੈ।ਉਨ੍ਹਾਂ ਕਿਹਾ ਕਿ ਤੁਸੀਂ ਮੈਨੂੰ ਸੇਵਾ ਕਰਨ ਦਾ ਮੌਕਾ ਦਿੱਤਾ, ਮੈਂ ਤੁਹਡੀ ਸੇਵਾ ਵਿੱਚ ਚੌਵੀ ਘੰਟੇ ਹਾਜ਼ਰ ਹਾਂ ਅਤੇ ਲੋਕਾਂ ਦੇ ਸਹਿਯੋਗ ਨਾਲ ਬਟਾਲਾ ਹਲਕੇ ਨੂੰ ਵਿਕਾਸ ਪੱਖੋਂ ਨਮੂਨੇ ਦਾ ਹਲਕਾ ਬਣਾਇਆ ਜਾ ਰਿਹਾ ਹੈ।



# ਸ਼ਹੀਦ 40 ਮੁਕਤਿਆਂ ਦੀ ਯਾਦ 'ਚ ਹਰਚੋਵਾਲ ਤੋਂ ਪ੍ਰਭਾਤ ਫੇਰੀਆਂ ਸ਼ੁਰੂ

**ਧਾਰੀਵਾਲ/ਹਰਚੋਵਾਲ (ਮਨਦੀਪ ਸਿੰਘ ਵਿੱਕੀ)-** ਕਸਬਾ ਹਰਚੋਵਾਲ ਦੇ ਵੱਡਾ ਗੁਰਦੁਆਰਾ ਸਾਹਿਬ ਵਿਖੇ ਹਰ ਸਾਲ ਦੀ ਤਰ੍ਹਾਂ ਸ਼ਹੀਦ 40 ਮੁਕਤਿਆਂ ਦੀ ਯਾਦ ਵਿੱਚ ਪ੍ਰਭਾਤ ਫੇਰੀਆਂ ਸ਼ੁਰੂ ਹੋ ਗਈਆਂ ਹਨ। ਇਹ ਪ੍ਰਭਾਤ ਫੇਰੀਆਂ ਲਗਾਤਾਰ ਦਸ ਦਿਨ ਨਿਕਲਦੀਆਂ ਹਨ। 14 ਤਰੀਕ ਮਾਘੀ ਵਾਲੇ ਦਿਨ ਗੁਰਦੁਆਰਾ ਛੱਪੜ ਪੁਟ ਵਾਲੇ ਤੋਂ ਵਿਸ਼ਾਲ ਨਗਰ ਕੀਰਤਨ ਸਜਾਇਆ ਜਾਵੇਗਾ।ਸਵੇਰੇ ਗੁਰਦੁਆਰਾ ਛੱਤੀ ਡਿਓਢੀ ਪ੍ਰਭਾਤ ਫੇਰੀ ਪਹੁੰਚੀ ਅਤੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ।ਇਸ ਮੌਕੇ ਗੁਰਦੁਆਰਾ ਸਾਹਿਬ ਦੇ ਮੁੱਖ ਪ੍ਰਬੰਧਕ ਭਾਈ ਗਗਨਦੀਪ ਸਿੰਘ ਰਿਆੜ, ਅਮਰੀਕ ਸਿੰਘ ਮਿੱਕਾ, ਅਮਨਦੀਪ ਸਿੰਘ ਰਿਆੜ, ਬਲਵਿੰਦਰ ਸਿੰਘ ਬਿੰਦਰ ਵੱਲੋਂ ਆਈਆਂ ਹੋਈਆਂ ਸੰਗਤਾਂ ਦਾ ਨਿੱਘ ਸਵਾਗਤ ਕੀਤਾ ਗਿਆ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਜਨਰਲ ਸਕੱਤਰ ਤੇ ਸਮਾਜ ਸੇਵੀ ਆਗੂ ਭਾਈ ਗਗਨਦੀਪ ਸਿੰਘ ਰਿਆੜ ਨੇ 40 ਮੁਕਤਿਆਂ ਦੇ ਸੰਖੇਪ ਇਤਿਹਾਸ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਸ ਸਮੇਂ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਜੰਗਾਂ ਵਿਚ ਬਹਾਦਰੀ ਨਾਲ ਦੁਸ਼ਮਣਾਂ ਦਾ ਟਾਕਰਾ ਕੀਤਾ ਅਤੇ ਸਦਾ ਚੜ੍ਹਦੀ ਕਲਾ ਤੇ ਭਾਣੇ ਵਿਚ ਰਹੇ।ਪਹਾੜੀ ਰਾਜਿਆਂ ਨੇ ਗੁਰੂ ਜੀ ਦਾ ਮੁਕਾਬਲਾ ਕਰਨ ਲਈ ਔਰੰਗਜ਼ੇਬ ਅੱਗੇ ਫਰਿਆਦ ਕੀਤੀ।ਉਸ ਨੇ ਪਹਾੜੀ ਰਾਜਿਆਂ ਦੀ ਮਦਦ ਲਈ ਲਾਹੌਰ ਅਤੇ ਸਰਹਿੰਦ ਦੇ ਸੂਬੇਦਾਰਾਂ ਨੂੰ ਫੁਰਮਾਨ ਜਾਰੀ ਕਰ ਦਿੱਤੇ, ਇਸ ਤਰ੍ਹਾਂ ਲਾਹੌਰ, ਸਰਹਿੰਦ ਅਤੇ ਪਹਾੜੀ ਰਾਜਿਆਂ ਦੇ ਟਿੱਡੀ ਦਲਾਂ ਨੇ ਸ੍ਰੀ ਆਨੰਦਪੁਰ ਸਾਹਿਬ ਦੇ ਕਿਲ੍ਹੇ ਨੂੰ ਘੇਰਾ ਪਾ ਲਿਆ।ਗੁਰੂ ਜੀ ਦੇ ਸੂਰਬੀਰ ਯੋਧਿਆਂ ਨੇ ਕਈ ਮਹੀਨੇ ਡਟ ਕੇ ਬੜੀ ਬਹਾਦਰੀ ਨਾਲ ਮੁਕਾਬਲਾ ਕੀਤਾ।ਖ਼ਾਲਸਾ ਫ਼ੌਜ ਦੇ ਛਾਪਾਮਾਰ ਹਮਲਿਆਂ ਨਾਲ ਦੁਸ਼ਮਣ ਦੇ ਹੌਸਲੇ ਪਸਤ ਹੋ ਗਏ ਪਰ ਲੰਮੇ ਸਮੇਂ ਤਕ ਨਿੱਤ ਦੀ ਲੜਾਈ ਕਾਰਨ ਖ਼ਾਲਸਾ ਫ਼ੌਜ ਦੀ ਗਿਣਤੀ ਘਟਦੀ ਜਾ ਰਹੀ ਸੀ।ਭਾਵੇਂ ਰਾਸ਼ਨ-ਪਾਣੀ ਵੀ ਮੁੱਕਦਾ ਜਾ ਰਿਹਾ ਸੀ ਪਰ ਫਿਰ ਵੀ ਸਿੰਘ ਡਟਵਾਂ ਮੁਕਾਬਲਾ ਕਰ ਰਹੇ ਸਨ। ਕੁਝ ਸਿੰਘਾਂ ਨੇ ਗੁਰੂ ਜੀ ਨੂੰ ਕਿਲ੍ਹਾ ਛੱਡ ਦੇਣ ਦੀ ਸਲਾਹ ਵੀ ਦਿੱਤੀ ਪਰ ਗੁਰੂ ਜੀ ਨੇ ਦੂਰ-ਅੰਦੇਸ਼ੀ ਨਾਲ ਕੁਝ ਸਮਾਂ ਹੋਰ ਉਡੀਕ ਕਰਨ ਲਈ ਕਿਹਾ।ਇਸ ਦੇ ਬਾਵਜੂਦ ਕੁੱਝ ਸਿੰਘ ਡੋਲ ਗਏ। ਉਨ੍ਹਾਂ ਗੁਰੂ ਜੀ ਦਾ ਸਾਥ ਛੱਡ ਦਿੱਤਾ ਅਤੇ ਬੇਦਾਵਾ ਦੇ ਕੇ ਆਪਣੇ ਘਰਾਂ ਨੂੰ ਚਲੇ ਗਏ।ਬੇਦਾਵੀ ਸਿੱਖਾਂ ਦੇ ਘਰ ਪਹੁੰਚਣ 'ਤੇ ਉਨ੍ਹਾਂ ਦੀਆਂ ਮਾਤਾਵਾਂ, ਭੈਣਾਂ ਤੇ ਪਤਨੀਆਂ ਨੇ ਉਨ੍ਹਾਂ ਨੂੰ ਅਜਿਹੇ ਸਮੇਂ ਗੁਰੂ ਸਾਹਿਬ ਨੂੰ ਪਿੱਠ ਦਿਖਾ ਕੇ ਆਉਣ 'ਤੇ ਧਿਰਕਾਰਿਆ।ਉਸ ਤੋਂ ਬਾਅਦ ਇਹ ਸਿੰਘ ਗੁਰੂ ਗੋਬਿੰਦ ਸਿੰਘ ਜੀ ਨੂੰ ਮੁੜ ਆਣ ਮਿਲੇ ਅਤੇ ਜੰਗ ਵਿੱਚ ਲੜਦੇ ਹੋਏ ਸ਼ਹੀਦ ਹੋ ਗਏ।ਜ਼ਖ਼ਮੀ ਹੋਏ ਸਿੰਘਾਂ ਨੇ ਗੁਰੂ ਜੀ ਨੂੰ ਬੇਦਾਵਾ ਪਾੜਨ ਦੀ ਬੇਨਤੀ ਕੀਤੀ। ਗੁਰੂ ਜੀ ਨੇ ਇਨ੍ਹਾਂ ਸਿੰਘਾਂ ਨੂੰ ਗੋਦ ਵਿੱਚ ਲੈ ਕੇ ਬੇਦਾਵਾ ਪਾੜ ਦਿੱਤਾ। ਇਸ ਮੌਕੇ ਨਿਸ਼ਾਨ ਸਾਹਿਬ ਦੀ ਸੇਵਾ ਕਰ ਰਹੇ ਗੁਰਬਾਜ ਸਿੰਘ ਬਾਜੀ, ਸੂਬੇਦਾਰ ਹਰਭਜਨ ਸਿੰਘ, ਦਲੇਰ ਸਿੰਘ, ਗੁਰਮੁੱਖ ਸਿੰਘ ਕਾਲਾ, ਬਚਨ ਸਿੰਘ ਆਦਿ ਸੇਵਾਦਾਰ ਹਾਜ਼ਰ ਸਨ।ਸੰਗਤਾਂ ਲਈ ਲੰਗਰ ਅਤੁੱਟ ਵਰਤਿਆ ਗਿਆ।

**● ਮਾਘੀ 'ਤੇ ਵਿਸ਼ਾਲ ਨਗਰ ਕੀਰਤਨ ਸਜਾਇਆ ਜਾਵੇਗਾ**



# ਗੁਰਨਾਮ ਸਿੰਘ ਔਲਖ ਦੀ ਪਤਨੀ ਗੁਲਵੰਤ ਕੌਰ ਦਾ ਹੋਇਆ ਅੰਤਿਮ ਸੰਸਕਾਰ

**ਸ੍ਰੀ ਆਨੰਦਪੁਰ ਸਾਹਿਬ (ਅਰਵਿੰਦ ਬਿੰਦੀ)** ਸੀ ਪੀ ਆਈ ਅਤੇ ਕੁੱਲ ਹਿੰਦ ਕਿਸਾਨ ਸਭਾ ਦੇ ਜਿਲ੍ਹਾ ਰੂਪਨਗਰ ਦੇ ਆਗੂ ਗੁਰਨਾਮ ਸਿੰਘ ਔਲਖ ਦੀ ਪਤਨੀ ਗੁਲਵੰਤ ਕੌਰ 68 ਸੇਵਾ ਮੁਕਤ ਅਧਿਆਪਕਾ ਦਾ ਅੰਤਿਮ ਸੰਸਕਾਰ ਚਰਨ ਗੰਗਾ ਸ਼ਮਸ਼ਾਨਘਾਟ ਵਿਖੇ ਕਰ ਦਿੱਤਾ ਗਿਆ।ਗੁਲਵੰਤ ਕੌਰ ਕੈਂਸਰ ਦੀ ਬਿਮਾਰੀ ਤੋਂ ਪੀੜਤ ਸੀ।ਸਿਰਫ ਇੱਕ ਮਹੀਨੇ ਦੇ ਵਿੱਚ ਹੀ ਜੋ ਜਾਨਲੇਵਾ ਸਾਬਤ ਹੋਇਆ।ਉਹਨਾਂ ਨੂੰ ਮੋਹਾਲੀ ਦੇ ਇੱਕ ਵੱਡੇ ਕੈਂਸਰ ਹਸਪਤਾਲ ਵਿੱਚ ਇਲਾਜ ਲਈ ਦਾਖਲ ਕਰਵਾਇਆ ਗਿਆ ਸੀ।ਜਿੱਥੇ ਕਿ ਕੱਲ੍ਹ ਸ਼ਾਮ ਦੀ ਮੌਤ ਹੋ ਗਈ।ਇਸ ਮੌਤ ਨਾਲ ਜਿੱਥੇ ਪਰਵਾਰ ਨੂੰ ਘਾਟਾ ਪਿਆ ਉੱਥੇ ਇਲਾਕੇ ਨੂੰ ਵੀ ਭਾਰੀ ਘਾਟਾ ਪਿਆ।ਉਨ੍ਹਾਂ ਸੇਜਲ ਅੱਖਾਂ ਨਾਲ ਅੰਤਿਮ ਵਿਦਾਇਗੀ ਦਿੱਤੀ ਗਈ।ਅੰਤਿਮ ਸੰਸਕਾਰ ਮੌਕੇ ਪੰਜਾਬ ਦੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ, ਹਰਤੇਗਵੀਰ ਸਿੰਘ ਤੇਗੀ, ਮਨਜਿੰਦਰ ਸਿੰਘ ਬਰਾੜ, ਜੈਮਲ ਸਿੰਘ ਭੜੀ, ਗੁਰਸ਼ਰਨਜੀਤ ਸਿੰਘ ਰੰਧਾਵਾ, ਸੁਰਜੀਤ ਸਿੰਘ ਢੇਰ, ਦਵਿੰਦਰ ਨੰਗਲੀ, ਸੁਖਬੀਰ ਸਿੰਘ ਸੁੱਖਾ, ਹਰਵੰਤ ਸਿੰਘ ਨੰਗਲ, ਰਾਮਪਾਲ, ਹਰੀ ਚੰਦ ਗੋਹਲਣੀ, ਸੁਸ਼ੀਲ ਕੁਮਾਰ, ਸੋਹਣ ਸਿੰਘ ਬੈਂਸ, ਗੁਰਬਖਸ਼ ਸਿੰਘ ਦਸਗਰਾਈ, ਮਾਸਟਰ ਜਸਪਾਲ ਸਿੰਘ, ਅਮਰਜੀਤ ਸਿੰਘ ਹੋਲਗੜ੍ਹ, ਹੈਡ ਗ੍ਰੰਥੀ ਜਥੇਦਾਰ ਸੁਖਵਿੰਦਰ ਸਿੰਘ, ਸਰਬਜੀਤ ਸਿੰਘ, ਕੁਲਦੀਪ ਸਿੰਘ ਖ਼ਾਨਪੁਰ, ਮਨਜਿੰਦਰ ਸਿੰਘ ਮਜਾਰਾ, ਅਮਰੀਕ ਸਿੰਘ, ਪ੍ਰੋਫੈਸਰ ਹਰਜਿੰਦਰ ਸਿੰਘ ਬਲਿੰਗ, ਸਾਬਕਾ ਰੇਂਜ ਅਫ਼ਸਰ ਮਲਕੀਤ ਸਿੰਘ, ਸਰਪੰਚ ਮਨਿੰਦਰ ਸਿੰਘ ਮੀਆਂਪੁਰ ਅਤੇ ਸੁਖਮਨੀ ਸੇਵਾ ਸੁਸਾਇਟੀ ਸਹੋਟਾ ਦੀਆਂ ਬੀਬੀਆਂ ਅੰਤਿਮਦਾਹ ਸੰਸਕਾਰ ਵਿਚ ਸ਼ਾਮਿਲ ਹੋਈਆਂ ਤੇ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ।



# ਪੱਤਰਕਾਰਾਂ ਤੇ ਸਮਾਜਕ ਕਾਰਕੁੰਨਾਂ ਖ਼ਿਲਾਫ਼ ਦਰਜ ਐੱਫ ਆਈ ਆਰ ਰੱਦ ਕਰਨ ਦੀ ਮੰਗ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)-** ਜ਼ਿਲ੍ਹਾ ਸਾਹਿਤ ਕੇਂਦਰ ਗੁਰਦਾਸਪੁਰ (ਰਜਿ.) ਨੇ ਪੰਜਾਬ ਵਿੱਚ ਪੱਤਰਕਾਰਾਂ ਅਤੇ ਆਰਟੀਆਈ ਕਾਰਕੁੰਨਾਂ ਖ਼ਿਲਾਫ਼ ਦਰਜ ਕੀਤੀ ਗਈ ਐੱਫਆਈਆਰ ਦੀ ਸਖ਼ਤ ਨਿੰਦਾ ਕੀਤੀ ਹੈ ਅਤੇ ਇਸ ਨੂੰ ਤੁਰੰਤ ਰੱਦ ਕਰਨ ਦੀ ਮੰਗ ਕੀਤੀ ਹੈ।ਜ਼ਿਲ੍ਹਾ ਸਾਹਿਤ ਕੇਂਦਰ ਨੇ ਲਿਖਣ-ਬੋਲਣ ਦੀ ਆਜ਼ਾਦੀ ਉਤੇ ਹੋ ਰਹੇ ਅਜਿਹੇ ਹਮਲਿਆਂ ਦੀ ਸਖ਼ਤ ਨਿੰਦਾ ਕਰਦਿਆਂ ਪ੍ਰੈੱਸ ਦੀ ਆਜ਼ਾਦੀ ਨੂੰ ਬਹਾਲ ਕਰਨ ਦੀ ਮੰਗ ਕੀਤੀ ਹੈ।ਜ਼ਿਲ੍ਹਾ ਸਾਹਿਤ ਕੇਂਦਰ ਦੇ ਪ੍ਰਧਾਨ ਡਾਕਟਰ ਲੇਖ ਰਾਜ, ਜਨਰਲ ਸਕੱਤਰ ਮੰਗਤ ਚੰਚਲ, ਸੀਨੀਅਰ ਮੀਤ ਪ੍ਰਧਾਨ ਸੁਲੱਖਣ ਸਰਹੱਦੀ ਤੇ ਸੀਤਲ ਸਿੰਘ ਗੁੰਨੋਪੁਰੀ, ਸੰਯੋਜਕ ਮੱਖਣ ਕੁਹਾੜ, ਪ੍ਰੈੱਸ ਸਕੱਤਰ ਸੁੱਚਾ ਸਿੰਘ ਪਸਨਾਵਾਲਾ, ਸਕੱਤਰ ਗੁਰਮੀਤ ਸਿੰਘ ਬਾਜਵਾ, ਬੂਟਾ ਰਾਮ ਆਜ਼ਾਦ, ਗੁਰਪ੍ਰੀਤ ਰੰਗੀਲਪੁਰ, ਡਾਕਟਰ ਰਜਵਿੰਦਰ ਕੌਰ ਨਾਗਰਾ, ਸੋਹਣ ਸਿੰਘ, ਸੁਖਵਿੰਦਰ ਰੰਧਾਵਾ ਅਤੇ ਨਿਸ਼ਾਨ ਸਿੰਘ ਜੌੜਾਸਿੰਘਾ ਨੇ ਇੱਥੋਂ ਜਾਰੀ ਸਾਂਝੇ ਪ੍ਰੈੱਸ ਬਿਆਨ ਵਿਚ ਕਿਹਾ ਹੈ ਕਿ ਇਹ ਕਾਰਵਾਈ ਲਿਖਣ ਅਤੇ ਬੋਲਣ ਦੀ ਆਜ਼ਾਦੀ ਅਤੇ ਪ੍ਰੈੱਸ ਦੀ ਆਜ਼ਾਦੀ ਉਤੇ ਸਿੱਧਾ ਹਮਲਾ ਹੈ, ਜਿਸ ਨੂੰ ਕਿਸੇ ਵੀ ਕੀਮਤ ਉਤੇ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮਾਨਿਕ ਗੋਇਲ ਵਰਗੇ ਆਰ.ਟੀ.ਆਈ. ਕਾਰਕੁੰਨ ਅਤੇ ਮਿੰਟੂ ਗੁਰੂਸਰੀਆ ਅਤੇ ਮਨਿੰਦਰਜੀਤ ਸਿੱਧੂ ਵਰਗੇ ਪੱਤਰਕਾਰਾਂ ਸਮੇਤ ਲਗਭਗ 10 ਵਿਅਕਤੀਆਂ ਖ਼ਿਲਾਫ਼ ਇਹ ਐੱਫਆਈਆਰ ਦਰਜ ਕਰਨਾ ਜਮਹੂਰੀ ਕਦਰਾਂ-ਕੀਮਤਾਂ ਨੂੰ ਤਹਿਸ-ਨਹਿਸ ਕਰਨ ਵਾਲੀ ਕਾਰਵਾਈ ਹੈ।ਅਜਿਹੀਆਂ ਕਾਰਵਾਈਆਂ ਨਾਲ ਨਾ ਸਿਰਫ਼ ਪੱਤਰਕਾਰਾਂ ਅਤੇ ਸਮਾਜਕ ਕਾਰਕੁੰਨਾਂ ਨੂੰ ਡਰਾਉਣ ਦਾ ਭਰਮ ਪਾਲ਼ਿਆ ਜਾ ਰਿਹਾ ਹੈ, ਸਗੋਂ ਜਨਤਕ ਜਾਣਕਾਰੀ ਅਤੇ ਸੱਚ ਨੂੰ ਲੁਕਾਉਣ ਦੀਆਂ ਕੋਸ਼ਿਸ਼ਾਂ ਵੀ ਕੀਤੀਆਂ ਜਾ ਰਹੀਆਂ ਹਨ।ਉਨ੍ਹਾਂ ਕਿਹਾ ਕਿ ਜ਼ਿਲ੍ਹਾ ਸਾਹਿਤ ਕੇਂਦਰ ਗੁਰਦਾਸਪੁਰ ਸਮੂਹ ਪੱਤਰਕਾਰਾਂ ਅਤੇ ਲੋਕ-ਪੱਖੀ ਸਮਾਜਕ ਕਾਰਕੁੰਨਾਂ ਨਾਲ ਖੜ੍ਹਾ ਹੈ ਅਤੇ ਅਪੀਲ ਕਰਦਾ ਹੈ ਕਿ ਸਰਕਾਰ ਤੁਰੰਤ ਇਸ ਐੱਫਆਈਆਰ ਨੂੰ ਰੱਦ ਕਰੇ ਅਤੇ ਭਵਿੱਖ ਵਿੱਚ ਅਜਿਹੀਆਂ ਗਲਤ ਕਾਰਵਾਈਆਂ ਤੋਂ ਗੁਰੇਜ਼ ਕਰੇ।

# ਪੇਂਡੂ ਬੇਰੁਜ਼ਗਾਰ ਨੌਜਵਾਨਾਂ ਲਈ ਡੇਅਰੀ ਫਾਰਮਿੰਗ ਦਾ ਸਿਖਲਾਈ ਕੋਰਸ ਅੱਜ ਤੋਂ ਸ਼ੁਰੂ

**ਬਟਾਲਾ, (ਡਾ. ਮਲਵਿੰਦਰ ਸਿੰਘ)-** ਡਿਪਟੀ ਡਾਇਰੈਕਟਰ ਡੇਅਰੀ ਵਿਕਾਸ ਗੁਰਦਾਸਪੁਰ, ਵਰਿਆਮ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਡੇਅਰੀ ਫਾਰਮਰਾਂ ਲਈ 2 ਹਫਤੇ ਦਾ ਡੇਅਰੀ ਸਿਖਲਾਈ ਕੋਰਸ ਮਿਤੀ 5 ਜਨਵਰੀ ਤੋਂ 16 ਜਨਵਰੀ ਤੱਕ ਡੇਅਰੀ ਸਿਖਲਾਈ ਕੇਂਦਰ ਵੇਰਕਾ, ਜ਼ਿਲਾ ਅੰਮ੍ਰਿਤਸਰ ਵਿਖੇ ਕਰਵਾਇਆ ਜਾਵੇਗਾ।ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਗੁਰਦਾਸਪੁਰ ਨਾਲ ਸਬੰਧਿਤ ਪੇਂਡੂ ਬੇਰੁਜ਼ਗਾਰ ਨੌਜਵਾਨ ਲੜਕੇ ਲੜਕੀਆਂ, ਜੋ ਡੇਅਰੀ ਦਾ ਕਿੱਤਾ ਸ਼ੁਰੂ ਕਰਨਾ ਚਾਹੁੰਦੇ ਹਨ, ਡੇਅਰੀ ਸਿਖਲਾਈ ਕੋਰਸ ਵਾਸਤੇ ਦਫਤਰ ਡਿਪਟੀ ਡਾਇਰੈਕਟਰ ਡੇਅਰੀ ਗੁਰਦਾਸਪੁਰ, ਜਿਲਾ ਪ੍ਰਬੰਧਕੀ ਕੰਪਲੈਕਸ, ਬਲਾਕ-ਬੀ, ਚੌਥੀ ਮੰਜ਼ਿਲ, ਕਮਰਾ ਨੰ 508 ਵਿਖੇ 05 ਜਨਵਰੀ 2026 ਤੱਕ ਅਰਜ਼ੀਆਂ ਦੇ ਸਕਦੇ ਹਨ।ਉਨ੍ਹਾਂ ਨੇ ਦੱਸਿਆ ਕਿ ਖੇਤੀ ਵਿੱਚ ਵਿਭਿੰਨਤਾ ਲਿਆਉਣ ਅਤੇ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਰਨ ਲਈ ਡੇਅਰੀ ਦੇ ਕਿੱਤੇ ਨੂੰ ਸਹਾਇਕ ਧੰਦੇ ਵਜੋਂ ਅਪਨਾਉਣ ਲਈ 2 ਹਫਤੇ ਦੀ ਡੇਅਰੀ ਸਿਖਲਾਈ ਡੇਅਰੀ ਸਿਖਲਾਈ ਤੇ ਵਿਸਥਾਰ ਕੇਂਦਰ, ਵੇਰਕਾ ਜ਼ਿਲਾ ਅੰਮ੍ਰਿਤਸਰ ਵਿਖੇ ਕਰਵਾਈ ਜਾਣੀ ਹੈ। ਇਸ ਸਿਖਲਾਈ ਕੋਰਸ ਵਿੱਚ ਜ਼ਿਲਾ ਗੁਰਦਾਸਪੁਰ ਨਾਲ ਸਬੰਧਤ ਬੇਰੁਜ਼ਗਾਰ ਨੌਜਵਾਨ ਲੜਕੇ ਲੜਕੀਆਂ ਜ਼ੋ ਘੱਟੋ ਘੱਟ 5ਵੀਂ ਪਾਸ ਹੋਣ, ਉਮਰ 18 ਤੋਂ 55 ਸਾਲ ਦਰਮਿਆਨ ਹੋਵੇ, ਪੇਂਡੂ ਖੇਤਰ ਨਾਲ ਸਬੰਧਤ ਹੋਣ, ਇਸ ਸਿਖਲਾਈ ਵਿੱਚ ਭਾਗ ਲੈ ਸਕਦੇ ਹਨ।ਉਨ੍ਹਾਂ ਦੱਸਿਆ ਕਿ ਸਿਖਲਾਈ ਉਪਰੰਤ ਵਿਭਾਗ ਵੱਲੋਂ ਸਬੰਧਤਾਂ ਨੂੰ ਵੱਖ-ਵੱਖ ਬੈਂਕਾਂ ਤੋਂ ਡੇਅਰੀ ਕਰਜ਼ੇ ਦੀ ਸੁਵਿਧਾ ਰਾਹੀਂ 2 ਤੋਂ 20 ਪਸ਼ੂਆਂ ਦੇ ਡੇਅਰੀ ਯੂਨਿਟ ਸਥਾਪਤ ਕਰਵਾ ਕੇ 25 ਪ੍ਰਤੀਸ਼ਤ ਜਨਰਲ ਅਤੇ 33 ਪ੍ਰਤੀਸ਼ਤ ਅ.ਜਾਤੀ ਲਈ ਸਬਸਿਡੀ ਮੁਹੱਈਆ ਕਰਵਾਈ ਜਾਵੇਗੀ। ਚਾਹਵਾਨ ਲੜਕੇ/ ਲੜਕੀਆਂ ਇਸ ਸਬੰਧੀ ਦਫਤਰ ਡਿਪਟੀ ਡਾਇਰੈਕਟਰ ਡੇਅਰੀ, ਗੁਰਦਾਸਪੁਰ ਨਾਲ ਆਪਣੇ ਅਸਲ ਯੋਗਤਾ ਸਰਟੀਫਿਕੇਟ ਅਤੇ ਪਾਸਪੋਰਟ ਸਾਈਜ਼ ਫੋਟੋ ਅਤੇ ਆਧਾਰ ਕਾਰਡ ਲੈ ਕੇ ਫਾਰਮ ਭਰਵਾ ਸਕਦੇ ਹਨ।



# ਸੁਪਰਡੈਂਟ ਅਨਿਲ ਕੁਮਾਰ ਨੂੰ ਸੇਵਾਮੁਕਤੀ ਮੌਕੇ ਸਟਾਫ ਵੱਲੋਂ ਨਿੱਘੀ ਵਿਦਾਇਗੀ ਪਾਰਟੀ

**ਫ਼ਤਿਹਗੜ੍ਹ ਚੂੜੀਆਂ, (ਜਸਦੇਵ ਮਾਨ)-** ਇਥੇ ਉਪ ਮੰਡਲ ਮੈਜਿਸਟ੍ਰੇਟ ਦਫ਼ਤਰ ਵਿਖੇ ਤਾਇਨਾਤ ਅਨਿਲ ਕੁਮਾਰ ਸੁਪਰਡੈਂਟ ਗ੍ਰੇਡ-2 (ਮਾਲ) ਦੀ ਸੇਵਾ ਮੁਕਤੀ ਮੌਕੇ ਐੱਸਡੀਐੱਮ ਡਾ. ਨਵਜੋਤ ਸ਼ਰਮਾ ਦੀ ਰਹਿਨੁਮਾਈ ਹੇਠ ਵਿਦਾਇਗੀ ਪਾਰਟੀ ਦਾ ਆਯੋਜਨ ਕੀਤਾ ਗਿਆ।ਸਾਦੇ ਅਤੇ ਪ੍ਰਭਾਵਸ਼ਾਲੀ ਸਮਾਗਮ ਮੌਕੇ ਐੱਸਡੀਐੱਮ ਡਾ. ਨਵਜੋਤ ਸ਼ਰਮਾ ਅਤੇ ਸਮੂਹ ਸਟਾਫ਼ ਨੇ ਅਨਿਲ ਕੁਮਾਰ ਸੁਪਰਡੈਂਟ ਨੂੰ ਨਿੱਘੀ ਵਿਦਾਇਗੀ ਦਿੰਦਿਆਂ ਤੋਹਫ਼ਿਆਂ ਨਾਲ ਨਿਵਾਜਿਆ ਅਤੇ ਉਨ੍ਹਾਂ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ।ਇਸ ਮੌਕੇ ਨਾਇਬ ਤਹਿਸੀਲਦਾਰ ਪ੍ਰਵੀਨ ਕੁਮਾਰ, ਏਆਰਟੀਓ ਸੰਗਰਾਮ ਠਾਕੁਰ ਅਤੇ ਵੀਨਾ ਰਾਣੀ ਧਰਮਪਤਨੀ ਅਨਿਲ ਕੁਮਾਰ ਵਿਸ਼ੇਸ਼ ਤੌਰ ਤੇ ਮੌਜੂਦ ਰਹੇ। ਵੱਖ-ਵੱਖ ਬੁਲਾਰਿਆਂ ਤੋਂ ਇਲਾਵਾ ਐੱਸਡੀਐੱਮ ਡਾ. ਨਵਜੋਤ ਸ਼ਰਮਾ ਨੇ ਬੋਲਦਿਆਂ ਕਿਹਾ ਕਿ ਅਨਿਲ ਕੁਮਾਰ ਸੁਪਰਡੈਂਟ ਨੇ ਆਪਣੀ ਡਿਊਟੀ ਹਮੇਸ਼ਾਂ ਇਮਾਨਦਾਰੀ ਨਾਲ ਕੀਤੀ ਹੈ ਅਤੇ ਸਾਰੀ ਨੌਕਰੀ ਦੌਰਾਨ ਕਿਸੇ ਨਾਲ ਵੈਰ ਵਿਰੋਧ ਦੀ ਭਾਵਨਾ ਨਹੀਂ ਰੱਖੀ।ਉਨ੍ਹਾਂ ਕਿਹਾ ਕਿ ਡਿਪਟੀ ਕਮਿਸ਼ਨਰ ਦਫ਼ਤਰ ਗੁਰਦਾਸਪੁਰ ਰਹਿੰਦਿਆਂ ਵੀ ਅਨਿਲ ਕੁਮਾਰ ਨੇ ਬਿਨਾਂ ਕਿਸੇ ਨਾਲ ਪੱਖਪਾਤ ਰੱਖਦਿਆਂ ਆਪਣੀਆਂ ਸੇਵਾਵਾਂ ਬਾਖੂਬੀ ਨਿਭਾਈਆਂ।ਉਨ੍ਹਾਂ ਕਿਹਾ ਕਿ ਅਜਿਹੇ ਵਿਅਕਤੀਆਂ ਦੀ ਉਹ ਦਿਲੋਂ ਪ੍ਰਸ਼ੰਸਾ ਕਰਦੇ ਹਨ, ਜੋ ਹਮੇਸ਼ਾ ਲੋਕ ਹਿੱਤਾਂ ਨੂੰ ਪਹਿਲ ਦਿੰਦੇ ਹਨ।ਉਨ੍ਹਾਂ ਅਨਿਲ ਕੁਮਾਰ ਦੀ ਸਿਹਤਯਾਬੀ ਅਤੇ ਚੰਗੇ ਭਵਿੱਖ ਦੀ ਕਾਮਨਾ ਕਰਦਿਆਂ ਆਪਣੇ ਵੱਲੋਂ ਵਿਸ਼ੇਸ਼ ਤੌਰ ਤੇ ਉਨ੍ਹਾਂ ਦਾ ਸਨਮਾਨ ਕੀਤਾ।ਇਸ ਮੌਕੇ ਦਫ਼ਤਰ ਦੇ ਸਟਾਫ਼ ਮੈਂਬਰਾਂ ਦਰਸ਼ਨ ਮਸੀਹ ਸਟੈਨੋ, ਅਮਨਦੀਪ ਕੌਰ ਜੂਨੀਅਰ ਸਹਾਇਕ, ਰਾਜਵਿੰਦਰ ਕੌਰ ਰੀਡਰ, ਮਨਪ੍ਰੀਤ ਕੌਰ ਕਲਰਕ, ਰਵਿੰਦਰ ਸਿੰਘ ਕਲਰਕ ਵੱਲੋਂ ਅਨਿਲ ਕੁਮਾਰ ਅਤੇ ਉਨ੍ਹਾਂ ਦੀ ਧਰਮਪਤਨੀ ਵੀਨਾ ਰਾਣੀ ਨੂੰ ਯਾਦਗਾਰੀ ਚਿੰਨ੍ਹ ਅਤੇ ਤੋਹਫ਼ੇ ਦਿੱਤੇ।ਸਮੂਹ ਸਟਾਫ਼ ਨੇ ਸੁਪਰਡੈਂਟ ਅਨਿਲ ਕੁਮਾਰ ਨਾਲ ਬਿਤਾਏ ਸਮੇਂ ਦੌਰਾਨ ਕੀਤੇ ਕੰਮਾਂ ਦੀ ਵੀ ਤਾਰੀਫ਼ ਕੀਤੀ।ਅੰਤ ਵਿੱਚ ਅਨਿਲ ਕੁਮਾਰ ਵੱਲੋਂ ਐੱਸਡੀਐੱਮ ਡਾ. ਨਵਜੋਤ ਸ਼ਰਮਾ, ਐੱਸਡੀਐੱਮ ਦਫ਼ਤਰ ਸਟਾਫ਼, ਵੱਖ-ਵੱਖ ਵਿਭਾਗਾਂ ਤੋਂ ਆਏ ਅਧਿਕਾਰੀਆਂ, ਕਰਮਚਾਰੀਆਂ, ਸਟਾਫ਼ ਸਮੇਤ ਸ਼ਹਿਰ ਦੇ ਪਤਵੰਤਿਆਂ ਦਾ ਧੰਨਵਾਦ ਕੀਤਾ ਗਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸਿਮਰਤਪਾਲ ਸਿੰਘ ਰੀਡਰ ਤਹਿਸੀਲਦਾਰ, ਸੁਖਦੇਵ ਸਿੰਘ ਰਜਿਸਟਰੀ ਕਲਰਕ, ਸੁਮਨਦੀਪ ਸਿੰਘ ਲੇਖਾਕਾਰ ਮਾਰਕੀਟ ਕਮੇਟੀ, ਵਿਕਰਮਜੀਤ ਸਿੰਘ ਮੰਡੀ ਸੁਪਰਵਾਈਜ਼ਰ, ਹਰਪ੍ਰੀਤ ਸਿੰਘ ਮਾਰਕੀਟ ਕਮੇਟੀ, ਰਾਜੀਵ ਦੁੱਗਲ, ਰਤਨ ਰਕੇਸ਼, ਪਦਮ ਚਾਵਲਾ ਡੀਓਐੱਲਆਈਸੀ ਅੰਮ੍ਰਿਤਸਰ, ਦੀਪਕ ਚਾਵਲਾ ਐੱਲ. ਆਈ. ਸੀ. ਅੰਮ੍ਰਿਤਸਰ, ਸੁਖਚੈਨ ਸਿੰਘ, ਅਨੂਪ ਬਿੰਦਰਾ, ਧੀਰਜ ਕੁਮਾਰ ਮੋਨੂੰ, ਗਗਨਦੀਪ ਸਿੰਘ, ਕੁਲਦੀਪ ਸਿੰਘ ਦਾਦੂਯੋਧ ਆਦਿ ਹਾਜ਼ਿਰ ਸਨ।



# ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਪਹੁੰਚਣ 'ਤੇ ਨਗਰ ਕੀਰਤਨ ਦਾ ਭਰਵਾਂ ਸਵਾਗਤ




**ਝਬਾਲ (ਹਰਜਿੰਦਰ ਸਿੰਘ ਸੋਨੀ)-** ਚੀਫ਼ ਖਾਲਸਾ ਦੀਵਾਨ ਦੇ ਪ੍ਰਧਾਨ ਸ. ਇੰਦਰਬੀਰ ਸਿੰਘ ਨਿੱਜਰ ਦੀ ਯੋਗ ਰਹਿਨੁਮਾਈ ਹੇਠ ਚੱਲ ਰਹੀ ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਝਬਾਲ ਵਿਖੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਗੁਰਪੁਰਬ ਦੇ ਸੰਬੰਧ ਵਿੱਚ ਮਾਤਾ ਭਾਗ ਕੌਰ ਜੀ ਗੁਰਦੁਆਰੇ ਵੱਲੋਂ ਸਜਾਏ ਗਏ ਨਗਰ ਕੀਰਤਨ ਦਾ ਸਕੂਲ ਵਿਖੇ ਪਹੁੰਚਣ 'ਤੇ ਸਕੂਲ ਦੇ ਸਮੂਹ ਸਟਾਫ਼ ਦੁਆਰਾ ਭਰਵਾਂ ਸਵਾਗਤ ਕੀਤਾ ਗਿਆ।ਸਕੂਲ ਦੀ ਸਮੂਹ ਮੈਨੇਜਮੈਂਟ ਅਤੇ ਪ੍ਰਿੰਸੀਪਲ ਅਨੂਰੀਤ ਬਾਵਾ ਵੱਲੋਂ ਗੁਰੂ ਸਾਹਿਬ ਨੂੰ ਰੁਮਾਲਾ ਸਾਹਿਬ ਅਤੇ ਪੰਜ ਪਿਆਰਿਆਂ ਨੂੰ ਸਿਰੋਪਾਓ ਭੇਟ ਕੀਤੇ ਗਏ।ਸਕੂਲ ਦੇ ਮੈਂਬਰ ਇੰਚਾਰਜ ਮਨਜੀਤ ਸਿੰਘ ਢਿੱਲੋਂ, ਸ. ਆਦਰਸ਼ਪਿੰਦਰ ਸਿੰਘ ਮਾਨ, ਸ. ਅਜੀਤਪਾਲ ਸਿੰਘ ਅਨੇਜਾ ਨੇ ਸਟਾਫ਼ ਅਤੇ ਵਿਦਿਆਰਥੀਆਂ ਨੂੰ ਗੁਰੂ ਸਾਹਿਬਾਨ ਦੇ ਪ੍ਰਕਾਸ਼ ਗੁਰਪੁਰਬ ਦੀ ਵਧਾਈ ਦਿੱਤੀ।

5-Jan-PAGE-4.qxd 1/4/2026 10:59 PM Page 1

ਨਵਾਂ ਜ਼ਮਾਨਾ
ਸੋਮਵਾਰ, 5 ਜਨਵਰੀ 2026

# ਟਰੰਪਗਰਦੀ

ਵੈਨੇਜ਼ੁਏਲਾ ’ਤੇ ਅਮਰੀਕੀ ਹਮਲੇ ਦਾ ਅਸਲੀ ਕਾਰਨ 1974 ਵਿੱਚ ਹੈਨਰੀ ਕਸਿੰਜਰ ਵੱਲੋਂ ਸਾਊਦੀ ਅਰਬ ਨਾਲ ਕੀਤੇ ਗਏ ਉਸ ਸਮਝੌਤੇ ’ਚੋਂ ਲੱਭਿਆ ਜਾ ਸਕਦਾ ਹੈ, ਜਿਸ ਮੁਤਾਬਕ ਦੁਨੀਆ-ਭਰ ਵਿੱਚ ਵਿਕਣ ਵਾਲੇ ਸਾਰੇ ਤੇਲ ਦੀ ਕੀਮਤ ਅਮਰੀਕੀ ਡਾਲਰ ਵਿੱਚ ਤੈਅ ਕੀਤੀ ਗਈ। ਇਸ ਸਮਝੌਤੇ ਨੇ ਦੁਨੀਆ ਵਿੱਚ ਡਾਲਰ ਦੀ ਮਸਨੂਈ ਮੰਗ ਪੈਦਾ ਕੀਤੀ। ਧਰਤੀ ’ਤੇ ਹਰ ਦੇਸ਼ ਨੂੰ ਤੇਲ ਖਰੀਦਣ ਲਈ ਡਾਲਰ ਦੀ ਲੋੜ ਪੈਂਦੀ ਹੈ। ਇਸ ਨਾਲ ਅਮਰੀਕਾ ਨੂੰ ਅਸੀਮਤ ਪੈਸਾ ਛਾਪਣ ਦੀ ਸਹੂਲਤ ਮਿਲਦੀ ਹੈ, ਜਦਕਿ ਬਾਕੀ ਦੇਸ਼ ਉਸ ਲਈ ਮਿਹਨਤ ਕਰਦੇ ਹਨ। ਜਿਹੜੇ ਆਗੂ ਇਸ ਨੂੰ ਚੁਣੌਤੀ ਦਿੰਦੇ ਹਨ, ਉਨ੍ਹਾਂ ਨਾਲ ਕੀ ਹੁੰਦਾ ਹੈ, ਉਸ ਦਾ ਇੱਕ ਪੈਟਰਨ ਹੈ : 2000 ਵਿੱਚ ਸੱਦਾਮ ਹੁਸੈਨ ਨੇ ਐਲਾਨ ਕੀਤਾ ਸੀ ਕਿ ਇਰਾਕ ਆਪਣਾ ਤੇਲ ਡਾਲਰ ਦੀ ਥਾਂ ਯੂਰੋ ਵਿੱਚ ਵੇਚੇਗਾ। 2003 ਵਿੱਚ ਅਮਰੀਕਾ ਨੇ ਉਸ ’ਤੇ ਹਮਲਾ ਕਰਕੇ ਉਸ ਤੋਂ ਸੱਤਾ ਖੋਹ ਲਈ ਅਤੇ ਇਰਾਕ ਦਾ ਤੇਲ ਮੁੜ ਡਾਲਰ ਵਿੱਚ ਵਿਕਣ ਲੱਗਾ। ਸੱਦਾਮ ਨੂੰ ਫਾਂਸੀ ਦੇ ਦਿੱਤੀ ਗਈ। ਇਹ ਹਮਲਾ ਉਸ ਕੋਲ ਰਸਾਇਣੀ ਹਥਿਆਰ ਹੋਣ ਦਾ ਦੋਸ਼ ਲਾ ਕੇ ਕੀਤਾ ਗਿਆ ਸੀ, ਪਰ ਉਹ ਅਜੇ ਤੱਕ ਨਹੀਂ ਲੱਭੇ। 2009 ਵਿੱਚ ਲਿਬੀਆ ਦੇ ਆਗੂ ਕਰਨਲ ਗੱਦਾਫੀ ਨੇ ਤੇਲ ਵਪਾਰ ਲਈ ਇੱਕ ਸੋਨਾ-ਸਮਰਥਤ ਅਫਰੀਕੀ ਮੁਦਰਾ ‘ਗੋਲਡ ਦੀਨਾਰ’ ਦੀ ਤਜਵੀਜ਼ ਦਿੱਤੀ ਸੀ। 2011 ਵਿੱਚ ਨਾਟੋ ਨੇ ਲਿਬੀਆ ’ਤੇ ਬੰਬਾਰੀ ਕੀਤੀ ਤੇ ਗੱਦਾਫੀ ਦੀ ਹੱਤਿਆ ਕਰ ਦਿੱਤੀ। ਗੋਲਡ ਦੀਨਾਰ ਉਸ ਦੇ ਨਾਲ ਹੀ ਮਰ ਗਿਆ। ਹੁਣ ਵੈਨੇਜ਼ੁਏਲਾ ਦੇ ਰਾਸ਼ਟਰਪਤੀ ਨਿਕੋਲਸ ਮਾਦੁਰੋ ਦੀ ਵਾਰੀ ਆਈ ਹੈ। ਵੈਨੇਜ਼ੁਏਲਾ ਕੋਲ ਇਰਾਕ ਤੇ ਲਿਬੀਆ ਨਾਲੋਂ ਪੰਜ ਗੁਣਾ ਤੇਲ ਹੈ। ਉਸ ਨੇ ਚੀਨੀ ਮੁਦਰਾ ਯੁਆਨ ’ਚ ਤੇਲ ਵੇਚਣਾ ਸ਼ੁਰੂ ਕੀਤਾ ਸੀ। ‘ਬ੍ਰਿਕਸ’ ਵਿੱਚ ਸ਼ਾਮਲ ਹੋਣ ਦੀ ਅਰਜ਼ੀ ਦਿੱਤੀ ਸੀ। ਉਹ ਚੀਨ, ਰੂਸ ਤੇ ਈਰਾਨ ਨਾਲ ਮਿਲ ਕੇ ਚੱਲ ਰਿਹਾ ਸੀ, ਜਿਹੜੇ ਕਿ ਡਾਲਰ ਤੋਂ ਇਲਾਵਾ ਹੋਰਨਾਂ ਕਰੰਸੀਆਂ ਵਿੱਚ ਵਪਾਰ ਕਰਨ ਵਾਲੇ ਪ੍ਰਮੁੱਖ ਦੇਸ਼ ਹਨ। ਵੈਨੇਜ਼ੁਏਲਾ ਨੇ ਆਪਣੇ ਦੇਸ਼ ਵਿੱਚ ਅਮਰੀਕੀ ਤੇਲ ਕੰਪਨੀਆਂ ਦੀ ਚੌਧਰ ਖਤਮ ਕਰ ਦਿੱਤੀ ਸੀ। ਅਮਰੀਕੀ ਹੋਮਲੈਂਡ ਸਕਿਉਰਟੀ ਦੇ ਸਲਾਹਕਾਰ ਸਟੀਫਨ ਮਿਲਰ ਨੇ ਦੋ ਹਫਤੇ ਪਹਿਲਾਂ ਕਿਹਾ ਸੀ ਕਿ ਅਮਰੀਕੀ ਪਸੀਨਾ, ਬੁੱਧੀਮਤਾ ਤੇ ਮਿਹਨਤ ਨੇ ਵੈਨੇਜ਼ੁਏਲਾ ਵਿੱਚ ਤੇਲ ਉਦਯੋਗ ਸਥਾਪਤ ਕੀਤਾ ਸੀ। ਉਸ ਦੀ ਧੱਕੇ ਨਾਲ ਜ਼ਬਤੀ ਅਮਰੀਕੀ ਸੰਪਤੀ ਦੀ ਸਭ ਤੋਂ ਵੱਡੀ ਚੋਰੀ ਸੀ। ਅਮਰੀਕਾ ਸ਼ਰੇਆਮ ਕਹਿ ਰਿਹਾ ਹੈ ਕਿ ਵੈਨੇਜ਼ੁਏਲਾ ਦਾ ਤੇਲ ਅਮਰੀਕਾ ਦਾ ਹੈ, ਕਿਉਂਕਿ ਅਮਰੀਕੀ ਕੰਪਨੀਆਂ ਨੇ ਹੀ 100 ਸਾਲ ਪਹਿਲਾਂ ਵਿਕਸਤ ਕੀਤਾ ਸੀ। ਇਸ ਦਲੀਲ ਨਾਲ ਇਤਿਹਾਸ ਵਿੱਚ ਹਰ ਕੌਮੀਕ੍ਰਿਤ ਵਸੀਲੇ ‘ਚੋਰੀ’ ਸਨ, ਪਰ ਡੂੰਘੀ ਸਮੱਸਿਆ ਇਹ ਹੈ ਕਿ ਪੈਟਰੋ-ਡਾਲਰ ਪਹਿਲਾਂ ਹੀ ਮਰ ਰਿਹਾ ਹੈ। ਰੂਸ ਯੂਕਰੇਨ ਨਾਲ ਲੜਾਈ ਦੇ ਬਾਅਦ ਰੂਬਲ ਤੇ ਯੁਆਨ ਵਿੱਚ ਤੇਲ ਵੇਚ ਰਿਹਾ ਹੈ। ਸਾਊਦੀ ਅਰਬ ਖੁੱਲ੍ਹ ਕੇ ਯੁਆਨ ਸੈਟਲਮੈਂਟ ’ਤੇ ਚਰਚਾ ਕਰ ਰਿਹਾ ਹੈ। ਈਰਾਨ ਵਰ੍ਹਿਆਂ ਤੋਂ ਗੈਰ-ਡਾਲਰ ਮੁਦਰਾਵਾਂ ਵਿੱਚ ਵਪਾਰ ਕਰ ਰਿਹਾ ਹੈ। ਬ੍ਰਾਜ਼ੀਲ, ਰੂਸ, ਭਾਰਤ, ਚੀਨ, ਦੱਖਣੀ ਅਫਰੀਕਾ ਤੇ ਹੋਰਨਾਂ ਦੇਸ਼ਾਂ ਦਾ ਗਰੁੱਪ ‘ਬ੍ਰਿਕਸ’ ਡਾਲਰ ਨੂੰ ਬਾਈਪਾਸ ਕਰਨ ਵਾਲੀਆਂ ਭੁਗਤਾਨ ਪ੍ਰਣਾਲੀਆਂ ਬਣਾ ਰਿਹਾ ਹੈ। ਵੈਨੇਜ਼ੁਏਲਾ ਦੇ 303 ਅਰਬ ਬੈਰਲ ਤੇਲ ਨਾਲ ਬ੍ਰਿਕਸ ਵਿੱਚ ਸ਼ਾਮਲ ਹੋਣ ਨੇ ਇਸ ਪ੍ਰਕਿਰਿਆ ਨੂੰ ਤੇਜ਼ੀ ਨਾਲ ਵਧਾ ਦੇਣਾ ਸੀ। ਇਹੀ ਇਸ ਹਮਲੇ ਦਾ ਅਸਲੀ ਕਾਰਨ ਹੈ, ਨਾ ਕਿ ਨਸ਼ੀਲੀਆਂ ਦਵਾਈਆਂ ਦੀ ਤਸਕਰੀ ਰੋਕਣਾ, ਦਹਿਸ਼ਤਗਰਦੀ ਖਤਮ ਕਰਨਾ ਤੇ ਜਮਹੂਰੀਅਤ ਬਹਾਲ ਕਰਨਾ, ਜਿਸ ਦਾ ਕਿ ਅਮਰੀਕੀ ਰਾਸ਼ਟਰਪਤੀ ਟਰੰਪ ਨੇ ਦਾਅਵਾ ਕੀਤਾ ਹੈ। ਮਾਦੁਰੋ ਵੱਲੋਂ ਦਹਿਸ਼ਤਗਰਦ ਜਥੇਬੰਦੀ ਚਲਾਉਣ ਦਾ ਕੋਈ ਸਬੂਤ ਨਹੀਂ। ਰਹੀ ਗੱਲ ਲੋਕਤੰਤਰ ਦੀ ਤਾਂ ਅਮਰੀਕਾ ਉਸ ਸਾਊਦੀ ਅਰਬ ਦੀ ਹਮਾਇਤ ਕਰਦਾ ਹੈ, ਜਿੱਥੇ ਕਦੇ ਚੋਣ ਹੀ ਨਹੀਂ ਹੋਈ।

ਰੂਸ, ਚੀਨ ਤੇ ਈਰਾਨ ਨੇ ਟਰੰਪ ਦੀ ਕਾਰਵਾਈ ਨੂੰ ਹਥਿਆਰਬੰਦ ਹਮਲਾ ਕਰਾਰ ਦਿੱਤਾ ਹੈ। ਚੀਨ ਵੈਨੇਜ਼ੁਏਲਾ ਦਾ ਸਭ ਤੋਂ ਵੱਡਾ ਤੇਲ ਗਾਹਕ ਹੈ। ਇਹ ਹਮਲਾ ਉਸ ਨੂੰ ਅਰਬਾਂ ਦਾ ਨੁਕਸਾਨ ਪਹੁੰਚਾਏਗਾ। ਬ੍ਰਿਕਸ ਦੇਸ਼ ਦੇਖ ਰਹੇ ਹਨ ਕਿ ਡਾਲਰ ਦੇ ਬਾਹਰ ਵਪਾਰ ਕਰਨ ਵਾਲੇ ਦੇਸ਼ ’ਤੇ ਹਮਲਾ ਹੋ ਜਾਂਦਾ ਹੈ। ਟਰੰਪ ਨੇ ਫਿਰ ਇਸ਼ਾਰਾ ਕੀਤਾ ਹੈ ਕਿ ਡਾਲਰ ਨੂੰ ਚੁਣੌਤੀ ਦੇਣ ਵਾਲੇ ’ਤੇ ਉਹ ਬੰਬਾਰੀ ਕਰੇਗਾ, ਪਰ ਇਹ ਇਸ਼ਾਰਾ ਡਾਲਰ ਦੀ ਚੌਧਰ ਦਾ ਖਾਤਮਾ ਹੋਰ ਤੇਜ਼ ਕਰ ਸਕਦਾ ਹੈ। ਵਿਕਸਤ ਹੋ ਰਹੇ ਦੇਸ਼ ਸਮਝ ਰਹੇ ਹਨ ਕਿ ਅਮਰੀਕੀ ਧੌਂਸ ਦਾ ਟਾਕਰਾ ਮਿਲ ਕੇ ਹੀ ਕਰ ਹੋਣਾ। ਇਹ ਹਮਲਾ ਇਹ ਵੀ ਦਿਖਾਉਂਦਾ ਹੈ ਕਿ ਅਮਰੀਕਾ ਨੇ ਮੰਨ ਲਿਆ ਹੈ ਕਿ ਡਾਲਰ ਹੁਣ ਆਪਣੀ ਯੋਗਤਾ ਨਾਲ ਮੁਕਾਬਲਾ ਨਹੀਂ ਕਰ ਸਕਦਾ। ਜਦੋਂ ਆਪਣੀ ਮੁਦਰਾ ਚਲਾਉਣ ਲਈ ਦੇਸ਼ਾਂ ’ਤੇ ਬੰਬਾਰੀ ਕਰਨੀ ਪਵੇ ਤਾਂ ਮੁਦਰਾ ਪਹਿਲਾਂ ਹੀ ਮਰ ਚੁੱਕੀ ਹੁੰਦੀ ਹੈ। ਵੈਨੇਜ਼ੁਏਲਾ ’ਤੇ ਹਮਲਾ ਸੰਸਾਰ ਜੰਗ ਵੱਲ ਲਿਜਾ ਸਕਦਾ ਹੈ, ਕਿਉਂਕਿ ਚੀਨ, ਰੂਸ ਤੇ ਈਰਾਨ ਸਣੇ ਹੋਰ ਦੇਸ਼ ਹੁਣ ਅਮਰੀਕੀ ਧੌਂਸ ਨੂੰ ਬਹੁਤਾ ਚਿਰ ਬਰਦਾਸ਼ਤ ਨਹੀਂ ਕਰਨਗੇ।

## ਸ਼੍ਰੋਮਣੀ ਕਮੇਟੀ ਮੋਢੇ ਬੰਦੂਕ

ਪੱਚੀ ਸਾਲਾ ਰਾਜ ਵਾਲੇ ਸੁਪਨੇ ਹੀ ਲਈ ਜਾਂਦੇ,
‘ਹੀਰ’ ਜਿਹੀ ਸੱਤਾ ਵਾਲੀ ਕੁਰਸੀ ‘ਸਲ੍ਹੇਟੀ’ ਦੇ।
‘ਸਿੱਧੇ ਰਾਹੇ’ ਪੈਣ ਵੱਲ ਪੁਟਦੇ ਨਾ ਪੈਰ ਕੋਈ,
ਘੜੀ ਜਾਂਦੇ ਨਿੱਤ ‘ਫਾਰਮੂਲੇ’ ਅਲਸੇਟੀ ਦੇ।
ਸਿੱਖ ਵੋਟਰਾਂ ਨੇ ਮੂੰਹ ਲਾਉਣਾ ਨ੍ਹੀਂ ਭਗੌੜਿਆਂ ਨੂੰ,
ਜਦੋਂ ਤੱਕ ਪਹਿਲੇ ਹੀ ਗੁਨਾਹ ਨਹੀਂ ‘ਸਮੇਟੀ’ ਦੇ।
ਕਈ ਵਾਰ ਦੱਸਿਆ ਪੰਜਾਬ ਸਿਉਂ ਨੇ ਅਸੀਂ ਏਦਾਂ,
ਕੌਮ-ਘਾਤੀਆਂ ਦੇ ‘ਬੋਰੀ-ਬਿਸਤਰੇ’ ਵਲ੍ਹੇਟੀ ਦੇ।
ਚਾਹੁੰਦਾ ‘ਭਰਦਾਨ’ ਪੈਰ ਉਖੜੇ ‘ਜਮਾ’ ਲਵਾਂ ਮੈਂ,
ਪਰ ਇਹਦੇ ‘ਜਾਲ ਵਿੱਚ’ ਲੋਕ ਨਹੀਂ ਲਪੇਟੀ ਦੇ।
ਧਨ ਧੌਂਸ ਵਾਲੀ ‘ਗੋਲੀ’ ਚਾਹੁੰਦੇ ਆ ਚਲਾਉਣੀ ਫੇਰ,
ਰੱਖ ਕੇ ‘ਬੰਦੂਕ’ ਮੋਢੇ ‘ਸ਼੍ਰੋਮਣੀ ਕਮੇਟੀ’ ਦੇ।

-ਤਰਲੋਚਨ ਸਿੰਘ ਦੁਪਾਲਪੁਰ, 001-408-905-5517

# ਭ੍ਰਿਸ਼ਟ ਨਿਜ਼ਾਮ ਦੀ ਲੰਮੀ ਉਮਰ ਦਾ ਰਾਜ਼



ਗੁਰਚਰਨ ਸਿੰਘ ਨੂਰਪੁਰ

ਡੇਰੇ ਵਿੱਚ ਅਨੇਕਾਂ ਸ਼ਰਧਾਲੂ ਆਉਂਦੇ, ਮੱਥੇ ਰਗੜਦੇ, ਸੁੱਖਣਾ ਸੁੱਖਦੇ ਘਰਾਂ ਦੀ ਗਰੀਬੀ, ਮੰਦਹਾਲੀ ਅਤੇ ਘਰੇਲੂ ਕਲੇਸ਼ ਤੋਂ ਨਿਜਾਤ ਪਾਉਣ ਲਈ ਅਰਦਾਸਾਂ ਬੇਨਤੀਆਂ ਕਰਦੇ।

ਇਸੇ ਡੇਰੇ ਦੇ ਹੀ ਇੱਕ ਸ਼ਰਧਾਲੂ ਦੀ ਡੇਰੇ ਵਿੱਚ ਬੜੀ ਗਹਿਰੀ ਸ਼ਰਧਾ ਸੀ। ਉਹ ਹਰ ਕੰਮ ਡੇਰੇ ਤੋਂ ਓਟ-ਆਸਰਾ ਲੈ ਕੇ ਕਰਦਾ। ਘਰ ਵਿੱਚ ਗਰੀਬੀ ਸੀ, ਇਸ ਦੇ ਬਾਵਜੂਦ ਡੇਰੇ ਵਿੱਚ ਦਸਵੰਦ ਕੱਢਦਾ, ਕਈ ਦਿਨ ਡੇਰੇ ਵਿੱਚ ਸਫਾਈਆਂ ਕਰਦਾ, ਕਿਤੇ ਉਸਾਰੀ ਹੋ ਰਹੀ ਹੁੰਦੀ ਤਾਂ ਮਿੱਟੀ, ਬੱਜਰੀ, ਰੇਤਾ, ਇੱਟਾਂ ਢੋਣ ਦੀ ਸੇਵਾ ਕਰਦਾ। ਸੰਗਤਾਂ ਦੇ ਜੂਠੇ ਭਾਂਡੇ ਮਾਜਦਾ ਗੱਲ ਕੀ ਹਰ ਤਰ੍ਹਾਂ ਦੇ ਔਖੇ ਤੋਂ ਔਖੇ ਕੰਮ ਕਰਨ ਨੂੰ ਉਹ ਸੇਵਾ ਸਮਝ ਕੇ ਕਰਦਾ ਤੇ ਆਪਣੇ ਧੰਨਭਾਗ ਸਮਝਦਾ। ਡੇਰੇਦਾਰ ਉਸ ਦੀ ਆਸਥਾ ਨੂੰ ਸਮਝਦਾ ਸੀ। ਇੱਕ ਦਿਨ ਜਦੋਂ ਡੇਰੇਦਾਰ ਡੇਰੇ ਦੇ ਹਰੇ ਘਾਹ ਦੇ ਲਾਅਨ ਵਿੱਚ ਦੁੱਧ ਧੋਤਾ ਲਿਬਾਸ ਪਾ ਕੇ ਟਹਿਲ ਰਿਹਾ ਸੀ ਤਾਂ ਉਸ ਨੇ ਉਸ ਸ਼ਰਧਾਲੂ ਨੂੰ ਬੂਟਿਆਂ ਨੂੰ ਰੂੜੀ ਪਾਉਣ ਦੀ ਸੇਵਾ ਕਰਦਿਆਂ ਵੇਖਿਆ। ਡੇਰੇਦਾਰ ਦੇ ਮਨ ਵਿੱਚ ਦਇਆ ਆਈ, ਉਸ ਸ਼ਰਧਾਲੂ ਨੂੰ ਆਵਾਜ਼ ਮਾਰੀ ਤੇ ਕਿਹਾ, “ਅਸੀਂ ਤੇਰੀ ਸੇਵਾ ਤੋਂ ਬੜੇ ਖੁਸ਼ ਹਾਂ, ਅੱਜ ਜੋ ਮੰਗਣਾ ਏ ਮੰਗ ਲੈ।”

ਸ਼ਰਧਾਲੂ ਨੂੰ ਕਈ ਸਾਲਾਂ ਤੋਂ ਜਿਸ ਦੀ ਉਮੀਦ ਸੀ, ਉਹ ਉਮੀਦ, ਉਹ ਆਸ ਪੂਰੀ ਹੋਣ ’ਤੇ ਆ ਗਈ ਸੀ। ਉਸ ਦੀਆਂ ਅੱਖਾਂ ਵਿੱਚ ਖੁਸ਼ੀ ਦੇ ਹੰਝੂ ਆ ਗਏ। ਉਸ ਕਿਹਾ, ‘ਮਹਾਂਰਾਜ ਮੈਨੂੰ ਤੇ ਮੇਰੇ ਪਰਵਾਰ ਨੂੰ ਖੁਸ਼ੀਆਂ ਦੀ ਬਖਸ਼ਿਸ਼ ਕਰੋ, ਅਸੀਂ ਸਾਰਾ ਪਰਵਾਰ ਸਮਰੱਥ ਜ਼ਿੰਦਗੀ ਜਿਉਣ ਦੇ ਕਾਬਿਲ ਹੋਈਏ। ਸਾਡੀ ਜ਼ਿੰਦਗੀ ਵਿੱਚ ਖੁਸ਼ੀਆਂ-ਖੇੜੇ ਹੋਣ, ਮੈਂ ਚੰਗੀ ਜ਼ਿੰਦਗੀ ਜਿਉਣ ਦਾ ਇਛੁੱਕ ਹਾਂ।’

ਡੇਰੇਦਾਰ ਉਸ ਦੀ ਗੱਲ ਤੋਂ ਕੁਝ ਨਿਰਾਸ਼ ਹੋਇਆ ਬੋਲਿਆ, ‘ਉਸ ਕਿਹਾ-ਮੈਂ ਤੈਨੂੰ ਮੁਕਤੀ ਦਾ ਵਰ ਦਿੰਦਾ ਹਾਂ।

‘ਪਰ ਮਹਾਰਾਜ ਮੈਂ ਚੰਗੀ ਜ਼ਿੰਦਗੀ ਵੀ ਜਿਉਣੀ ਚਾਹੁੰਦਾ ਹਾਂ। ਇਹ ਵੀ ਚਾਹੁੰਦਾ ਹਾਂ ਕਿ ਮੇਰੇ ਧੀਆਂ-ਪੁੱਤਰ ਵੀ ਚੰਗੀ ਜ਼ਿੰਦਗੀ ਜਿਉਣ। ਉਹਨਾਂ ਨੂੰ ਕਿਸੇ ਅੱਗੇ ਹੱਥ ਨਾ ਅੱਡਣਾ ਪਵੇ।’ ਸ਼ਰਧਾਲੂ ਨੇ ਸਵਾਲ ਕਰ ਦਿੱਤਾ।

‘ਓ ਬੇਸਮਝ ਇਨਸਾਨ ਅਸੀਂ ਤੈਨੂੰ ਮੁਕਤੀ ਦੇ ਰਹੇ ਹਾਂ ਤੇ ਤੂੰ ਫਿਰ ਦੁਨਿਆਵੀ ਝੰਜਟਾਂ ਵਿੱਚ ਪਿਆ ਹੋਇਆ ਏ। ਕੁਝ ਹੋਸ਼ ਕਰ। ਕਿਹੋ ਜਿਹੀ ਜ਼ਿੰਦਗੀ ਚਾਹੀਦੀ ਹੈ ਤੈਨੂੰ ਬੋਲ?’ ਚਿੱਟੇ ਲਿਬਾਸ ’ਚੋਂ ਸੋਨੇ ਦੇ ਚੈਨ ਵਾਲੀ ਘੜੀ ਚਮਕੀ।

‘ਓਹੋ ਜ਼ਿਹੀ ਜ਼ਿੰਦਗੀ ਜਿਹੋ ਜਿਹੀ ਤੁਹਾਡੀ ਤੇ ਤੁਹਾਡੇ ਪਰਵਾਰ ਦੀ ਜ਼ਿੰਦਗੀ ਹੈ। ਜਦੋਂ ਤੁਹਾਡੀ ਇਹ ਮੁਕਤੀ ਮਿਲੀ, ਓਦੋਂ ਤਾਂ ਮੈਂ ਹੋਣਾ ਹੀ ਨਹੀਂ, ਤਾਂ ਇਹ ਮੁਕਤੀ ਮੇਰੇ ਕਿਸ ਕੰਮ? ਨਾਲੇ ਪਹਿਲਾਂ ਜ਼ਿੰਦਗੀ ਤਾਂ ਜਿਊ ਕੇ ਵੇਖ ਲਈਏ, ਫਿਰ ਮੁਕਤੀ ਬਾਰੇ ਵੀ ਵਿਚਾਰ ਕਰ ਲਵਾਂਗੇ।’

...ਤੇ ਜੀਵਨ ਦੇ ਸੱਚ ਅੱਗੇ ਮੁਕਤੀ ਦਾ ਵਰਦਾਨ ਬੌਣਾ ਜਿਹਾ ਹੋ ਗਿਆ ਸੀ।

ਅਖੌਤੀ ਧਰਮ ਪ੍ਰਚਾਰਕ, ਡੇਰੇਦਾਰ, ਪੁਜਾਰੀ ਸਾਨੂੰ ਕਿਸੇ ਅਗਲੇ ਜਨਮ ਨੂੰ ਸੋਧਣ, ਸੁਧਾਰਨ ਦੀਆਂ ਜੁਗਤਾਂ ਦੱਸ ਰਹੇ ਹਨ, ਪਰ ਸਾਡੇ ਇਸ ਜੀਵਨ ਵਿੱਚ ਜੋ ਕੁਝ ਹੋ ਰਿਹਾ ਹੈ, ਉਸ ਦਾ ਫਿਕਰ ਕਿੱਥੇ ਹੈ? ਸਾਡੇ ਇਸ ਜੀਵਨ ਵਿੱਚ ਸਾਡੀਆਂ ਅੱਖਾਂ ਅੱਗੇ ਹਰ ਰੋਜ਼ ਵਧੀਕੀਆਂ ਹੋ ਰਹੀਆਂ ਹਨ, ਭ੍ਰਿਸ਼ਟਾਚਾਰ ਦਾ ਬੋਲਬਾਲਾ ਦੂਰ ਤੱਕ ਵਸੀਹ ਹੁੰਦਾ ਜਾ ਰਿਹਾ ਹੈ। ਰਾਜਨੀਤਕ ਬਦਨੀਤੀਆਂ ਲੱਖਾਂ ਲੋਕਾਂ ਦੇ ਜੀਵਨ ਨੂੰ ਦੀਨ-ਹੀਣ ਬਣਾ ਰਹੀਆਂ ਹਨ। ਮਾਵਾਂ ਦੇ ਸਰੂਆਂ ਵਰਗੇ ਪੁੱਤ ਨਸ਼ਿਆਂ ਦੀ ਅੱਗ ਵਿੱਚ ਝੁਲਸ ਰਹੇ ਹਨ, ਲੋਕਾਂ ਨੂੰ ਖੈਰਾਤਾਂ ਦੇ ਪਾਤਰ ਬਣਾ ਦਿੱਤਾ ਗਿਆ ਹੈ। ਆਪਾ-ਧਾਪੀ ਤੇ ਮਾਰਾਮਾਰੀ ਦੇ ਇਸ ਦੌਰ ਵਿੱਚ ਕੁਦਰਤ ਦੇ ਖਜ਼ਾਨਿਆਂ ਨੂੰ ਹਰ ਦਿਨ ਲੁੱਟਿਆ ਜਾ ਰਿਹਾ ਹੈ। ਜਲ, ਜੰਗਲ ਤੇ ਆਲੇ-ਦੁਆਲੇ ਦੀ ਇੰਨੀ ਤਬਾਹੀ ਮਨੁੱਖੀ ਸੱਭਿਅਤਾ ਦੇ ਕਿਸੇ ਦੌਰ ਵਿੱਚ ਨਹੀਂ ਹੋਈ, ਜਿੰਨੀ ਇਸ ਵੇਲੇ ਹੋ ਰਹੀ ਹੈ। ਇਸ ਤਬਾਹੀ ’ਚੋਂ ਮਨੁੱਖ ਦੀਆਂ ਬਿਮਾਰੀਆਂ, ਦੁਸ਼ਵਾਰੀਆਂ, ਗਰੀਬੀ, ਭੁੱਖ ਨੰਗ ਬੇਕਾਰੀ ਵਰਗੇ ਸੰਕਟ ਪੈਦਾ ਹੁੰਦੇ ਹਨ। ਪਰ ਅਖੌਤੀ ਮਜ਼ਹਬੀ ਮੰਚਾਂ ਜਿੱਥੋਂ ਮਨੁੱਖ ਨੂੰ ਇਸ ਜਨਮ ਨੂੰ ਚੰਗਾ ਬਣਾਉਣ ਅਤੇ ਜਨਮਾਂ-ਜਨਮਾਂਤਰਾਂ ਤੋਂ ਮੁਕਤੀ ਪਾਉਣ ਦੀ ਜੁਗਤ ਦੱਸੀ ਜਾ ਰਹੀ ਹੈ, ਉਸ ਮੰਚ ਤੋਂ ਮਨੁੱਖ ਦੀਆਂ ਇਹ ਸਮੱਸਿਆਵਾਂ, ਦੁੱਖ ਤੇ ਸੰਕਟ ਗੈਰਹਾਜ਼ਿਰ ਹਨ। ਇਹ ਸਾਡੇ ਸਮਿਆਂ ਦਾ ਇੱਕ ਬਹੁਤ ਵੱਡਾ ਸਵਾਲ ਹੈ, ਜਿਸ ਦਾ ਜਵਾਬ ਸਾਡੇ ਸਮੇਂ ਦੇ ਅਖੌਤੀ ਧਾਰਮਿਕ ਰਹਿਬਰਾਂ ਕੋਲ ਨਹੀਂ।

ਅਸੀਂ ਆਪਣੇ ਸ਼ਹੀਦਾਂ, ਮਹਾਂਪੁਰਸ਼ਾਂ ਅਤੇ ਗੁਰੂ ਸਾਹਿਬਾਨ ਦੀਆਂ ਜੀਵਨੀਆਂ ਪੜ੍ਹੀਏ ਤਾਂ ਸਾਨੂੰ ਪਤਾ ਚੱਲਦਾ ਹੈ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਵਿੱਚ ਸਮਾਜ ਹੈ, ਇਹ ਦੁਨੀਆ ਹੈ, ਇਸੇ ਜੀਵਨ ਨੂੰ ਚੰਗਾ ਤੇ ਬਿਹਤਰ ਬਣਾਉਣ ਦਾ ਫੁਰਮਾਨ ਹੈ। ਇਸੇ ਸਮਾਜ ਲਈ ਕੁਝ ਚੰਗਾ ਕਰਨ ਦਾ ਸੰਕਲਪ ਹੈ। ਪਹਿਲੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਜਦੋਂ ਇਹ ਫੁਰਮਾਉਂਦੇ ਹਨ :

*ਕਾਦੀ ਕੂੜੁ ਬੋਲਿ ਮਲੁ ਖਾਇ ॥ ਬ੍ਰਾਹਮਣੁ ਨਾਵੈ ਜੀਆ ਘਾਇ ॥*
*ਜੋਗੀ ਜੁਗਤਿ ਨ ਜਾਣੈ ਅੰਧੁ ॥ ਤੀਨੇ ਓਜਾੜੇ ਕਾ ਬੰਧੁ ॥*

ਗੁਰੂ ਸਾਹਿਬ ਦਾ ਭਾਵ ਉਸ ਸਮੇਂ ਦੀ ਉਸ ਧਾਰਮਿਕ ਜਮਾਤ ਨੂੰ ਹੀ ਕਟਹਿਰੇ ਵਿੱਚ ਖੜਾ ਕਰਨਾ ਸੀ, ਜੋ ਲੋਕਾਂ ਦੀ ਗੱਲ ਕਰਨ ਦੀ ਬਜਾਏ ਸਮੇਂ ਦੇ ਹਾਕਮਾਂ ਦੀ ਝੋਲੀ-ਚੁੱਕ ਬਣੀ ਹੋਈ ਸੀ। ਇਸ ਤਰ੍ਹਾਂ ਗੁਰੂ ਜੀ ਨੇ ਲੋਕਾਂ ਨੂੰ ਸੱਚ ਦੇ ਮਾਰਗ ’ਤੇ ਚੱਲਣ ਦੀ ਤਾਗੀਦ ਕਰਦਿਆਂ ਉਸ ਸਮੇਂ ਦੇ ਇਹਨਾਂ ਧਾਰਮਿਕ ਅਡੰਬਰ ਕਰਨ ਵਾਲਿਆਂ ਦੀ ਅਸਲੀਅਤ ਵੀ ਲੋਕਾਂ ਸਾਹਮਣੇ ਰੱਖੀ। ਉਸ ਸਮੇਂ ਦੇ ਹਾਕਮ, ਜੋ ਲੋਕਾਂ ਨੂੰ ਲੁੱਟ ਕੇ ਆਪਣੀਆਂ ਤਜੌਰੀਆਂ ਭਰ ਰਹੇ ਸਨ, ਧਨਾਢ ਬਣ ਰਹੇ ਸਨ, ਲੋਕਾਂ ਦਾ ਹੱਕ ਖਾ ਰਹੇ ਸਨ, ਉਹਨਾਂ ਹਾਕਮਾਂ ਦੇ ਕਿਰਦਾਰ ਸੰਬੰਧੀ ਗੁਰੂ ਸਾਹਿਬ ਨੇ ਫੁਰਮਾਇਆ

*ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥*
*ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ ॥*

ਸਾਡੇ ਅੱਜ ਦੇ ਸਮਾਜ ਵਿੱਚ ਇਹ ਸਭ ਕੁਝ ਬੀਤੇ ਨਾਲੋਂ ਕਈ ਗੁਣਾਂ ਵੱਧ ਹੋ, ਬੀਤ ਰਿਹਾ ਹੈ, ਪਰ ਸਾਡੇ ਸਮਿਆਂ ਦੇ ਵੱਖ-ਵੱਖ ਸੰਪਰਦਾਵਾਂ, ਮਜ਼ਾਰਾਂ, ਡੇਰਿਆਂ, ਅਖੌਤੀ ਧਰਮ ਅਸਥਾਨਾਂ ਦੇ ਰਹਿਬਰਾਂ ਦੀ ਲੋਕ ਪੱਖੀ ਮਾਨਵਤਾ ਦੀ ਆਵਾਜ਼ ਕਿੱਥੇ ਹੈ? ਸਾਡੇ ਲੋਕ ਵੱਖ-ਵੱਖ ਤਰ੍ਹਾਂ ਦੇ ਸੰਕਟ ਅਤੇ ਸਮੱਸਿਆਵਾਂ ਹੰਢਾ ਰਹੇ ਹਨ। ਇਸ ਸਥਿਤੀ ਵਿੱਚ ਧਾਰਮਿਕ ਅਡੰਬਰ ਅਤੇ ਇਹਨਾਂ ਦੇ ਰਚਨਹਾਰੇ ਲੋਕਾਂ ਨੂੰ ਦੱਸਦੇ ਹਨ ਕਿ ਤੁਹਾਡੀਆਂ ਮੁਸ਼ਕਲਾਂ, ਸਮੱਸਿਆਵਾਂ ਕਿਸੇ ਰਾਜਨੀਤਕ ਭੈੜ ਕਰਕੇ ਨਹੀਂ, ਬਲਕਿ ਇਹ ਸਭ ਕੁਝ ਤਾਂ ਕਿਸਮਤ ਦੀਆਂ ਖੇਡਾਂ ਨੇ, ਕਰਮਾਂ ਦਾ ਲੇਖਾ-ਜੋਖਾ ਹੈ। ਜੇਕਰ ਕਿਸੇ ਦਫਤਰ ਵਿੱਚ ਜਾਂਦਿਆਂ ਤੁਹਾਡੇ ਲੀੜੇ ਲਾਹ ਲਏ ਜਾਂਦੇ ਹਨ, ਕਿਸੇ ਸਰਕਾਰੀ ਅਦਾਰੇ ਵਿੱਚ ਤੁਹਾਡੀ ਗੱਲ ਨਹੀਂ ਸੁਣੀ ਜਾ ਰਹੀ, ਜੇਕਰ ਕਿਸੇ ਰਸਤੇ ਤੋਂ ਲੰਘਦਿਆਂ ਤੁਹਾਨੂੰ ਲੁੱਟ ਲਿਆ ਜਾਂਦਾ ਹੈ, ਜੇਕਰ ਇਸ ਧਰਤੀ ’ਤੇ ਤੁਹਾਡੇ ਬੱਚਿਆਂ ਦਾ ਭਵਿੱਖ ਤਬਾਹ ਕਰ ਦਿੱਤਾ ਜਾਂਦਾ ਹੈ, ਜੇਕਰ ਤੁਹਾਡੇ ਆਲੇ-ਦੁਆਲੇ ਗੰਦਗੀ ਦੇ ਢੇਰ ਨੇ, ਜੇਕਰ ਤੁਹਾਡਾ ਆਲਾ-ਦੁਆਲਾ ਬਿਮਾਰੀਆਂ ਪੈਦਾ ਕਰ ਰਿਹਾ ਹੈ, ਜੇਕਰ ਤੁਹਾਨੂੰ ਤੇ ਤੁਹਾਡੀਆਂ ਔਲਾਦਾਂ ਨੂੰ ਨਕਲੀ ਖਾਣੇ ਅਤੇ ਨਕਲੀ ਦਵਾਈਆਂ ਮਿਲ ਰਹੀਆਂ, ਜਿਹਨਾਂ ਨੂੰ ਖਾਣ ਨਾਲ ਤੁਸੀਂ ਬਿਮਾਰ ਹੋ ਰਹੇ ਹੋ, ਤੁਹਾਨੂੰ ਜ਼ਿਹਨੀ ਤੌਰ ’ਤੇ ਗੁਲਾਮ ਬਣਾਉਣ ਲਈ ਹਰ ਤਰ੍ਹਾਂ ਦੇ ਰੱਸੇ-ਪੈੜੇ ਵੱਟੇ ਜਾ ਰਹੇ ਹਨ, ਭ੍ਰਿਸ਼ਟਾਚਾਰ ਸਮਾਜ ਦੀਆਂ ਜੜ੍ਹਾਂ ਨੂੰ ਖਾ ਰਿਹਾ ਹੈ ਤਾਂ ਇਸ ਲਈ ਸਾਡਾ ਇਹ ਭ੍ਰਿਸ਼ਟ ਨਿਜਾਮ ਜ਼ਿੰਮੇਵਾਰ ਨਹੀਂ, ਬਲਕਿ ਇਹ ਸਭ ਕੁਝ ਤਾਂ ਸਾਡੀ ਧੁਰੋਂ ਲਿਖੀ ਕਿਸਮਤ ਕਰਕੇ ਹੋ ਰਿਹਾ ਹੈ, ਜੇਕਰ ਕਿਸੇ ਕਿਸਮਤ ਨੂੰ ਬਦਲਣਾ ਹੈ ਤਾਂ ਇਸ ਲਈ ਜ਼ਰੂਰੀ ਹੈ ਕਿ ਅਸੀਂ ਅਖੌਤੀ ਸਾਧਾਂ, ਬਾਬਿਆਂ ਦੀਆਂ ਚੌਂਕੀਆਂ ਭਰੀਏ, ਇਹਨਾਂ ਦੇ ਡੇਰਿਆਂ ਦਰਬਾਰਾਂ ’ਤੇ ਜਾ ਕੇ ਸੇਵਾ ਕਰੀਏ, ਦਸਵੰਧ ਕੱਢੀਏ। ਇਹ ਅੰਧਵਿਸ਼ਵਾਸ ਲੋਕਾਂ ਦੇ ਵਿਵੇਕ ਨੂੰ ਬੌਣਾ ਬਣਾ ਰਿਹਾ ਹੈ। ਇਸ ਮਾਨਸਿਕਤਾ ਨਾਲ ਜਿੱਥੇ ਇਸ ਭ੍ਰਿਸ਼ਟ ਨਿਜਾਮ ਦਾ ਕੱਦ ਵੱਡਾ ਹੁੰਦਾ ਹੈ, ਉੱਥੇ ਇਸ ਮਾਨਸਿਕਤਾ ਨਾਲ ਇਸ ਦੀ ਨਿਜ਼ਾਮ ਦੀ ਉਮਰ ਵੀ ਲੰਮੀ ਹੁੰਦੀ ਹੈ।

ਇਸੇ ਮਾਨਸਿਕਤਾ ਤਹਿਤ ਲੋਕ ਆਪਣੇ ਘਰਾਂ ਦੀ ਗਰੀਬੀ, ਬਿਮਾਰੀ, ਲੜਾਈਆਂ, ਕਲੇਸ਼ ਤੋਂ ਨਿਜਾਤ ਪਾਉਣ ਲਈ ਮਹੀਨੇ, ਮੱਸਿਆ, ਪੁੰਨਿਆ, ਵੱਖ-ਵੱਖ ਵਾਰਾਂ ਵਿੱਚ ਇਹਨਾਂ ਡੇਰਿਆਂ, ਮੱਠਾਂ ਮਜ਼ਾਰਾਂ, ਅਖੌਤੀ ਧਰਮ ਅਸਥਾਨਾਂ ਦੇ ਭੰਡਾਰਿਆਂ ਦੀਆਂ ਹਾਜ਼ਰੀਆਂ ਭਰਦੇ ਹਨ। ਇਸ ਨਾਲ ਅਖੌਤੀ ਧਰਮ ਸਥਾਨਾਂ ਦੀਆਂ ਜਾਇਦਾਦਾਂ ਬੇਹਿਸਾਬੀਆਂ ਵਧਦੀਆਂ ਹਨ। ਅਖੌਤੀ ਰਾਜਨੀਤਕ ਆਗੂ ਵੋਟਾਂ ਦੇ ਪਰਾਗੇ ਭਰਨ ਲਈ ਇਹਨਾਂ ਡੇਰਿਆਂ, ਮੱਠਾਂ, ਮਜ਼ਾਰਾਂ ਦੀ ਹਾਜਰੀ ਭਰਦੇ ਹਨ।

ਕਿਸੇ ਵੀ ਦੇਸ਼, ਸਮਾਜ ਨੂੰ ਆਪਣੀਆਂ ਸਮੱਸਿਆਵਾਂ ਤੋਂ ਨਿਜਾਤ ਪਾਉਣ ਲਈ ਵਿਗਿਆਨਕ ਪਹੁੰਚ ਦੀ ਲੋੜ ਹੁੰਦੀ ਹੈ। ਦੁਨੀਆ ਦੇ ਜਿਹੜੇ ਮੁਲਕਾਂ ਵਿੱਚ ਵਿਗਿਆਨਕ ਸੋਚ ਦਾ ਪ੍ਰਸਾਰ ਹੋਇਆ, ਉੱਥੇ ਜ਼ਿਆਦਾਤਰ ਸਮੱਸਿਆਵਾਂ ਹੱਲ ਕਰ ਲਈਆਂ ਗਈਆਂ, ਪਰ ਦੁਨੀਆ ਦੇ ਜਿਹੜੇ-ਜਿਹੜੇ ਖਿੱਤਿਆਂ ਵਿੱਚ ਅੰਧਵਿਸ਼ਵਾਸ ਅਤੇ ਰੂੜ੍ਹੀਵਾਦੀ ਧਾਰਨਾਵਾਂ ਪ੍ਰਚਾਰੀਆਂ ਗਈਆਂ, ਉੱਥੇ ਲੋਕਾਂ ਦੀਆਂ ਸਮੱਸਿਆਵਾਂ ਘਟਣ ਦੀ ਬਜਾਏ ਵਧਦੀਆਂ ਗਈਆਂ। ਜੇਕਰ ਕੋਈ ਵਿਅਕਤੀ ਨਿੱਜੀ ਤੌਰ ’ਤੇ ਸਾਧਨਾਂ ਪੱਖੋਂ ਸੰਪੰਨ ਹੈ, ਪਰ ਉਸ ਦੇ ਆਲੇ-ਦੁਆਲੇ ਦਾ ਸਮਾਜ ਅਜਿਹਾ, ਜਿੱਥੇ ਲੁੱਟਮਾਰ ਨਸ਼ੇ ਹਨ, ਕਤਲੋਗਾਰਤ ਹੈ, ਇਹ ਸਮੱਸਿਆਵਾਂ ਕਿਸੇ ਨਾ ਕਿਸੇ ਰੂਪ ਉਸ ਸਾਧਨ ਸੰਪੰਨ ਵਿਅਕਤੀ ਦੇ ਜੀਅ ਦਾ ਜੰਜਾਲ ਵੀ ਬਣਨਗੀਆਂ। ਜੇਕਰ ਅਸੀਂ ਚਾਹੁੰਦੇ ਹਾਂ ਕਿ ਸਾਡਾ ਇਹ ਸਮਾਜ ਬਿਹਤਰ ਹੋਵੇ, ਸਾਡਾ ਆਲਾ-ਦੁਆਲਾ ਸਾਫ-ਸੁਥਰਾ ਤੇ ਚੰਗਾ ਹੋਵੇ, ਸਾਡੇ ਸਮਾਜ ਵਿੱਚ ਸੁੱਖ ਸ਼ਾਂਤੀ ਅਤੇ ਸਹਿਜ-ਸਬਰ ਹੋਵੇ ਤਾਂ ਸਾਨੂੰ ਆਪਣੇ ਸਮਾਜ ਦੀਆਂ ਮੁਸ਼ਕਲਾਂ, ਸਮੱਸਿਆਵਾਂ ਦੀ ਸ਼ਨਾਖਤ ਕਰਨੀ ਹੋਵੇਗੀ ਅਤੇ ਇਹਨਾਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਕਿਸੇ ਗੈਬੀ ਤਾਕਤ ਦੀ ਉਡੀਕ ਛੱਡ ਕੇ ਆਪ ਹੱਲ ਕਰਨ ਲਈ ਯਤਨਸ਼ੀਲ ਹੋਣਾ ਪਵੇਗਾ, ਤਾਂ ਹੀ ਸਾਡਾ ਇਹ ਸਮਾਜ ਮਨੁੱਖਾਂ ਦੇ ਰਹਿਣਯੋਗ ਬਣ ਸਕਦਾ ਹੈ।

# ਸੰਪਰਕ : 98555-051099

# ਸਾਲ 2026 ਰਹੇਗਾ ਸਿਆਸੀ ਸਰਗਰਮੀਆਂ ਦਾ ਵਰ੍ਹਾ



ਗੁਰਮੇਲ ਸਿੰਘ ਸੰਗਤਪੁਰਾ

ਅਸੀਂ ਸਾਲ 2025 ਨੂੰ ਅਲਵਿਦਾ ਅਤੇ ਸਾਲ 2026 ਨੂੰ ਖ਼ਸ਼ਾਮਦੀਦ ਕਹਿਣ ਜਾ ਰਹੇ ਹਾਂ । ਸਾਲ 2025 ਜਿਥੇ ਆਪਣੀਆਂ ਮਿੱਠੀਆਂ, ਕੌੜੀਆਂ, ਸਲੂਣੀਆਂ ਯਾਦਾ ਦੀ ਪਟਾਰੀ ਛੱਡ ਕੇ ਸਮਾਪਤ ਹੋ ਜਾਵੇਗਾ, ਉਥੇ ਸਾਲ 2026 ਸਿਆਸੀ ਸਰਗਰਮੀਆਂ ਦਾ ਵਰ੍ਹਾ ਜ਼ਰੂਰ ਰਹੇਗਾ । ਗੱਲ ਪੰਜਾਬ ਵਿਧਾਨ ਸਭਾ ਦੇ ਹਲਕਾ ਲਹਿਰਾਗਾਗਾ ਦੀ ਕਰਦੇ ਹਾਂ। ਇਸ ਹਲਕੇ ਅੰਦਰ ਵੀ ਹਾਲ ਹੀ ਵਿੱਚ ਹੜ੍ਹਾਂ ਵਰਗੀਆਂ ਕੁਦਰਤੀ ਆਫ਼ਤਾਂ ਨੇ ਪੰਜਾਬ ਦੀ ਰਾਜਨੀਤੀ ਨੂੰ ਨਵਾਂ ਮੋੜ ਦਿੱਤਾ ਹੈ। ਖਾਸ ਕਰਕੇ, ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਰਾਹਤ ਕਾਰਜਾਂ ਵਿੱਚ ਸਰਗਰਮ ਭੂਮਿਕਾ ਨਿਭਾਈ, ਜਿਸ ਨਾਲ ਉਨ੍ਹਾਂ ਦੀ ਸਿਆਸੀ ਸਥਿਤੀ ਮਜ਼ਬੂਤ ਹੋਈ ਹੈ। ਇਹ ਸਥਿਤੀ ਖਾਸ ਤੌਰ ’ਤੇ ਲਹਿਰਾਗਾਗਾ ਵਿਧਾਨ ਸਭਾ ਹਲਕੇ ਵਿੱਚ 2026 ਦੀਆਂ ਚੋਣਾਂ ਨੂੰ ਪ੍ਰਭਾਵਤ ਕਰ ਸਕਦੀ ਹੈ, ਜਿੱਥੇ ਵੱਖ-ਵੱਖ ਪਾਰਟੀਆਂ ਵਿਚਕਾਰ ਤਿੱਖੀ ਟੱਕਰ ਦੇ ਆਸਾਰ ਨਜ਼ਰ ਆ ਰਹੇ ਹਨ। ਇਸ ਹਲਕੇ ਵਿੱਚ ਮੁੱਖ ਪਾਰਟੀਆਂ ਆਮ ਆਦਮੀ ਪਾਰਟੀ (ਆਪ), ਅਕਾਲੀ ਦਲ ਬਾਦਲ ਅਤੇ ਅਕਾਲੀ ਦਲ ਪੁਨਰ ਸੁਰਜੀਤ ਅਤੇ ਕਾਂਗਰਸ ਹਨ, ਜਦੋਂਕਿ ਹਲਕੇ ਅੰਦਰ ਭਾਜਪਾ, ਬਸਪਾ ਅਤੇ ਸੀ ਪੀ ਆਈ ਵੀ ਆਪਣਾ ਪ੍ਰਭਾਵ ਦਿਖਾਉਣਗੀਆਂ ।

ਆਓ, ਹਲਕਾ ਲਹਿਰਾਗਾਗਾ ਤੋਂ ਮੁੱਖ ਪਾਰਟੀਆਂ ਅਤੇ ਉਨ੍ਹਾਂ ਦੇ ਉਮੀਦਵਾਰ ਪ੍ਰਮੁੱਖ ਚਿਹਰਿਆਂ ਉੱਪਰ ਸਰਸਰੀ ਪੰਛੀ ਝਾਤ ਮਾਰੀਏ ਤਾਂ ‘ਆਪ’ ਦੀ ਸਥਿਤੀ ਹਾਲ ਦੀ ਘੜੀ ਸਭ ਤੋਂ ਮਜ਼ਬੂਤ ਨਜਰ ਆ ਰਹੀ ਹੈ, ਪਰ ਅਕਾਲੀ ਦਲ ਬਾਦਲ, ਅਕਾਲੀ ਦਲ ਪੁਨਰ ਸੁਰਜੀਤ, ਕਾਂਗਰਸ ਅਤੇ ਅਕਾਲੀ ਦਲ ਅੰਮ੍ਰਿਤਸਰ ਅਤੇ ਭਾਜਪਾ ਵੀ ਘੱਟ ਨਹੀਂ ਕਹਾਉਂਦੀਆਂ। ਆਮ ਆਦਮੀ ਪਾਰਟੀ ਦੇ ਮੌਜੂਦਾ ਕੈਬਨਿਟ ਮੰਤਰੀ ਬਰਿੰਦਰ ਗੋਇਲ ਇਸ ਪਾਰਟੀ ਲਈ ਸਭ ਤੋਂ ਵੱਡਾ ਚਿਹਰਾ ਬਣ ਚੁੱਕੇ ਹਨ । ਉਨ੍ਹਾਂ ਦੀਆਂ ਨੀਤੀਆਂ ਅਤੇ ਵਿਕਾਸ ਕਾਰਜਾਂ ਨੇ ਲੋਕਾਂ ਵਿੱਚ ਉਨ੍ਹਾ ਦੀ ਪਕੜ ਮਜ਼ਬੂਤ ਕੀਤੀ ਹੈ। ਨਾਲ ਹੀ ਜਸਵੀਰ ਸਿੰਘ ਕੁਦਨੀ ਨੰਬਰ ਦੋ ਵਜੋਂ ਉੱਭਰੇ ਹਨ, ਜੋ ਪਾਰਟੀ ਦੀ ਅੰਦਰੂਨੀ ਤਾਕਤ ਨੂੰ ਵਧਾਉਂਦੇ ਹਨ। ਅਕਾਲੀ ਦਲ ਬਾਦਲ ਨਾਲ ਸੰਬੰਧਤ ਮਰਹੂਮ ਜਥੇਦਾਰ ਗਰਜਾ ਸਿੰਘ ਦਰਵੇਸ਼ ਸਿਆਸਤਦਾਨ ਦੇ ਸਪੁੱਤਰ ਗਗਨਦੀਪ ਸਿੰਘ ਖੰਡੇਬਾਦ, ਗੁਰਦੀਪ ਸਿੰਘ ਮਕੋਰੜ ਸਾਹਿਬ (ਦੋ ਵਾਰ ਮਾਰਕਿਟ ਕਮੇਟੀ ਮੂਨਕ ਦੇ ਚੇਅਰਮੈਨ ਰਹਿ ਚੁੱਕੇ ਅਤੇ ਪਾਰਟੀ ਨਾਲ ਲੰਮੇ ਸਮੇਂ ਤੋਂ ਜੁੜੇ) ਅਤੇ ਕੇ ਜੀ ਐੱਸ ਚੀਮਾ (ਕਸਬਾ ਮੂਨਕ ਨਾਲ ਸਬੰਧਤ ਆਈ ਏ ਐੱਸ ਅਧਿਕਾਰੀ) ਵਰਗੇ ਨੇਤਾ ਮਜ਼ਬੂਤ ਦਾਅਵੇਦਾਰ ਹਨ। ਗੁਰਦੀਪ ਸਿੰਘ ਮਕੋਰੜ ਉਹ ਵਿਅਕਤੀ ਹਨ, ਜਿਨ੍ਹਾਂ 4 ਦਸੰਬਰ 2024 ਨੂੰ ਸੁਖਬੀਰ ਬਾਦਲ ਉੱਪਰ ਹਮਲਾ ਕਰਨ ਵਾਲੇ ਨਰਾਇਣ ਸਿੰਘ ਚੌੜਾ ਨੂੰ ਜੱਫਾ ਪਾਉਣ ਵਿੱਚ ਵੀ ਅਹਿਮ ਭੂਮਿਕਾ ਨਿਭਾਈ ਹੈ। ਉਨ੍ਹਾ ਦੀ ਇਸ ਕਾਰਵਾਈ ਨੇ ਪਾਰਟੀ ਪ੍ਰਧਾਨ ਪ੍ਰਤੀ ਉਸ ਦੀ ਵਫ਼ਾਦਾਰੀ ਸਾਬਤ ਹੋਈ ਹੈ।

ਅਕਾਲੀ ਦਲ ਪੁਨਰ ਸੁਰਜੀਤ ਦੇ ਪਰਮਿੰਦਰ ਸਿੰਘ ਢੀਂਡਸਾ (ਸਾਬਕਾ ਸੂਬਾ ਖਜ਼ਾਨਾ ਮੰਤਰੀ), ਸੁਖਵੰਤ ਸਿੰਘ ਸਰਾਓ ਰਿਟਾਇਰਡ ਏ ਡੀ ਸੀ, ਜੋ ਪਹਿਲਾਂ ਅਕਾਲੀ ਦਲ ਬਾਦਲ ਵੱਲੋਂ ਲਹਿਰਾਗਾਗਾ ਤੋਂ ਚੋਣ ਲੜ ਚੁੱਕੇ ਹਨ ਅਤੇ ਰਾਮਪਾਲ ਬਹਿਣੀਵਾਲ ਵਰਗੇ ਨੇਤਾ ਇੱਥੇ ਸਰਗਰਮ ਹਨ। ਇਹ ਪਾਰਟੀ ਪੰਥਕ ਮੁੱਦਿਆਂ ’ਤੇ ਜ਼ੋਰ ਦੇ ਕੇ ਵੋਟ ਬੈਂਕ ਨੂੰ ਪ੍ਰਭਾਵਤ ਕਰ ਸਕਦੇ ਹਨ।ਕਾਂਗਰਸ ਦੀ ਬੀਬੀ ਰਜਿੰਦਰ ਕੌਰ ਭੱਠਲ ਦੇ ਫਰਜ਼ੰਦ ਰਾਹੁਲ ਇੰਦਰ ਸਿੰਘ ਸਿੱਧੂ ਮੋਹਰੀ ਆਗੂ ਵਜੋਂ ਉੱਭਰ ਰਹੇ ਹਨ। ਇਸ ਤੋਂ ਇਲਾਵਾ ਸਨਮੀਕ ਸਿੰਘ ਹੈਨਰੀ (ਭੱਠਲ ਨਾਲ ਨੇੜੇ ਰਹਿ ਕੇ ਸਿਆਸੀ ਦਾਅ-ਪੇਚ ਸਿੱਖੇ) ਅਤੇ ਦੁਰਲੱਭ ਸਿੰਘ ਸਿੱਧੂ ਵੀ ਦਾਅਵੇਦਾਰੀ ਜਤਾ ਰਹੇ ਹਨ । ਭੱਠਲ ਪਰਵਾਰ ਦੀ ਵਿਰਾਸਤ ਇਸ ਪਾਰਟੀ ਨੂੰ ਮਜ਼ਬੂਤੀ ਪ੍ਰਦਾਨ ਕਰਦੀ ਹੈ, ਪਰ ਅੰਦਰੂਨੀ ਕਲੇਸ਼ ਚੁਣੌਤੀ ਵੀ ਬਣ ਸਕਦਾ ਹੈ।

ਭਾਰਤੀ ਜਨਤਾ ਪਾਰਟੀ ਦੇ ਵਿਨੋਦ ਸਿੰਗਲਾ (ਲਹਿਰਾਗਾਗਾ ਤੋਂ) ਅਤੇ ਸੰਜੇ ਸੂਦ (ਖਨੌਰੀ ਤੋਂ) ਵਰਗੇ ਨੇਤਾ ਇੱਥੇ ਸਰਗਰਮ ਹਨ। ਪਾਰਟੀ ਕੇਂਦਰੀ ਨੀਤੀਆਂ ’ਤੇ ਜ਼ੋਰ ਦੇ ਕੇ ਖਾਸ ਵਰਗਾਂ ਨੂੰ ਆਕਰਸ਼ਿਤ ਕਰ ਸਕਦੀ ਹੈ।ਸੀ ਪੀ ਆਈ ਦੇ ਸਤਵੰਤ ਸਿੰਘ ਖੰਡੇਬਾਦ ਦਾ ਨਾਂਅ ਚਰਚਾ ਵਿੱਚ ਹੈ। ਇਹ ਪਾਰਟੀ ਮਜ਼ਦੂਰ ਅਤੇ ਕਿਸਾਨ ਮੁੱਦਿਆਂ ’ਤੇ ਧਿਆਨ ਕੇਂਦਰਤ ਕਰਕੇ ਅਸਰ ਪਾ ਸਕਦੀ ਹੈ। ਬਹੁਜਨ ਸਮਾਜ ਪਾਰਟੀ (ਬਸਪਾ) ਦੇ ਪੁਰਾਣੇ ਅਤੇ ਸ਼ਰੀਫ਼ ਵਿਅਕਤੀ ਬੰਤ ਸਿੰਘ ਗੁਰਨੇ ਅਤੇ ਦਰਸ਼ਨ ਸਿੰਘ ਕਾਲਬੰਜਾਰਾ ਵਰਗੇ ਨੇਤਾ ਸਰਗਰਮ ਹਨ । ਬਸਪਾ ਦਲਿਤ ਅਤੇ ਪੱਛੜੇ ਵਰਗਾਂ ਵਿੱਚ ਪਕੜ ਰੱਖਦੀ ਹੈ ਅਤੇ ਗੱਠਜੋੜਾਂ ਨਾਲ ਮਜ਼ਬੂਤੀ ਹਾਸਲ ਕਰ ਸਕਦੀ ਹੈ। ਸੰਭਾਵੀ ਨਤੀਜੇ ਅਤੇ ਚੁਣੌਤੀਆਂ, ਪਾਰਟੀਆਂ ਦੀ ਤਾਕਤ ਨੂੰ ਵੇਖਦਿਆਂ ਆਪ ਤੋਂ ਬਾਅਦ ਅਕਾਲੀ ਦਲ ਬਾਦਲ, ਅਕਾਲੀ ਦਲ ਪੁਨਰ ਸੁਰਜੀਤ, ਕਾਂਗਰਸ, ਅਕਾਲੀ ਦਲ ਅੰਮ੍ਰਿਤਸਰ, ਭਾਜਪਾ, ਸੀ ਪੀ ਆਈ ਅਤੇ ਬਸਪਾ ਦਾ ਨੰਬਰ ਆਉਂਦਾ ਹੈ।

ਜੇਕਰ ਅਕਾਲੀ ਦਲ ਬਾਦਲ, ਅਕਾਲੀ ਦਲ ਪੁਨਰ ਸੁਰਜੀਤ ਜਾਂ ਕਾਂਗਰਸ ਵਿੱਚੋਂ ਕੋਈ ਪਾਰਟੀ ਆਪਣੇ ਮਜ਼ਬੂਤ ਚਿਹਰੇ ਨੂੰ ਸਮੇਂ ਸਿਰ ਲੋਕਾਂ ਸਾਹਮਣੇ ਨਾ ਲਿਆ ਸਕੀ, ਤਾਂ ਇਨ੍ਹਾਂ ਵਿੱਚੋਂ ਉਸ ਪਾਰਟੀ ਦੀ ਸਥਿਤੀ ਹੇਠ-ਉੱਪਰ ਹੋ ਸਕਦੀ ਹੈ । ਬਾਕੀ ਪਾਰਟੀਆਂ ਦੇ ਆਗੂ ਵੀ ਸਮਾਜਿਕ ਮੁੱਦਿਆਂ ਜਿਵੇਂ ਕਿਸਾਨੀ, ਵਿਕਾਸ ਅਤੇ ਬੇਰੁਜ਼ਗਾਰੀ ਨੂੰ ਲੈ ਕੇ ਸਰਗਰਮ ਰਹੇ ਹਨ, ਜੋ ਚੋਣਾਂ ਵਿੱਚ ਨਿਰਣਾਇਕ ਭੂਮਿਕਾ ਨਿਭਾ ਸਕਦੇ ਹਨ । ਮੌਕੇ ਦੇ ਹਾਲਾਤ ਨਾਲ ਸਿਆਸੀ ਸਮੀਕਰਨ ਬਦਲਦੇ ਰਹਿੰਦੇ ਹਨ ਅਤੇ ਬਦਲ ਸਕਦੇ ਹਨ, ਜਿੱਤ-ਹਾਰ ਵਿਚ ਉਮੀਦਵਾਰ ਦਾ ਆਪਣਾ ਪ੍ਰਭਾਵ ਵੀ ਅਸਰ ਪਾਉਂਦਾ ਹੈ, ਪਰ ਇੱਕ ਗੱਲ ਤੈਅ ਹੈ ਕਿ ਸਾਲ 2026 ਵਿੱਚ ਲਹਿਰਾਗਾਗਾ ਹਲਕਾ ਸਾਰੀਆਂ ਸਿਆਸੀ ਧਿਰਾਂ ਲਈ ਇੱਕ ਵੱਡਾ ਅਖਾੜਾ ਜ਼ਰੂਰ ਬਣੇਗਾ। ਗੱਠਜੋੜ, ਵੋਟ ਬੈਂਕ ਅਤੇ ਲੋਕਲ ਮੁੱਦੇ ਇੱਥੇ ਨਤੀਜੇ ਨਿਰਧਾਰਿਤ ਕਰਨਗੇ। ਇਹ ਵਿਸ਼ਲੇਸ਼ਣ ਮੌਜੂਦਾ ਰੁਝਾਨਾਂ ’ਤੇ ਆਧਾਰਤ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਬਦਲਾਅ ਵੀ ਸੰਭਵ ਹਨ।

# ਸੰਪਰਕ : 98769-57180

# ਕੀ ਘੁਸਪੈਠੀਆਂ ਦੇ ਮੁੱਦੇ ’ਤੇ ਝੂਠ ਬੋਲਦੀ ਹੈ ਭਾਜਪਾ

ਪ੍ਰੋ.ਪਰਮਜੀਤ ਸਿੰਘ ਨਿੱਕੇ ਘੁੰਮਣ

ਕੋਈ ਵੇਲਾ ਸੀ, ਜਦੋਂ ਭਾਰਤੀ ਜਨਤਾ ਪਾਰਟੀ ਅਯੁੱਧਿਆ ਵਿੱਚ ਰਾਮ ਮੰਦਰ ਬਣਾਉਣ ਦੇ ਨਾਂਅ ’ਤੇ ਬਹੁਗਿਣਤੀਆਂ ਨੂੰ ਭਰਮਾਅ ਕੇ ਵੋਟ ਬਟੋਰ ਲਿਆ ਕਰਦੀ ਸੀ ਤੇ ਵੱਖ-ਵੱਖ ਸੂਬਿਆਂ ਦੇ ਨਾਲ-ਨਾਲ ਕੇਂਦਰ ਵਿੱਚ ਸਰਕਾਰ ਬਣਾਉਣ ਵਿੱਚ ਕਾਮਯਾਬ ਹੋ ਜਾਇਆ ਕਰਦੀ ਸੀ। ਮਾਣਯੋਗ ਸੁਪਰੀਮ ਕੋਰਟ ਵੱਲੋਂ ਕੀਤੇ ਗਏ ਵੱਡੇ ਅਤੇ ਮਹੱਤਵਪੂਰਨ ਫ਼ੈਸਲੇ ਅਨੁਸਾਰ ਜਦੋਂ ਅਯੁੱਧਿਆ ਵਿਖੇ ਵਿਵਾਦਿਤ ਸਥਲ ’ਤੇ ਹੀ ਰਾਮ ਮੰਦਰ ਬਣਾਉਣ ਦੀ ਇਜਾਜ਼ਤ ਮਿਲ ਗਈ ਤੇ ਰਾਮ ਮੰਦਰ ਬਣ ਕੇ ਤਿਆਰ ਹੋ ਗਿਆ ਤਾਂ ਭਾਜਪਾ ਦੇ ਸਨਮੁੱਖ ਸਵਾਲ ਖੜਾ ਹੋ ਗਿਆ ਕਿ ਹੁਣ ਕਿਸ ਮੁੱਦੇ ’ਤੇ ‘ਉਲਾਰ’ ਪੈਦਾ ਕਰਕੇ ਵੋਟਾਂ ਬਟੋਰੀਆਂ ਜਾਣ? ਉਸ ਤੋਂ ਬਾਅਦ ਭਾਜਪਾ ਨੇ ਘੱਟ ਗਿਣਤੀਆਂ ਖ਼ਿਲਾਫ਼ ਤੇ ਖ਼ਾਸ ਕਰਕੇ ਇਕ ਧਰਮ ਵਿਸ਼ੇਸ਼ ਖ਼ਿਲਾਫ਼ ਬਿਰਤਾਂਤ ਸਿਰਜਦਿਆਂ ਹੋਇਆਂ ‘ਟ੍ਰਿਪਲ ਤਲਾਕ’, ‘ਹਿਜ਼ਾਬ’, ‘ਮਦਰੱਸੇ’, ‘ਲਵ ਜਿਹਾਦ’ ਅਤੇ ‘ਗਊ ਮਾਸ ਦਾ ਵਪਾਰ’ ਆਦਿ ਦੇ ਨਾਂਅ ਹੇਠ ਸਮਾਜਿਕ ਅਤੇ ਸਿਆਸੀ ਉਲਾਰ ਪੈਦਾ ਕੀਤਾ ਤੇ ਮੁੜ ਤੋਂ ਆਪਣੀਆਂ ਸਰਕਾਰਾਂ ਬਣਾਉਣ ਵਿਚ ਸਫ਼ਲ ਹੋ ਹੀ ਗਈ। ਹੁਣ ਪਿਛਲੇ ਕੁਝ ਸਮੇਂ ਤੋਂ ਦੇਸ਼ ਦੇ ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ ਅਤੇ ਰੱਖਿਆ ਮੰਤਰੀ ਸਮੇਤ ਭਾਜਪਾ ਦੇ ਪਹਿਲੀ ਕਤਾਰ ਦੇ ਸਮੂਹ ਆਗੂ ਦੇਸ਼ ਦੇ ਵੱਖ-ਵੱਖ ਰਾਜਾਂ ਵਿੱਚ ‘ਘੁਸਪੈਠੀਆਂ’ ਦੇ ਮੌਜੂਦ ਹੋਣ ਅਤੇ ਉਨ੍ਹਾਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਮੁਲਕ ’ਚੋਂ ਬਾਹਰ ਕੱਢ ਦੇਣ ਸੰਬੰਧੀ ਲਗਾਤਾਰ ਬਿਆਨਬਾਜ਼ੀ ਕਰ ਰਹੇ ਹਨ ਤੇ ਇਸ ਮੁੱਦੇ ਦੀ ਅਸਲੀਅਤ ਕੀ ਹੈ? ਆਓ, ਇਸ ਬਾਰੇ ਜਾਣਨ ਦੀ ਕੋਸ਼ਿਸ਼ ਕਰੀਏ। ‘ਘੁਸਪੈਠੀਆ’ ਸ਼ਬਦ ਦੇ ਭਾਰਤੀ ਕਾਨੂੰਨ ਜਾਂ ਭਾਰਤੀ ਨਾਗਰਿਕਤਾ ਐਕਟ ਅਨੁਸਾਰ ਜੋ ਅਰਥ ਹਨ, ਉਹ ਦੱਸਦੇ ਹਨ ਕਿ ਕਿਸੇ ਵੀ ਵਿਦੇਸ਼ੀ ਮੁਲਕ ਦਾ ਅਜਿਹਾ ਕੋਈ ਵੀ ਸ਼ਖ਼ਸ, ਜੋ ਭਾਰਤ ਅੰਦਰ ਬਿਨਾਂ ਕਿਸੇ ਯੋਗ ਦਸਤਾਵੇਜ਼ ਦੇ ਜਾਂ ਚੋਰੀ ਨਾਲ ਦਾਖ਼ਲ ਹੁੰਦਾ ਹੈ ਤਾਂ ਉਸ ਨੂੰ ਘੁਸਪੈਠੀਆ ਕਿਹਾ ਜਾਵੇਗਾ। ਇਸ ਦੇ ਨਾਲ ਹੀ ਉਹ ਸ਼ਖ਼ਸ ਵੀ ਘੁਸਪੈਠੀਆ ਹੀ ਕਹਾਵੇਗਾ, ਜੋ ਭਾਰਤ ਅੰਦਰ ਦਾਖ਼ਲ ਤਾਂ ਯੋਗ ਦਸਤਾਵੇਜ਼ਾਂ ਸਹਿਤ ਹੋਇਆ ਸੀ, ਪਰ ਆਪਣੇ ਵੀਜ਼ੇ ਦੀ ਮਿਆਦ ਪੁੱਗਣ ਤੋਂ ਬਾਅਦ ਵਾਪਸ ਆਪਣੇ ਮੁਲਕ ਨਹੀਂ ਪਰਤਿਆ ਤੇ ਗ਼ੈਰਕਾਨੂੰਨੀ ਢੰਗ ਨਾਲ ਇਥੇ ਹੀ ਵੱਸ ਗਿਆ ।

ਸੰਨ 2015 ਵਿਚ ਭਾਜਪਾ ਦੀ ਅਗਵਾਈ ਵਾਲੀ ਐੱਨ ਡੀ ਏ ਦੀ ਸਰਕਾਰ ਨੇ ਉਕਤ ਵਿਵਸਥਾ ਵਿਚ ਸੋਧ ਕਰਦਿਆਂ ਇਹ ਦਰਜ ਕਰ ਦਿੱਤਾ ਸੀ ਕਿ ਬੰਗਲਾਦੇਸ਼, ਪਾਕਿਸਤਾਨ ਅਤੇ ਅਫ਼ਗਾਨਿਸਤਾਨ ਅੰਦਰ ਵਸਦੇ ਘੱਟ ਗਿਣਤੀ ਫ਼ਿਰਕਿਆਂ ਦੇ ਲੋਕ ਜੇਕਰ ਮਜ਼ਹਬੀ ਨਫ਼ਰਤ ਜਾਂ ਹਿੰਸਾ ਕਰਕੇ ਆਪਣੀਆਂ ਜਾਨਾਂ ਬਚਾਉਣ ਹਿੱਤ ਭਾਰਤ ਵਿਚ ਸ਼ਰਣ ਲੈਂਦੇ ਹਨ, ਉਨ੍ਹਾਂ ਨੂੰ ‘ਘੁਸਪੈਠੀਏ’ ਨਹੀਂ ਕਿਹਾ ਜਾਵੇਗਾ। ਹੁਣ ਘੁਸਪੈਠੀਆਂ ਦੇ ਮੁੱਦੇ ’ਤੇ ਭਾਜਪਾ ਦੀ ਝੂਠ ਅਤੇ ਨਫ਼ਰਤ ਭਰੀ ਸੋਚ ਦੇ ਕਈ ਪ੍ਰਮਾਣ ਸਾਹਮਣੇ ਆਏ ਹਨ ਤੇ ਲਗਾਤਾਰ ਸਾਹਮਣੇ ਆ ਰਹੇ ਹਨ। ਪਹਿਲੀ ਗੱਲ ਤਾਂ ਇਹ ਹੈ ਕਿ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਜਦੋਂ ਦੇਸ਼ ਦੇ ਕੁਝ ਮੁਸਲਿਮ ਬਹੁਗਿਣਤੀ ਵਾਲੇ ਸੂਬਿਆਂ ਵਿਚ ਚੋਣਾਂ ਸਮੇਂ ‘ਰਾਗ ਘੁਸਪੈਠੀਆ’ ਗਾਉਣਾ ਸ਼ੁਰੂ ਕਰਦੇ ਹਨ ਤਾਂ ਇਹ ਭੁੱਲ ਜਾਂਦੇ ਹਨ ਕਿ ਬੀਤੇ 12 ਵਰ੍ਹਿਆਂ ਤੋਂ ਦੇਸ਼ ਵਿਚ ਉਨ੍ਹਾਂ ਦੀ ਹੀ ਸਰਕਾਰ ਚੱਲ ਰਹੀ ਹੈ ਤੇ ਇਸ ਦੌਰਾਨ ਜੇਕਰ ਘੁਸਪੈਠੀਏ ਦੇਸ਼ ਦੀਆਂ ਸਰਹੱਦਾਂ ਲੰਘ ਕੇ ਦੇਸ਼ ਦੇ ਅੰਦਰ ਆ ਗਏ ਤੇ ਇਥੇ ਆ ਕੇ ਉਨ੍ਹਾਂ ਨੇ ਆਧਾਰ ਕਾਰਡ ਸਮੇਤ ਹੋਰ ਦਸਤਾਵੇਜ਼ ਵੀ ਬਣਾ ਲਏ ਤਾਂ ਫਿਰ ਨਾਕਾਮੀ ਅਤੇ ਨਮੋਸ਼ੀ ਕਿਸ ਨੂੰ ਮਹਿਸੂਸ ਕਰਨ ਦੀ ਲੋੜ ਹੈ? ਦੂਜੀ ਗੱਲ ਇਹ ਕਿ ਭਾਜਪਾ ਵੱਲੋਂ ਸੋਧੇ ਗਏ ਭਾਰਤੀ ਨਾਗਰਿਕਤਾ ਕਾਨੂੰਨ ਅਨੁਸਾਰ ਹੁਣ ਗੁਆਂਢੀ ਮੁਲਕਾਂ ਤੋਂ ਜੇਕਰ ਕੋਈ ਹਿੰਦੂ, ਸਿੱਖ ਜਾਂ ਈਸਾਈ ਪੀੜਤ ਹੋ ਕੇ ਭਾਰਤ ਅੰਦਰ ਸ਼ਰਨ ਲੈਂਦਾ ਹੈ ਤਾਂ ਉਹ ਘੁਸਪੈਠੀਆ ਨਹੀਂ ਕਹਾਵੇਗਾ, ਪਰ ਅਜਿਹੀ ਸੁਵਿਧਾ ਕਿਸੇ ਮੁਸਲਿਮ ਸ਼ਖ਼ਸ ਨੂੰ ਪ੍ਰਦਾਨ ਨਹੀਂ ਕੀਤੀ ਜਾ ਸਕਦੀ ਹੈ। ਭਾਜਪਾ ਭੁੱਲ ਜਾਂਦੀ ਹੈ ਕਿ ਭਾਰਤ ‘ਧਰਮ ਪ੍ਰਧਾਨ’ ਦੇਸ਼ ਨਹੀਂ, ਸਗੋਂ ‘ਧਰਮ ਨਿਰਪੱਖ’ ਦੇਸ਼ ਹੈ, ਜਿੱਥੇ ਧਰਮ ਦੇ ਆਧਾਰ ’ਤੇ ਕਿਸੇ ਦੀ ਨਾਗਰਿਕਤਾ ਸੰਬੰਧੀ ਫ਼ੈਸਲਾ ਕਰਨਾ ਬਿਲਕੁਲ ਨਹੀਂ ਬਣਦਾ ਹੈ। ਭਾਰਤ ਦੇ ਗ੍ਰਹਿ ਮੰਤਰੀ ਤਾਂ ਹਰੇਕ ਸਰਹੱਦੀ ਸੂਬੇ ਦੀਆਂ ਚੋਣਾਂ ਸਮੇਂ ਘੁਸਪੈਠੀਆਂ ਸੰਬੰਧੀ ਰਾਗ ਅਲਾਪਣ ਲੱਗ ਜਾਂਦੇ ਹਨ, ਪਰ ਘੁਸਪੈਠੀਆਂ ਨੂੰ ਪਛਾਣਨ ਅਤੇ ਗ੍ਰਿਫ਼ਤਾਰ ਕਰਕੇ ਜੇਲ੍ਹਾਂ ਵਿਚ ਸੁੱਟਣ ਦੀ ਥਾਂ ਚੋਣਾਂ ਖ਼ਤਮ ਹੋਣ ਪਿੱਛੋਂ ਇਹ ਬਿਆਨ ਦੇਣ ਲੱਗ ਜਾਂਦੇ ਹਨ ਕਿ ‘ਘੁਸਪੈਠ ਰੋਕੀ ਹੀ ਨਹੀਂ ਜਾ ਸਕਦੀ ਹੈ।’ ਹੁਣ ਪ੍ਰਸ਼ਨ ਇਹ ਹੈ ਕਿ ਜੇਕਰ ਘੁਸਪੈਠ ਰੋਕੀ ਹੀ ਨਹੀਂ ਜਾ ਸਕਦੀ ਹੈ ਜਾਂ ਦੇਸ਼ ਅੰਦਰ ਵਸ ਚੁੱਕੇ ਘੁਸਪੈਠੀਏ ਪਛਾਣ ਕੇ ਦੇਸ਼ ਤੋਂ ਬਾਹਰ ਕੀਤੇ ਹੀ ਨਹੀਂ ਜਾ ਸਕਦੇ ਹਨ ਤਾਂ ਫਿਰ ਭਾਜਪਾ ਦੇ ਵੱਡੇ ਆਗੂ ਘੁਸਪੈਠੀਆਂ ਨੂੰ ਲੈ ਕੇ ਬਿਆਨਬਾਜ਼ੀ ਕਰਦੇ ਹੀ ਕਿਉਂ ਹਨ? ਬੀਤੇ ਕੁਝ ਮਹੀਨਿਆਂ ਤੋਂ ਦੇਸ਼ ਦੀਆਂ ਸਮੂਹ ਸਰਕਾਰ ਵਿਰੋਧੀ ਪਾਰਟੀਆਂ ਕੁਝ ਸੂਬਿਆਂ ਅੰਦਰ ਚੱਲ ਰਹੀ ‘ਐੱਸ ਆਈ ਆਰ’ ਦੀ ਪ੍ਰਕਿਰਿਆ ’ਤੇ ਸਵਾਲ ਖੜ੍ਹੇ ਕਰਦੇ ਹੋਏ ਰੋਸ ਪ੍ਰਦਰਸ਼ਨ ਕਰ ਰਹੀਆਂ ਹਨ, ਪਰ ਭਾਜਪਾਈ ਆਗੂ ਇਹੋ ਰਟ ਲਗਾਈ ਜਾ ਰਹੇ ਹਨ ਕਿ ਇਹ ਕਵਾਇਦ ਘੁਸਪੈਠੀਆਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਮੁਲਕ ’ਚੋਂ ਬਾਹਰ ਕਰਨ ਵਿੱਚ ਮਦਦ ਕਰੇਗੀ, ਪਰ ਜਿਨ੍ਹਾਂ ਰਾਜਾਂ ਵਿਚ ਇਹ ਪ੍ਰਕਿਰਿਆ ਖ਼ਤਮ ਵੀ ਹੋ ਗਈ ਹੈ, ਉਨ੍ਹਾਂ ਰਾਜਾਂ ਵਿਚ ਇਸ ਪ੍ਰਕਿਰਿਆ ਰਾਹੀਂ ਪਛਾਣੇ ਗਏ ਜਾਂ ਪਛਾਣ ਕੇ ਗ੍ਰਿਫ਼ਤਾਰ ਕੀਤੇ ਗਏ ਤੇ ਦੇਸ਼ ’ਚੋਂ ਬਾਹਰ ਕੱਢ ਦਿੱਤੇ ਗਏ ਇਕ ਵੀ ਵਿਅਕਤੀ ਦਾ ਨਾਂਅ ਭਾਜਪਾ ਦੱਸ ਨਹੀਂ ਸਕੀ। ਇਹ ਤੱਥ ਸਾਬਿਤ ਕਰਦਾ ਹੈ ਕਿ ਘੁਸਪੈਠੀਆਂ ਸਬੰਧੀ ਭਾਜਪਾ ਦੁਆਰਾ ਪਾਇਆ ਜਾਂਦਾ ਰਾਮ-ਰੌਲਾ ਬਿਲਕੁਲ ਝੂਠ ਹੈ ਤੇ ਇਕ ਧਰਮ ਵਿਸ਼ੇਸ਼ ਨਾਲ ਜੁੜੇ ਲੋਕਾਂ ਦੀਆਂ ਵੋਟਾਂ ਕੱਟਣ ਦਾ ਡਰਾਵਾ ਸਿਰਜਣ ਦਾ ਬਿਰਤਾਂਤ ਮਾਤਰ ਹੈ। ਦੇਸ਼ ਦੇ ਗ੍ਰਹਿ ਮੰਤਰਾਲੇ ਜਾਂ ਦੇਸ਼ ਦੀ ਕਿਸੇ ਵੀ ਸਰਕਾਰੀ ਏਜੰਸੀ ਕੋਲ ਦੇਸ਼ ਅੰਦਰ ਮੌਜੂਦ ਘੁਸਪੈਠੀਆਂ ਦੀ ਕੁੱਲ ਗਿਣਤੀ ਸੰਬੰਧੀ ਕੋਈ ਵੀ ਅੰਕੜਾ ਮੌਜੂਦ ਨਹੀਂ ਹੈ, ਜਦੋਂ ਕਿ ਕੁਝ ਇਕ ਗ਼ੈਰ-ਸਰਕਾਰੀ ਏਜੰਸੀਆਂ ਨੇ ਇਹ ਗਿਣਤੀ 1 ਕਰੋੜ ਤੋਂ ਲੈ ਕੇ 2 ਕਰੋੜ ਤੱਕ ਦੱਸੀ ਹੈ। ਇਕ ਅੰਦਾਜ਼ੇ ਅਨੁਸਾਰ ਬੰਗਲਾਦੇਸ਼ ਅਤੇ ਮਿਆਂਮਾਰ ਤੋਂ ਵੱਡੀ ਗਿਣਤੀ ਵਿੱਚ ਆਏ ਰੋਹਿੰਗਿਆ ਮੁਸਲਮਾਨ ਆਸਾਮ,ਪੱਛਮੀ ਬੰਗਾਲ, ਜੰਮੂ-ਕਸ਼ਮੀਰ, ਦਿੱਲੀ ਅਤੇ ਤੇਲੰਗਾਨਾ ਆਦਿ ਵਿਖੇ ਰਹਿ ਰਹੇ ਹਨ ਤੇ ਉਨ੍ਹਾਂ ਆਧਾਰ ਕਾਰਡ,ਰਾਸ਼ਨ ਕਾਰਡ,ਵੋਟਰ ਕਾਰਡ ਅਤੇ ਪੈਨ ਕਾਰਡ ਸਮੇਤ ਕਈ ਹੋਰ ਯੋਗ ਦਸਤਾਵੇਜ਼ ਵੀ ਬਣਾ ਰੱਖੇ ਹਨ। ‘ਨੈਸ਼ਨਲ ਰਜਿਸਟਰ ਆਫ਼ ਸਿਟੀਜ਼ਨਜ਼’ ਭਾਵ ਐੱਨ ਆਰ ਸੀ ਦੀ ਰਚਨਾ ਭਾਰਤ ਵਿੱਚ ਤੇ ਖ਼ਾਸ ਕਰਕੇ ਉਕਤ ਪੰਜ ਰਾਜਾਂ ਅੰਦਰ ਵੱਸਦੇ ਘੁਸਪੈਠੀਆਂ ਨੂੰ ਪਛਾਣਨ ਹਿੱਤ ਕੀਤੀ ਗਈ ਸੀ, ਪਰ ਸ਼ੁਰੂਆਤ ਵਿੱਚ ਸੋਚੇ ਗਏ ਅੰਕੜਿਆਂ ਦੇ ਨਾਲ ਤਾਂ ਇਸ ਰਜਿਸਟਰ ਦੀ ਰਚਨਾ ਦੇ ਅਖ਼ੀਰ ਵਿੱਚ ਹਾਸਿਲ ਹੋਏ ਅੰਕੜੇ ਬਿਲਕੁਲ ਵੀ ਮੇਲ ਨਹੀਂ ਖਾਂਦੇ। ਸਾਲ 2001 ਵਿੱਚ ਕੀਤੀ ਗਈ ਜਨਗਣਨਾ ਅਨੁਸਾਰ ਬੰਗਲਾਦੇਸ਼ ਅਤੇ ਪਾਕਿਸਤਾਨ ਤੋਂ ਚੱਲ ਕੇ ਵੱਡੀ ਗਿਣਤੀ ਵਿਚ ਲੋਕ ਭਾਰਤ ਅੰਦਰ ਆਣ ਵਸੇ ਸਨ, ਪਰ ਉਨ੍ਹਾਂ ਵੱਲੋਂ ਬੀਤੇ ਸਮੇਂ ਵਿੱਚ ਲੋੜੀਂਦੇ ਦਸਤਾਵੇਜ਼ ਬਣਵਾ ਲਏ ਜਾਣ ਕਰਕੇ ਉਨ੍ਹਾਂ ਨੂੰ ਘੁਸਪੈਠੀਏ ਨਹੀਂ ਗਰਦਾਨਿਆ ਜਾ ਸਕਦਾ। ਦਿਨ-ਰਾਤ ਘੁਸਪੈਠੀਆਂ ਦੀਆਂ ਗੱਲਾਂ ਕਰਨ ਵਾਲੀ ਭਾਜਪਾ ਸਰਕਾਰ ਦੇਸ਼ ਨੂੰ ਇਹ ਹਰਗਿਜ਼ ਨਹੀਂ ਦੱਸਦੀ ਕਿ ਆਪਣੇ ਕਾਰਜਕਾਲ ਦੌਰਾਨ ਇਸ ਨੇ ਕਿੰਨੇ ਘੁਸਪੈਠੀਏ ਪਛਾਣ ਕੇ ਆਪਣੇ ਮੁਲਕਾਂ ਨੂੰ ਵਾਪਿਸ ਭੇਜੇ ਹਨ।

ਸਾਲ 2013 ਵਿੱਚ ਮਨਮੋਹਨ ਸਿੰਘ ਦੀ ਅਗਵਾਈ ਵਾਲੀ ਯੂ ਪੀ ਏ ਦੀ ਸਰਕਾਰ ਵੱਲੋਂ 5234 ਘੁਸਪੈਠੀਏ ਵਾਪਿਸ ਭੇਜੇ ਗਏ ਸਨ, ਜਦੋਂ ਕਿ ਕਥਿਤ ਤੌਰ ’ਤੇ ਆਪਣੇ ਆਪ ਨੂੰ ਰਾਸ਼ਟਰਵਾਦੀ ਆਖਣ ਵਾਲੀ ਭਾਜਪਾ ਸਰਕਾਰ ਨੇ ਕੇਂਦਰ ਵਿੱਚ ਸੱਤਾ ਸੰਭਾਲਣ ਮਗਰੋਂ ਸੰਨ 2015 ਵਿੱਚ ਕੇਵਲ 474 ਅਤੇ ਸਾਲ 2016 ਵਿੱਚ ਕੇਵਲ 308 ਘੁਸਪੈਠੀਏ ਹੀ ਮੁਲਕ ’ਚੋਂ ਬਾਹਰ ਕੀਤੇ ਸਨ, ਜਦੋਂ ਕਿ ਸਾਲ 2024 ਵਿਚ ਭਾਰਤ ਸਰਕਾਰ ਨੇ ਬਿਨਾਂ ਯੋਗ ਦਸਤਾਵੇਜ਼ਾਂ ਤੋਂ ਭਾਰਤ ਅੰਦਰ ਰਹਿ ਰਹੇ 1049 ਵਿਅਕਤੀਆਂ ਨੂੰ ਦੇਸ਼ ’ਚੋਂ ਬਾਹਰ ਕੀਤਾ ਸੀ। ਉਕਤ ਅੰਕੜੇ ਇਹ ਸਾਫ਼-ਸਾਫ਼ ਦੱਸਦੇ ਹਨ ਕਿ ਘੁਸਪੈਠੀਆਂ ਸੰਬੰਧੀ ਸ਼ੋਰ ਨਾ ਮਚਾਉਣ ਵਾਲੀ ਮਨਮੋਹਨ ਸਿੰਘ ਦੀ ਸਰਕਾਰ ਵੱਲੋਂ ਮੁਲਕ ’ਚੋਂ ਬਾਹਰ ਕੱਢੇ ਗਏ ਘੁਸਪੈਠੀਆਂ ਦੇ ਮੁਕਾਬਲੇ ਭਾਜਪਾ ਦੀ ਵਰਤਮਾਨ ਸਰਕਾਰ ਵੱਲੋਂ ਦੇਸ਼ ’ਚੋਂ ਬਾਹਰ ਕੀਤੇ ਗਏ ਘੁਸਪੈਠੀਆਂ ਦੀ ਗਿਣਤੀ ਕਿੰਨੀ ਥੋੜ੍ਹੀ ਅਤੇ ਨਿਗੂਣੀ ਹੈ।

# ਸੰਪਰਕ : 97816-46008

# ਸੀ ਪੀ ਆਈ ਨਿਹਾਲ ਸਿੰਘ ਵਾਲਾ ਦਾ ਚੋਣ ਅਜਲਾਸ

## ਜਗਜੀਤ ਸਿੰਘ ਨੂੰ ਸਕੱਤਰ, ਸੁਖਦੇਵ ਭੋਲਾ ਤੇ ਗੁਰਦਿੱਤ ਦੀਨਾ ਨੂੰ ਸਹਾਇਕ ਸਕੱਤਰ ਚੁਣਿਆ





**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)** ਭਾਰਤੀ ਕਮਿਊਨਿਸਟ ਪਾਰਟੀ ਨਿਹਾਲ ਵਾਲਾ ਦਾ ਚੋਣ ਇਜਲਾਸ ਕਾਮਰੇਡ ਮਹਿੰਦਰ ਸਿੰਘ, ਕਾਮਰੇਡ ਸਤਵੰਤ ਖੋਟੇ, ਕਾਮਰੇਡ ਗੁਰਪ੍ਰੀਤ ਕੌਰ ਦੀ ਪ੍ਰਧਾਨਗੀ ਹੇਠ ਹੋਇਆ।ਇਸ ਵਿੱਚ ਨਿਗਰਾਨ ਦੇ ਤੌਰ 'ਤੇ ਕਾਮਰੇਡ ਜਗਦੀਸ਼ ਸਿੰਘ ਚਾਹਲ, ਕਾਮਰੇਡ ਸੁਖਜਿੰਦਰ ਮਹੇਸਰੀ, ਪਾਰਟੀ ਜਿਲ੍ਹਾ ਸਕੱਤਰ ਕਾਮਰੇਡ ਕੁਲਦੀਪ ਭੋਲਾ ਹਾਜਰ ਹੋਏ।ਪਾਰਟੀ ਕਾਨਫ਼ਰੰਸ ਦੀ ਸ਼ੁਰੂਆਤ ਤੋਂ ਪਹਿਲਾਂ ਝੰਡਾ ਲਹਿਰਾਉਣ ਦੀ ਰਸਮ ਕਾਮਰੇਡ ਜੋਗਿੰਦਰ ਸਿੰਘ ਤਖਤੂਪੁਰਾ ਨੇ ਕੀਤੀ।ਉਪਰੰਤ ਆਏ ਹੋਏ ਸਾਥੀਆਂ ਨੂੰ ਜੀ ਆਇਆਂ ਆਖਦਿਆਂ ਬਲਾਕ ਸਕੱਤਰ ਵੱਲੋਂ ਸੋਗ ਮਤੇ ਤੋਂ ਬਾਅਦ ਪਿੱਛਲੇ ਤਿੰਨ ਸਾਲਾਂ ਦੀ ਰਿਪੋਰਟ ਪੇਸ਼ ਕੀਤੀ। ਰਿਪੋਰਟ 'ਤੇ ਬਹਿਸ ਤੋਂ ਪਹਿਲਾਂ ਕਾਮਰੇਡ ਜਗਦੀਸ਼ ਸਿੰਘ ਚਾਹਲ, ਕੁਲਦੀਪ ਭੋਲਾ ਵੱਲੋਂ ਨੇ ਕਿਹਾ ਕਿ ਨਿਹਾਲ ਸਿੰਘ ਵਾਲਾ ਦੀ ਰਿਪੋਰਟ ਦਸਦੀ ਹੈ ਕਿ ਪਾਰਟੀ ਨੇ ਬਹੁਤ ਸਰਗਰਮੀਆਂ ਕੀਤੀਆਂ ਹਨ, ਅਸੀਂ ਵਧਾਈ ਦਿੰਦੇ ਹਾਂ।ਉਹਨਾਂ ਕਿਹਾ ਕਿ ਅੱਜ ਹਰ ਕਮਿਊਨਿਸਟ ਦਾ ਮੁੱਢਲਾ ਫਰਜ਼ ਬਣਦਾ ਹੈ ਕਿ ਉਹ ਚੇਤਨ ਤੌਰ 'ਤੇ ਦੇਸ਼/ਦੁਨੀਆਂ ਵਿੱਚ ਵਾਪਰ ਰਹੀਆਂ ਘਟਨਾਵਾਂ ਪ੍ਰਤੀ ਸੁਚੇਤ ਰਹੇ ਤੇ ਉਸ ਵਿੱਚ ਆਪਣਾ ਬਣਦਾ ਰੋਲ ਅਦਾ ਕਰੇ।ਅੱਜ ਕੇਂਦਰ ਦੀ ਸਰਕਾਰ ਵੱਲੋਂ ਲਗਾਤਾਰ ਲੋਕ ਵਿਰੋਧੀ ਕਾਨੂੰਨ ਪਾਸ ਕੀਤੇ ਜਾ ਰਹੇ ਹਨ।ਨਰੇਗਾ ਵਰਗਾ ਕਾਨੂੰਨ ਜਿਸ ਵਿੱਚ ਲੋਕਾਂ ਨੂੰ 100 ਦਿਨ ਦੀ ਗਰੰਟੀ ਸੀ , ਉਸ ਦਾ ਨਾਮ ਹੀ ਨਹੀਂ ਸਗੋਂ ਉਸ ਦੀ ਅੰਦਰੋਂ ਰੂਹ ਹੀ ਖਤਮ ਕਰ ਦਿੱਤੀ ਹੈ ਜਿਸ ਨਾਲ ਲੋਕਾਂ ਦਾ ਕੰਮ ਖੁੱਸ ਗਿਆ ਹੈ।ਜਦੋਂ ਅੱਜ ਹਰ ਵਰਗ ਬੇਰੁਜ਼ਗਾਰੀ ਦੀ ਮਾਰ ਝੱਲ ਰਿਹਾ ਹੈ ਓਦੋਂ ਨਰੇਗਾ ਨੂੰ ਖਤਮ ਕਰਨਾ ਹੋਰ ਵੀ ਨਿੰਦਣਯੋਗ ਹੈ।ਰਿਪੋਰਟ ਤੋਂ ਬਾਅਦ ਮੀਟਿੰਗ ਕਰਕੇ ਪੁਰਾਣੀ ਕਮੇਟੀ ਭੰਗ ਕੀਤੀ ਗਈ।ਪ੍ਰਧਾਨਗੀ ਮੰਡਲ ਵੱਲੋਂ ਮੀਟਿੰਗ ਵਿੱਚ ਨਵਾਂ ਪੈਨਲ ਪੇਸ਼ ਕੀਤਾ ਗਿਆ ਜਿਸ ਵਿੱਚ 21 ਮੈਂਬਰੀ ਕਮੇਟੀ ਬਣਾਈ ਗਈ। ਗੁਰਦਿੱਤ ਦੀਨਾ ਵੱਲੋਂ ਜਗਜੀਤ ਸਿੰਘ ਦਾ ਨਾਮ ਸਕੱਤਰ ਲਈ ਪੇਸ਼ ਕੀਤਾ ਗਿਆ।ਜੋ ਸਰਬਸੰਮਤੀ ਨਾਲ ਪਾਸ ਕੀਤਾ ਗਿਆ।ਸਹਾਇਕ ਸਕੱਤਰ ਲਈ ਬਾਕੀ ਸਾਥੀਆਂ ਵੱਲੋਂ ਸੁਖਦੇਵ ਭੋਲਾ ਤੇ ਗੁਰਦਿੱਤ ਦੀਨਾ ਦਾ ਨਾਮ ਸਰਬਸੰਮਤੀ ਨਾਲ ਪੇਸ਼ ਤੇ ਪਾਸ ਕੀਤਾ ਗਿਆ।ਗੁਰਦਿੱਤ ਦੀਨਾ ਨੂੰ ਖਜਾਨਚੀ ਦੀ ਜਿੰਮੇਵਾਰੀ ਵੀ ਦਿੱਤੀ ਗਈ।ਸਾਰੀ ਨਵੀਂ ਬਣੀ ਕਮੇਟੀ ਨੂੰ ਹਾਊਸ ਵੱਲੋਂ ਪਾਸ ਕੀਤਾ ਗਿਆ।ਅਬਜ਼ਰਵਰ ਦੇ ਤੌਰ 'ਤੇ ਆਏ ਆਗੂ ਸੁਖਜਿੰਦਰ ਮਹੇਸਰੀ ਨੇ ਕਿਹਾ ਕਿ ਕਮਿਊਨਿਸਟ ਹੋਣ ਦਾ ਮਤਲਬ ਹੈ ਕਿ ਉਹ ਹਰ ਘੋਲ ਲਈ ਤਿਆਰ ਰਹੇ। ਨਵੀਂ ਕਮੇਟੀ ਦੀ ਚੋਣ ਤੋਂ ਬਾਅਦ ਪ੍ਰਧਾਨਗੀ ਮੰਡਲ ਵਿਚੋਂ ਕਾਮਰੇਡ ਮਹਿੰਦਰ ਸਿੰਘ ਧੂੜਕੋਟ ਨੇ ਆਏ ਹੋਰ ਸਾਰੇ ਸਾਥੀਆਂ ਦਾ ਧੰਨਵਾਦ ਕੀਤਾ ਤੇ ਇਹ ਵਿਸ਼ਵਾਸ ਦਿਵਾਇਆ ਕਿ ਨਵੀਂ ਟੀਮ ਹੋਰ ਵਧੇਰੇ ਚੇਤਨ ਰੋਲ ਅਦਾ ਕਰੇਗੀ ।ਇਸ ਮੌਕੇ ਗੁਰਦੇਵ ਸਿੰਘ ਕਿਰਤੀ, ਸਿਕੰਦਰ ਸਿੰਘ, ਇੰਦਰਜੀਤ ਦੀਨਾ, ਕਾਮਰੇਡ ਕੁਲਵੰਤ ਸਿੰਘ ਸਰਪੰਚ, ਬਲਰਾਜ ਬੱਧਨੀ, ਕੇਵਲ ਰਾਊਕੇ, ਖੁਸ਼ਵੰਤ ਖੋਟੇ, ਜਗਸੀਰ ਧੂੜਕੋਟ, ਨਵਜੋਤ ਕੌਰ ਬਿਲਾਸਪੁਰ, ਬੂਟਾ ਰਾਊਕੇ, ਜਗਸੀਰ ਮੀਨੀਆ, ਸਰਬਜੀਤ ਸਿੰਘ ਕੁੱਸਾ, ਰਾਜ ਰਣੀਆ, ਕੱਤਰ ਸਿੰਘ ਨੰਗਲ, ਲੋਕ ਰਾਜ, ਆਦਿ ਸਾਥੀਆਂ ਨੇ ਸੰਬੋਧਨ ਕੀਤਾ।

# ਕਾਂਗਰਸ ਨੂੰ ਵੱਡਾ ਝਟਕਾ, 50 ਤੋਂ ਵੱਧ ਪਰਵਾਰਾਂ ਤੋਂ ਇਲਾਵਾ ਕਾਂਗਰਸ ਦੇ 4 ਕੌਂਸਲਰ 'ਆਪ' 'ਚ ਸ਼ਾਮਲ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)** ਹਲਕਾ ਇੰਚਾਰਜ ਰਣਜੋਧ ਸਿੰਘ ਹਡਾਣਾ ਦੀ ਅਗਵਾਈ ਵਿੱਚ ਹਲਕੇ ਦੇ ਕਸਬਾ ਸਨੌਰ ਤੋਂ ਸੈਂਕੜੇ ਮੁੱਖ ਪਾਰਟੀ ਆਗੂ ਤੇ ਵਰਕਰ ਵੱਖ-ਵੱਖ ਪਾਰਟੀਆਂ ਨੂੰ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ।ਹਡਾਣਾ ਨੇ ਇਸ ਮੌਕੇ ਕਿਹਾ ਕਿ ਇਸ ਸ਼ਮੂਲੀਅਤ ਨਾਲ ਹਲਕੇ ਵਿੱਚ ਆਮ ਆਦਮੀ ਪਾਰਟੀ ਦੀ ਸਥਿਤੀ ਹੋਰ ਮਜ਼ਬੂਤ ਹੋ ਗਈ ਹੈ।

ਉਨ੍ਹਾਂ ਕਿਹਾ ਕਿ ਨਵੇਂ ਸ਼ਾਮਲ ਹੋਏ ਲੋਕਾਂ ਨੇ ਪਾਰਟੀ ਦੀਆਂ ਲੋਕ-ਹਿਤੈਸ਼ੀ ਨੀਤੀਆਂ ਅਤੇ ਸੂਬਾ ਸਰਕਾਰ ਦੀ ਕਾਰਗੁਜ਼ਾਰੀ 'ਤੇ ਭਰੋਸਾ ਜਤਾਇਆ।ਇਸ ਮੌਕੇ ਉਨ੍ਹਾਂ ਨਾਲ ਪ੍ਰਦੀਪ ਜੋਸਨ ਨਗਰ ਕੌਂਸਲ ਪ੍ਰਧਾਨ ਤੇ ਸੰਗਠਨ ਇੰਚਾਰਜ ਸਨੌਰ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਰਣਜੋਧ ਸਿੰਘ ਹਡਾਣਾ ਨੇ ਸਨੌਰ ਦੇ ਸੰਗਠਨ ਇੰਚਾਰਜ ਤੇ ਪ੍ਰਧਾਨ ਨਗਰ ਕੌਂਸਲ ਪ੍ਰਦੀਪ ਜੋਸਨ ਅਤੇ ਦਰਸ਼ਨ ਸਿੰਘ ਸਾਬਕਾ ਵਾਈਸ ਪ੍ਰਧਾਨ ਨਗਰ ਕੌਂਸਲ ਸਨੌਰ ਦਾ ਇਸ ਸ਼ਾਮਲ ਪ੍ਰੋਗਰਾਮ ਲਈ ਵਿਸ਼ੇਸ ਧੰਨਵਾਦ ਕੀਤਾ ਤੇ ਕਿਹਾ ਕਿ ਲੰਮਾ ਸਮਾਂ ਰਾਜ ਕਰਨ ਵਾਲੀ ਕਾਂਗਰਸ ਪਾਰਟੀ ਨੂੰ ਵੱਡਾ ਝਟਕਾ ਲੱਗਾ ਹੈ, ਕਿਉਂਕਿ ਜਿੱਥੇ ਹੋਰ ਵੱਖ-ਵੱਖ ਪਾਰਟੀਆਂ ਨੂੰ ਛੱਡ ਕੇ 50 ਤੋਂ ਵੱਧ ਪਰਵਾਰ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਹਨ, ਉੱਥੇ ਕਾਂਗਰਸ ਦੇ ਚਾਰ ਸਾਬਕਾ ਕੌਂਸਲਰ ਵੀ ਪੂਰੇ ਸਮਰਥਨ ਨਾਲ ਆਪ ਪਾਰਟੀ ਵਿੱਚ ਸ਼ਾਮਿਲ ਹੋਏ ਹਨ।

ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਸਮਾਜ ਦੇ ਹਰ ਵਰਗ ਨੂੰ ਨਾਲ ਲੈ ਕੇ ਚੱਲਣ ਵਾਲੀ ਪਾਰਟੀ ਹੈ।ਉਨ੍ਹਾਂ ਕਿਹਾ ਕਿ ਹਰੇਕ ਭਾਈਚਾਰੇ ਦੀ ਭਲਾਈ ਲਈ ਸਿੱਖਿਆ, ਸਿਹਤ, ਰੁਜ਼ਗਾਰ ਅਤੇ ਸਮਾਜਿਕ ਸੁਰੱਖਿਆ ਨਾਲ ਜੁੜੀਆਂ ਕਈ ਯੋਜਨਾਵਾਂ ਸਰਕਾਰ ਵੱਲੋਂ ਲਾਗੂ ਕੀਤੀਆਂ ਗਈਆਂ ਹਨ, ਜਿਨ੍ਹਾਂ ਦਾ ਸਿੱਧਾ ਲਾਭ ਲੋਕਾਂ ਤੱਕ ਪਹੁੰਚ ਰਿਹਾ ਹੈ।ਉਨ੍ਹਾਂ ਕਿਹਾ ਕਿ ਲੋਕਾਂ ਦਾ ਵਧਦਾ ਭਰੋਸਾ 'ਆਪ' ਦੀ ਨੀਤੀ ਤੇ ਨੀਅਤ ਦੀ ਜਿੱਤ ਹੈ।

# ਮੁਹੱਲਾ ਜੱਟਾਂ ਵਾਲਾ ਤੇ ਕੱਚਾ ਮਨਸੂਰ ਦੇਵਾ ਦੇ ਵਾਸੀ ਗੰਦਾ ਪਾਣੀ ਪੀਣ ਲਈ ਮਜਬੂਰ



**ਜ਼ੀਰਾ (ਨਰਿੰਦਰ ਅਨੇਜਾ)** ਮਹੱਲਾ ਜੱਟਾਂ ਵਾਲਾ ਤੇ ਕੱਚਾ ਮਨਸੂਰ ਦੇਵਾ 'ਚ ਪੀਣ ਵਾਲੇ ਪਾਣੀ ਵਿੱਚ ਸੀਵਰੇਜ ਦਾ ਗੰਦਾ ਪਾਣੀ ਵਾਟਰ ਸਪਲਾਈ ਦੀਆਂ ਪਾਈਪਾਂ ਵਿੱਚ ਰਲ ਕੇ ਆਉਣ ਕਾਰਨ ਮਹੱਲਾ ਨਿਵਾਸੀ ਗੰਦਾ ਪਾਣੀ ਪੀਣ ਲਈ ਮਜਬੂਰ ਹਨ ਤੇ ਮਹੱਲੇ ਵਿੱਚ ਕੋਈ ਵੀ ਸਫ਼ਾਈ ਕ੍ਰਮਚਾਰੀ ਨਾ ਹੋਣ ਕਾਰਨ ਸਫ਼ਾਈ ਦਾ ਬੁਰਾ ਹਾਲ ਹੈ, ਜਿਸ ਨਾਲ ਮਹੱਲਾ ਨਿਵਾਸੀਆਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੀਣ ਵਾਲੇ ਪਾਣੀ ਵਿੱਚ ਸੀਵਰੇਜ ਦਾ ਗੰਦਾ ਪਾਣੀ ਮਿਲ ਕੇ ਆਉਣ ਕਾਰਨ ਡੇਂਗੂ ਤੇ ਡਾਇਰੀਆ ਫ਼ੈਲਣ ਦਾ ਡਰ ਬਣਿਆ ਹੋਇਆ ਹੈ ਤੇ ਸਫ਼ਾਈ ਨਾ ਹੋਣ ਕਾਰਨ ਮਹੱਲੇ ਦੀਆਂ ਗਲੀਆਂ-ਨਾਲੀਆਂ ਵਿੱਚ ਗਾਰਾ ਜੰਮਿਆ ਪਿਆ ਹੈ।

ਨਿਕਾਸੀ ਨਾ ਹੋਣ ਕਾਰਨ ਗੰਦਾ ਪਾਣੀ ਗਲ਼ੀ ਦੇ ਉੱਪਰ ਆ ਜਾਂਦਾ ਹੈ। ਗੰਦੇ ਪਾਣੀ 'ਚ ਹੀ ਲੋਕਾਂ ਨੂੰ ਲੰਘਣਾ ਪੈਂਦਾ ਹੈ, ਜਿਸ ਨਾਲ ਮਹੱਲਾ ਨਿਵਾਸੀ ਬਹੁਤ ਪ੍ਰੇਸ਼ਾਨ ਹਨ।ਕਈ ਵਾਰ ਨਗਰ ਕੌਂਸਲ ਜੀਰਾ ਨੂੰ ਸ਼ਿਕਾਇਤ ਕਰ ਚੁੱਕੇ ਹਾਂ ਤੇ ਮੁਹੱਲੇ ਦੇ ਐਮ.ਸੀ ਨੂੰ ਵੀ ਕਈ ਵਾਰ ਗੁਹਾਰ ਲਾ ਚੁੱਕੇ ਹਾਂ। ਪ੍ਰਧਾਨ ਜੀ ਕੋਲ ਵੀ ਕਈ ਵਾਰ ਜਾ ਚੁੱਕੇ ਹਾਂ, ਪਰ ਕੋਈ ਸੁਣਵਾਈ ਨਹੀਂ ਹੋ ਰਹੀ ਮਹੱਲਾ ਨਿਵਾਸੀਆਂ ਨੇ ਕਿਹਾ ਕਿ ਹੁਣ ਵੋਟਾਂ 'ਚ ਕੁੱਝ ਹੀ ਸਮਾਂ ਰਹਿ ਗਿਆ ਹੈ ਤੇ ਅਸੀਂ ਮਹੱਲਾ ਨਿਵਾਸੀ ਨਗਰ ਕੌਂਸਲ ਦੀਆਂ ਵੋਟਾਂ ਦਾ ਬਾਈਕਾਟ ਕਰਾਂਗੇ ਜਾਂ ਅਸੀਂ ਜੋ ਮੁਹੱਲੇ ਦੀ ਸਪਲਾਈ ਵਿੱਚ ਗੰਦਾ ਪਾਣੀ ਆ ਰਿਹਾ ਹੈ। ਵੋਟਾਂ 'ਚ ਖੜੇ ਐਮ.ਸੀ ਨੂੰ ਟੂਟੀਆਂ ਵਿੱਚ ਆ ਰਹੇ ਗੰਦਾ ਪਾਣੀ ਪੀਣ ਲਈ ਕਹਾਂਗੇ।

ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਚੋਣ ਨਿਸ਼ਾਨ ਝਾੜੂ ਹੈ, ਪਰ ਇਹ ਕਦੀ ਵੀ ਸਾਡੀ ਗਲੀ ਵਿੱਚ ਨਹੀਂ ਫਿਰਿਆ। ਨਗਰ ਕੌਂਸਲ ਦੇ ਪ੍ਰਧਾਨ ਮੈਡਮ ਸਰਬਜੀਤ ਕੌਰ ਦੇ ਪਤੀ ਗੁਰਪ੍ਰੀਤ ਸਿੰਘ ਜੱਜ ਲਗਾਤਾਰ ਨਾਅਰਾ ਦਿੰਦੇ ਰਹਿੰਦੇ ਹਨ। ਜੀਰਾ ਨੂੰ ਚਮਕਾਉਣਾ ਹੈ ਨੰਬਰ ਵਨ ਲਿਆਉਣਾ ਹੈ। ਮਹੱਲਾ ਨਿਵਾਸੀ ਨੇ ਪ੍ਰਧਾਨ ਦੀ ਨੰਬਰ ਵੰਨ ਬਣਾਉਣ ਦੀ ਫੂਕ ਕੱਢਦੇ ਹੋਏ ਕਿਹਾ ਕਿ ਪ੍ਰਧਾਨ ਜੀ ਨੂੰ ਸੋਸ਼ਲ ਮੀਡੀਆ 'ਤੇ ਐਡ ਕਰਕੇ ਵੈਸੇ ਬਰਬਾਦ ਕਰਨ ਲੱਗੇ ਹੋਏ ਹਨ। ਉਨ੍ਹਾਂ ਨੂੰ ਚਾਹੀਦਾ ਹੈ ਕਿ ਨਗਰ ਕੌਂਸਲ ਦੇ ਪ੍ਰਧਾਨ ਨੂੰ ਕਾਗਜ਼ਾਂ ਵਿੱਚ ਜੀਰਾ ਨੂੰ ਨੰਬਰ 1 ਬਣਾਉਣ ਦੀ ਬਜਾਏ ਤੇ ਸੋਸ਼ਲ ਮੀਡੀਆ ਦੇ ਵਾਹ-ਵਾਹ ਖੱਟਣ ਦੀ ਬਜਾਏ ਜ਼ਮੀਨੀ ਹਕੀਕਤ ਵਿੱਚ ਮੁਹੱਲਾ ਨਿਵਾਸਿਆਂ ਨੂੰ ਆ ਰਹੀਆਂ ਪ੍ਰੇਸ਼ਾਨੀ ਵੱਲ ਧਿਆਨ ਦੇਣ ਮੁਹੱਲੇ ਵਿਚ ਸਫ਼ਾਈ ਪੱਕਾ ਸਰਕਾਰੀ ਕ੍ਰਮਚਾਰੀ ਲਵਾਉਣ ਤੇ ਜਿੱਥੇ-ਜਿੱਥੇ ਪੀਣ ਵਾਲੇ ਪਾਣੀ ਗੰਦਾ ਪਾਣੀ ਮਿਕਸ ਹੁੰਦਾ ਹੈ, ਨਵੀਂਆਂ ਪਾਈਪਾਂ ਪਾ ਕੇ ਠੀਕ ਕਰਨ ਤਾਂ ਜੁ ਮਹੱਲਾ ਨਿਵਾਸੀਆਂ ਨੂੰ ਗੰਦਾ ਪਾਣੀ ਪੀਣ ਤੋਂ ਨਿਜ਼ਾਤ ਮਿਲ ਸਕੇ।

## ਕਾਤਰਾਂ

### ਸਮਾਣਾ ਪੁਲਸ ਨੇ ਪਿਛਲੇ ਸਾਲ ਵੱਡੀ ਮਾਤਰਾ 'ਚ ਕੀਤਾ ਨਸ਼ਾ ਬਰਾਮਦ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਸਰਕਾਰ ਵੱਲੋਂ ਸ਼ੁਰੂ ਕੀਤੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਡੀ ਜੀ ਪੀ ਪੰਜਾਬ ਗੌਰਵ ਯਾਦਵ, ਐੱਸ ਐੱਸ ਪੀ ਪਟਿਆਲਾ ਵਰੁਣ ਸ਼ਰਮਾ ਦੀ ਅਗਵਾਈ ਹੇਠ ਸਮਾਣਾ ਪੁਲਿਸ ਨੇ ਸਾਲ 2025 ਵਿੱਚ ਨਸ਼ਿਆ ਖਿਲਾਫ 188 ਕੇਸ ਦਰਜ ਕੀਤੇ ਹਨ, ਇਸ ਦੇ ਨਾਲ ਹੀ 254 ਕਥਿਤ ਦੋਸ਼ੀਆਂ ਨੂੰ ਹਿਰਾਸਤ ਵਿੱਚ ਲਿਆ । ਡੀ ਐੱਸ ਪੀ ਫਹਿਤ ਸਿੰਘ ਬਰਾੜ ਨੇ ਦਸਿਆ ਕਿ ਪਿਛਲੇ ਸਾਲ ਪੁਲਿਸ ਨੇ 6 ਕਿੱਲੋ 350 ਗਰਾਮ ਅਫੀਮ, 435 ਕਿੱਲੋ 310 ਗਰਾਮ ਚੂਰਾ ਪੋਸਤ, 24405 ਨਸ਼ੀਲੀਆਂ ਗੋਲੀਆਂ,1496 ਕੈਪਸੂਲ,4 ਕਿੱਲੋ 610 ਗਰਾਮ ਗਾਂਜਾ, 262 ਗਰਾਮ ਹੈਰੋਇਨ, 75 ਗਰਾਮ ਨਸ਼ੀਲਾ ਪਾਊਡਰ ਅਤੇ 34 ਹਾਜਰ ਡਰੱਗ ਮਨੀ ਅਤੇ ਨਸ਼ਾ ਕਰਨ ਵਿੱਚ ਵਰਤੇ ਜਾਂਦੇ ਸਿਲਵਰ ਪੇਪਰ ਬਰਾਮਦ ਕੀਤੇ। ਉਹਨਾ ਦਸਿਆ ਕਿ ਕੁੱਲ 8 ਕੇਸਾਂ ਵਿੱਚ 1,34,93,608 ਰੁਪਏ ਦੇ ਮੁੱਲ ਦੀ ਜਾਇਦਾਦ ਅਟੈਚ ਕੀਤੀ ਗਈ ਹੈ।

### ਜ਼ਿੰਮੇਵਾਰੀ ਨੂੰ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਵਾਂਗਾ : ਸੰਜੇ ਮੱਗ

**ਨਾਭਾ (ਵਰਿੰਦਰ ਵਰਮਾ)**-ਆਮ ਆਦਮੀ ਪਾਰਟੀ ਨੇ ਹਲਕਾ ਨਾਭਾ ਤੋਂ ਯੂਥ ਆਗੂ ਨੂੰ ਬਣਦਾ ਮਾਣ ਸਤਿਕਾਰ ਦਿੱਤਾ ਹੈ। ਇਹ ਪ੍ਰਗਟਾਵਾ ਹਲਕਾ ਨਾਭਾ ਤੋਂ ਯੂਥ ਆਗੂ ਸੰਜੇ ਮੱਗੋ ਨੇ ਪ੍ਰੈਸ ਨਾਲ ਗੱਲਬਾਤ ਕਰਦਿਆਂ ਕੀਤਾ।ਉਨ੍ਹਾਂ ਦੱਸਿਆ ਕਿ ਪਾਰਟੀ ਨੇ ਮੈਨੂੰ ਯੂਥ ਬਲਾਕ ਕੋਆਰਡੀਨੇਟਰ ਨਿਯੁਕਤ ਕੀਤਾ ਹੈ। ਸੰਜੇ ਮੱਗੋ ਨੇ ਪਾਰਟੀ ਸੁਪਰੀਮੋ ਅਤੇ ਸਾਬਕਾ ਮੁੱਖ ਮੰਤਰੀ ਦਿੱਲੀ ਸ੍ਰੀ ਅਰਵਿੰਦ ਕੇਜਰੀਵਾਲ ਜ, ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ, ਖਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ, ਪੰਜਾਬ ਪ੍ਰਭਾਰੀ ਸ੍ਰੀ ਮਨੀਸ਼ ਸਿਸੋਦੀਆ, ਹਲਕਾ ਵਿਧਾਇਕ ਨਾਭਾ ਗੁਰਦੇਵ ਸਿੰਘ ਦੇਵ ਮਾਨ ਅਤੇ ਆਮ ਆਦਮੀ ਪਾਰਟੀ ਦੀ ਸਮੁੱਚੀ ਸੀਨੀਅਰ ਲੀਡਰਸ਼ਿਪ ਦਾ ਬਹੁਤ ਧੰਨਵਾਦ ਕੀਤਾ ਹੈ। ਉਨ੍ਹਾਂ ਕਿਹਾ ਕਿ ਪਾਰਟੀ ਵੱਲੋਂ ਦਿੱਤੀ ਜਿੰਮੇਵਾਰੀ ਨੂੰ ਉਹ ਪੂਰੀ ਤਨਦੇਹੀ ਨਾਲ ਨਿਭਾਉਣਗੇ।

### ਸੱਚ ਦੀ ਆਵਾਜ਼ ਨੂੰ ਦਬਾਅ ਰਹੀ ਹੈ ਸਰਕਾਰ : ਸੰਨੀ ਗਿੱਲ

**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਦੇ ਮੁੱਖ ਮੰਤਰੀ ਵੱਲੋਂ ਆਪਣੇ ਵਿਦੇਸ਼ੀ ਦੌਰੇ ਦੌਰਾਨ ਵਰਤੇ ਗਏ ਹੈਲੀਕਾਪਟਰ ਦੇ ਮਾਮਲੇ ਵਿੱਚ ਸੱਚ ਨੂੰ ਉਜਾਗਰ ਕਰਨ ਵਾਲੇ ਕੁੱਝ ਪੱਤਰਕਾਰਾਂ 'ਤੇ ਲੁਧਿਆਣਾ ਦੀ ਸਾਈਬਰ ਸੈੱਲ ਪੁਲਸ ਵੱਲੋਂ ਸਰਕਾਰ ਦੀ ਸ਼ਹਿ 'ਤੇ ਮਾਮਲਾ ਦਰਜ਼ ਕਰਨਾ ਸੱਚ ਦੀ ਅਵਾਜ਼ ਨੂੰ ਦਬਾਉਣਾ ਹੈ ਅਤੇ ਅਜਿਹਾ ਕਰਕੇ ਲੋਕਤੰਤਰ ਦੇ ਚੌਥੇ ਥੰਮ ਵਜੋਂ ਜਾਣੇ ਜਾਂਦੇ ਮੀਡੀਆ 'ਤੇ ਹਮਲਾ ਕੀਤਾ ਹੈ ਜੋ ਕਿ ਪੂਰੀ ਤਰ੍ਹਾਂ ਨਿੰਦਣਯੋਗ ਹੈ ਅਤੇ ਸ਼੍ਰੋਮਣੀ ਅਕਾਲੀ ਦਲ ਇਸ ਦੀ ਜੰਮ ਕੇ ਨਿੰਦਿਆ ਕਰਦਾ ਹੈ। ਇਹ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਹਲਕਾ ਮੋਗਾ ਦੇ ਇੰਚਾਰਜ ਸੰਜੀਤ ਸਿੰਘ ਸੰਨੀ ਗਿੱਲ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਪੁਲਸ ਇਸ ਮਾਮਲੇ ਨੂੰ ਸ਼ੋਸਲ ਮੀਡੀਆ 'ਤੇ ਇਤਰਾਜ਼ਯੋਗ ਟਿੱਪਣੀ ਦੱਸਦੀ ਹੈ ਅਤੇ ਇਸ ਨੂੰ ਸੁਰੱਖਿਆ ਦੇ ਮਾਮਲੇ ਨਾਲ ਜੋੜ ਰਹੇ ਹਨ ਜੋ ਕਿ ਹਾਸੋਹੀਣੀ ਗੱਲ ਹੈ ਜਦ ਕਿ ਇਹ ਮਾਮਲਾ ਸੂਬੇ ਦੀ ਆਰਥਿਕਤਾ ਨਾਲ ਜੁੜਿਆ ਹੋਇਆ ਹੈ ਕਿਉਂਕਿ ਆਪ ਸਰਕਾਰ ਦੇ ਕਾਰਜਕਾਲ ਦੌਰਾਨ ਸੂਬੇ 'ਤੇ ਜੋ ਕਰਜ਼ੇ ਦਾ ਬੋਝ ਪਾਇਆ ਹੈ ਉਸ ਨਾਲ ਪੰਜਾਬ ਦੀ ਆਰਥਿਕਤਾ ਪੂਰੀ ਤਰ੍ਹਾਂ ਡੋਲ ਗਈ ਹੈ ਅਤੇ ਸਰਕਾਰ ਆਪਣੀਆਂ ਖਾਮੀਆਂ ਨੂੰ ਛੁਪਾਉਣ ਲਈ ਹੀ ਅਜਿਹੇ ਹੱਥਕੰਡੇ ਵਰਤ ਰਹੀ ਹੈ।

# 100 ਗ੍ਰਾਮ ਹੈਰੋਇਨ ਸਣੇ 2 ਵਿਅਕਤੀ ਕਾਬੂ, ਮੁਕੱਦਮਾ ਦਰਜ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਦਰ ਜਲਾਲਾਬਾਦ ਦੀ ਪੁਲਸ ਵੱਲੋਂ 100 ਗ੍ਰਾਮ ਹੈਰੋਇਨ ਸਣੇ 2 ਵਿਅਕਤੀਆਂ ਨੂੰ ਕਾਬੂ ਕੀਤਾ ਗਿਆ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਗੁਰਨਾਮ ਸਿੰਘ ਚੌਕੀ ਇੰਚਾਰਜ ਘੁਬਾਇਆ ਨੇ ਦੱਸਿਆ ਕਿ ਉਹ ਸਮੇਤ ਸਾਥੀ ਕ੍ਰਮਚਾਰੀਆਂ ਦੇ ਨਾਲ ਗਸ਼ਤ ਦੌਰਾਨ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਕਰਨ ਲਈ ਪਿੰਡ ਮੁਹੰਮਦੇ ਵਾਲਾ, ਚੱਕ ਭਾਬੜਾ ਆਦਿ ਪਿੰਡਾਂ ਲਈ ਰਵਾਨਾ ਸੀ ਅਤੇ ਜਦੋਂ ਪੁਲਸ ਪਾਰਟੀ ਮੁਹੰਮਦੇ ਵਾਲਾ ਤੋਂ ਚੱਕ ਭਾਬੜਾ ਲਿੰਕ ਰੋਡ ਤੇ ਚੱਕ ਭਾਬੜਾ ਤੋਂ ਕਰੀਬ ਅੱਦਾ ਕਿੱਲੋ ਮੀਟਰ ਪਿੱਛੇ ਸੀ ਤਾਂ ਦੋ ਵਿਅਕਤੀ ਦਿਖਾਈ ਦਿੱਤੇ, ਜੋ ਪੁਲਸ ਦੀ ਗੱਡੀ ਨੂੰ ਵੇਖ ਕੇ ਪਿੱਛੇ ਮੁੜਨ ਲੱਗੇ ਤਾਂ ਪੁਲਸ ਪਾਰਟੀ ਨੇ ਇਨ੍ਹਾਂ ਵਿਅਕਤੀਆਂ ਨੂੰ ਕਾਬੂ ਕਰਕੇ ਤਲਾਸ਼ੀ ਲਈ ਗਈ ਤਾਂ ਇਨ੍ਹਾਂ ਕੋਲੋਂ 100 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਦੀ ਮੁੱਢਲੀ ਪੁੱਛਗਿੱਛ ਦੌਰਾਨ ਇਨ੍ਹਾਂ ਵਿਅਕਤੀਆਂ ਦੀ ਪਹਿਚਾਣ ਜੋਗਿੰਦਰ ਸਿੰਘ ਪੁੱਤਰ ਜਸਵੰਤ ਸਿੰਘ ਵਾਸੀ ਕੰਨਲਾ ਵਾਲੇ ਝੁੱਗੇ (ਜਲਾਲਾਬਾਦ) ਤੇ ਬਲਜੀਤ ਸਿੰਘ ਪੁੱਤਰ ਗੁਰਨਾਮ ਸਿੰਘ ਵਾਸੀ ਮੰਡੀ ਲਾਧੂਕਾ ਵਜੋ ਹੋਈ ਹੈ। ਥਾਣਾ ਸਦਰ ਜਲਾਲਾਬਾਦ ਵਿਖੇ ਧਾਰਾ 21,29/61/85 ਐਨ.ਡੀ.ਪੀ.ਐਸ. ਐਕਟ ਤਹਿਤ ਮੁਕੱਦਮਾ ਦਰਜ ਕਰਕੇ ਪੁਲਿਸ ਵੱਲੋਂ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

# ਕਾਮਰੇਡ ਭਾਨ ਸਿੰਘ ਭੌਰਾ ਨੂੰ ਬਰਸੀ ਮੌਕੇ ਸ਼ਰਧਾਂਜਲੀਆਂ ਭੇਟ



**ਸੰਗਰੂਰ (ਪ੍ਰਵੀਨ ਸਿੰਘ)**-ਸੁਤੰਤਰ ਭਵਨ ਵਿਖੇ ਕਾਮਰੇਡ ਭਾਨ ਸਿੰਘ ਭੌਰਾ ਦੀ ਬਰਸੀ ਸਾਥੀ ਸੁਖਦੇਵ ਸ਼ਰਮਾ ਜ਼ਿਲ੍ਹਾ ਸਕੱਤਰ ਤੇ ਨਿਰਮਲ ਸਿੰਘ ਤੇ ਨਵਜੀਤ ਸਿੰਘ ਮੀਤ ਸਕੱਤਰ ਸੰਗਰੂਰ ਦੀ ਅਗਵਾਈ ਹੇਠ ਮਨਾਈ ਗਈ। ਸੀਪੀਆਈ ਦਾ ਲਾਲ ਝੰਡਾ ਬਜ਼ੁਰਗ ਆਗੂ ਸਾਥੀ ਗੁਰਦਿਆਲ ਨਿਰਮਾਣ ਨੇ ਲਹਿਰਾਇਆ ਤੇ ਕਾਮਰੇਡ ਸੁਖਦੇਵ ਸ਼ਰਮਾ ਨੇ ਕਾਮਰੇਡ ਭਾਨ ਸਿੰਘ ਭੌਰਾ ਬਾਰੇ ਬੋਲਦਿਆਂ ਕਿਹਾ ਕਿ ਉਨ੍ਹਾਂ ਸਾਰੀ ਉਮਰ ਲੋਕਾਂ ਦੀ ਬੇਹਤਰੀ ਲਈ ਮਜ਼ਦੂਰ ਜਮਾਤ ਦੇ ਲੇਖੇ ਲਾਈ। ਉਹ ਲਗਾਤਾਰ ਦੋ ਵਾਰ ਐਮਐਲਏ ਤੇ ਦੋ ਵਾਰ ਮੈਂਬਰ ਪਾਰਲੀਮੈਂਟ ਰਹੇ। 'ਆਪ' ਖੇਤ ਮਜ਼ਦੂਰ ਸਭਾ ਦੇ ਪੰਜਾਬ ਦੇ ਲੰਬਾ ਸਮਾਂ ਪ੍ਰਧਾਨ ਰਹੇ ਤੇ ਹਿੰਦੁਸਤਾਨ ਦੇ ਪ੍ਰਮੁੱਖ ਆਗੂਆਂ ਵਿੱਚੋਂ ਇੱਕ ਸਨ। ਬਰਸੀ ਸਮੇਂ ਮੁੱਖ ਬੁਲਾਰੇ ਦੇ ਤੌਰ 'ਤੇ ਸਾਥੀ ਜਗਰੂਪ ਸਿੰਘ ਮੈਂਬਰ ਨੈਸ਼ਨਲ ਕੌਂਸਲ ਤੇ ਬੀਬੀ ਕੁਸ਼ਲ ਭੌਰਾ ਨੇ ਕਿਹਾ ਕਿ ਸਰਕਾਰ ਕਾਰਪੋਰੇਟਾਂ ਦਾ ਪੱਖ ਪੂਰ ਰਹੀ ਹੈ। ਗ਼ਰੀਬ ਜਨਤਾ ਦੀਆਂ ਸਹੂਲਤਾਂ ਤੇ ਕੱਟ ਲਗਾ ਰਹੀ ਹੈ। ਉਹ ਕਾਨੂੰਨਾਂ ਜੋ ਮਜ਼ਦੂਰ ਨੂੰ ਇਨਸਾਫ ਦਿਵਾਉਂਦੇ ਹਨ ਜਾਂ ਰੁਜ਼ਗਾਰ ਦੀ ਗਰੰਟੀ ਦਿੰਦੇ ਹਨ, ਉਨ੍ਹਾਂ ਨੂੰ ਜਾਂ ਤਾਂ ਬਦਲਿਆ ਜਾ ਰਿਹਾ ਹੈ ਜਾਂ ਫਿਰ ਰੱਦ ਕੀਤਾ ਜਾ ਰਿਹਾ ਹੈ। ਬੀਜ ਬਿੱਲ ਲਿਆ ਕੇ ਵੱਡੀਆਂ ਕੰਪਨੀਆਂ ਦਾ ਖੇਤੀ 'ਤੇ ਕਬਜ਼ਾ ਕਰਾਉਣ ਦੇ ਯਤਨ ਕੀਤੇ ਜਾ ਰਹੇ ਹਨ। ਬਿਜਲੀ ਕਾਨੂੰਨ 2025 ਨੂੰ 2020 ਤੋਂ ਲਗਾਤਾਰ ਲਿਆਉਣ ਦੀਆਂ ਤਿਆਰੀਆਂ ਦੇ ਸਿੱਟੇ ਵਜੋਂ ਪਾਰਲੀਮੈਂਟ ਵਿੱਚ ਪੇਸ਼ ਕਰ ਦਿੱਤਾ ਗਿਆ ਹੈ। ਕਿਸਾਨ ਅੰਦੋਲਨ ਸਮੇਂ ਸਰਕਾਰ ਨੇ ਵਾਅਦਾ ਕੀਤਾ ਸੀ ਕਿ ਕਿਸਾਨਾਂ ਨਾਲ ਗੱਲਬਾਤ ਕਰਕੇ ਹੀ ਬਿਜਲੀ ਬਿੱਲ ਲਿਆਂਦਾ ਜਾਏਗਾ, ਪਰ ਹੁਣ ਸਰਕਾਰ ਮੁੱਕਰ ਗਈ ਹੈ। ਮਿਲ ਰਹੀਆਂ ਸਹੂਲਤਾਂ ਨੂੰ ਖਤਮ ਕੀਤਾ ਜਾ ਰਿਹਾ ਹੈ। ਸਰਕਾਰ ਫਿਰਕੂ ਨਫ਼ਰਤ ਫੈਲਾ ਕੇ ਆਪਣੇ ਰਾਜ ਦੀ ਉਮਰ ਲੰਬੀ ਕਰਨ ਵਿੱਚ ਮਸ਼ਰੂਫ ਹੈ ਅਨੇਕਤਾ ਵਿੱਚ ਏਕਤਾ ਅਤੇ ਧਰਮ ਨਿਰਪੱਖਤਾ ਨੂੰ ਦਰਕਿਨਾਰ ਕੀਤਾ ਜਾ ਰਿਹਾ ਹੈ।

ਇਕੱਠ ਨੂੰ ਹੋਰਨਾਂ ਤੋਂ ਇਲਾਵਾ ਹਰਦੇਵ ਸਿੰਘ ਬਖਸ਼ੀਵਾਲਾ ਸਤਵੰਤ ਸਿੰਘ ਖੰਡੇਬਾਦ ਸੰਪੂਰਨ ਸਿੰਘ ਛਾਜਲੀ ਡਾਕਟਰ ਮਨਿੰਦਰ ਸਿੰਘ ਧਾਲੀਵਾਲ ਭਰਪੂਰ ਸਿੰਘ ਬੋਲਾਪੁਰ ਤੇ ਮੂਲ ਚੰਦ ਸ਼ਰਮਾ ਨੇ ਸੰਬੋਧਨ ਕੀਤਾ। ਭਾਨ ਸਿੰਘ ਭੌਰਾ ਦੇ ਪਰਵਾਰ ਤੋਂ ਇਲਾਵਾ ਨੀਲੇ ਖਾਂ, ਬੀਰਜ ਲਾਲ ਧੀਮਾਨ, ਜੀਵਨ ਸਿੰਘ, ਮੇਲਾ ਸਿੰਘ ਪੁਨਾਵਾਲ, ਜਗਦੇਵ ਸਿੰਘ ਲਹਿਲ ਖੁਰਦ, ਗੁਰਮੁਖ ਸਿੰਘ, ਦਰਸ਼ਨ ਸਿੰਘ ਸੰਜੂਮਾ, ਜਗਦੇਵ ਸਿੰਘ ਬਾਹੀਆ, ਇੰਦਰ ਸਿੰਘ, ਗੁਰਜੰਟ ਸਿੰਘ, ਸੁਰਿੰਦਰ ਕੌਰ ਤੇ ਵਿੰਦਰ ਕੌਰ ਨੇ ਵੀ ਸੰਬੋਧਨ ਕੀਤਾ।

# ਚੋਰੀ ਦੇ ਮੋਟਰ ਸਾਇਕਲ ਸਣੇ 2 ਵਿਅਕਤੀ ਕਾਬੂ

**ਜਲਾਲਾਬਾਦ (ਜੀਤ ਕੁਮਾਰ)** ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਵੱਲੋਂ 2 ਵਿਅਕਤੀਆਂ ਨੂੰ ਚੋਰੀ ਦਾ ਮੋਟਰ ਸਾਇਕਲ ਸਣੇ ਕਾਬੂ ਕੀਤਾ ਗਿਆ ਹੈ। ਜਾਂਚ ਅਧਿਕਾਰੀ ਐਚ.ਸੀ. ਅਮਨਦੀਪ ਨੇ ਦੱਸਿਆ ਕਿ ਉਹ ਸਾਥੀ ਕ੍ਰਮਚਾਰੀਆਂ ਦੇ ਨਾਲ ਗਸ਼ਤ ਦੌਰਾਨ ਹਰਕਿਸ਼ਨ ਪਬਲਿਕ ਸਕੂਲ ਜਲਾਲਾਬਾਦ ਦੀ ਬੈਕ ਸਾਇਡ ਦਾਣਾ ਮੰਡੀ ਜਲਾਲਾਬਾਦ ਦੇ ਕੋਲ ਪੁੱਜੇ ਤਾਂ ਮੁਖਬਰ ਖਾਸ ਨੇ ਗੱਡੀ ਰੁਕਵਾ ਕੇ ਇਤਲਾਹ ਦਿੱਤੀ ਕਿ ਰਮੇਸ਼ ਕੁਮਾਰ ਤੇ ਮਨਪ੍ਰੀਤ ਸਿੰਘ ਜੋ ਮੋਟਰ ਸਾਇਕਲ ਚੋਰੀ ਕਰਕੇ ਅੱਗੇ ਵੇਚਣ ਦੇ ਆਦੀ ਹਨ, ਜਿਸ 'ਤੇ ਪੁਲਸ ਪਾਰਟੀ ਨੇ ਛਾਪੇਮਾਰੀ ਕਰਕੇ ਇਕ ਚੋਰੀ ਦਾ ਮੋਟਰ ਸਾਇਕਲ ਬਿਨਾਂ ਨੰਬਰੀ ਹੀਰੋ ਸਪਲੈਂਡਰ ਸਣੇ ਰਮੇਸ਼ ਕੁਮਾਰ ਤੇ ਮਨਪ੍ਰੀਤ ਸਿੰਘ ਉਰਫ ਪੀਤਾ ਨੂੰ ਕਾਬੂ ਕੀਤਾ ਹੈ।

ਥਾਣਾ ਸਿਟੀ ਜਲਾਲਾਬਾਦ ਵਿਖੇ ਰਮੇਸ਼ ਕੁਮਾਰ ਪੁੱਤਰ ਮੁਨਸੀ ਰਾਮ ਵਾਸੀ ਮੀਨਿਆਂ ਵਾਲਾ (ਥਾਣਾ ਵੈਰੋਕੇ) ਅਤੇ ਮਨਪ੍ਰੀਤ ਸਿੰਘ ਉਰਫ਼ ਪੀਤਾ ਪੁੱਤਰ ਕੁਲਵੰਤ ਸਿੰਘ ਵਾਸੀ ਖੁੜੰਜ (ਥਾਣਾ ਵੈਰੋਕੇ) ਦੇ ਵਿਰੁੱਧ ਮੁਕੱਦਮਾ ਨੰਬਰ 2 ਮਿਤੀ 03-01-2026 ਨੂੰ ਧਾਰਾ 303 (2), 317 (2) ਬੀ.ਐਨ.ਐਸ. ਤਹਿਤ ਦਰਜ ਕੀਤਾ ਗਿਆ ਹੈ ਤੇ ਪੁਲਸ ਵੱਲੋਂ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

# ਭਾਜਪਾ ਦਾ ਮਜ਼ਦੂਰ ਵਿਰੋਧੀ ਚਿਹਰਾ ਬੇਨਕਾਬ : ਚੌਹਾਨ



**ਮਾਨਸਾ (ਆਤਮਾ ਸਿੰਘ ਪਮਾਰ)**-ਕੇਂਦਰ ਦੀ ਮੋਦੀ ਸਰਕਾਰ ਵੱਲੋਂ ਮਨਰੇਗਾ ਕਾਨੂੰਨ ਦੀ ਥਾਂ ਇਕ ਨਵਾਂ ਪੇਂਡੂ ਰੁਜ਼ਗਾਰ ਕਾਨੂੰਨ ਲਿਆਉਣਾ , ਮਨਰੇਗਾ ਕਾਨੂੰਨ ਦਾ ਭੋਗ ਪਾਉਣ ਦੀ ਯੋਜਨਾ ਅਤੇ ਮਜ਼ਦੂਰ ਵਿਰੋਧੀ ਕਦਮ ਹੈ।

ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਅਤੇ ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾਈ ਆਗੂ ਕਾਮਰੇਡ ਕ੍ਰਿਸ਼ਨ ਸਿੰਘ ਚੌਹਾਨ ਨੇ ਵੱਖ ਵੱਖ ਪਿੰਡਾਂ ਮਾਨਸਾ ਖੁਰਦ, ਬੱਪੀਆਣਾ ਤੇ ਮੂਲਾ ਸਿੰਘ ਵਾਲਾ ਵਿਖੇ ਮਨਰੇਗਾ ਵਰਕਰਾਂ ਦੀਆਂ ਮੀਟਿੰਗਾਂ ਮੌਕੇ ਸੰਬੋਧਨ ਕਰਦਿਆਂ ਕੀਤਾ।ਉਹਨਾਂ ਮਨਰੇਗਾ ਮਜ਼ਦੂਰਾਂ ਨੂੰ ਚੇਤਨ ਕਰਦੇ ਹੋਏ ਕਿਹਾ ਭਾਜਪਾ ਵੱਲੋਂ ਗੁੰਮਰਾਹ ਕੁੰਨ ਪ੍ਰਚਾਰ ਰਾਹੀਂ ਰੁਜ਼ਗਾਰ ਸਬੰਧੀ ਸ਼ਰੇਆਮ ਝੂਠ ਬੋਲਿਆ ਜਾ ਰਿਹਾ ਹੈ, ਜਦੋਂ ਕਿ ਅਮਲ ਵਿੱਚ ਨਵੇਂ ਕਾਨੂੰਨ ਮੁਤਾਬਕ ਕਾਮਿਆਂ ਨੂੰ ਰੁਜ਼ਗਾਰ ਮੁਹੱਈਆ ਨਹੀਂ ਹੋ ਸਕਦਾ ਕਿਉਂਕਿ ਮੋਦੀ ਸਰਕਾਰ ਵੱਲੋਂ ਰਾਜ ਸਰਕਾਰਾਂ 'ਤੇ 40 ਪ੍ਰਤੀਸ਼ਤ ਦਾ ਆਰਥਿਕ ਬੋਝ ਪਾ ਦਿੱਤਾ ਗਿਆ ਹੈ ਜੋ ਰਾਜ ਸਰਕਾਰਾਂ ਦੇ ਨਹੀਂ ਸਕਣਗੀਆਂ। ਉਨ੍ਹਾਂ ਨੇ ਮਨਰੇਗਾ ਕਾਨੂੰਨ ਦੀ ਬਹਾਲੀ, ਘੱਟੋ ਘੱਟ 200 ਦਿਨ ਕੰਮ ਅਤੇ ਇੱਕ ਹਜ਼ਾਰ ਰੁਪਏ ਪ੍ਰਤੀ ਦਿਨ ਦਿਹਾੜੀ, ਚਾਰ ਲੇਬਰ ਕੋਡ, ਬਿਜਲੀ ਤੇ ਬੀਜ ਐਕਟ ਰੱਦ ਕਰਨ ਸਬੰਧੀ ਰੋਸ ਪੰਦਰਵਾੜੇ ਤਹਿਤ 15 ਜਨਵਰੀ ਨੂੰ ਵੱਡੇ ਕਾਫਲਿਆਂ ਸਮੇਤ ਮਾਨਸਾ ਪੁੱਜਣ ਦੀ ਅਪੀਲ ਕੀਤੀ।ਇਸ ਮੌਕੇ ਕਾਮਿਆਂ ਵੱਲੋਂ ਦੇਸ਼ ਦੇ ਰਾਸ਼ਟਰਪਤੀ ਦੇ ਨਾਂਅ ਡਿਪਟੀ ਕਮਿਸ਼ਨਰ ਰਾਹੀਂ ਮੰਗ ਪੱਤਰ ਸੌਂਪਿਆ ਜਾਵੇਗਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਧੰਨਾ ਸਿੰਘ ਬੱਪੀਆਣਾ, ਹਰਪਾਲ ਸਿੰਘ ਬੱਪੀਆਣਾ, ਹਰਨੇਕ ਸਿੰਘ ਢਿੱਲੋਂ, ਸੁਖਦੇਵ ਸਿੰਘ ਪੰਧੇਰ, ਪੱਪੀ ਸਿੰਘ ਮੂਲਾ ਸਿੰਘ ਵਾਲਾ, ਬੀਰਾ ਸਿੰਘ ਮੂਲਾ ਸਿੰਘ ਵਾਲਾ, ਗੁਰਬਚਨ ਸਿੰਘ, ਮਲਕੀਤ ਕੌਰ ਆਦਿ ਆਗੂਆਂ ਨੇ ਵੀ ਸੰਬੋਧਨ ਕੀਤਾ।

# ਸ਼ਮਸ਼ਾਨਘਾਟ 'ਚੋਂ ਮ੍ਰਿਤਕਾਂ ਦੀਆਂ ਅਸਥੀਆਂ ਚੋਰੀ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)** ਰਾਜਪੁਰਾ ਰੋਡ ਸਥਿਤ ਵੀਰ ਜੀ ਮੜੀਆਂ ਵਿੱਚ ਇੱਕ ਬੇਹੱਦ ਮੰਦਭਾਗੀ ਤੇ ਹੈਰਾਨੀਜਨਕ ਘਟਨਾ ਸਾਹਮਣੇ ਆਈ ਹੈ, ਜਿੱਥੇ ਸ਼ਮਸ਼ਾਨਘਾਟ 'ਚੋਂ ਮ੍ਰਿਤਕਾਂ ਦੀਆਂ ਅਸਥੀਆਂ ਚੋਰੀ ਹੋਣ ਦਾ ਮਾਮਲਾ ਗਰਮਾ ਗਿਆ ਹੈ।ਪੀੜਤ ਪਰਵਾਰਾਂ ਨੇ ਦੋਸ਼ ਲਾਇਆ ਹੈ ਕਿ ਇਹ ਅਸਥੀਆਂ ਤਾਂਤਰਿਕ ਕਿਰਿਆਵਾਂ ਕਰਨ ਵਾਲੇ ਲੋਕਾਂ ਵੱਲੋਂ ਚੋਰੀ ਕੀਤੀਆਂ ਗਈਆਂ ਹਨ।

ਸੁਨੀਲ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ ਦਾ ਦਿਹਾਂਤ 2 ਜਨਵਰੀ ਨੂੰ ਹੋਇਆ ਸੀ ਤੇ ਉਸੇ ਦਿਨ ਦੁਪਹਿਰ 12 ਵਜੇ ਵੀਰ ਜੀ ਮੜੀਆਂ ਵਿਖੇ ਉਨ੍ਹਾਂ ਦਾ ਸੰਸਕਾਰ ਕੀਤਾ ਗਿਆ ਸੀ।ਜਦੋਂ ਪਰਵਾਰ ਅਸਥੀਆਂ ਚੁਣਨ ਲਈ ਸ਼ਮਸ਼ਾਨ ਘਾਟ ਪਹੁੰਚਿਆ, ਤਾਂ ਉਹ ਇਹ ਦੇਖ ਕੇ ਹੱਕੇ-ਬੱਕੇ ਰਹਿ ਗਏ ਕਿ ਅਸਥੀਆਂ ਦੇ ਕਈ ਅਹਿਮ ਹਿੱਸੇ ਉੱਥੋਂ ਗਾਇਬ ਸਨ।

ਪੀੜਤ ਪਰਿਵਾਰ ਨੇ ਦੱਸਿਆ ਕਿ ਉੱਥੇ ਮੌਜੂਦ ਸੇਵਾਦਾਰਾਂ ਅਤੇ ਗੇਟ 'ਤੇ ਤਾਇਨਾਤ ਮੁਲਾਜ਼ਮਾਂ ਮੁਤਾਬਕ ਪਿਛਲੇ ਦੋ-ਤਿੰਨ ਦਿਨਾਂ ਤੋਂ ਕੁਝ ਅਣਪਛਾਤੇ ਲੋਕ ਲਗਾਤਾਰ ਰਾਤ ਦੇ ਸਮੇਂ ਮੜੀਆਂ ਵਿੱਚ ਆ ਰਹੇ ਸਨ।ਪਰਵਾਰ ਨੂੰ ਪੂਰਾ ਖ਼ਦਸ਼ਾ ਹੈ ਕਿ ਉਨ੍ਹਾਂ ਦੇ ਪਿਤਾ ਦੀਆਂ ਅਸਥੀਆਂ ਦੀ ਵਰਤੋਂ ਕਿਸੇ ਗਲਤ ਕੰਮ ਜਾਂ ਤਾਂਤਰਿਕ ਵਿੱਦਿਆ ਲਈ ਕੀਤੀ ਜਾ ਸਕਦੀ ਹੈ।ਇਹ ਮਾਮਲਾ ਸਿਰਫ਼ ਇੱਕ ਪਰਿਵਾਰ ਤੱਕ ਸੀਮਤ ਨਹੀਂ ਰਿਹਾ।ਮੌਕੇ 'ਤੇ ਮੌਜੂਦ ਇੱਕ ਹੋਰ ਪਰਿਵਾਰ ਨੇ ਵੀ ਦੱਸਿਆ ਕਿ ਉਨ੍ਹਾਂ ਦੇ ਮ੍ਰਿਤਕ ਰਿਸ਼ਤੇਦਾਰ ਦੀਆਂ ਅਸਥੀਆਂ ਵਿੱਚੋਂ ਵੀ ਖੋਪੜੀ ਤੇ ਹੋਰ ਹਿੱਸੇ ਗਾਇਬ ਸਨ।ਇਸ ਘਟਨਾ ਤੋਂ ਬਾਅਦ ਇਲਾਕੇ ਵਿੱਚ ਦਹਿਸ਼ਤ ਅਤੇ ਗੁੱਸੇ ਦਾ ਮਾਹੌਲ ਪਾਇਆ ਜਾ ਰਿਹਾ ਹੈ।

ਪੁਲਸ ਕੋਲ ਪਹੁੰਚਿਆ ਮਾਮਲਾ ਘਟਨਾ ਦੀ ਸੂਚਨਾ ਮਿਲਦੇ ਹੀ ਪੁਲਸ ਪਾਰਟੀ ਮੌਕੇ 'ਤੇ ਪਹੁੰਚੀ ਅਤੇ ਜਾਂਚ ਸ਼ੁਰੂ ਕਰ ਦਿੱਤੀ।ਪਟਿਆਲਾ ਦੇ ਮੇਅਰ ਕੁੰਦਨ ਗੋਗੀਆ ਜੋ ਇਸ ਸ਼ਮਸ਼ਾਨ ਘਾਟ ਵਿੱਚ ਸੇਵਾ ਵੀ ਕਰਦੇ ਹਨ, ਨੇ ਵੀ ਮੌਕੇ ਦਾ ਜਾਇਜ਼ਾ ਲਿਆ।ਉਨ੍ਹਾਂ ਪੀੜਤ ਪਰਵਾਰਾਂ ਨੂੰ ਵਿਸ਼ਵਾਸ ਦਿਵਾਇਆ ਕਿ ਇਸ ਘਿਨਾਉਣੀ ਕਰਤੂਤ ਨੂੰ ਅੰਜਾਮ ਦੇਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।ਮੇਅਰ ਨੇ ਇਹ ਵੀ ਸਪੱਸ਼ਟ ਕੀਤਾ ਕਿ ਸ਼ਮਸ਼ਾਨ ਘਾਟ ਵਿੱਚ ਤਾਇਨਾਤ ਸੇਵਾਦਾਰਾਂ ਤੇ ਕ੍ਰਮਚਾਰੀਆਂ ਦੀ ਜਵਾਬਦੇਹੀ ਤੈਅ ਕੀਤੀ ਜਾਵੇਗੀ ਅਤੇ ਲਾਪ੍ਰਵਾਹੀ ਵਰਤਣ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ।

# ਸਾਈਬਰ ਥਾਣੇ 'ਚ ਲੋਕ-ਪੱਖੀ ਪੱਤਰਕਾਰਾਂ 'ਤੇ ਐਫ਼ ਆਈ ਆਰ ਦਾ ਮਾਮਲਾ ਗਰਮਾਇਆ

**ਲੁਧਿਆਣਾ (ਰੈਕਟਰ ਕਥੂਰੀਆ)**-ਲੋਕ ਮਸਲਿਆਂ 'ਤੇ ਲਗਾਤਾਰ ਲੋਕਾਂ ਦੀ ਆਵਾਜ਼ ਬਣਨ ਵਾਲੇ ਪੱਤਰਕਾਰਾਂ 'ਤੇ ਪੰਜਾਬ ਸਰਕਾਰ ਵੱਲੋਂ ਲੁਧਿਆਣਾ ਵਿਖੇ ਸਾਈਬਰ ਕ੍ਰਾਈਮ ਥਾਣੇ ਵਿੱਚ ਪੁਲਸ ਪਰਚਾ ਦਰਜ ਕਰਨ ਦੀ ਜਮਹੂਰੀ ਜਥੇਬੰਦੀਆਂ ਵੱਲੋਂ ਸਖ਼ਤ ਨਿਖੇਧੀ ਕੀਤੀ ਹੈ।

ਜਥੇਬੰਦੀਆਂ 'ਚ ਜਮਹੂਰੀ ਅਧਿਕਾਰ ਸਭਾ ਪੰਜਾਬ, ਸ਼ਹੀਦ ਭਗਤ ਸਿੰਘ ਵਿਚਾਰ ਮੰਚ, ਤਰਕਸ਼ੀਲ ਸੁਸਾਇਟੀ ਪੰਜਾਬ, ਮਹਾਂ ਸਭਾ ਲੁਧਿਆਣਾ, ਇਨਕਲਾਬੀ ਮਜ਼ਦੂਰ ਕੇਂਦਰ, ਗ਼ਦਰੀ ਸ਼ਹੀਦ ਬਾਬਾ ਭਾਨ ਸਿੰਘ ਨੌਜਵਾਨ ਸਭਾ ਲੁਧਿਆਣਾ ਸ਼ਾਮਲ ਹਨ।ਇਨ੍ਹਾਂ ਆਗੂਆਂ ਪ੍ਰੋ ਜਗਮੋਹਨ ਸਿੰਘ, ਪ੍ਰੋ ਏ ਕੇ ਮਲੇਰੀ, ਜਸਵੰਤ ਜ਼ੀਰਖ, ਬਲਕੌਰ ਸਿੰਘ ਗਿੱਲ, ਕਾ. ਸੁਰਿੰਦਰ ਸਿੰਘ, ਐਡਵੋਕੇਟ ਹਰਪ੍ਰੀਤ ਜ਼ੀਰਖ ਨੇ ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਕਿਹਾ ਕਿ ਲੋਕ ਮਸਲਿਆਂ 'ਤੇ ਬਤੌਰ ਮੀਡੀਆ ਅਦਾਰੇ, ਸਰਕਾਰ ਨੂੰ ਸਵਾਲਾਂ ਰਾਹੀਂ ਘੇਰਨ ਵਾਲੇ ਤੇ ਪੰਜਾਬ ਦੇ ਸ੍ਰੋਤਾਂ ਦੀ ਕੀਤੀ ਜਾ ਰਹੀਂ ਸਿਆਸੀ ਦੁਰਵਰਤੋਂ ਨੂੰ ਲੋਕਾਂ ਦੀ ਕਚਹਿਰੀ 'ਚ ਸਾਹਮਣੇ ਲਿਆਉਣ ਵਾਲੇ ਲੋਕ ਆਵਾਜ਼ ਚੈਨਲ ਦੇ ਮਨਿੰਦਰਜੀਤ ਸਿੰਘ, ਪੱਤਰਕਾਰ ਮਿੰਟੂ ਗੁਰੂਸਰੀਆ ਤੇ ਆਰ.ਟੀ.ਆਈ. ਐਕਟਵਿਸਟ ਮਾਨਿਕ ਗੋਇਲ ਸਮੇਤ 10 ਵਿਅਕਤੀਆਂ 'ਤੇ ਪੰਜਾਬ ਸਰਕਾਰ ਵੱਲੋਂ ਲੁਧਿਆਣਾ ਵਿਖੇ ਸਾਈਬਰ ਕਰਾਈਮ ਥਾਣੇ ਵਿੱਚ ਪੁਲਸ ਪਰਚਾ ਦਰਜ ਕਰਕੇ ਲੋਕਾਂ ਦੀ ਪ੍ਰੈਸ ਦੀ ਆਜਾਦੀ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਹੈ। ?ਸਰਕਾਰ ਦੀ ਕਾਰਗੁਜ਼ਾਰੀ ਲੋਕਾਂ ਸਾਹਮਣੇ ਲਿਆਉਣਾ ਸੱਚੀ ਪੱਤਰਕਾਰੀ ਦੀ ਮੁੱਢਲੀ ਜ਼ਿੰਮੇਵਾਰੀ ਹੈ। ਸਰਕਾਰ ਵੱਲੋਂ ਪੱਤਰਕਾਰਾਂ ਵੱਲੋਂ ਉਠਾਏ ਸਵਾਲਾਂ ਦਾ ਜਵਾਬ ਦੇਣ ਦੀ ਥਾਂ ਉਨ੍ਹਾਂ ਖ਼ਿਲਾਫ਼ ਪਰਚੇ ਦਰਜ ਕਰਨਾ ਸਰਕਾਰ ਦੀ ਬੁਖਲਾਹਟ ਦੀ ਨਿਸ਼ਾਨੀ ਹੈ।ਜਮਹੂਰੀ ਜਥੇਬੰਦੀਆਂ ਦੇ ਆਗੂਆਂ ਨੇ ਸਰਕਾਰ ਤੋਂ ਇਸ ਝੂਠੇ ਪੁਲਸ ਪਰਚੇ ਨੂੰ ਫੌਰੀ ਰੱਦ ਕਰਨ ਦੀ ਮੰਗ ਕੀਤੀ ਹੈ।ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਇਨਕਲਾਬੀ ਜਮਹੂਰੀ ਜਥੇਬੰਦੀਆਂ ਲੋਕ ਪੱਖੀ ਮੀਡੀਆ, ਅਦਾਰਿਆਂ ਤੇ ਪੱਤਰਕਾਰਾਂ ਦੀ ਜ਼ੁਬਾਨਬੰਦੀ ਦੀ ਅਜਿਹੀ ਨੀਵੇਂ ਪੱਧਰ ਦੀ ਕੋਸ਼ਿਸ਼ ਤੇ ਜਮਹੂਰੀਅਤ ਦੇ ਕੀਤੇ ਜਾ ਰਹੇ ਘਾਣ ਵਿਰੁੱਧ ਇਨਸਾਫ਼ ਪਸੰਦ ਜਥੇਬੰਦੀਆਂ ਦੀ ਲਾਮਬੰਦੀ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਹਰ ਤਰ੍ਹਾਂ ਦੀ ਦਹਿਸ਼ਤ ਪਾਊ ਸਰਕਾਰੀ ਧੱਕੇਸ਼ਾਹੀ ਬੰਦ ਕਰਕੇ ਲੋਕਾਂ ਲਈ ਜਵਾਬ ਦੇਹ ਹੋਣਾ ਸਰਕਾਰ ਦੀ ਮੁੱਖ ਜ਼ੁੰਮੇਵਾਰੀ ਹੈ, ਪਰ ਸਰਕਾਰ ਇਸ ਤੋਂ ਪਾਸਾ ਵੱਟ ਕੇ ਸੱਚ ਦੀ ਆਵਾਜ਼ ਦਬਾਉਣਾ ਚਾਹੁੰਦੀ ਹੈ।

# ਕੇਬਲ ਤਾਰ ਚੋਰ ਗਰੋਹ ਸਰਗਰਮ, ਕੱਟੀਆਂ ਦਰਜਨਾਂ ਮੋਟਰਾਂ ਦੀਆਂ ਤਾਰਾਂ



**ਮੂਨਕ (ਰਾਜਪਾਲ ਸਿੰਗਲਾ)**-ਮੂਨਕ ਇਲਾਕੇ ਵਿੱਚ ਖੇਤਾਂ 'ਚ ਲੱਗੀਆਂ ਸਬਮਰਸੀਬਲ ਮੋਟਰਾਂ ਦੀਆਂ ਕੇਬਲਾਂ ਚੋਰੀ ਕਰਨ ਵਾਲੇ ਗ੍ਰੋਹ ਦੇ ਹੌਸਲੇ ਇੰਨੇ ਕੁ ਬੁਲੰਦ ਹਨ ਕਿ ਲਗਾਤਾਰ ਬੇਖੌਫ ਹੋਕੇ ਕੇਬਲਾਂ ਚੋਰੀ ਕਰ ਰਹੇ ਹਨ। ਪਿਛਲੇ ਕੁੱਝ ਹੀ ਮਹੀਨਿਆਂ 'ਚ ਵੱਖ-ਵੱਖ ਪਿੰਡਾਂ ਚੋਂ ਸੈਂਕੜੇ ਮੋਟਰਾਂ ਦੀਆਂ ਤਾਰਾਂ ਕੱਟ ਕੇ ਕਿਸਾਨਾਂ ਦਾ ਵੱਡਾ ਆਰਥਿਕ ਨੁਕਸਾਨ ਕੀਤਾ ਹੈਠ ਜਿਸ ਨੂੰ ਲੈ ਕੇ ਪਿੰਡ ਡੂਡੀਆਂ, ਮੂਨਕ ਤੋਂ ਸੈਂਕੜੇ ਕਿਸਾਨਾਂ ਨੇ ਮੂਨਕ ਥਾਣੇ ਅੱਗੇ ਪਹੁੰਚ ਪੁਲਸ ਪ੍ਰਸ਼ਾਸਨ ਤੇ ਸਰਕਾਰ ਖ਼ਿਲਾਫ਼ ਰੋਸ ਪ੍ਰਦਰਸ਼ਨ ਕਰਦਿਆਂ ਜ਼ੋਰਦਾਰ ਨਾਅਰੇਬਾਜ਼ੀ ਕੀਤੀ।

ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੇ ਬਲਾਕ ਆਗੂ ਲਖਵਿੰਦਰ ਸਿੰਘ ਡੂਡੀਆਂ, ਰਿੰਕੂ ਮੂਨਕ ਤੇ ਹੋਰਨਾਂ ਕਿਸਾਨਾਂ ਨੇ ਦੱਸਿਆ ਕਿ ਪਿਛਲੇ ਦਿਨੀਂ ਪਿੰਡ ਡੂਡੀਆਂ ਵਿਖੇ 5 ਤੇ ਮੂਨਕ ਵਿਖੇ ਕਰੀਬ 15 ਵੋਟਰਾਂ ਦੀਆਂ ਕੇਵਲ ਤਾਰਾਂ ਕੱਟੀਆਂ ਗਈਆਂ ਹਨ। ਇਸ ਤੋਂ ਪਹਿਲਾਂ ਵੀ ਪਿੰਡ ਭੂਟਾਲ ਖੁਰਦ, ਡੂਡੀਆਂ, ਮੂਨਕ, ਸਲੇਮਗੜ੍ਹ ਦੇ ਖੇਤਾਂ ਚੋਂ ਸੈਂਕੜੇ ਮੋਟਰਾਂ ਦੀਆਂ ਕੇਬਲਾਂ ਚੋਰਾਂ ਵੱਲੋਂ ਕੱਟੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਕੇਬਲ ਤਾਰਾਂ ਕੱਟੇ ਜਾਣ ਨਾਲ ਕਿਸਾਨਾਂ ਨੂੰ ਨਵੀਂ ਕੇਬਲ ਖਰੀਦਣ, ਮਿਸਤਰੀ ਦੀ ਲੇਬਰ ਤੇ ਕੜੂਕੇ ਵਗੈਰਾ ਤੇ ਹਜ਼ਾਰਾਂ ਰੁਪਏ ਖਰਚਣੇ ਪੈਂਦੇ ਹਨ, ਕੇਬਲਾਂ ਚੋਰੀ ਹੋਣ ਦੀ ਰਿਪੋਰਟ ਥਾਣੇ ਵਿੱਚ ਦਿੱਤੀ ਜਾਂਦੀ ਹੈ, ਪਰ ਪੁਲਸ ਪ੍ਰਸ਼ਾਸਨ ਦੇ ਹੱਥ ਖਾਲੀ ਦੇ ਖਾਲੀ ਹਨ, ਜਿਸ ਨੂੰ ਲੈ ਕੇ ਕਿਸਾਨਾਂ ਵਿੱਚ ਭਾਰੀ ਰੋਸ ਹੈ।ਉਨ੍ਹਾਂ ਦੱਸਿਆ ਕਿ ਪਿੰਡ ਡੂਡੀਆਂ ਤੋਂ ਕੇਬਲਾਂ ਕੱਟਣ ਵਾਲਿਆਂ ਦੀ ਪਿੰਡ ਹਮੀਰਗੜ੍ਹ ਪਹੁੰਚਣ ਦੀ ਸੀ.ਸੀ.ਟੀ.ਵੀ ਵੀ ਪੁਲਿਸ ਪ੍ਰਸ਼ਾਸਨ ਨੂੰ ਸੌਂਪੀ ਗਈ ਹੈ।ਉਨ੍ਹਾਂ ਕਿਹਾ ਕਿ ਥਾਣਾ ਮੁਖੀ ਨੇ ਚੋਰਾਂ ਨੂੰ ਕਾਬੂ ਕਰਨ ਲਈ ਦੋ ਦਿਨ ਦਾ ਸਮਾਂ ਮੰਗਿਆ ਹੈ ਤੇ ਜੇਕਰ ਪੁਲਸ ਵੱਲੋਂ ਦੋ ਦਿਨਾਂ ਦੇ ਅੰਦਰ ਚੋਰਾਂ ਨੂੰ ਫੜ ਕੇ ਸਲਾਖਾਂ ਪਿੱਛੇ ਨਾ ਦਿੱਤਾ ਗਿਆ ਤਾਂ ਜਥੇਬੰਦੀ ਕਿਸਾਨਾਂ ਨੂੰ ਨਾਲ ਲੈ ਕੇ ਵੱਡਾ ਧਰਨਾ ਪ੍ਰਦਰਸ਼ਨ ਕਰਨ ਤੋਂ ਗੁਰੇਜ਼ ਨਹੀਂ ਕਰੇਗੀ।

ਜਦੋਂ ਥਾਣਾ ਐਸ ਐਚ ਓ ਬਲਜੀਤ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਇਸ ਸਬੰਧੀ ਪੜਤਾਲ ਜਾਰੀ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਦੇ ਜਾਖਲ ਥਾਣੇ ਦੀ ਪੁਲਸ ਵੱਲੋਂ ਮੂਨਕ ਥਾਣੇ ਦੇ ਪਿੰਡ ਬੱਲਰਾਂ ਤੇ ਮੂਨਕ ਦੇ ਇੱਕ ਇੱਕ ਵਿਅਕਤੀ ਨੂੰ ਚੋਰੀ ਕਰਦਿਆਂ ਕਾਬੂ ਕੀਤਾ ਹੈ। ਉਨ੍ਹਾਂ ਨੂੰ ਪ੍ਰੋਟੈਕਸ਼ਨ ਵਰੰਟ ਤੇ ਲਿਆ ਕੇ ਵੀ ਪੁਛਗਿੱਛ ਕੀਤੀ ਜਾਵੇਗੀ।

# ਰਾਸ਼ਟਰੀਯ ਜਯੋਤੀ ਕਲਾ ਮੰਚ ਨੇ ਕਰਾਏ 3 ਕੁੜੀਆਂ ਦੇ ਵਿਆਹ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)** ਰਾਸ਼ਟਰੀ ਜਯੋਤੀ ਕਲਾ ਮੰਚ (ਰਜਿ.) ਦੇ ਡਾਇਰੈਕਟਰ ਰਾਕੇਸ਼ ਠਾਕੁਰ ਦੀ ਨਿਰਦੇਸ਼ਨਾ ਹੇਠ ਲਕਸ਼ਮੀ ਫਾਰਮ ਤੇ ਭੂਸ਼ਣ ਫੂਡ ਕਰਾਫਟ ਦੇ ਸਹਿਯੋਗ ਨਾਲ ਤਿੰਨ ਲੋੜਵੰਦ ਲੜਕੀਆਂ ਦੇ ਪੂਰੇ ਰੀਤੀ ਰਿਵਾਜਾਂ ਦੇ ਮੁਤਾਬਕ ਵਿਆਹ ਕਾਰਜ ਕੀਤੇ ਗਏ।ਇਸ ਦੌਰਾਨ ਲੜਕੀਆਂ ਨੂੰ ਬੈਡ, ਅਲਮਾਰੀਆਂ, ਗਰਮ ਬਿਸਤਰੇ, ਕੁਰਸੀਆਂ, ਟੇਬਲ, ਸਿਲਾਈ ਮਸ਼ੀਨਾਂ, ਸੂਟ ਤੇ ਹੋਰ ਜ਼ਰੂਰਤ ਦਾ ਸਮਾਨ ਦਿੱਤਾ ਗਿਆ।ਬਰਾਤਾਂ ਲਈ ਬ੍ਰੇਕਫਾਸਟ, ਲੰਚ ਤੇ ਮਿਲਣੀਆਂ ਦਾ ਪ੍ਰਬੰਧ ਕੀਤਾ ਗਿਆ।ਦੱਸ ਦੇਈਏ ਕਿ ਮੰਚ ਵੱਲੋਂ ਹਰ ਸਾਲ ਜਨਵਰੀ ਮਹੀਨੇ ਵਿੱਚ ਸ਼ਹਿਰ ਦੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਲੜਕੀਆਂ ਦੇ ਵਿਆਹ ਕੀਤੇ ਜਾਂਦੇ ਨੇ।ਇਸ ਮੌਕੇ ਸ਼ਹਿਰ ਦੀਆਂ ਨਾਮਵਰ ਸਮਾਜ ਸੇਵੀ ਹਸਤੀਆਂ ਭਗਵਾਨ ਦਾਸ ਜੁਨੇਜਾ, ਮੋਹਨ ਸਿੰਗਲਾ (ਬਾਪੂ ਜੀ) ਨਵਦੀਪ ਵਾਲੀਆ, ਡਾ. ਧਰਮਿੰਦਰ ਸੰਧੂ, ਸੰਜੇ ਗੋਇਲ, ਬੀਰ ਚੰਦ ਖੁਰਮੀ, ਰਾਜੀਵ ਗੋਇਲ, ਡਾਕਟਰ ਮੀਨਾ ਗਰਗ, ਜੱਸ ਧਨੋਆ, ਬਿੱਟੂ ਰੰਧਾਵਾ, ਇੰਜ. ਨਰਿੰਦਰ ਸਿੰਘ, ਹਰਕੇਸ਼ ਮਿੱਤਲ, ਡਾ. ਗੁਰਵਿੰਦਰ ਕਾਂਸਲ, ਹਰਮੇਸ਼ ਸਿੰਗਲਾ, ਅਕਸ਼ੇ ਗੋਪਾਲ ਨਵਯੁੱਗ, ਐਲ. ਆਰ. ਗੁਪਤਾ, ਦਰਸ਼ਨ ਜਿੰਦਲ, ਗਗਨ ਗੋਇਲ, ਤ੍ਰਿਭਵਣ ਗੁਪਤਾ, ਡਾ. ਸੁਭਾਸ਼ ਡਾਬਰ, ਪ੍ਰਿੰਸੀਪਲ ਰਜਨੀਸ਼ ਗੁਪਤਾ, ਜੋਲੀ ਸਿੱਧੂ, ਸਰਦਾਰ ਸ਼ਮਸ਼ੇਰ ਸਿੰਘ, ਭਾਰਤ ਭੂਸ਼ਣ, ਧੀਰਜ ਗੋਇਲ, ਸੀਤਾ ਰਾਮ ਜੈਨ, ਡਾ. ਦੀਪ ਸਿੰਘ, ਧੀਰਜ ਗੋਇਲ, ਸੁਰਿੰਦਰ ਮੋਹਨ ਸਿੰਗਲਾ, ਭਾਰਤ ਭੂਸ਼ਣ ਸ਼ਰਮਾ, ਮੇਅਰ ਕੁੰਦਨ ਗੋਗੀਆ, ਕਰਨ ਕੌੜਾ, ਤੇਜਿੰਦਰ ਮਹਿਤਾ ਚੇਅਰਮੈਨ ਜ਼ਿਲ੍ਹਾ ਪਲੈਨਿੰਗ ਬੋਰਡ, ਡਾਕਟਰ ਗੀਤਾ ਗੁਪਤਾ, ਬਰਿੰਦਰ ਵਰਮਾ, ਕਮਾਲ ਗਾਬਾ, ਬਿਮਲ ਗਾਬਾ, ਕੇਕੇ ਸ਼ਰਮਾ, ਸੁਭਾਸ਼ ਗੁਪਤਾ, ਸ਼੍ਰੀ ਮਤੀ ਰੀਮਾ, ਵਿਨੋਦ ਚਾਵਲਾ, ਸਤੀਸ਼ ਕੁਮਾਰ, ਹਰਿੰਦਰ ਗੁਪਤਾ, ਪ੍ਰਦੀਪ ਮੋਂਗਾ, ਕੇ ਵੀ ਪੁਰੀ, ਦਵਿੰਦਰ ਕੌਰ, ਮਨਜੀਤ ਕੌਰ, ਰੇਖਾ ਮਾਨ, ਇੰਦਰ ਨਾਰੰਗ , ਜਗਦੀਸ਼ ਵਰਮਾ, ਪੀ ਐੱਸ ਗਾਂਧੀ, ਸ਼ਿਵ ਭਾਰਦਵਾਜ, ਮਮਤਾ ਠਾਕੁਰ, ਡਾ. ਸਪਨਾ, ਪੂਨਮ ਠਾਕੁਰ, ਮਾਨਿਕ ਠਾਕੁਰ, ਸੋਮਿਲ, ਸੂਰਜ ਮਿਸ਼ਰਾ, ਵਿਲੀਅਮਜੀਤ ਨੇ ਨਵੇਂ ਵਿਆਹੇ ਜੋੜਿਆਂ ਨੂੰ ਅਸ਼ੀਰਵਾਦ ਅਤੇ ਸਹਿਯੋਗ ਦਿੱਤਾ। ਵਿਆਹ ਸਮਾਗਮ ਨੂੰ ਸਫ਼ਲ ਬਣਾਉਣ ਵਿੱਚ ਜਸ਼ਨ ਐਂਟਰਟੇਨਮੈਂਟ, ਗਰਗ ਮਿਸ਼ਨ ਹਸਪਤਾਲ, ਗੁਰੂ ਨਾਨਕ ਇੰਸਟੀਚਿਊਟ ਆਫ ਮੈਡੀਕਲ ਸਟਡੀਜ, ਪਟਿਆਲਾ ਬਹਾਵਲਪੁਰ ਮਹਾਸੰਘ, ਲਾਇਨਜ਼ ਕਲੱਬ ਪਟਿਆਲਾ ਫੋਰਟ, ਲਾਇਨਜ਼ ਕਲੱਬ ਪਟਿਆਲਾ ਸੁਪਰੀਮ, ਮਾਨਵ ਸੇਵਾ ਸਦਨ, ਪੇ ਪ੍ਰਾਈਡ, ਰੀਗਲ ਡੈਕੋਰ, ਗੋਪਾਲ ਸਵੀਟਸ, ਸੰਗਮ ਕੇਟਰਜ਼, ਗੋਲਡ ਬਿਊਟੀ ਸੈਲੂਨ, ਗੁਰੂ ਨਾਨਕ ਦੇਵ ਡੈਂਟਲ ਕਲੀਨਿਕ, ਭਾਰਤ ਵਿਕਾਸ ਪ੍ਰੀਸ਼ਦ ਆਦਿ ਨੇ ਪੂਰਾ ਸਹਿਯੋਗ ਦਿੱਤਾ। ਸਮਾਜ ਸੇਵੀ ਸੰਸਥਾਵਾਂ ਦਾ ਰਾਸ਼ਟਰੀ ਜਯੋਤੀ ਕਲਾ ਮੰਚ ਅਤੇ ਰਾਕੇਸ਼ ਠਾਕੁਰ ਵਲੋਂ ਧੰਨਵਾਦ ਕੀਤਾ ਗਿਆ।

# ਸਰਕਾਰੀ ਨੀਤੀਆਂ ਵਿਰੁੱਧ ਪਿੰਡਾਂ 'ਚ ਕੀਤਾ ਮੋਟਰਸਾਈਕਲ-ਸਕੂਟਰ ਮਾਰਚ



**ਮੋਗਾ (ਇਕਬਾਲ ਸਿੰਘ ਖਹਿਰਾ)**-ਸੰਯੁਕਤ ਕਿਸਾਨ ਮੋਰਚਾ ਦੇ ਦਿਸ਼ਾ ਨਿਰਦੇਸ਼ ਅਨੁਸਾਰ ਪਿੰਡ ਦੁਨੇਕੇ ਤੋਂ ਸੰਯੁਕਤ ਕਿਸਾਨ ਮੋਰਚਾ ਤੇ ਆਗੂ ਭੁਪਿੰਦਰ ਸਿੰਘ ਦੌਲਤਪੁਰਾ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ, ਬਲੌਰ ਸਿੰਘ ਘੱਲ ਕਲਾਂ ਬੀ ਕੇ ਯੂ ਏਕਤਾ ਉਗਰਾਹਾਂ ਵਿੱਤ ਸਕੱਤਰ, ਕਿਰਤੀ ਕਿਸਾਨ ਯੂਨੀਅਨ ਪ੍ਰਧਾਨ ਮੁਖਤਿਆਰ ਸਿੰਘ ਕਾਹਨ ਸਿੰਘ ਵਾਲਾ, ਬਲਾਕ ਪ੍ਰਧਾਨ ਗੁਰਮੇਲ ਸਿੰਘ ਡਰੋਲੀ ਭਾਈ ਲੱਖੋਵਾਲ, ਪ੍ਰੇਮ ਲਾਲਪੁਰੀ ਮੀਤ ਪ੍ਰਧਾਨ ਲੱਖੋਵਾਲ, ਇਕਬਾਲ ਸਿੰਘ ਸਿੰਘਾਂ ਵਾਲਾ ਬੀ ਕੇ ਯੂ ਏਕਤਾ ਉਗਰਾਹਾਂ, ਸਮੁੱਚੇ ਸੰਯੁਕਤ ਕਿਸਾਨ ਮੋਰਚਾ ਆਗੂਆਂ ਨੇ ਵੱਖ ਵੱਖ ਪਿੰਡਾਂ ਵਿੱਚੋਂ ਦੀ ਹੁੰਦੇ ਹੋਏ ਕੇਂਦਰ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਤੋਂ ਪਿੰਡਾਂ ਦੇ ਵਾਸੀਆਂ ਨੂੰ ਜਾਣੂ ਕਰਵਾਇਆ ਅਤੇ ਨਾਲ ਹੀ ਲੋਕਾਂ ਨੂੰ ਲਾਮਬੰਦ ਹੋਣ ਲਈ ਕਿਹਾ ਤੇ 16 ਜਨਵਰੀ ਨੂੰ ਸੰਯੁਕਤ ਕਿਸਾਨ ਮੋਰਚਾ ਦੇ ਦਿਸ਼ਾ ਨਿਰਦੇਸ਼ ਅਨੁਸਾਰ ਮਾਨਯੋਗ ਡਿਪਟੀ ਕਮਿਸ਼ਨਰਾਂ ਦੇ ਦਫਤਰਾਂ ਅੱਗੇ ਦਿੱਤੇ ਜਾ ਰਹੇ ਧਰਨੇ ਵਿੱਚ ਹੁੰਮਾ ਹਮਾ ਕੇ ਪਹੁੰਚਣ ਦਾ ਸੱਦਾ ਦਿੱਤਾ। ਕਿਸਾਨਾਂ ਵਿਰੋਧੀ ਕੇਂਦਰ ਸਰਕਾਰ ਦੇ ਬੀਜ ਸੋਧ ਬਿੱਲ 2025, ਬਿਜਲੀ ਸੋਧ ਬਿੱਲ 2025 ਤੇ ਚਾਰ ਲੇਬਰ ਕੋਡ ਕਾਨੂੰਨਾਂ ਬਾਰੇ ਜਾਣਕਾਰੀ ਦਿੱਤੀ । ਇਸ ਸਮੇਂ ਜ਼ਿਲ੍ਹਾ ਮੀਤ ਪ੍ਰਧਾਨ ਲੱਖੋਵਾਲ ਸਾਬਕਾ ਸਰਪੰਚ ਲਖਵੀਰ ਸਿੰਘ ਸੰਧੂ, ਜਸਵਿੰਦਰ ਸਿੰਘ ਸੁਰਿੰਦਰ ਸਿੰਘ, ਗੁਰਮੇਲ ਸਿੰਘ ਰੱਤੀਆਂ, ਮਲਕੀਤ ਸਿੰਘ ਖੁਰਰਾਣਾ, ਮੰਦਰ ਸਿੰਘ ਕਾਹਨ ਸਿੰਘ ਵਾਲਾ, ਬਲਦੇਵ ਸਿੰਘ ਕਾਹਨ ਸਿੰਘ ਵਾਲਾ, ਮੋਦਨ ਸਿੰਘ ਨਿਧਾਂਵਾਲਾ, ਮੇਜਰ ਸਿੰਘ, ਬਲਦੇਵ ਸਿੰਘ ਡਰੋਲੀ, ਬਲਦੇਵ ਸਿੰਘ ਮੋਗਾ, ਪ੍ਰਕਾਸ਼ ਸਿੰਘ ਮੋਗਾ, ਬੰਤ ਸਿੰਘ ਨਿਧਾ ਵਾਲਾ ਸਮੇਤ ਬਹੁਤ ਹੀ ਵੱਡੀ ਗਿਣਤੀ ਵਿੱਚ ਕਿਸਾਨ ਆਗੂ ਹਾਜ਼ਰ ਸਨ

# ਸਰਪੰਚ ਚਮਕੌਰ ਸਿੰਘ ਸਿੱਧੂ ਵੱਲੋਂ ਵਿਕਾਸ ਕਾਰਜ ਜੰਗੀ ਪੱਧਰ 'ਤੇ



**ਹਠੂਰ (ਨਛੱਤਰ ਸੰਧੂ)**-ਸਮਾਜ਼ ਸੇਵਾ ਕੰਮਾਂ ਨੂੰ ਸਮਰਪਿਤ ਪਿੰਡ ਬੁਰਜ ਕੁਲਾਰਾ ਦੇ ਸਰਪੰਚ ਚਮਕੌਰ ਸਿੰਘ ਸਿੱਧੂ ਵੱਲੋਂ ਪਿੰਡ ਵਾਸੀਆਂ ਦੀ ਹਰ ਸੁੱਖ ਸਹੂਲਤ ਨੂੰ ਦੇਖਦਿਆਂ ਹੋਇਆਂ ਪਿੰਡ ਦੀਆਂ ਵੱਖ ਵੱਖ ਸਾਂਝੀਆਂ ਥਾਵਾਂ 'ਤੇ ਵਿਕਾਸ ਦੇ ਕੰਮ ਜੰਗੀ ਪੱਧਰ 'ਤੇ ਕਰਵਾਏ ਜਾ ਰਹੇ ਹਨ। ਐਤਵਾਰ ਨੂੰ ਪਿੰਡ ਦਾ ਦੌਰਾ ਕਰਨ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਰਪੰਚ ਚਮਕੌਰ ਸਿੰਘ ਸਿੱਧੂ ਨੇ ਦੱਸਿਆ ਕਿ ਪਿੰਡ ਦੀਆਂ ਤਿੰਨ ਥਾਵਾਂ ਛੱਪੜ, ਆਂਗਨਵਾੜੀ ਸੈਂਟਰ ਅਤੇ ਪੰਚਾਇਤ ਘਰ ਦੀ ਇਮਾਰਤ ਦਾ ਬੜੇ ਹੀ ਸੋਹਣੇ ਤਰੀਕੇ ਨਾਲ ਕੰਮ ਚਲ ਰਿਹਾ ਹੈ। ਪਿੰਡ ਦੇ ਗੰਦੇ ਪਾਣੀ ਦੇ ਨਿਕਾਸ ਲਈ ਛੱਪੜ ਨੂੰ ਨਵੀਨੀਕਰਨ ਰੂਪ ਦੇ ਕੇ ਟਰੀਟਮੈਂਟ ਪਲਾਂਟ ਬਣਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਛੱਪੜ ਦੇ ਵਿਕਾਸ ਲਈ 40 ਲੱਖ ਦੇ ਕਰੀਬ ਪੈਸਾ ਲੱਗੇਗਾ। ਜਿਸ ਵਿਚ ਵਿਤ ਕਮਿਸ਼ਨ, ਪੰਜਾਬ ਸਰਕਾਰ ਦੀਆਂ ਗ੍ਰਾਂਟਾਂ ਤੋਂ ਇਲਾਵਾ ਪਿੰਡ ਵਾਸੀਆਂ ਵੱਲੋਂ ਵੀ ਪੂਰਨ ਸਹਿਯੋਗ ਦਿੱਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਆਂਗਨਵਾੜੀ ਸੈਂਟਰ ਦੀ ਇਮਾਰਤ ਲਈ ਮਨਰੇਗਾ ਫੰਡ ਦੀ ਵਰਤੋਂ ਕੀਤੀ ਜਾਵੇਗੀ। ਇਥੇ ਵੀ ਕੰਮ ਚੱਲ ਰਿਹਾ ਹੈ।ਇਸ ਤੋਂ ਇਲਾਵਾ ਪੰਚਾਇਤ ਘਰ ਦੀ ਪੁਰਾਣੀ ਇਮਾਰਤ ਨੂੰ ਬੜੇ ਸੋਹਣੇ ਢੰਗ ਨਾਲ ਨਵੇਂ ਸਿਰਿਉਂ ਬਣਾਇਆ ਜਾ ਰਿਹਾ ਹੈ। ਉਨ੍ਹਾਂ ਅੱਗੇ ਦੱਸਿਆ ਕਿ ਪਿੰਡ ਵਿੱਚ ਸਰਬ ਸੰਮਤੀ ਹੋਣ ਨਾਲ 5 ਲੱਖ ਦੀ ਗ੍ਰਾਂਟ ਸਰਕਾਰ ਦੇਵੇਗੀ ਬਾਕੀ ਐਨ.ਆਰ.ਆਈ ਵੀਰਾਂ ਦਾ ਵਡਮੁੱਲਾ ਯੋਗਦਾਨ ਹੈ।ਇਸ ਸਮੇਂ ਉਨ੍ਹਾਂ ਨਾਲ ਛਿੰਦਰਪਾਲ ਸ਼ਰਮਾ ਸਰਪੰਚ, ਜਗਵਿੰਦਰ ਸਿੰਘ ਪੰਚ, ਪਰਮਜੀਤ ਕੌਰ ਪੰਚ,ਸਵਰਨ ਸਿੰਘ ਪੰਚ, ਪਰਮਜੀਤ ਕੌਰ ਪੰਚ, ਮਹਿੰਦਰ ਸਿੰਘ ਪੰਚ, ਲਵਪ੍ਰੀਤ ਨਵੀ, ਕਰਮਜੀਤ ਸਿੰਘ, ਸੀਰਾ, ਦਰਸ਼ਨ ਸਿੰਘ ਸਾਬਕਾ ਸਰਪੰਚ, ਬਲਜੀਤ ਸਿੰਘ ਅਤੇ ਦਵਿੰਦਰ ਸਿੰਘ ਆਦਿ ਹਾਜ਼ਰ ਸਨ।

## ਪੁਲਸ ਵੱਲੋਂ ਚਾਈਨਾ ਡੋਰ ਸੰਬੰਧੀ ਦੁਕਾਨਾਂ 'ਚ ਛਾਪੇਮਾਰੀ

### ਘਾਤਕ ਡੋਰ ਵੇਚਣ ਵਾਲੇ ਦੁਕਾਨਦਾਰ ਬਖ਼ਸ਼ੇ ਨਹੀਂ ਜਾਣਗੇ : ਥਾਣਾ ਮੁਖੀ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਚਾਈਨਾ ਡੋਰ ਦੀ ਵਿਕਰੀ ਰੋਕਣ ਲਈ ਮਾਛੀਵਾੜਾ ਪੁਲਸ ਵੱਲੋਂ ਵੱਖ-ਵੱਖ ਦੁਕਾਨਾਂ 'ਤੇ ਛਾਪੇਮਾਰੀ ਕੀਤੀ ਗਈ, ਪਰ ਕੋਈ ਵੀ ਇਤਰਾਜ਼ਯੋਗ ਡੋਰ ਨਹੀਂ ਮਿਲੀ। ਥਾਣਾ ਮੁਖੀ ਪਵਿੱਤਰ ਸਿੰਘ ਨੇ ਕਿਹਾ ਕਿ ਮਾਛੀਵਾੜਾ ਇਲਾਕੇ ਵਿਚ ਚਾਈਨਾ ਡੋਰ ਦੀ ਵਿਕਰੀ ਬਿਲਕੁਲ ਵੀ ਨਾ ਹੋਵੇ। ਉਨ੍ਹਾਂ ਕਿਹਾ ਕਿ ਇਸ ਡੋਰ ਵਿਕਰੀ ਦੀ ਰੋਕਥਾਮ ਲਈ ਕੁਝ ਦੁਕਾਨਾਂ 'ਤੇ ਅਚਨਚੇਤ ਛਾਪੇਮਾਰੀ ਕੀਤੀ ਗਈ ਹੈ, ਜੋ ਅੱਗੇ ਵੀ ਜਾਰੀ ਰਹੇਗੀ। ਥਾਣਾ ਮੁਖੀ ਨੇ ਕਿਹਾ ਕਿ ਜੇਕਰ ਕੋਈ ਵੀ ਦੁਕਾਨਦਾਰ ਚਾਈਨਾ ਡੋਰ ਵੇਚਦਾ ਕਾਬੂ ਪਾਇਆ ਗਿਆ ਤਾਂ ਉਸ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ ਕੁਝ ਸੂਤਰਾਂ ਤੋਂ ਖ਼ਬਰ ਮਿਲੀ ਹੈ ਕਿ ਮੁਹੱਲਿਆਂ ਵਿਚ 1-2 ਵਿਅਕਤੀ ਚਾਈਨਾ ਡੋਰ ਦੀ ਵਿਕਰੀ ਕਰ ਰਹੇ ਹਨ ਜਿਨ੍ਹਾਂ 'ਤੇ ਪੁਲਸ ਵਲੋਂ ਹੁਣ ਬਾਜ਼ ਅੱਖ ਰੱਖੀ ਜਾਵੇਗੀ, ਜਿਨ੍ਹਾਂ ਨੂੰ ਜਲਦ ਕਾਬੂ ਕਰ ਲਿਆ ਜਾਵੇਗਾ। ਥਾਣਾ ਮੁਖੀ ਨੇ ਨਾਲ ਇਹ ਵੀ ਚਿਤਾਵਨੀ ਦਿੱਤੀ ਕਿ ਪੁਲਸ ਵਲੋਂ ਡਰੋਨ 'ਤੇ ਵੀ ਪਤੰਗਬਾਜ਼ੀ ਕਰਨ ਵਾਲੇ ਬੱਚਿਆਂ ਦੀ ਜਾਂਚ ਕੀਤੀ ਜਾਵੇਗੀ ਤੇ ਜੇਕਰ ਕੋਈ ਬੱਚਾ ਚਾਈਨਾ ਡੋਰ ਨਾਲ ਪਤੰਗ ਉਡਾਉਂਦਾ ਕਾਬੂ ਆਇਆ ਤਾਂ ਉਸਦੇ ਮਾਪਿਆਂ ਅਤੇ ਜਿੱਥੋਂ ਉਹ ਡੋਰ ਖਰੀਦ ਕੇ ਲੈ ਕੇ ਆਇਆ ਉਸ ਖਿਲਾਫ਼ ਵੀ ਮਾਮਲਾ ਦਰਜ ਹੋਵੇਗਾ। ਉਨ੍ਹਾਂ ਕਿਹਾ ਕਿ ਇਹ ਚਾਈਨਾ ਡੋਰ ਮਨੁੱਖੀ ਜੀਵਨ ਦੇ ਨਾਲ ਨਾਲ ਪਸ਼ੂ, ਪੰਛੀਆਂ ਵੀ ਘਾਤਕ ਹੈ ਕਿਉਂਕਿ ਇਸ ਨਾਲ ਵਿਅਕਤੀ ਦੀ ਮੌਤ ਤੱਕ ਵੀ ਹੋ ਸਕਦੀ ਹੈ। ਥਾਣਾ ਮੁਖੀ ਪਵਿੱਤਰ ਸਿੰਘ ਨੇ ਮਾਪਿਆਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਪਤੰਗਬਾਜ਼ੀ ਕਰਨ ਲਈ ਚਾਈਨਾ ਡੋਰ ਬਿਲਕੁਲ ਨਾ ਲੈ ਕੇ ਦੇਣ। ਉਨ੍ਹਾਂ ਨਾਲ ਸਹਾਇਕ ਥਾਣੇਦਾਰ ਅਮਰਜੀਤ ਸਿੰਘ ਵੀ ਮੌਜੂਦ ਸਨ।

## ਮਜ਼ਦੂਰਾਂ ਨੇ ਸੰਸਦ ਮੈਂਬਰਾਂ ਨੂੰ ਕਾਨੂੰਨ ਬਦਲਣ ਦੇ ਹੱਕ 'ਚ ਵੋਟ ਪਾਉਣ ਦੇ ਕਾਰਨ ਪੁੱਛੇ



**ਨਾਭਾ (ਵਰਿੰਦਰ ਵਰਮਾ)**-ਪਿੰਡ ਕਨਸੂਹਾ ਖੁਰਦ ਦੇ ਮਜ਼ਦੂਰਾਂ ਵੱਲੋਂ ਸੰਸਦ ਮੈਂਬਰਾਂ ਅੱਗੇ 9 ਸਵਾਲ ਰੱਖੇ ਗਏ ਹਨ।ਉਨ੍ਹਾਂ ਨੇ ਪਿੰਡ ਵਿੱਚ ਬੋਰਡ ਲਾ ਕੇ ਤੇ ਸੰਸਦ ਮੈਂਬਰ ਰਵਨੀਤ ਬਿੱਟੂ ਨੂੰ ਚਿੱਠੀ ਲਿਖ ਕੇ ਸਵਾਲ ਕੀਤੇ ਹਨ ਕਿ ਵੀਬੀ-ਜੀਰਾਮਜੀ ਕਾਨੂੰਨ ਦਾ ਖਰੜਾ ਤੁਹਾਨੂੰ ਕਿਸ ਦਿਨ ਮਿਲਿਆ ਸੀ ਤੇ ਇਸ ਨੂੰ ਪੜ੍ਹ ਕੇ ਸਮਝਣ ਲਈ ਤੁਹਾਨੂੰ ਕਿੰਨਾ ਸਮਾਂ ਮਿਲਿਆ? ਆਪ ਜੀ ਵੱਲੋਂ ਇਸ ਕਾਨੂੰਨ ਦੇ ਹੱਕ ਚ ਵੋਟ ਪਾਉਣ ਤੋਂ ਪਹਿਲਾਂ ਇਸ ਬਾਬਤ ਕਿਸ ਕਿਸ ਨਾਲ ਚਰਚਾ ਕੀਤੀ ਗਈ? ਐਨੀ ਜਲਦਬਾਜ਼ੀ ਚ ਇਸ ਕਾਨੂੰਨ ਨੂੰ ਪਾਸ ਕਰਨ ਬਾਰੇ ਕੀ ਤੁਸੀਂ ਕੋਈ ਇਤਰਾਜ਼ ਉਠਾਇਆ? ਸੂਬਿਆਂ ਉੱਪਰ ਬੋਝ ਵਧਾਉਣ ਦੇ ਹੱਕ ਵਿੱਚ ਵੋਟ ਪਾਉਣ ਦੇ ਤੁਹਾਡੇ ਕੀ ਕਾਰਨ ਹਨ? ਕੀ ਇਸ ਨਾਲ ਰੁਜ਼ਗਾਰ ਦੀ ਗਾਰੰਟੀ ਬਰਕਰਾਰ ਰਹਿ ਸਕੇਗੀ? ਮਨਰੇਗਾ ਵਿਚ ਮੰਗ ਅਧਾਰਤ ਰੁਜ਼ਗਾਰ ਦੇ ਹੱਕ ਨੂੰ ਖਤਮ ਕਰਕੇ ਜੀਰਾਮਜੀ ਵਿੱਚ ਇਸ ਨੂੰ ਕੇਂਦਰ ਵੱਲੋ ਜਾਰੀ ਰਕਮ ਦੇ ਅਧਾਰਤ ਕਰਨ ਨੂੰ ਤੁਸੀਂ ਚੰਗਾ ਕਿਉਂ ਸਮਝਦੇ ਹੋ? ਕੇਂਦਰ ਪੇਂਡੂ ਲੋਕਾਂ ਦੇ ਰੁਜ਼ਗਾਰ ਉਪਰ ਖਰਚ ਕਰਨ ਤੋਂ ਕਿਉਂ ਭੱਜ ਰਹੀ ਹੈ ਤੇ ਤੁਸੀਂ ਇਸਦੇ ਪੱਖ ਚ ਵੋਟ ਕਿਉਂ ਕੀਤੀ? ਮਨਰੇਗਾ ਵਿਚ ਵੀ 100 ਦਿਨ ਰੁਜ਼ਗਾਰ ਲੈਣ ਲਈ ਜੱਦੋਜਹਿਦ ਕਰਨੀ ਪੈਂਦੀ ਸੀ, ਕਿਉਂਕਿ ਅਫਸਰਸ਼ਾਹੀ ਕੰਮ ਕਰਕੇ ਰਾਜ਼ੀ ਨਹੀਂ।ਨਵੇਂ ਕਾਨੂੰਨ ਵਿੱਚ 125 ਦਿਨ ਸਾਨੂੰ ਕੰਮ ਮਿਲੇਗਾ ਹੀ ਇਸਦੇ ਲਈ ਨਵਾਂ ਤੇ ਸਖ਼ਤ ਪ੍ਰਬੰਧ ਕੀ ਕੀਤਾ ਗਿਆ ਹੈ? ਜੀਰਾਮਜੀ ਵਿੱਚ ਅਜਿਹੇ ਕਿਹੜੇ ਪ੍ਰਬੰਧ ਇਸ ਗਾਰੰਟੀ ਨੂੰ ਪੱਕਾ ਕਰਦੇ ਹਨ, ਜਿਹੜੇ ਮਨਰੇਗਾ ਵਿਚ ਨਹੀਂ ਸਨ? ਪਿੰਡਾਂ ਦੀ ਗ੍ਰਾਮ ਸਭਾਵਾਂ ਦੀ ਤਾਕਤ ਖੋਹ ਕੇ ਪਿੰਡਾਂ ਨੂੰ ਸ਼੍ਰੇਣੀਆਂ ਚ ਵੰਡ ਕੇ ਕੰਮ ਦੇ ਫੈਸਲੇ ਵੀ ਕੇਂਦਰ ਸਰਕਾਰ ਕਰੇਗੀ, ਇਸਦੇ ਲਈ ਤੁਸੀਂ ਸਹਿਮਤੀ ਕੀ ਸੋਚ ਕੇ ਦਿੱਤੀ ਹੈ? ਕੇਂਦਰ ਸਰਕਾਰ ਵੱਲੋਂ ਇਹ ਰੁਜ਼ਗਾਰ ਮੁਹਈਆ ਕਰਾਉਣ ਵਿਚ ਸਿਆਸੀਕਰਨ ਦੀ ਗੁੰਜਾਇਸ਼ ਰੱਖਣ ਦੀ ਕੀ ਲੋੜ ਸੀ ਤੇ ਤੁਸੀਂ ਇਸਦੇ ਹੱਕ ਵਿੱਚ ਵੋਟ ਕਿਉਂ ਪਾਈ? ਕੀ 100 ਤੋਂ 125 ਦਿਨ ਦੀ ਗਾਰੰਟੀ ਮਨਰੇਗਾ ਵਿਚ ਹੀ ਨਹੀਂ ਕੀਤੀ ਜਾ ਸਕਦੀ ਸੀ? ਨਵਾਂ ਕਾਨੂੰਨ ਕਿਉਂ ਲਿਆਂਦਾ ਤੇ ਇਹ ਸਵਾਲ ਤੁਸੀਂ ਕਿਉਂ ਨਹੀਂ ਕੀਤਾ? ਇਸ ਮੌਕੇ ਪਿੰਡ ਵਾਸੀ ਲਖਵੀਰ ਸਿੰਘ, ਸਿੰਗਾਰਾ ਸਿੰਘ, ਹਰਪ੍ਰੀਤ ਕੌਰ, ਅਮਰਜੀਤ ਕੌਰ, ਹਰਮਨ ਕੌਰ, ਦਰਬਾਰਾ ਸਿੰਘ, ਬਲਵਾਰ ਸਿੰਘ ਹੋਰਾਂ ਨੇ ਦੱਸਿਆ ਕਿ ਅਸੀਂ ਜਾਨਣਾ ਚਾਹੁੰਦੇ ਹਾਂ ਕਿ ਸਾਡੇ ਸੰਸਦ ਮੈਂਬਰ ਕੁਝ ਪੜ੍ਹ ਲਿਖ ਤੇ ਸਲਾਹ ਮਸ਼ਵਰੇ ਨਾਲ ਆਪਣੀ ਰਾਏ ਬਣਾਉਂਦੇ ਹਨ ਜਾਂ ਕੁਝ ਵੀ ਪੇਸ਼ ਹੋ ਜਾਵੇ ਉਸ ਉੱਪਰ ਅੰਗੂਠਾ ਲਗਾ ਦਿੰਦੇ ਹਨ।

## ਵਪਾਰ ਮੰਡਲ ਵੱਲੋਂ ਲੋਕ ਨਿਰਮਾਣ ਵਿਭਾਗ ਤੇ ਠੇਕੇਦਾਰ ਖ਼ਿਲਾਫ਼ ਹੱਲਾ ਬੋਲ



**ਧੂਰੀ (ਮੋਹਿਤ ਗਰਗ, ਮਹੇਸ਼ ਸੱਗੂ)**- ਸ਼ਹਿਰ ਧੂਰੀ ਵਿੱਚੋਂ ਲੰਘਦੇ ਸੰਗਰੂਰ ਬਾਈਪਾਸ ਤੋਂ ਮਾਲੇਰਕੋਟਲਾ ਬਾਈਪਾਸ ਤੱਕ ਚੱਲ ਰਹੇ ਸੜਕ ਨਵੀਨੀਕਰਨ ਕਾਰਜਾਂ ਦੌਰਾਨ ਲੋਕ ਨਿਰਮਾਣ ਵਿਭਾਗ ਅਤੇ ਠੇਕੇਦਾਰ ਦੀ ਮਨਮਰਜ਼ੀ ਖ਼ਿਲਾਫ਼ ਵਪਾਰੀਆਂ ਦਾ ਗੁੱਸਾ ਫੁੱਟ ਪਿਆ ਹੈ।ਸਿੰਗਲ ਫਾਟਕ ਤੋਂ ਐੱਮ.ਜੀ.ਐੱਮ ਸਿਨੇਮਾ ਤੱਕ ਨਾਲੀਆਂ ਬੰਦ ਕਰਕੇ ਪਾਇਪਾਂ ਪਾਉਣ ਦੇ ਕੰਮ ਨੂੰ ਲੈ ਕੇ ਉੱਠੇ ਵਿਰੋਧ ਤੋਂ ਬਾਅਦ ਧੂਰੀ ਵਪਾਰ ਮੰਡਲ ਦੀ ਹੰਗਾਮੀ ਮੀਟਿੰਗ 'ਚ ਫੈਸਲਾ ਲਿਆ ਗਿਆ ਕਿ ਜੇਕਰ ਸੋਮਵਾਰ ਤੱਕ ਠੇਕੇਦਾਰ ਵੱਲੋਂ ਕੰਮ ਦੁਬਾਰਾ ਸ਼ੁਰੂ ਨਾ ਕੀਤਾ ਗਿਆ ਤਾਂ 6 ਜਨਵਰੀ ਨੂੰ ਮੁੱਖ ਮੰਤਰੀ ਕੈਂਪ ਦਫ਼ਤਰ ਅੱਗੇ ਧਰਨਾ ਦਿੱਤਾ ਜਾਵੇਗਾ।ਵਪਾਰ ਮੰਡਲ ਦੇ ਪ੍ਰਧਾਨ ਵਿਕਾਸ ਜੈਨ ਨੇ ਵਪਾਰੀਆਂ ਤੇ ਦੁਕਾਨਦਾਰਾਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਟੈਂਡਰ ਅਨੁਸਾਰ 12 ਇੰਚ ਦੀਆਂ ਕੰਕਰੀਟ ਪਾਇਪਾਂ ਪਾਉਣੀਆਂ ਸਨ, ਪਰ ਮੌਕੇ 'ਤੇ ਠੇਕੇਦਾਰ ਵੱਲੋਂ ਸਿਰਫ਼ 8 ਇੰਚ ਦੀਆਂ ਪਲਾਸਟਿਕ ਪਾਇਪਾਂ ਲਾਈਆਂ ਜਾ ਰਹੀਆਂ ਸਨ।ਵਪਾਰੀਆਂ ਦੇ ਵਿਰੋਧ ਤੋਂ ਬਾਅਦ ਠੇਕੇਦਾਰ ਨੇ ਕੰਮ ਅਧੂਰਾ ਛੱਡ ਦਿੱਤਾ।ਉਨ੍ਹਾਂ ਦੱਸਿਆ ਕਿ ਦੁਕਾਨਾਂ ਦੇ ਸਾਹਮਣੇ ਵੱਡੇ-ਵੱਡੇ ਟੋਏ ਪੁੱਟੇ ਹੋਣ ਕਾਰਨ ਵਪਾਰੀਆਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤੇ ਕਾਰੋਬਾਰ ਠੱਪ ਹੋ ਕੇ ਰਹਿ ਗਿਆ ਹੈ। ਮੀਟਿੰਗ ਵਿੱਚ ਲੋਕ ਨਿਰਮਾਣ ਵਿਭਾਗ ਅਤੇ ਠੇਕੇਦਾਰ ਖ਼ਿਲਾਫ਼ ਕੜੀ ਨਿੰਦਾ ਕਰਦਿਆਂ ਇਹ ਵੀ ਚਿਤਾਵਨੀ ਦਿੱਤੀ ਗਈ ਕਿ ਜੇਕਰ ਮਸਲੇ ਦਾ ਤੁਰੰਤ ਹੱਲ ਨਾ ਕੀਤਾ ਗਿਆ ਤਾਂ ਉੱਥੇ ਹੜਤਾਲ ਵਰਗਾ ਸਖ਼ਤ ਕਦਮ ਵੀ ਚੁੱਕਿਆ ਜਾਵੇਗਾ।ਵਪਾਰੀਆਂ ਨੇ ਦੋਸ਼ ਲਾਇਆ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਹਲਕੇ ਦੇ ਵਿਕਾਸ ਲਈ ਗਰਾਟਾਂ ਦੇ ਗੱਫ਼ੇ ਦਿੱਤੇ ਜਾ ਰਹੇ ਹਨ, ਪਰ ਸਰਕਾਰ ਨੂੰ ਠੇਂਗਾ ਦਿਖਾਉਣ ਵਾਲੇ ਕੁਝ ਭ੍ਰਿਸ਼ਟ ਅਧਿਕਾਰੀ ਮੁੱਖ ਮੰਤਰੀ ਦੇ ਹਲਕੇ 'ਚ ਹੀ ਲੋਕਾਂ ਨੂੰ ਤੰਗ ਪ੍ਰੇਸ਼ਾਨ ਕਰਕੇ ਮੁੱਖ ਮੰਤਰੀ ਦਾ ਅਕਸ ਖ਼ਰਾਬ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਅਧਿਕਾਰੀਆਂ ਦੇ ਰਵੱਈਏ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਉਹ ਮੁੱਖ ਮੰਤਰੀ ਦੇ ਹੁਕਮਾਂ ਦੀ ਵੀ ਪ੍ਰਵਾਹ ਨਹੀਂ ਕਰਦੇ।ਮੀਟਿੰਗ ਵਿੱਚ ਮੌਜੂਦ ਵਪਾਰੀਆਂ ਨੇ ਦੱਸਿਆ ਕਿ ਉਹ ਪਿਛਲੇ ਕਈ ਦਿਨਾਂ ਤੋਂ ਪ੍ਰਸ਼ਾਸਨਿਕ ਦਫ਼ਤਰਾਂ ਦੇ ਚੱਕਰ ਕੱਟ ਰਹੇ ਹਨ, ਪਰ ਅਜੇ ਤੱਕ ਕੋਈ ਸੁਣਵਾਈ ਨਹੀਂ ਹੋਈ।ਇੱਕ ਬਜ਼ੁਰਗ ਦੁਕਾਨਦਾਰ ਨੇ ਦਰਦਨਾਕ ਘਟਨਾ ਬਿਆਨ ਕਰਦਿਆਂ ਦੱਸਿਆ ਕਿ ਠੇਕੇਦਾਰ ਵੱਲੋਂ ਪੁੱਟੇ ਟੋਏ ਵਿੱਚ ਡਿੱਗਣ ਕਾਰਨ ਉਸ ਦੀ ਲੱਤ 'ਤੇ ਗੰਭੀਰ ਸੱਟ ਲੱਗੀ।

## ਕਾਂਗਰਸ ਸਮੇਤ ਹੋਰ ਵਿਰੋਧੀ ਪਾਰਟੀਆਂ ਆਮ ਲੋਕਾਂ ਨੂੰ ਕਰ ਰਹੀਆਂ ਹਨ ਗੁੰਮਰਾਹ : ਨਿਧੜਕ ਸਿੰਘ ਬਰਾੜ




**ਮੋਗਾ (ਇਕਬਾਲ ਸਿੰਘ ਖਹਿਰਾ)**-ਜ਼ਿਲ੍ਹਾ ਭਾਜਪਾ ਦਫ਼ਤਰ ਮੋਗਾ ਵਿੱਚ ਸਾਬਕਾ ਰਾਜ ਸੂਚਨਾ ਕਮਿਸ਼ਨਰ ਅਤੇ ਪੰਜਾਬ ਭਾਜਪਾ ਦੇ ਬੁਲਾਰੇ ਨਿਧੜਕ ਸਿੰਘ ਬਰਾੜ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਵਿਕਸਿਤ ਭਾਰਤ ਦੇ ਨਿਰਮਾਣ ਵਿੱਚ ਵਿਕਸਿਤ ਪਿੰਡਾਂ ਦੀ ਇੱਕ ਨਵੀਂ ਰੂਪ-ਰੇਖਾ ਤਿਆਰ ਬਣੇਗੀ। ਇਸ ਮੌਕੇ ਉਨ੍ਹਾਂ ਨਾਲ ਸਾਬਕਾ ਜ਼ਿਲ੍ਹਾ ਪ੍ਰਧਾਨ ਵਿਨੈ ਸ਼ਰਮਾ, ਜ਼ਿਲ੍ਹਾ ਜਨਰਲ ਸਕੱਤਰ ਐਸ.ਪੀ ਮੁਖਤਿਆਰ ਸਿੰਘ, ਸਾਬਕਾ ਜ਼ਿਲ੍ਹਾ ਪ੍ਰਧਾਨ ਰਾਕੇਸ਼ ਸ਼ਰਮਾ, ਸਾਬਕਾ ਜ਼ਿਲ੍ਹਾ ਪ੍ਰਧਾਨ ਤਰਲੋਚਨ ਸਿੰਘ ਗਿੱਲ, ਦੇਵ ਪ੍ਰਿਯਾ ਤਿਆਗੀ, ਸਾਬਕਾ ਐਮ.ਪੀ ਕੇਵਲ ਸਿੰਘ, ਸ਼ਮਸ਼ੇਰ ਸਿੰਘ ਕੈਲਾ, ਬੋਹੜ ਸਿੰਘ ਗਿੱਲ, ਰਾਓ ਬਰਿੰਦਰ ਪੱਬੀ, ਅਮਰੀਕ ਸਿੰਘ, ਲਖਵੀਰ ਸਿੰਘ ਸੋਨੀ ਭੱਟੀ, ਬਲਵੰਤ ਸਿੰਘ, ਸੂਰਜ ਭਾਨ ਧਾਲੀਵਾਲ, ਗੀਤਾ ਆਰੀਆ ਤੋਂ ਇਲਾਵਾ ਭਾਜਪਾ ਵਰਕਰ ਅਤੇ ਆਗੂ ਹਾਜ਼ਰ ਸਨ। ਬਰਾੜ ਨੇ ਕਿਹਾ ਕਿ ਕਾਂਗਰਸ ਸਮੇਤ ਹੋਰ ਵਿਰੋਧੀ ਪਾਰਟੀਆਂ ਮਨਰੇਗਾ ਦੀ ਥਾਂ ਬਣੇ ਇਤਿਹਾਸਕ ਅਕੈਟ ਬਾਰੇ ਪੇਂਡੂ ਖੇਤਰ ਵਿੱਚ ਭਰਮ ਫੈਲਾਉਣ ਅਤੇ ਆਮ ਲੋਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਅਸੀਂ ਲੋਕਾਂ ਨੂੰ ਇਹ ਦੱਸਣਾ ਚਾਹੁੰਦੇ ਹਾਂ ਕਿ ਇਹ ਯੋਜਨਾ ਉਨ੍ਹਾਂ ਦੇ ਫਾਇਦੇ ਲਈ ਬਣਾਈ ਗਈ ਹੈ। ਉਨ੍ਹਾਂ ਦੱਸਿਆ ਕਿ ਪਹਿਲਾਂ ਮਨਰੇਗਾ ਵਿੱਚ 100 ਦਿਨਾਂ ਦਾ ਕੰਮ ਮਿਲਦਾ ਸੀ, ਪਰ ਇਸ ਨਵੇਂ ਅਕੈਟ ਨਾਲ ਹੁਣ 125 ਦਿਨਾਂ ਦੇ ਰੋਜ਼ਗਾਰ ਦੀ ਗਾਰੰਟੀ ਮਿਲੇਗੀ।

## ਮ੍ਰਿਤਕ ਅਧਿਆਪਕਾਂ ਦੇ ਪਰਵਾਰਾਂ ਨੂੰ ਇਨਸਾਫ਼ ਦਿਵਾਉਣ ਲਈ ਸੰਘਰਸ਼ ਦਾ ਐਲਾਨ



**ਮੋਗਾ (ਇਕਬਾਲ ਸਿੰਘ ਖਹਿਰਾ)**-14 ਦਸੰਬਰ ਨੂੰ ਹੋਈਆਂ ਪੰਚਾਇਤ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਦੌਰਾਨ ਆਪਣੀ ਪਤਨੀ ਨੂੰ ਡਿਊਟੀ 'ਤੇ ਛੱਡਣ ਜਾ ਰਹੇ ਅਧਿਆਪਕ ਜਸਕਰਨ ਸਿੰਘ ਅਤੇ ਉਹਨਾਂ ਦੀ ਪਤਨੀ ਅਧਿਆਪਕਾ ਕਮਲਜੀਤ ਕੌਰ ਦੀ ਸੜਕ ਹਾਦਸੇ ਦੌਰਾਨ ਹੋਈ ਦਰਦਨਾਕ ਮੌਤ ਉਪਰੰਤ ਪੰਜਾਬ ਸਰਕਾਰ ਵੱਲੋਂ ਐਲਾਨੀ 10-10 ਲੱਖ ਰੁਪਏ ਦੀ ਮਾਮੂਲੀ ਸਹਾਇਤਾ ਰਾਸ਼ੀ ਨੂੰ ਨਕਾਰਦਿਆਂ ਪੰਜਾਬ ਦੀਆਂ ਸਮੂਹ ਅਧਿਆਪਕ ਜੱਥੇਬੰਦੀਆਂ ਨੇ ਇਸ ਨੂੰ ਅਧਿਆਪਕ ਵਰਗ ਨਾਲ ਕੋਝਾ ਮਜ਼ਾਕ ਕਰਾਰ ਦਿੰਦੇ ਹੋਏ, 18 ਜਨਵਰੀ ਨੂੰ ਮੋਗਾ ਵਿਖੇ ਵਿਸ਼ਾਲ ਸੂਬਾ ਪੱਧਰੀ ਇਨਸਾਫ ਰੈਲੀ ਕਰਨ ਦਾ ਐਲਾਨ ਕੀਤਾ ਹੈ।ਸਥਾਨਕ ਭੁਪਿੰਦਰਾ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਵਿਖੇ ਪੰਜਾਬ ਦੀਆਂ ਸਮੁੱਚੀਆਂ ਅਧਿਆਪਕ ਜਥੇਬੰਦੀਆਂ ਦੀ ਸੂਬਾਈ ਲੀਡਰਸ਼ਿਪ ਵੱਲੋਂ ਮੀਟਿੰਗ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਗੂਆਂ ਨੇ ਆਖਿਆ ਕਿ ਪੰਜਾਬ ਸਰਕਾਰ ਦੇ ਚੋਣ ਡਿਊਟੀਆਂ ਦੌਰਾਨ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਨਾਕਸ ਪ੍ਰਬੰਧਾਂ ਕਾਰਨ ਜਾਨ ਗੁਆਉਣ ਵਾਲੇ ਅਧਿਆਪਕ ਜੋੜੇ ਪ੍ਰਤੀ ਸੰਵੇਦਨਹੀਨ ਅਤੇ ਪੱਖਪਾਤੀ ਰੱਵਈਏ ਖ਼ਿਲਾਫ਼ ਸੰਘਰਸ਼ ਜਾਰੀ ਰੱਖਣ ਦਾ ਫੈਸਲਾ ਕੀਤਾ ਗਿਆ ਹੈ, ਜਿਸ ਤਹਿਤ 18 ਜਨਵਰੀ ਨੂੰ ਜਿੱਥੇ ਸਥਾਨਕ ਦਾਣਾ ਮੰਡੀ ਵਿਖੇ ਵਿਸ਼ਾਲ ਸੂਬਾ ਪੱਧਰੀ ਰੈਲੀ ਕੀਤੀ ਜਾਵੇਗੀ ਉੱਥੇ ਇਸ ਰੈਲੀ ਦੀ ਲਾਮਬੰਦੀ ਲਈ ਸਾਰੇ ਜ਼ਿਲ੍ਹਿਆਂ ਵਿੱਚ 5 ਜਨਵਰੀ ਨੂੰ ਸਾਂਝੀਆਂ ਮੀਟਿੰਗਾਂ ਕਰਕੇ ਸਮੂਹ ਅਧਿਆਪਕ ਜੱਥੇਬੰਦੀਆਂ 'ਤੇ ਆਧਾਰਿਤ ਗਠਿਤ 'ਅਧਿਆਪਕ ਇਨਸਾਫ਼ ਕਮੇਟੀ' ਦੇ ਬੈਨਰ ਹੇਠ ਕੈਂਡਲ ਮਾਰਚ ਕੀਤੇ ਜਾਣਗੇ।

ਇਸ ਮੌਕੇ ਸੂਬਾਈ ਅਧਿਆਪਕ ਆਗੂਆਂ ਦਿਗਵਿਜੇ ਪਾਲ ਸ਼ਰਮਾ, ਕੁਲਦੀਪ ਸਿੰਘ ਦੌੜਕਾ, ਵਿਕਰਮ ਦੇਵ ਸਿੰਘ, ਬਲਜਿੰਦਰ ਸਿੰਘ ਧਾਲੀਵਾਲ, ਲਛਮਣ ਸਿੰਘ ਨਬੀਪੁਰ, ਪ੍ਰਗਟਜੀਤ ਕਿਸ਼ਨਪੁਰਾ, ਦੀਪਕ ਕੰਬੋਜ, ਹਰਜੰਟ ਸਿੰਘ ਬੋਡੇ,ਸੁਰਿੰਦਰ ਕੰਬੋਜ, ਜਸਵਿੰਦਰ ਐਤੀਆਣਾ, ਗੁਰਿੰਦਰ ਜੀਤ ਸਿੱਧੂ, ਸਤਨਾਮ ਸਿੰਘ ਫਗਵਾੜਾ, ਗੁਰਿੰਦਰ ਜੀਤ ਸਿੱਧੂ, ਸੋਹਣ ਸਿੰਘ, ਬਲਿਹਾਰ ਬੱਲੀ, ਇੰਦਰਪਾਲ ਸਿੰਘ ਅਤੇ ਰਾਕੇਸ਼ ਕੁਮਾਰ ਨੇ ਕਿਹਾ ਕਿ ਚੋਣ ਕਮਿਸ਼ਨ ਨੂੰ ਜਥੇਬੰਦੀਆਂ ਵੱਲੋਂ ਸਥਾਨਕ ਪੱਧਰ 'ਤੇ ਡਿਊਟੀਆਂ ਲਾਉਣ ਦੀ ਵਾਰ ਵਾਰ ਮੰਗ ਕਰਨ ਦੇ ਬਾਵਜੂਦ ਵੱਖ-ਵੱਖ ਜ਼ਿਲ੍ਹਿਆਂ ਦੇ ਪ੍ਰਸ਼ਾਸਨ ਵੱਲੋਂ ਦੂਰ ਦੁਰੇਡੇ ਡਿਊਟੀਆਂ ਲਗਾਈਆਂ ਗਈਆਂ ਜਿਸ ਕਾਰਨ ਧੁੰਦ ਦੇ ਮੌਸਮ ਵਿੱਚ ਅਧਿਆਪਕ ਤੇ ਹੋਰ ਵਿਭਾਗਾਂ ਦੇ ਮੁਲਾਜ਼ਮ ਆਪਣੀ ਅਤੇ ਆਪਣੇ ਪਰਿਵਾਰਕ ਮੈਂਬਰਾਂ ਦੀ ਜਾਨ ਜੋਖ਼ਮ ਵਿਚ ਪਾ ਕੇ ਡਿਊਟੀ ਵਾਲੇ ਸਥਾਨ 'ਤੇ ਪੁੱਜੇ। ਇਸ ਮੌਕੇ ਹਰਦੀਪ ਟੋਡਰਪੁਰ, ਤੇਜਿੰਦਰ ਸਿੰਘ ਸ਼ਾਹ, ਸੁਰਿੰਦਰ ਸਿੰਘ ਸਿੱਧੂ, ਜਤਿੰਦਰ ਸਿੰਘ, ਰਜੀਵ ਬਰਨਾਲਾ, ਬੇਅੰਤ ਸਿੰਘ ਫੁੱਲੇਵਾਲ, ਗੁਰਸ਼ਰਨ, ਗਗਨਦੀਪ ਸਿੰਘ, ਜਸਕਰਨਜੀਤ ਸਿੰਘ, ਬੂਟਾ ਸਿੰਘ, ਰਾਕੇਸ਼ ਗਰਗ, ਸ਼ਲਿੰਦਰ ਕੰਬੋਜ, ਸੁਖਜਿੰਦਰ ਸਿੰਘ, ਸੁਰਿੰਦਰ ਸ਼ਰਮਾ, ਕੁਲਵਿੰਦਰ ਸਿੰਘ, ਸ਼ਮਸ਼ੇਰ ਸਿੰਘ, ਅਮਨਦੀਪ ਸਿੰਘ, ਨਿਰਮਲਜੀਤ ਸਿੰਘ, ਸੁਖਪਾਲਜੀਤ ਸਿੰਘ, ਵੀਰ ਸਿੰਘ, ਹੈਪੀ ਸਿੰਘ, ਹਰਜਿੰਦਰ ਸਿੰਘ, ਹਰਵਿੰਦਰ ਸਿੰਘ ਮਾਰਸ਼ਲ, ਗੁਰਬਖ਼ਸ਼ ਸਿੰਘ, ਜਤਿੰਦਰ ਪਾਲ ਸਿੰਘ ਖ਼ੋਸਾ, ਰਿਆਜ਼ ਮੁਹੰਮਦ, ਬਲਜੀਤ ਸਿੰਘ, ਅਸ਼ੋਕ ਕੁਮਾਰ, ਸੁਰਜੀਤ ਸਿੰਘ, ਜਤਿੰਦਰ ਸਿੰਘ ਆਦਿ ਅਧਿਆਪਕ ਆਗੂ ਵੀ ਹਾਜ਼ਰ ਸਨ।

## ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਵੱਲੋਂ ਪੱਤਰਕਾਰਾਂ 'ਤੇ ਝੂਠੇ ਪੁਲਸ ਕੇਸ ਦਰਜ ਕਰਨ ਦੀ ਨਿਖੇਧੀ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਸੂਬਾ ਆਗੂਆਂ ਵਰਿੰਦਰ ਸਿੰਘ ਮੋਮੀ, ਬਲਿਹਾਰ ਸਿੰਘ ਕਟਾਰੀਆ, ਜਸਵੀਰ ਸਿੰਘ ਦੰਦੀਵਾਲ, ਜਗਰੂਪ ਸਿੰਘ ਲਹਿਰਾ, ਗੁਰਵਿੰਦਰ ਸਿੰਘ ਪੰਨੂੰ, ਸ਼ੇਰ ਸਿੰਘ ਖੰਨਾ, ਜਸਪ੍ਰੀਤ ਸਿੰਘ ਗਗਨ, ਸਿਮਰਨਜੀਤ ਸਿੰਘ ਨੀਲੋਂ, ਰਮਨਦੀਪ ਸਿੰਘ ਅਤੇ ਪਰਮਜੀਤ ਸਿੰਘ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਪੰਜਾਬ ਸਰਕਾਰ ਦੇ ਉਹਨਾਂ ਨਾਦਰਸ਼ਾਹੀ ਫ਼ੁਰਮਾਨਾਂ ਦੀ ਜ਼ੋਰਦਾਰ ਨਿਖੇਧੀ ਕੀਤੀ ਹੈ, ਜਿੰਨ੍ਹਾਂ ਰਾਹੀਂ ਵੱਖ-ਵੱਖ ਬੇ-ਸਿਰਪੈਰ ਬਹਾਨਿਆਂ ਹੇਠ ਪੰਜਾਬ ਦੇ 10 ਪੱਤਰਕਾਰਾਂ ਉੱਪਰ ਝੂਠੇ ਪਰਚੇ ਦਰਜ ਕੀਤੇ ਗਏ ਹਨ। ਆਗੂਆਂ ਨੇ ਕਿਹਾ ਕਿ ਇਹ ਪ੍ਰੈੱਸ ਦੀ ਆਜ਼ਾਦੀ 'ਤੇ ਹਮਲਾ ਹੈ, ਇਹ ਸੱਚ ਦੀ ਆਵਾਜ਼ ਨੂੰ ਮੁਕੰਮਲ ਤੌਰ 'ਤੇ ਬੰਦ ਕਰਨ ਦੀ ਇੱਕ ਸਾਜ਼ਿਸ਼ ਹੈ। ਮੋਰਚਾ ਆਗੂਆਂ ਨੇ ਪੱਤਰਕਾਰ ਭਾਈਚਾਰੇ ਵੱਲੋਂ ਇਸ ਧੱਕੇਸ਼ਾਹੀ ਵਿਰੁੱਧ ਡਟਣ ਦੇ ਫੈਸਲੇ ਦੀ ਜ਼ੋਰਦਾਰ ਸ਼ਲਾਘਾ ਕਰਦਿਆਂ ਇਸ ਸੰਘਰਸ਼ ਵਿੱਚ ਪੱਤਰਕਾਰ ਵੀਰਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਨ ਦਾ ਐਲਾਨ ਕੀਤਾ ਹੈ।

## ਜਨਹਿੱਤ ਸੰਮਤੀ ਵਲੋਂ ਲੋੜਵੰਦ ਮਰੀਜ਼ਾਂ ਦੀ ਮਦਦ ਲਈ ਅੱਗੇ ਆਉਣਾ ਸ਼ਲਾਘਾਯੋਗ : ਸਿਬੀਆ




**ਪਟਿਆਲ਼ਾ (ਰਾਜਿੰਦਰ ਥਿੰਦ)**-ਪਟਿਆਲਾ ਜ਼ਿਲ੍ਹੇ ਦੀ ਨਾਮਵਰ ਸਮਾਜ ਸੇਵੀ ਸੰਸਥਾ ਜਨਹਿੱਤ ਸੰਮਤੀ ਵਲੋਂ ਪ੍ਰਧਾਨ ਐਸ ਕੇ ਗੋਤਮ ਅਤੇ ਜਨਰਲ ਸਕੱਤਰ ਸਟੇਟ ਐਵਾਰਡੀ ਵਿਨੋਦ ਸ਼ਰਮਾ ਦੀ ਅਗਵਾਈ ਹੇਠ ਸਰਕਾਰੀ ਰਾਜਿੰਦਰਾ ਹਸਪਤਾਲ ਪਟਿਆਲਾ ਵਿਖੇ ਲੋੜਵੰਦ ਮਰੀਜ਼ਾਂ ਲਈ 8 ਵੀਲ ਚੇਅਰ, 4 ਸਟਰੈਚਰ, 50 ਗਰਮ ਕੰਬਲ ਤੇ 50 ਬੈਡ ਸ਼ੀਟਾਂ ਦੇਣ ਲਈ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਮੁੱਖ ਮਹਿਮਾਨ ਉਘੀ ਸਮਾਜ ਸੇਵਿਕਾ ਮੈਡਮ ਸਤਇੰਦਰਪਾਲ ਕੌਰ ਵਾਲੀਆ ਤੇ ਡਾਇਰੈਕਟਰ ਪ੍ਰਿੰਸੀਪਲ ਰਮਿੰਦਰ ਪਾਲ ਸਿੰਘ ਸਿਬੀਆ ਨੇ ਸ਼ਿਰਕਤ ਕੀਤੀ।ਇਸ ਮੌਕੇ ਸੰਬੋਧਨ ਕਰਦਿਆ ਡਾਇਰੈਕਟਰ ਪ੍ਰਿੰਸੀਪਲ ਰਮਿੰਦਰ ਪਾਲ ਸਿੰਘ ਸਿਬੀਆ ਨੇ ਕਿਹਾ ਕਿ ਜਨਹਿੱਤ ਸੰਮਤੀ ਵਲੋਂ ਲੋੜਵੰਦਾਂ ਦੀ ਮਦਦ ਲਈ ਪੰਜ ਫਰੀ ਐਂਬੂਲੈਂਸ ਚਲਾਉਣੀਆਂ, ਰਾਜਿੰਦਰਾ ਹਸਪਤਾਲ ਵਿਚ ਲੋੜਵੰਦ ਮਰੀਜ਼ਾਂ ਨੂੰ ਲੋੜੀਂਦਾ ਸਮਾਨ ਦੇਣਾ ਬਹੁਤ ਪ੍ਰਸੰਸਾਯੋਗ ਹੈ, ਉਹਨਾਂ ਕਿਹਾ ਕਿ ਜਨਹਿੱਤ ਸੰਮਤੀ ਵਰਗੀ ਸਮਾਜ ਸੇਵੀ ਸੰਸਥਾ ਤੋਂ ਸੇਧ ਲੈ ਕੇ ਹੋਰਨਾਂ ਸੰਸਥਾਵਾਂ ਨੂੰ ਵੀ ਲੋੜਵੰਦਾਂ ਦੀ ਮਦਦ ਲਈ ਅੱਗੇ ਆਉਣਾ ਚਾਹੀਦਾ ਹੈ।ਇਸ ਮੌਕੇ ਸ਼੍ਰੀ ਬਾਲ ਕ੍ਰਿਸ਼ਨ ਬਿੰਦਲ ਰਿਟਾਇਰ ਡਾਇਰੈਕਟਰ ਪੀ ਐਸ ਪੀ ਸੀ ਐਲ, ਚਮਨ ਲਾਲ ਗਰਗ, ਸੁਰਵਿੰਦਰ ਸਿੰਘ ਛਾਬੜਾ, ਜੀਂ ਐੱਸ ਬੇਦੀ, ਐਸ.ਪੀ.ਪ੍ਰਾਸ਼ਰ, ਡੀ.ਪੀ ਸਿੰਘ, ਸਤੀਸ਼ ਜੋਸ਼ੀ, ਜੀਵਨ ਲਾਲ, ਵਿਨੈ ਸ਼ਰਮਾ, ਅਨਿਲ ਭਾਰਤੀ, ਐਸ ਡੀ ਵਰਮਾ, ਸੁਰਿੰਦਰ ਸਿੰਘ, ਭੁਪਿੰਦਰ ਸਿੰਘ, ਮਨਪ੍ਰੀਤ ਕੌਰ ਤੇ ਹੋਰ ਮੈਂਬਰ ਹਾਜ਼ਰ ਸਨ।

## ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਵੱਲੋਂ ਕਲੰਡਰ ਜਾਰੀ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ, ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ (1680) ਵਲੋਂ ਮੁਲਾਜਮ, ਪੈਨਸ਼ਨਰਾਂ, ਸੰਘਰਸ਼ਾਂ ਦੇ ਮਹਾਨਾਇਕ ਕਾ. ਸੱਜਣ ਸਿੰਘ , ਕਾ. ਰਣਬੀਰ ਸਿੰਘ ਢਿੱਲੋਂ ਨੂੰ ਸਮਰਪਿਤ ਸਾਲ 2026 ਦਾ ਵੱਡਾ ਕਲੰਡਰ ਜਾਰੀ ਕੀਤਾ। ਇਸ ਦੀ ਅਗਵਾਈ ਕਲਾਸ ਫੋਰਥ ਦੇ ਸੂਬਾ ਪ੍ਰਧਾਨ ਕਾ. ਦਰਸ਼ਨ ਸਿੰਘ ਲੁਬਾਣਾ ਨੇ ਕੀਤੀ। ਇਸ ਕਲੰਡਰ ਵਿੱਚ ਸਾਲ 2025 ਵਿੱਚ ਕੀਤੇ ਵੱਖ-ਵੱਖ ਐਕਸ਼ਨਾਂ ਦੀਆਂ ਤਸਵੀਰਾਂ ਵੀ ਹਨ। ਕਲੰਡਰ ਨੂੰ ਤਿਆਰ ਕਰਨ ਵਿੱਚ ਅਹਿਮ ਭੂਮਿਕਾ ਸੂਬਾ ਵਿੱਤ ਸਕੱਤਰ ਕਾ. ਚੰਦਨ ਸਿੰਘ ਨੇ ਨਿਭਾਈ।ਇਸ ਮੌਕੇ ਰਾਮ ਲਾਲ ਰਾਮਾ, ਸ਼ਿਵ ਚਰਨ, ਨਾਰੰਗ ਸਿੰਘ, ਪ੍ਰੀਤਮ ਚੰਦ ਠਾਕੁਰ, ਬਲਬੀਰ ਸਿੰਘ, ਇੰਦਰਪਾਲ ਵਾਲੀਆ, ਸੁਖਵਿੰਦਰ ਸਿੰਘ, ਪ੍ਰਮਜੀਤ ਸਿੰਘ, ਅਮਰਨਾਥ, ਬਲਜੀਤ ਬੱਲੀ, ਪ੍ਰਕਾਸ਼ ਲੁਬਾਣਾ, ਲਖਵੀਰ ਸਿੰਘ, ਸੁਨੀਲ ਦੱਤ, ਪ੍ਰੇਮ ਕੁਮਾਰ, ਧਰਮਿੰਦਰ, ਮੋਦ ਨਾਥ ਸ਼ਰਮਾ, ਸਤਿਨਰਾਇਣ ਗੋਨੀ, ਗੁਰਮੀਤ ਸਿੰਘ, ਕੁਲਦੀਪ ਸਿੰਘ, ਵਿਨੋਦ ਕੁਮਾਰ, ਆਦਿ ਹਾਜ਼ਰ ਸਨ।

## ਪ੍ਰਕਾਸ਼ ਪੁਰਬ ਨੂੰ ਸਮਰਪਤ ਨਗਰ ਕੀਰਤਨ ਸਜਾਇਆ



**ਬੁਢਲਾਡਾ (ਅਸ਼ੋਕ ਲਾਕੜਾ)**-ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ 360ਵਾਂ ਪ੍ਰਕਾਸ਼ ਦਿਹਾੜਾ ਗੁਰਦੁਆਰਾ ਸਿੰਘ ਸਭਾ ਇਲਾਕਾ ਬਾਰ੍ਹਾ ਵਿਖੇ 3, 4 ਤੇ 5 ਜਨਵਰੀ ਨੂੰ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।ਇਸ ਤਹਿਤ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪਾਠ ਕਰਾਏ ਗਏ ਅਤੇ ਇਸ ਹੀ ਦਿਨ ਕਰੀਬ 12 ਵਜੇ ਅਲੌਕਿਕ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਗੁਰਦੁਆਰਾ ਸਾਹਿਬ ਤੋਂ ਰਵਾਨਾ ਹੋਇਆ, ਜੋ ਕਿ ਗਾਂਧੀ ਬਜ਼ਾਰ, ਭੀਖੀ ਰੋਡ, ਫਲਾਈ ਓਵਰ ਪੁਲ, ਬੋਹਾ ਰੋਡ, ਬੱਸ ਸਟੈਂਡ ਰੋਡ, ਬੁਢਲਾਡਾ ਪਿੰਡ ਦੀ ਫਿਰਨੀ, ਫੁਹਾਰਾ ਚੌਂਕ ਤੇ ਰੇਲਵੇ ਰੋਡ ਤੋਂ ਹੁੰਦਾ ਹੋਇਆ ਦੇਰ ਸ਼ਾਮ ਗੁਰਦੁਆਰਾ ਸਾਹਿਬ ਵਿਖੇ ਪਹੁੰਚਿਆ।ਨਗਰ ਕੀਰਤਨ ਦੌਰਾਨ ਧਾਰਮਿਕ ਸੰਸਥਾਵਾਂ ਅਤੇ ਸਕੂਲਾਂ ਦੇ ਬੱਚਿਆਂ ਨੇ ਨਗਰ ਕੀਰਤਨ ਦੀ ਸ਼ੋਭਾ ਨੂੰ ਵਧਾਇਆ।ਇਸ ਦੌਰਾਨ ਹਜ਼ੂਰੀ ਰਾਗੀ ਜਥਾ ਹਰਦੇਵ ਸਿੰਘ ਅਤੇ ਨਿਧਾਨ ਸਿੰਘ ਅਤੇ ਢਾਡੀ ਜਥਿਆਂ ਨੇ ਮਨੋਹਰ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।

ਨਗਰ ਕੀਰਤਨ ਦੌਰਾਨ ਦੁੱਧ, ਬ੍ਰੈਡ ਤੇ ਚਾਹ ਦੇ ਲੰਗਰ ਲਾਏ ਗਏ। ਨਗਰ ਕੀਰਤਨ ਦੌਰਾਨ ਗੁਰਪਾਲ ਠੇਕੇਦਾਰ ਦੇ ਪੰਪ ਤੇ ਚਾਹ ਬ੍ਰੈਡ ਪਕੌੜੇ ਦੇ ਲੰਗਰ ਛਕਾਏ ਗਏ। ਨਗਰ ਕੀਰਤਨ ਦੌਰਾਨ ਇਲਾਕਾ ਨਿਵਾਸੀਆਂ ਨੇ ਪੂਰਾ ਸਹਿਯੋਗ ਦਿੱਤਾ।ਨਗਰ ਕੀਰਤਨ ਦੇ ਫਲਾਈਓਵਰ ਦੇ ਨਜ਼ਦੀਕ ਗੁਰਪਾਲ ਠੇਕੇਦਾਰ ਦੇ ਪੈਟਰੋਲ ਪੰਪ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਤਮਸਤਕ ਹੋ ਕੇ ਨਿੱਘਾ ਸਵਾਗਤ ਕੀਤਾ ਗਿਆ।ਇਸ ਮੌਕੇ ਕਰਮਜੀਤ ਸਿੰਘ ਮਾਘੀ, ਬਲਵਿੰਦਰ ਸਿੰਘ ਕਾਕਾ ਕੋਚ, ਸੁਖਵਿੰਦਰ ਕੌਰ ਸੁਖੀ, ਰਜਿੰਦਰ ਝੰਡਾ, ਗੁਰਵਿੰਦਰ ਸੋਨੂੰ, ਰਘਬੀਰ ਚਹਿਲ, ਦਿਲਰਾਜ ਰਾਜੂ, ਬਲਵਿੰਦਰ ਸਿੰਘ ਪਟਵਾਰੀ ਆਦਿ ਨੇ ਗੁਰੂ ਸਾਹਿਬ ਦੇ ਚਰਨਾਂ ਵਿਚ ਹਾਜ਼ਰੀ ਲਵਾਈ।ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਨੇ ਕਿਹਾ ਕਿ 5 ਜਨਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਸਵੇਰੇ 10 ਵਜੇ ਪਾਏ ਜਾਣਗੇ।ਇਸ ਤੋਂ ਬਾਅਦ ਕੀਰਤਨ ਦੀਵਾਨ ਸਵੇਰੇ 10 ਵਜੇ ਤੋਂ 11:30 ਵਜੇ ਤੱਕ ਹੋਵੇਗਾ, ਜਿਸ ਦੌਰਾਨ ਗਿਆਨੀ ਹਰਦੇਵ ਸਿੰਘ ਅਤੇ ਨਿਧਾਨ ਸਿੰਘ ਵਾਲਿਆਂ ਦੇ ਰਾਗੀ ਜਥੇ ਕਥਾ ਕੀਰਤਨ ਰਾਹੀਂ ਗੁਰੂ ਜਸ ਸਰਵਣ ਕਰਾ ਕੇ ਸੰਗਤਾਂ ਨੂੰ ਨਿਹਾਲ ਕਰਨਗੇ।ਗੁਰੂ ਦਾ ਮਹਾਨ ਲੰਗਰ ਅਤੁੱਟ ਵਰਤਾਇਆ ਜਾਵੇਗਾ।

ਇਸ ਦੌਰਾਨ ਉਨ੍ਹਾਂ ਸਮੂਹ ਸਾਧ ਸੰਗਤਾਂ ਨੂੰ ਇਸ ਸਮਾਗਮ ਵਿੱਚ ਪਹੁੰਚ ਕੇ ਗੁਰੂ ਜੀ ਦੇ ਪਰਵਾਰ ਦੀਆਂ ਲਾਸਾਨੀ ਕੁਰਬਾਨੀਆਂ ਨੂੰ ਯਾਦ ਕਰਕੇ ਤੇ ਉਨ੍ਹਾਂ ਦੇ ਦਰਸਾਏ ਮਾਰਗਾਂ ਉੱਤੇ ਚੱਲ ਕੇ ਗੁਰੂ ਚਰਨਾਂ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦਾ ਸੰਦੇਸ਼ ਦਿੱਤਾ।

## ਯੂਥ ਵਿੰਗ 2027 ਦੀਆਂ ਵਿਧਾਨ ਸਭਾ ਚੋਣਾਂ 'ਚ ਪਾਰਟੀ ਦੀ ਜਿੱਤ 'ਚ ਅਹਿਮ ਭੂਮਿਕਾ ਨਿਭਾਵੇਗਾ : ਰਣਜੋਧ ਸਿੰਘ ਹਡਾਣਾ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਆਮ ਆਦਮੀ ਪਾਰਟੀ ਨੇ ਸੰਗਠਨਕ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਅਤੇ ਨੌਜਵਾਨ ਵਰਗ ਨੂੰ ਮੁੱਖ ਧਾਰਾ ਰਾਜਨੀਤੀ ਨਾਲ ਜੋੜਨ ਦੀ ਨੀਤੀ ਅਧੀਨ ਸ਼ਿਵਰਾਜ ਸਿੰਘ ਵਿਰਕ ਨੂੰ ਜ਼ਿਲ੍ਹਾ ਪ੍ਰਧਾਨ, ਪਟਿਆਲਾ ਰੂਰਲ (ਯੂਥ ਵਿੰਗ) ਨਿਯੁਕਤ ਕੀਤਾ ਹੈ। ਇਸ ਨਿਯੁਕਤੀ ਨੂੰ ਖ਼ਾਸ ਕਰਕੇ ਅਗਾਮੀ 2027 ਦੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਪਾਰਟੀ ਦੇ ਭਵਿੱਖੀ ਰਣਨੀਤਕ ਦ੍ਰਿਸ਼ਟੀਕੋਣ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ ।ਇਸ ਮੌਕੇ ਸਨੌਰ ਹਲਕਾ ਇੰਚਾਰਜ ਰਣਜੋਧ ਸਿੰਘ ਹਡਾਣਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਵਿੱਚ ਨੌਜਵਾਨਾਂ ਨੂੰ ਸਿਰਫ਼ ਨਾਅਰਿਆਂ ਤੱਕ ਸੀਮਿਤ ਨਹੀਂ ਰੱਖਿਆ ਜਾਂਦਾ, ਬਲਕਿ ਉਨ੍ਹਾਂ ਨੂੰ ਅਸਲ ਜ਼ਿੰਮੇਵਾਰੀਆਂ ਦੇ ਕੇ ਅੱਗੇ ਲਿਆਂਦਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸ਼ਿਵਰਾਜ ਸਿੰਘ ਵਿਰਕ ਨੇ ਹਮੇਸ਼ਾ ਪਾਰਟੀ ਵੱਲੋਂ ਦਿੱਤੀ ਹਰ ਡਿਊਟੀ ਨੂੰ ਪੂਰੀ ਇਮਾਨਦਾਰੀ, ਤਨਦੇਹੀ ਅਤੇ ਨਿਸ਼ਕਾਮ ਸੇਵਾ ਨਾਲ ਨਿਭਾਇਆ ਹੈ, ਜਿਸ ਕਾਰਨ ਅੱਜ ਉਹ ਇਸ ਮਹੱਤਵਪੂਰਨ ਅਹੁਦੇ 'ਤੇ ਨਿਯੁਕਤ ਹੋਏ ਹਨ। ਇਸ ਮੌਕੇ ਰਣਜੋਧ ਸਿੰਘ ਹਡਾਣਾ ਵੱਲੋਂ ਨਵ ਨਿਯੁਕਤ ਜ਼ਿਲਾ ਪ੍ਰਧਾਨ ਰੂਰਲ ਸ਼ਿਵਰਾਜ ਸਿੰਘ ਵਿਰਕ ਨੂੰ ਸਿਰੋਪਾਓ ਪਾ ਕੇ ਸਨਮਾਨਿਤ ਕੀਤਾ ਗਿਆ । ਹਡਾਣਾ ਨੇ ਕਿਹਾ ਕਿ ਯੂਥ ਵਿੰਗ ਆਮ ਆਦਮੀ ਪਾਰਟੀ ਦੀ ਰੀੜ੍ਹ ਦੀ ਹੱਡੀ ਹੈ ਅਤੇ ਇਹ ਵਿੰਗ 2027 ਦੀਆਂ ਚੋਣਾਂ ਵਿੱਚ ਪਾਰਟੀ ਦੀ ਜਿੱਤ ਵਿੱਚ ਅਹਿਮ ਭੂਮਿਕਾ ਨਿਭਾਏਗਾ।ਇਸ ਮੌਕੇ ਸੁਰਜੀਤ ਸਿੰਘ ਅਬਲੋਵਾਲ ਵੱਲੋਂ ਕਿਹਾ ਗਿਆ ਕਿ ਉਹਨਾਂ ਨੇ 40 ਸਾਲ ਦੀ ਸਿਆਸਤ ਵਿੱਚ ਹਮੇਸ਼ਾ ਇਹੀ ਦੇਖਿਆ ਕਿ ਹੋਰ ਪਾਰਟੀਆਂ ਵਿੱਚ ਸਿਰਫ ਵੱਡੇ ਅਮੀਰਜ਼ਾਦਿਆਂ ਨੂੰ ਹੀ ਇਹ ਅਹੁਦੇ ਦਿੱਤੇ ਜਾਂਦੇ ਹਨ ਪਰ ਆਮ ਆਦਮੀ ਪਾਰਟੀ ਦੀ ਸਰਕਾਰ ਇੱਕ ਅਜਿਹੀ ਸਰਕਾਰ ਹੈ ਜਿਸ ਵਿੱਚ ਮਿਹਨਤ ਕਰਨ ਵਾਲੇ ਨੌਜਵਾਨਾਂ ਨੂੰ ਅਜਿਹੇ ਅਹੁਦਿਆਂ ਨਾਲ ਨਿਵਾਜਿਆ ਜਾਂਦਾ ਹੈ।ਇਸ ਮੌਕੇ ਹਲਕਾ ਇੰਚਾਰਜ ਰਣਜੋਧ ਸਿੰਘ ਹਡਾਣਾ, ਸੁਰਜੀਤ ਸਿੰਘ ਅਬਲੋਵਾਲ ਸਾਬਕਾ ਚੇਅਰਮੈਨ ਸਟੇਟ ਸੀਡ ਕਾਰਪੋਰੇਸ਼ਨ ਅਤੇ ਟੂਰਿਜ਼ਮ ਪੰਜਾਬ , ਪ੍ਰਦੀਪ ਜੋਸਨ ਪ੍ਰਧਾਨ ਨਗਰ ਕਮੇਟੀ ਸਨੌਰ, ਬਲਾਕ ਪ੍ਰਧਾਨ ਹਰਪ੍ਰੀਤ ਸਿੰਘ ਘੁੰਮਣ, ਕੁਲਵਿੰਦਰ ਸਿੰਘ, ਟੋਨੀ, ਮਨਿੰਦਰ ਸਿੰਘ ਬਾਥ, ਰਜਤ ਗਲੋਬਲ ਸਮੇਤ ਕਈ ਪਾਰਟੀ ਆਗੂ ਅਤੇ ਵਰਕਰ ਹਾਜ਼ਰ ਰਹੇ।

## ਪੰਜਾਬੀ 'ਵਰਸਿਟੀ ਦੇ ਯੁਵਕ ਭਲਾਈ ਵਿਭਾਗ ਵੱਲੋਂ ਕੈਂਪ ਦਾ ਨਿਰੀਖਣ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮਾਤਾ ਗੁਜਰੀ ਕਾਲਜ ਵਿਖੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਵਿਦਿਆਰਥੀਆਂ ਨੂੰ ਰੰਗਮੰਚ ਕਲਾਵਾਂ ਸੰਬੰਧੀ ਸਿਖਲਾਈ ਪ੍ਰਦਾਨ ਕਰਨ ਲਈ ਚੱਲ ਰਹੇ ਵਿਸ਼ੇਸ਼ ਟ੍ਰੇਨਿੰਗ ਕੈਂਪ ਦੀਆਂ ਰਿਹਰਸਲਾਂ ਦਾ ਨਿਰੀਖਣ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਯੁਵਕ ਭਲਾਈ ਵਿਭਾਗ ਦੀ ਟੀਮ ਵੱਲੋਂ ਕੀਤਾ ਗਿਆ।ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਆਯੋਜਿਤ ਇਸ ਕੈਂਪ ਵਿੱਚ ਯੂਨੀਵਰਸਿਟੀ ਨਾਲ ਸੰਬੰਧਿਤ ਵੱਖ-ਵੱਖ ਕਾਲਜਾਂ ਦੇ ਰੰਗਮੰਚ ਲਈ ਚੁਣੇ ਹੋਏ ਵਿਦਿਆਰਥੀ ਭਾਗ ਲੈ ਰਹੇ ਹਨ ਜੋ 6 ਜਨਵਰੀ ਤੋਂ 10 ਜਨਵਰੀ 2026 ਤੱਕ ਚਿਤਕਾਰਾ ਯੂਨੀਵਰਸਿਟੀ, ਰਾਜਪੁਰਾ ਵਿਖੇ ਆਯੋਜਿਤ ਨਾਰਥ ਜ਼ੋਨ ਇੰਟਰ ਯੂਨੀਵਰਸਿਟੀ ਯੁਵਕ ਮੇਲੇ ਵਿੱਚ ਭਾਗ ਲੈਣਗੇ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਨੁਮਾਇੰਦਗੀ ਕਰਨਗੇ।ਇਸ ਮੌਕੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਯੁਵਕ ਭਲਾਈ ਵਿਭਾਗ ਦੇ ਡਾਇਰੈਕਟਰ ਡਾ. ਭੀਮਇੰਦਰ ਸਿੰਘ ਨੇ ਵਿਦਿਆਰਥੀਆਂ ਦੀ ਤਿਆਰੀ ਦੇ ਹਰੇਕ ਪੱਖ ਦਾ ਵਿਸ਼ਲੇਸ਼ਣ ਕਰਦਿਆਂ ਉਨ੍ਹਾਂ ਨੂੰ ਹੋਰ ਮਿਹਨਤ ਕਰਨ ਲਈ ਉਤਸ਼ਾਹਿਤ ਕੀਤਾ।

ਇਸ ਮਗਰੋਂ ਰੰਗਮੰਚ ਦੀਆਂ ਨਾਮਵਰ ਸ਼ਖ਼ਸੀਅਤਾਂ ਡਾ. ਹਰਿੰਦਰ ਹੁੰਦਲ ਅਤੇ ਦਲਜੀਤ ਸਿੰਘ ਡਾਲੀ ਨੇ ਵੀ ਵਿਦਿਆਰਥੀਆਂ ਦੀ ਪ੍ਰਸਤੁਤੀ, ਅਭਿਆਸ ਅਤੇ ਕਲਾਤਮਿਕ ਹੁਨਰ ਦੀ ਸਰਾਹਨਾ ਕਰਦਿਆਂ ਉਨ੍ਹਾਂ ਨੂੰ ਹੋਰ ਵਧੀਆ ਕਾਰਗੁਜ਼ਾਰੀ ਲਈ ਲੋੜੀਂਦੇ ਸੁਝਾਅ ਦਿੱਤੇ।ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਕਿਹਾ ਕਿ ਸੱਭਿਆਚਾਰਕ ਗਤੀਵਿਧੀਆਂ ਵਿੱਚ ਹਿੱਸਾ ਲੈਣ ਨਾਲ ਵਿਦਿਆਰਥੀਆਂ ਨੂੰ ਆਪਣੀ ਛੁਪੀ ਪ੍ਰਤਿਭਾ ਬਾਰੇ ਪਤਾ ਚੱਲਦਾ ਹੈ ਅਤੇ ਉਨ੍ਹਾਂ ਵਿੱਚ ਲੀਡਰਸ਼ਿਪ ਦੇ ਗੁਣ, ਆਪਸੀ ਸਹਿਯੋਗ ਅਤੇ ਟੀਮ ਪ੍ਰਬੰਧਨ ਦੀ ਭਾਵਨਾ ਪੈਦਾ ਹੁੰਦੀ ਹੈ। ਕਾਲਜ ਦੇ ਰੰਗਮੰਚ ਕਲਾਵਾਂ ਦੇ ਕਨਵੀਨਰ ਡਾ. ਗਗਨਦੀਪ ਸਿੰਘ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਯੁਵਕ ਭਲਾਈ ਵਿਭਾਗ ਦੀ ਟੀਮ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਇਸ ਮੌਕੇ ਕਾਲਜ ਦੇ ਰੰਗਮੰਚ ਕਲਾਵਾਂ ਦੇ ਕੋਚ ਅਵਿੰਦਰ ਸਿੰਘ ਰਾਜੂ, ਸੰਨਦੀਪ ਸਿੰਘ, ਸੁਖਜਿੰਦਰ ਸਿੰਘ, ਪ੍ਰੋ. ਗੁਰਲੀਨ ਕੌਰ ਅਤੇ ਡਾ. ਹਰਸਿਮਰਨ ਸਿੰਘ ਆਦਿ ਹਾਜ਼ਰ ਸਨ।

## ਐੱਸ ਕੇ ਐੱਮ ਵੱਲੋਂ ਧਰਨੇ ਦੀ ਤਿਆਰੀ ਸੰਬੰਧੀ ਝੰਡਾ ਮਾਰਚ



**ਬੁਢਲਾਡਾ (ਅਸ਼ੋਕ ਲਾਕੜਾ)**

ਇਥੇ ਸੰਯੁਕਤ ਕਿਸਾਨ ਮੋਰਚਾ ਦੀ ਅਗਵਾਈ ਵਿੱਚ ਵੱਖ-ਵੱਖ ਕਿਸਾਨਾਂ, ਮਜ਼ਦੂਰਾਂ , ਮੁਲਾਜ਼ਮਾਂ ਦੀਆਂ ਜਥੇਬੰਦੀਆਂ ਵੱਲੋਂ ਦੇਸ਼ ਪੱਧਰ 'ਤੇ ਡਿਪਟੀ ਕਮਿਸ਼ਨਰਾਂ ਅੱਗੇ ਰੋਸ ਪ੍ਰਦਰਸ਼ਨ ਅਤੇ ਧਰਨਿਆਂ ਦੇ ਸੱਦੇ ਤਹਿਤ 16 ਜਨਵਰੀ ਨੂੰ ਮਾਨਸਾ ਦੇ ਡਿਪਟੀ ਕਮਿਸ਼ਨਰ ਅੱਗੇ ਧਰਨੇ ਦੀ ਤਿਆਰੀ ਸਬੰਧੀ ਬੁਢਲਾਡਾ ਇਲਾਕੇ ਦੇ ਪਿੰਡਾਂ ਗੁਰਨੇ ਕਲਾਂ, ਗੁਰਨੇ ਖੁਰਦ, ਹਸਨਪੁਰ, ਫਫੜੇ ਭਾਈਕੇ, ਬੋੜਾਵਾਲ ਆਦਿ ਵਿੱਚ ਝੰਡਾ ਮਾਰਚ ਕੀਤਾ ਗਿਆ ਅਤੇ ਕੇਂਦਰ ਸਰਕਾਰ ਦੇ ਲੋਕ ਵਿਰੋਧੀ ਮਨਸੂਬਿਆਂ ਨੂੰ ਪਿੰਡਾਂ ਦੀਆਂ ਸੱਥਾਂ ਅਤੇ ਵਿਹੜਿਆਂ ਵਿੱਚ ਇਕੱਠ ਕਰਕੇ ਨੰਗਾ ਕੀਤਾ ਗਿਆ ।ਇੰਨ੍ਹਾਂ ਇਕੱਠਾਂ ਨੂੰ ਸੰਬੋਧਨ ਕਰਦਿਆਂ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਅਮਰੀਕ ਸਿੰਘ ਫਫੜੇ ਭਾਈਕੇ, ਐਡਵੋਕੇਟ ਸਵਰਨਜੀਤ ਸਿੰਘ ਦਲਿਓ, ਤੇਜ ਰਾਮ ਅਹਿਮਦਪੁਰ, ਭੁਪਿੰਦਰ ਸਿੰਘ ਗੁਰਨੇ ਕਲਾਂ, ਸ਼ਿੰਗਾਰਾ ਸਿੰਘ ਦੋਦੜਾ, ਬਾਬੂ ਸਿੰਘ ਬਰੇ, ਨਛੱਤਰ ਸਿੰਘ ਅਹਿਮਦਪੁਰ , ਬਿਜਲੀ ਮੁਲਾਜ਼ਮਾਂ ਦੀ ਜਥੇਬੰਦੀ ਟੈਕਨੀਕਲ ਸਰਵਿਸਿਜ਼ ਯੂਨੀਅਨ ਦੇ ਪ੍ਰਧਾਨ ਦਰਸ਼ਨ ਸਿੰਘ ਆਦਿ ਆਗੂਆਂ ਨੇ ਕਿਹਾ ਕਿ ਮੋਦੀ ਸਰਕਾਰ ਦੇਸ਼ ਦੀ ਅਰਥ ਵਿਵਸਥਾ ਬਰਬਾਦ ਕਰ ਰਹੀ ਹੈ ਅਤੇ ਆਪਣੇ ਚਹੇਤੇ ਕਾਰਪੋਰੇਟ ਘਰਾਣਿਆਂ ਅਤੇ ਵੱਡੇ ਪੂੰਜੀਪਤੀਆਂ ਨੂੰ ਖੁਸ਼ ਕਰਨ ਲਈ ਨਿੱਤ ਦਿਨ ਲੋਕ ਵਿਰੋਧੀ ਕਦਮ ਚੁੱਕ ਰਹੀ ਹੈ। ਦੇਸ਼ ਦੇ ਜਨਤਕ ਖੇਤਰ ਦੇ ਅਹਿਮ ਅਤੇ ਮਹੱਤਵਪੂਰਨ ਖੇਤਰ ਨੂੰ ਕਾਰਪੋਰੇਟਾਂ ਦੇ ਹਵਾਲੇ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਮਗਨਰੇਗਾ ਨੂੰ ਖਤਮ ਕਰਕੇ ਕਰਕੇ ਵੀ.ਬੀ. ਜੀ ਰਾਮ ਜੀ ਲਾਗੂ ਕਰਨ ਦਾ ਮਕਸਦ ਪੇਂਡੂ ਖੇਤਰ ਦੇ ਮਜ਼ਦੂਰਾਂ ਦੇ ਰੁਜ਼ਗਾਰ ਨੂੰ ਖਤਮ ਕਰਨਾ ਹੈ।ਉਹਨਾਂ ਕਿਹਾ ਕਿ ਕੇਂਦਰ ਸਰਕਾਰ ਬਿਜਲੀ ਸੋਧ 2025 ਲਾਗੂ ਕਰਕੇ ਬਿਜਲੀ ਸੈਕਟਰ ਨੂੰ ਅੰਬਾਨੀਆ ਅਡਾਨੀਆਂ ਦੇ ਹਵਾਲੇ ਕਰਨਾ ਚਾਹੁੰਦੀ ਹੈ ਜਿਸ ਨਾਲ ਬਿਜਲੀ ਆਮ ਅਤੇ ਮੱਧ ਵਰਗੀ ਲੋਕਾਂ ਦੀ ਪਹੁੰਚ ਵਿੱਚ ਨਹੀਂ ਰਹੇਗੀ। ਇਸ ਮੌਕੇ ਬੱਲਮ ਸਿੰਘ ਫਫੜੇ ਭਾਈਕੇ, ਹਰਮੀਤ ਸਿੰਘ ਬੋੜਾਵਾਲ, ਜਗਜੀਵਨ ਸਿੰਘ ਹਸਨਪੁਰ, ਜੁਗਰਾਜ ਸਿੰਘ ਅਹਿਮਦਪੁਰ, ਸੁਖਦੇਵ ਸਿੰਘ ਬੋੜਾਵਾਲ,ਹਰਦੇਵ ਸਿੰਘ ਦਰੀਆਪੁਰ, ਮਹਿੰਦਰ ਸਿੰਘ ਗੁੜੱਦੀ, ਮੁਲਾਜ਼ਮ ਆਗੂ ਚੇਤਨ ਦਾਸ, ਬੋਹੜ ਸਿੰਘ ਬਰੇ ਆਦਿ ਹਾਜ਼ਰ ਸਨ।

## ਮੋਦੀ ਸਰਕਾਰ ਵਲੋਂ .ਗਰੀਬਾਂ ਦੇ ਰੁਜ਼ਗਾਰ 'ਤੇ ਡਾਕਾ : ਹਰਬੰਸ ਸਿੰਘ ਸਲੇਮਪੁਰ



**ਧੂਰੀ/ਸੰਗਾਲਾ ( ਰਣਜੀਤ ਸਿੰਘ ਪੇਧਨੀ)**-ਕੇਂਦਰ ਸਰਕਾਰ ਵਲੋਂ ਮਨਰੇਗਾ ਯੋਜਨਾ 'ਚ ਜੋ ਤਬਦੀਲੀਆਂ ਕੀਤੀਆਂ ਗਈਆਂ ਹਨ ਉਨ੍ਹਾਂ ਨੂੰ ਤੁਰੰਤ ਵਾਪਸ ਲਿਆ ਜਾਵੇ ਕਿਉਂਕਿ ਇਹ ਮਜ਼ਦੂਰ ਵਿਰੋਧੀ ਹਨ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਟਰਾਂਸਪੋਰਟ ਵਿੰਗ ਦੇ ਸੂਬਾ ਪ੍ਰਧਾਨ ਹਰਬੰਸ ਸਿੰਘ ਸਲੇਮਪੁਰ ਨੇ ਕੀਤਾ। ਉਹਨਾਂ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਮਨਰੇਗਾ ਐਕਟ 'ਚ ਤਬਦੀਲੀ ਕਰਨ ਦੇ ਨਾਮ 'ਤੇ ਗਰੀਬ ਲੋਕਾਂ ਦੇ ਰੁਜ਼ਗਾਰ 'ਤੇ ਡਾਕਾ ਮਾਰਨ ਦੀ ਕੀਤੀ ਕੋਸ਼ਿਸ਼ ਨਿੰਦਣਯੋਗ ਹੈ। ਉਨ੍ਹਾਂ ਕਿਹਾ ਕੇਂਦਰ ਸਰਕਾਰ ਨੇ ਮਨਰੇਗਾ ਸਕੀਮ ਦਾ ਨਾਮ ਬਦਲ ਕੇ ਵਿਕਸਤ ਭਾਰਤ ਰੁਜ਼ਗਾਰ ਗਾਰੰਟੀ ਸਕੀਮ 2025 ਕਰਕੇ ਇਸ ਸਕੀਮ ਦੇ ਮੂਲ ਉਦੇਸ਼ ਪੇਂਡੂ ਖੇਤਰਾਂ 100 ਦਿਨ ਰੁਜ਼ਗਾਰ ਦੀ ਗਰੰਟੀ ਨੂੰ ਵੀ ਬਦਲਣਾ ਚਾਹੁੰਦੀ ਹੈ ਕਿਉਂਕਿ ਪਹਿਲ ਕਾਨੂੰਨ ਤਹਿਤ ਲੋਕ ਰੁਜ਼ਗਾਰ ਦੀ ਮੰਗ ਆਪ ਕਰ ਸਕਦੇ ਸਨ ਪਰ ਹੁਣ ਸਰਕਾਰ ਤੈਅ ਕਰੇਗੀ ਕਿ ਲੋਕਾਂ ਨੂੰ ਕੰਮ ਦੇਣਾ ਹੈ ਜਾਂ ਨਹੀਂ ਤੇ ਇਸ ਤੋਂ ਇਲਾਵਾ ਪੰਚਾਇਤਾਂ ਨੂੰ ਵੀ ਇਸ ਯੋਜਨਾ ਚੋਂ ਬਾਹਰ ਕੱਢਿਆ ਜਾ ਰਿਹਾ ਹੈ। ਇਸ ਤੋਂ ਇਲਾਵਾ ਮਜ਼ਦੂਰਾਂ ਤੋਂ 8 ਘੰਟੇ ਦੀ ਬਜਾਏ 12 ਘੰਟੇ ਕੰਮ ਲਿਆ ਜਾਵੇਗਾ।

## ਮਾਤਾ ਗੰਗਾ ਖ਼ਾਲਸਾ ਕਾਲਜ 'ਚ ਮੰਜੀ ਸਾਹਿਬ ਕੋਟਾਂ ਵੱਲੋਂ ਨਗਰ ਕੀਰਤਨ ਦਾ ਸਵਾਗਤ



**ਦੋਰਾਹਾ (ਹਰਮਿੰਦਰ ਸੇਠ)**-ਮਾਤਾ ਗੰਗਾ ਖ਼ਾਲਸਾ ਕਾਲਜ, ਮੰਜੀ ਸਾਹਿਬ ਕੋਟਾਂ ( ਪ੍ਰਬੰਧ ਅਧੀਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ) ਸੰਸਥਾ ਦੇ ਸਮੂਹ ਪਰਿਵਾਰ ਵਲੋਂ ਨਗਰ ਕੀਰਤਨ ਦਾ ਭਰਵਾਂ ਸੁਆਗਤ ਕੀਤਾ ਗਿਆ।ਜ਼ਿਕਰਯੋਗ ਹੈ ਕਿ 3 ਜਨਵਰੀ ਨੂੰ ਪਾਤਸ਼ਾਹੀ ਛੇਵੀਂ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਦੀ ਚਰਨ ਛੋਹ ਪ੍ਰਾਪਤ ਧਰਤੀ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਕੋਟਾਂ ਤੋਂ ਸਾਹਿਬ-ਏ-ਕਮਾਲ, ਸਰਬੰਸਦਾਨੀ ਪਾਤਸ਼ਾਹੀ ਦਸਵੀਂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ, ਜਿਸ ਦਾ ਮਾਤਾ ਗੰਗਾ ਖ਼ਾਲਸਾ ਕਾਲਜ ਦੇ ਵਿਹੜੇ ਵਿੱਚ ਪਹੁੰਚਣ 'ਤੇ ਨਿੱਘਾ ਸਵਾਗਤ ਕੀਤਾ ਗਿਆ ਅਤੇ ਸਟਾਫ਼ ਮੈਂਬਰਾਂ ਵੱਲੋਂ ਪੰਜ ਪਿਆਰੇ ਸਾਹਿਬਾਨ ਨੂੰ ਸਿਰਪਾਓ ਭੇਟ ਕੀਤੇ ਗਏ।ਕਾਲਜ ਪ੍ਰਿੰਸੀਪਲ ਡਾ. ਗਗਨਦੀਪ ਸਿੰਘ ਨੇ ਗੁਰੂ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਦੀ ਮੁਬਾਰਕਬਾਦ ਦਿੱਤੀ ।

## ਅਲੌਕਿਕ ਦਸਮੇਸ਼ ਪੈਦਲ ਮਾਰਚ ਗੁਰਦੁਆਰਾ ਟਾਹਲੀਆਣਾ ਸਾਹਿਬ ਤੋਂ ਲੰਮੇ ਜੱਟਪੁਰਾ ਲਈ ਰਵਾਨਾ



**ਜਗਰਾਉਂ (ਸੰਜੀਵ ਅਰੋੜਾ)**

ਸਰਬੰਸਦਾਨੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਕਿਲਾ ਸ੍ਰੀ ਅਨੰਦਗੜ੍ਹ ਸਾਹਿਬ ਨੂੰ ਛੱਡਣ ਦੇ ਵੈਰਾਗਮਈ ਦ੍ਰਿਸ਼ ਨੂੰ ਦਰਸਾਉਂਦਾ 31ਵਾਂ ਅਲੌਕਿਕ ਦਸਮੇਸ਼ ਪੈਦਲ ਮਾਰਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿਚ ਗੁਰਦੁਆਰਾ ਸ੍ਰੀ ਮੈਹਿਦੇਆਣਾ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਕੁਲਵੰਤ ਸਿੰਘ ਲੱਖਾ ਦੀ ਦੇਖ-ਰੇਖ ਵਿਚ ਗੁਰਦੁਆਰਾ ਟਾਹਲੀਆਣਾ ਸਾਹਿਬ ਰਾਏਕੋਟ ਤੋਂ ਹੁੰਦੇ ਹੋਏ ਲੰਮੇ ਜੱਟਪੁਰਾ ਪੁੱਜੇਗਾ, ਜਿੱਥੋਂ ਉਹ ਗੁਰਦੁਆਰਾ ਮੈਹਿਦੇਆਣਾ ਸਾਹਿਬ ਪੁੱਜੇਗਾ। ਦਸਮੇਸ਼ ਪੈਦਲ ਮਾਰਚ ਦੌਰਾਨ ਰਾਗੀ ਭਾਈ ਹਰਜਿੰਦਰ ਸਿੰਘ ਰਾਜਾ ਰਸੂਲਪੁਰੀ ਨੇ ਵੈਰਾਗਮਈ ਕੀਰਤਨ ਕਰਕੇ ਸੰਗਤਾਂ ਦੇ ਹਿਰਦਿਆਂ ਨੂੰ ਝੰਜੋੜ ਕੇ ਰੱਖ ਦਿੱਤਾ। ਮਾਰਚ 'ਚ ਸ਼ਾਮਲ ਊਠ, ਘੋੜਿਆਂ ਤੇ ਸੁੰਦਰ ਟਰੈਕਟਰ ਟਰਾਲੀਆਂ ਉਪਰ ਸਜਾਏ ਗਏ ਗੁਰੂ ਸਾਹਿਬ ਵੱਲੋਂ ਕਿਲਾ ਛੱਡਣ ਵੇਲੇ ਦੇ ਦ੍ਰਿਸ਼ ਪੇਸ਼ ਕਰਦੇ ਚਿੱਤਰਾਂ ਨੇ ਸੰਗਤਾਂ ਨੂੰ ਆਕਰਸ਼ਿਤ ਕੀਤਾ। ਇਸ ਮੌਕੇ ਬਾਬਾ ਕੁਲਵੰਤ ਸਿੰਘ ਲੱਖਾ ਨੇ ਦੱਸਿਆ ਕਿ ਅਲੌਕਿਕ ਦਸਮੇਸ਼ ਪੈਦਲ ਮਾਰਚ ਪ੍ਰਤੀ ਸੰਗਤਾਂ 'ਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਤੇ ਸੰਗਤਾਂ ਵੱਲੋਂ ਨਗਰ ਕੀਰਤਨ ਦਾ ਥਾਂ-ਥਾਂ ਭਰਵਾਂ ਸਵਾਗਤ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਹ ਨਗਰ ਕੀਰਤਨ 15 ਦਿਨਾਂ ਬਾਅਦ ਗੁਰਦੁਆਰਾ ਸ੍ਰੀ ਮੈਹਿਦੇਆਣਾ ਸਾਹਿਬ ਵਿਖੇ ਪੁੱਜਾ। ਇਸ ਮੌਕੇ ਗੁਰਦੁਆਰਾ ਮੈਹਿਦੇਆਣਾ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਕੁਲਵੰਤ ਸਿੰਘ ਲੱਖਾ, ਸ਼੍ਰੋਮਣੀ ਕਮੇਟੀ ਮੈਂਬਰ ਜਗਜੀਤ ਸਿੰਘ ਤਲਵੰਡੀ, ਮੈਨੇਜਰ ਤਰਸੇਮ ਸਿੰਘ ਬਲਿਆਲ, ਹੈਡ ਗ੍ਰੰਥੀ ਮਹਿੰਦਰ ਸਿੰਘ, ਸੀਨੀਅਰ ਅਕਾਲੀ ਆਗੂ ਰਾਮਦੀਪ ਸਿੰਘ, ਹਰਪ੍ਰੀਤ ਸਿੰਘ ਅਕਾਊਟੈਂਟ, ਬਾਬਾ ਕੇਵਲ ਸਿੰਘ ਕਾਰ ਸੇਵਾ ਵਾਲੇ, ਰਜਿੰਦਰ ਸਿੰਘ ਸਾਬਕਾ ਸਰਪੰਚ, ਸੁਰਿੰਦਰ ਸਿੰਘ, ਪਿਆਰਾ ਸਿੰਘ, ਮੇਹਰ ਸਿੰਘ, ਜਸਵੀਰ ਸਿੰਘ, ਹੈਡ ਗ੍ਰੰਥੀ ਗੁਰਦਿੱਤ ਸਿੰਘ, ਗੁਰਮੇਲ ਸਿੰਘ ਜੰਮੂ, ਬਾਬਾ ਸੁਰਿੰਦਰ ਸਿੰਘ ਬਟਾਲਾ, ਗ੍ਰੰਥੀ ਬੇਅੰਤ ਸਿੰਘ ਗਾਗੇਵਾਲ, ਜੱਥੇਦਾਰ ਸੁਖਦੇਵ ਸਿੰਘ ਦੇਹੜਕਾ, ਜੋਗਿੰਦਰ ਸਿੰਘ ਲੱਖਾ, ਸੈਕਟਰੀ ਗੁਰਮੀਤ ਸਿੰਘ ਲੱਖਾ, ਬਲਵੀਰ ਸਿੰਘ ਲੱਖਾ, ਜੱਥੇਦਾਰ ਪ੍ਰਮਿੰਦਰ ਸਿੰਘ, ਦਿਨੇਸ਼ ਯੂ. ਪੀ., ਹੈਡ ਗ੍ਰੰਥੀ ਬਲਵਿੰਦਰ ਸਿੰਘ, ਨਛੱਤਰ ਸਿੰਘ ਭੰਮੀਪੁਰਾ, ਭਾਈ ਸਤਨਾਮ ਸਿੰਘ ਘਾਲਾ, ਅਜੈਬ ਸਿੰਘ ਯੂ. ਪੀ., ਹੈਰੀ ਹਠੂਰ, ਲਖਵੀਰ ਸਿੰਘ ਭੰਮੀਪੁਰਾ, ਇੰਦਰਜੀਤ ਸਿੰਘ ਮਾਣੂੰਕੇ, ਵਿੱਕੀ ਲੱਖਾ, ਹਰਬੰਸ ਸਿੰਘ, ਸੇਵਕ ਸਿੰਘ, ਡਾ: ਤਾਜ ਮੁਹੰਮਦ, ਹਰਜਿੰਦਰ ਸਿੰਘ ਲੱਖਾ, ਬੱਬੀ ਬਾਰਦੇ ਕੇ, ਵਜੀਰ ਸਿੰਘ ਲੱਖਾ, ਬਹਾਦਰ ਸਿੰਘ, ਹਰੀ ਸਿੰਘ ਬੁਰਜ, ਘੋਗਾ ਬੱਸੀਆਂ, ਮਨਜਿੰਦਰ ਸਿੰਘ ਆਲਮਗੀਰ, ਜੀਤੂ ਲੱਖਾ, ਗੁਰਪ੍ਰੀਤ ਸਿੰਘ ਜੱਸੜ, ਮੀਤਾ, ਗੋਪੀ ਮੱਲ੍ਹਾ, ਕਾਕਾ ਲੱਖਾ, ਸਤਨਾਮ ਸਿੰਘ ਬੁਰਜ, ਦਿਲਬਾਗ ਸਿੰਘ ਰਾਮਾ, ਹਰਮੀਤ ਸਿੰਘ ਨਿੱਕਾ, ਰਾਜਾ ਜੱਟਪੁਰਾ, ਜੱਸਾ ਖੈਹਿਰਾ, ਲਾਡੀ ਦੇਹੜਕਾ, ਜਗਤਾਰ ਸਿੰਘ ਮੱਲ੍ਹਾ ਤੇ ਕਾਲਾ ਮੱਲ੍ਹਾ ਆਦਿ ਹਾਜ਼ਰ ਸਨ।

## ਨਗਰ ਕੌਂਸਲ ਚੋਣਾਂ ਸੰਬੰਧੀ ਲਾਲਕਾ ਦੀ ਅਗਵਾਈ 'ਚ ਭਰਵੀਂ ਬੈਠਕ



**ਨਾਭਾ (ਵਰਿੰਦਰ ਵਰਮਾ)**-ਸ਼੍ਰੋਮਣੀ ਅਕਾਲੀ ਦਲ ਦੇ ਨਾਭਾ ਤੋਂ ਹਲਕਾ ਇੰਚਾਰਜ ਮੱਖਣ ਸਿੰਘ ਲਾਲਕਾ ਦੀ ਅਗਵਾਈ ਹੇਠ ਨਾਭਾ ਵਿਖੇ ਨਗਰ ਕੌਂਸਲ ਦੀਆਂ ਸੰਭਾਵਿਤ ਚੋਣਾਂ ਦੇ ਸਬੰਧ ਵਿੱਚ ਸ਼ਹਿਰੀ ਅਕਾਲੀ ਵਰਕਰਾਂ ਦੀ ਭਰਵੀਂ ਇਕੱਤਰਤਾ ਹੋਈ।ਜਿਸ ਵਿੱਚ ਨਗਰ ਕੌਂਸਲ ਚੋਣਾਂ ਲਈ ਅਕਾਲੀਆਂ ਆਗੂਆਂ ਵੱਲੋਂ ਰਣਨੀਤੀ ਤਹਿ ਕੀਤੀ ਗਈ।ਮੀਟਿੰਗ ਦੌਰਾਨ ਮੱਖਣ ਸਿੰਘ ਲਾਲਕਾ, ਸਾਬਕਾ ਕੈਬਨਿਟ ਮੰਤਰੀ ਸਵ: ਰਾਜਾ ਨਰਿੰਦਰ ਸਿੰਘ ਦੇ ਪੋਤਰੇ ਮਾਨ ਇੰਦਰ ਸਿੰਘ ਮਾਨੀ, ਸ਼ਹਿਰੀ ਪ੍ਰਧਾਨ ਅਤੇ ਕੌਂਸਲਰ ਗੁਰਸੇਵਕ ਸਿੰਘ ਗੋਲੂ, ਸੀਨੀਅਰ ਅਕਾਲੀ ਆਗੂ ਜਸਪਾਲ ਜੁਨੇਜਾ, ਬਲਤੇਜ ਸਿੰਘ ਖੋਖ, ਲਖਬੀਰ ਸਿੰਘ ਲੌਟ, ਅਤੇ ਗੁਰਤੇਜ ਸਿੰਘ ਕੌਲ ਨੇ ਮੀਟਿੰਗ ਵਿੱਚ ਪਹੁੰਚੇ ਅਕਾਲੀ ਵਰਕਰਾਂ ਨੂੰ ਸੰਬੋਧਨ ਕੀਤਾ। ਮੀਟਿੰਗ ਉਪਰੰਤ ਮੱਖਣ ਸਿੰਘ ਲਾਲਕਾ ਅਤੇ ਮਾਨ ਇੰਦਰ ਸਿੰਘ ਮਾਨੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨਗਰ ਕੌਂਸਲ ਨਾਭਾ ਦੀਆਂ 23 ਸੀਟਾਂ 'ਤੇ ਆਪਣੇ ਉਮੀਦਵਾਰ ਖੜ੍ਹੇ ਕਰੇਗਾ ਅਤੇ ਵੱਡੀ ਜਿੱਤ ਪ੍ਰਾਪਤ ਕਰੇਗਾ ਅਤੇ ਅਕਾਲੀ ਦਲ ਵੱਲੋਂ ਹਰ ਵਾਰਡ ਵਾਸੀਆਂ ਦੀ ਰਾਏ ਮੁਤਾਬਕ ਸ਼ਹਿਰ ਦੇ ਵਿਕਾਸ ਅਤੇ ਸਾਫ ਸਫਾਈ ਪ੍ਰਤੀ ਚੰਗੀ ਅਤੇ ਉਸਾਰੂ ਸੋਚ ਰੱਖਣ ਵਾਲੇ ਉਮੀਦਵਾਰਾਂ ਨੂੰ ਮੈਦਾਨ ਵਿੱਚ ਉਤਾਰਿਆ ਜਾਵੇਗਾ।ਉਨ੍ਹਾਂ ਕਿਹਾ ਕਿ ਤਕਰੀਬਨ 15 ਜਨਵਰੀ ਤੱਕ ਉਮੀਦਵਾਰਾਂ ਦੀਆਂ ਲਿਸਟਾਂ ਤਿਆਰ ਕੀਤੀਆਂ ਜਾਣਗੀਆਂ ਅਤੇ ਦਲ ਬਦਲੂਆਂ ਨੂੰ ਪਾਰਟੀ ਵੱਲੋਂ ਲਾਂਭੇ ਰੱਖਿਆ ਜਾਵੇਗਾ।

ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਨਾਭਾ ਦੇ ਸ਼ਹਿਰੀ ਪ੍ਰਧਾਨ ਗੁਰਸੇਵਕ ਸਿੰਘ ਗੋਲੂ ਨੇ ਕਿਹਾ ਕਿ ਆਉਣ ਵਾਲੀਆਂ ਨਗਰ ਕੌਂਸਲ ਚੋਣਾਂ ਵਿੱਚ ਲੋਕ ਆਮ ਆਦਮੀ ਪਾਰਟੀ ਵੱਲੋਂ ਚੋਰੀ ਕੀਤੀਆਂ ਟਰਾਲੀਆਂ ਅਤੇ ਨਾਭਾ ਨਗਰ ਕੌਂਸਲ ਵਿੱਚ ਹੋਈਆਂ ਧਾਂਦਲੀਆਂ ਦਾ ਜਵਾਬ ਵੀ ਮੰਗਣਗੇ।ਇਸ ਮੌਕੇ ਅਬਜਿੰਦਰ ਸਿੰਘ ਜੋਗੀ ਨਾਨੋਂਕੀ, ਗੁਰਚਰਨ ਸਿੰਘ ਘਮਰੌਦਾ, ਪ੍ਰਿੰਸ ਤੁੰਗ, ਸੁਖਪਿੰਦਰ ਸਿੰਘ ਐਸਡੀਓ, ਨਿਰੰਜਨ ਸਿੰਘ ਐਨ.ਐਸ ਕੰਬਾਈਨ, ਲਖਬੀਰ ਸਿੰਘ, ਐਡਵੋਕੇਟ ਸਿਕੰਦਰ ਪ੍ਰਤਾਪ ਸਿੰਘ ਨਰੇਸ਼ ਗਰਗ, ਐਡਵੋਕੇਟ ਆਨੰਦ, ਦੀਪਕ ਜੈਨ, ਲੱਕੀ ਖੁੱਲਰ, ਸਾਬਕਾ ਕੌਂਸਲਰ ਸਤਿੰਦਰ ਮਿੱਤਲ, ਸੁਨੀਲ ਬਾਂਸਲ, ਬਬਲੂ ਚੌਹਾਨ, ਨਰੇਸ਼ ਕੁਮਾਰ, ਚਰਨਜੀਤ ਸਿੰਘ ਵਿਰਕ, ਬੀਬੀ ਹਰਪ੍ਰੀਤ ਕੌਰ ਰਾਮਗੜ੍ਹ ਅਤੇ ਵੱਡੀ ਗਿਣਤੀ ਵਿੱਚ ਅਕਾਲੀ ਦਲ ਦੇ ਵਰਕਰ ਹਾਜ਼ਰ ਸਨ।

5 - January - Page - 7.qxd 1/4/2026 10:34 PM Page 1



## ਮੁਰਾਦਪੁਰ ਵਿਖੇ ਦੋ ਨਸ਼ਾ ਤਸਕਰਾਂ ਵੱਲੋਂ ਕੀਤੀ ਨਜਾਇਜ਼ ਉਸਾਰੀ ਢਾਹੀ



ਸਮਾਣਾ /ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਪੰਜਾਬ ਸਰਕਾਰ ਵੱਲੋਂ ਅਰੰਭੀ ਯੁੱਧ ਨਸ਼ਿਆਂ ਵਿਰੁੱਧ ਤਹਿਤ ਸਮਾਣਾ ਦੇ ਪਿੰਡ ਮੁਰਾਦਪੁਰ ਵਿਖੇ ਦੋ ਨਸ਼ਾ ਤਸਕਰਾਂ ਵੱਲੋਂ ਨਸ਼ਿਆਂ ਦੀ ਕਾਲੀ ਕਮਾਈ ਨਾਲ ਪਿੰਡ ਦੀ ਪੰਚਾਇਤੀ ਜਮੀਨ ਉਪਰ ਕੀਤੀ ਗਈ ਨਜਾਇਜ਼ ਉਸਾਰੀ ਨੂੰ ਪੁਲਿਸ ਸੁਰੱਖਿਆ ਦੀ ਮੌਜੂਦਗੀ ਵਿੱਚ ਸਬੰਧਤ ਵਿਭਾਗ ਵੱਲੋਂ ਢਾਹ ਦਿੱਤਾ ਗਿਆ। ਜੇ.ਸੀ.ਬੀ. ਮਸ਼ੀਨ ਨਾਲ ਨਜਾਇਜ਼ ਉਸਾਰੀ ਢਾਹੇ ਜਾਣ ਸਮੇਂ ਪੁਲਿਸ ਸੁਰੱਖਿਆ ਦੀ ਅਗਵਾਈ ਕਰਦਿਆਂ ਐਸ.ਪੀ. ਸਥਾਨਕ ਵੈਭਵ ਚੌਧਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਅਤੇ ਡੀ.ਜੀ.ਪੀ. ਗੌਰਵ ਯਾਦਵ ਦੇ ਦਿਸ਼ਾ ਨਿਰਦੇਸ਼ਾਂ ਮੁਤਾਬਕ ਪੰਜਾਬ ਪੁਲਿਸ ਵੱਲੋਂ ਕਿਸੇ ਵੀ ਨਸ਼ਾ ਤਸਕਰ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਉਨ੍ਹਾਂ ਦੱਸਿਆ ਕਿ ਪਟਿਆਲਾ ਪੁਲਿਸ ਡੀ.ਆਈ.ਜੀ. ਕੁਲਦੀਪ ਸਿੰਘ ਚਹਿਲ ਤੇ ਐਸ.ਐਸ.ਪੀ. ਵਰੁਣ ਸ਼ਰਮਾ ਦੀ ਅਗਵਾਈ ਹੇਠ ਨਸ਼ਾ ਤਸਕਰਾਂ ਵਿਰੁੱਧ ਸਖ਼ਤ ਕਾਰਵਾਈ ਕਰ ਰਹੀ ਹੈ। ਐਸ.ਪੀ. ਵੈਭਵ ਚੌਧਰੀ ਨੇ ਦੱਸਿਆ ਕਿ ਪਿੰਡ ਮੁਰਾਦਪੁਰ ਦੇ ਜਿਹੜੇ ਨਸ਼ਾ ਤਸਕਰਾਂ ਦੀ ਨਜਾਇਜ਼ ਉਸਾਰੀ ਢਾਹੁਣ ਲਈ ਸਬੰਧਤ ਵਿਭਾਗ ਵੱਲੋਂ ਕੀਤੀ ਕਾਰਵਾਈ ਦੌਰਾਨ ਪੁਲਿਸ ਨੇ ਸੁਰੱਖਿਆ ਪ੍ਰਦਾਨ ਕੀਤੀ ਹੈ, ਉਨ੍ਹਾਂ ਵਿਰੁੱਧ ਨਸ਼ਾ ਤਸਕਰੀ ਦੇ ਕਈ ਮਾਮਲੇ ਦਰਜ ਹਨ। ਉਨ੍ਹਾਂ ਨੇ ਦੱਸਿਆ ਕਿ ਤਰਸੇਮ ਸਿੰਘ ਉਰਫ਼ ਟੁੰਡਾ ਪੁੱਤਰ ਗੁਰਦੇਵ ਸਿੰਘ ਵਿਰੁੱਧ 8 ਕੇਸ ਦਰਜ ਹਨ ਜਦ ਕਿ ਬਲਬੀਰ ਸਿੰਘ ਉਰਫ਼ ਮਾਹੀ, ਕਾਲਾ ਪੁੱਤਰ ਮਹਿੰਦਰ ਸਿੰਘ ਵਿਰੁੱਧ 4 ਕੇਸ ਦਰਜ ਹਨ ਅਤੇ ਇਨ੍ਹਾਂ ਨੇ ਪੰਚਾਇਤੀ ਜਮੀਨ ਉਪਰ ਨਜਾਇਜ਼ ਉਸਾਰੀ ਕੀਤੀ ਹੋਈ ਸੀ, ਜਿਸ ਨੂੰ ਢਾਹੁਣ ਲਈ ਸਬੰਧਤ ਵਿਭਾਗ ਨੇ ਪੁਲਿਸ ਸੁਰੱਖਿਆ ਦੀ ਮੰਗ ਕੀਤੀ ਸੀ।

ਇਸ ਕਾਰਵਾਈ ਦੌਰਾਨ ਡੀ.ਐਸ.ਪੀ. ਸਮਾਣਾ ਫ਼ਤਹਿ ਸਿੰਘ ਬਰਾੜ, ਬੀ.ਡੀ.ਪੀ.ਓ. ਗੁਰਮੀਤ ਸਿੰਘ, ਤਹਿਸੀਲਦਾਰ ਸੁਖਵਿੰਦਰ ਸਿੰਘ ਟਿਵਾਣਾ, ਥਾਣਾ ਸਦਰ ਕੁਮਾਰ ਦੇ ਐਸ.ਐਚ.ਓ ਅਜੇ ਕੁਮਾਰ ਪਰੋਚਾ, ਪੰਚਾਇਤ ਅਫ਼ਸਰ ਜਤਿੰਦਰ ਸਿੰਘ, ਸਕੱਤਰ ਸਤਨਾਮ ਸਿੰਘ ਤੇ ਹੋਰ ਅਧਿਕਾਰੀ ਵੀ ਮੌਜੂਦ ਸਨ।

## ਨਵੇਂ ਬੱਸ ਸਟੈਂਡ ਪਟਿਆਲਾ ਵਿਖੇ ਤਿਆਰ ਟਰਮੀਨਲ ਸ਼ੈੱਡ ਲੋਕ-ਅਰਪਣ



ਪਟਿਆਲਾ ( ਰਾਜਿੰਦਰ ਸਿੰਘ ਥਿੰਦ)- ਰਣਜੋਧ ਸਿੰਘ ਹਡਾਣਾ ਚੇਅਰਮੈਨ ਪੀ ਆਰ ਟੀ ਸੀ ਪੰਜਾਬ ਅਤੇ ਹਲਕਾ ਇੰਚਾਰਜ ਸਨੌਰ ਵੱਲੋਂ ਨਵੇਂ ਬੱਸ ਸਟੈਂਡ ਪਟਿਆਲਾ ਵਿਖੇ ਸਵਾਰੀਆਂ ਨੂੰ ਹੋਰ ਸੁਵਿਧਾਜਨਕ, ਸੁਰੱਖਿਅਤ ਅਤੇ ਆਰਾਮਦਾਇਕ ਸਹੂਲਤਾਂ ਮੁਹੱਈਆ ਕਰਵਾਉਣ ਦੀ ਦਿਸ਼ਾ ਵਿੱਚ ਇੱਕ ਹੋਰ ਮਹੱਤਵਪੂਰਨ ਕਦਮ ਚੁੱਕਦੇ ਹੋਏ ਨਵੇਂ ਬੱਸ ਸਟੈਂਡ ਪਟਿਆਲਾ ਵਿਖੇ ਉਸਾਰੇ ਗਏ ਨਵੇਂ ਟਰਮੀਨਲ ਸ਼ੈੱਡ ਨੂੰ ਲੋਕਾਂ ਦੇ ਸਪੁਰਦ ਕੀਤਾ।ਇਸ ਮੌਕੇ ਉਨ੍ਹਾਂ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਅਤੇ ਲਾਲਜੀਤ ਸਿੰਘ ਭੁੱਲਰ, ਟਰਾਂਸਪੋਰਟ ਮੰਤਰੀ ਵੱਲੋਂ ਮਹਿਕਮੇ ਲਈ ਕੀਤੇ ਯਤਨਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।ਚੇਅਰਮੈਨ ਰਣਜੋਧ ਹਡਾਣਾ ਨੇ ਸ਼ੈੱਡ ਦਾ ਉਦਘਾਟਨ ਕਰਨ ਉਪਰੰਤ ਜਾਣਕਾਰੀ ਦਿੰਦਿਆਂ ਕਿਹਾ ਕਿ ਸਵਾਰੀਆਂ ਦੀ ਲੰਮੇ ਸਮੇਂ ਤੋਂ ਮੰਗ ਨੂੰ ਧਿਆਨ ਵਿੱਚ ਰੱਖਦਿਆਂ ਕਾਊਂਟਰਾਂ ਦੇ ਦੋਵੇਂ ਪਾਸਿਆਂ 'ਤੇ ਵਿਸ਼ਾਲ ਟਰਮੀਨਲ ਸ਼ੈੱਡ ਦੀ ਉਸਾਰੀ ਕਰਵਾਈ ਗਈ ਹੈ।ਉਨ੍ਹਾਂ ਦੱਸਿਆ ਕਿ ਲਗਭਗ ?167.32 ਲੱਖ ਦੀ ਲਾਗਤ ਨਾਲ ਤਿਆਰ ਕੀਤਾ ਗਿਆ ਇਹ ਪ੍ਰੋਜੈਕਟ ਕਰੀਬ 6 ਮਹੀਨਿਆਂ ਦੇ ਸਮੇਂ ਅੰਦਰ ਮੁਕੰਮਲ ਕੀਤਾ ਗਿਆ ਹੈ। ਇਸ ਸ਼ੈੱਡ ਦੇ ਲੋਕ-ਅਰਪਣ ਨਾਲ ਹੁਣ ਸਵਾਰੀਆਂ ਨੂੰ ਗਰਮੀਆਂ ਦੀ ਤਿੱਖੀ ਧੁੱਪ, ਸਰਦੀਆਂ ਦੀ ਕੜਾਕੇਦਾਰ ਠੰਢ ਅਤੇ ਮਾਨਸੂਨ ਦੌਰਾਨ ਬਾਰਸ਼ ਤੋਂ ਰਾਹਤ ਮਿਲੇਗੀ।ਇਸ ਮੌਕੇ ਨਵਦੀਪ ਕੁਮਾਰ, ਵਧੀਕ ਮੈਨੇਜਿੰਗ ਡਾਇਰੈਕਟਰ, ਜਤਿੰਦਰਪਾਲ ਸਿੰਘ ਗਰੇਵਾਲ, ਜੀ.ਐਮ. ਪਟਿਆਲਾ ਸਮੇਤ ਹੋਰ ਅਧਿਕਾਰੀ ਹਾਜ਼ਰ ਰਹੇ।

## ਧੂਰੀ ਹਲਕੇ ਦੇ ਪਿੰਡਾਂ 'ਚ ਕਿਸਾਨ ਜੱਥੇਬੰਦੀਆਂ ਵੱਲੋਂ ਦੂਜੇ ਦਿਨ ਵੀ ਚੇਤਨਾ ਮਾਰਚ



ਧੂਰੀ (ਮਹਿਤ ਗਰਗ, ਮਨੋਹਰ ਸਿੰਘ ਸੱਗੂ)-ਸੰਯੁਕਤ ਕਿਸਾਨ ਮੋਰਚੇ ਦੇ ਦਿਸ਼ਾ-ਨਿਰਦੇਸ਼ਾਂ ਹੇਠ ਵੱਖ-ਵੱਖ ਕਿਸਾਨ ਜੱਥੇਬੰਦੀਆਂ ਵੱਲੋਂ ਕੇਂਦਰ ਸਰਕਾਰ ਦੀਆਂ ਲੋਕ-ਵਿਰੋਧੀ ਨੀਤੀਆਂ ਵਿਰੁੱਧ ਵਿੱਢੀ ਮੁਹਿੰਮ ਤਹਿਤ ਦੂਜੇ ਦਿਨ ਵੀ ਧੂਰੀ ਹਲਕੇ ਦੇ ਵੱਖ-ਵੱਖ ਪਿੰਡਾਂ ਵਿੱਚ ਚੇਤਨਾ ਮਾਰਚ ਕੱਢਿਆ ਗਿਆ। ਇਸ ਚੇਤਨਾ ਮਾਰਚ ਰਾਹੀਂ ਕਿਸਾਨ ਆਗੂਆਂ ਨੇ ਪਿੰਡ-ਪਿੰਡ ਜਾ ਕੇ ਲੋਕਾਂ ਨੂੰ ਲਾਮਬੰਦ ਕੀਤਾ ਅਤੇ ਸਰਕਾਰ ਵਿਰੁੱਧ ਇੱਕ ਵੱਡੀ ਜਨ-ਲਹਿਰ ਉਸਾਰਨ ਦਾ ਸੱਦਾ ਦਿੱਤਾ।ਮਾਰਚ ਦੌਰਾਨ ਕਿਸਾਨ ਆਗੂਆਂ ਮੇਜਰ ਸਿੰਘ ਪੁੰਨਾਂਵਾਲ, ਹਰਪਾਲ ਸਿੰਘ ਪੇਧਨੀ, ਹਰਬੰਸ ਸਿੰਘ ਲੱਡਾ, ਰਛਪਾਲ ਸਿੰਘ ਦੋਹਲਾ, ਭੁਪਿੰਦਰ ਸਿੰਘ ਭੁੱਲਰਹੇੜੀ ਨੇ ਸੰਬੋਧਨ ਕਰਦਿਆਂ ਸਰਕਾਰ 'ਤੇ ਤਿੱਖੇ ਹਮਲੇ ਕੀਤੇ। ਉਨ੍ਹਾਂ ਦੋਸ਼ ਲਾਇਆ ਕਿ ਬਿਜਲੀ ਸੋਧ ਬਿਲ 2025 ਅਤੇ ਬੀਜ (ਸੀਡ) ਸੋਧ ਬਿਲ ਵਰਗੇ ਕਾਨੂੰਨਾਂ ਰਾਹੀਂ ਖੇਤੀ ਖੇਤਰ ਨੂੰ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। 29 ਪੁਰਾਣੇ ਕਿਰਤ ਕਾਨੂੰਨਾਂ ਨੂੰ ਖ਼ਤਮ ਕਰਕੇ 4 ਨਵੇਂ ਕੋਡਾਂ ਵਿੱਚ ਤਬਦੀਲ ਕਰਨ ਦਾ ਸਖ਼ਤ ਵਿਰੋਧ ਕੀਤਾ ਗਿਆ। ਕਿਸਾਨਾਂ ਸਿਰ ਚੜ੍ਹੇ ਕਰਜ਼ੇ ਨੂੰ ਮੁਕੰਮਲ ਤੌਰ 'ਤੇ ਖ਼ਤਮ ਕਰਨ ਦੀ ਮੰਗ ਨੂੰ ਦੁਹਰਾਇਆ ਗਿਆ। ਆਗੂਆਂ ਨੇ ਕਿਹਾ ਕਿ ਸਰਕਾਰ ਮਨਰੇਗਾ ਸਕੀਮ ਨੂੰ ਕਮਜ਼ੋਰ ਕਰ ਰਹੀ ਹੈ, ਜਿਸ ਨਾਲ ਗਰੀਬ ਮਜ਼ਦੂਰਾਂ ਦਾ ਰੁਜ਼ਗਾਰ ਖ਼ਤਰੇ ਵਿੱਚ ਹੈ।ਮੇਜਰ ਪੁੰਨਾਂਵਾਲ ਨੇ ਅਗਲੇ ਸੰਘਰਸ਼ ਦਾ ਐਲਾਨ ਕਰਦਿਆਂ ਦੱਸਿਆ ਕਿ 16 ਜਨਵਰੀ ਨੂੰ ਪੰਜਾਬ ਭਰ ਦੇ ਡੀ.ਸੀ. ਦਫ਼ਤਰਾਂ ਅੱਗੇ ਵਿਸ਼ਾਲ ਧਰਨੇ ਦਿੱਤੇ ਜਾਣਗੇ। ਇਸ ਸੰਘਰਸ਼ ਵਿੱਚ ਸਿਰਫ਼ ਕਿਸਾਨ ਹੀ ਨਹੀਂ, ਸਗੋਂ ਬਿਜਲੀ ਬੋਰਡ ਦੀਆਂ ਜੱਥੇਬੰਦੀਆਂ, ਮਨਰੇਗਾ ਕਾਮੇ ਅਤੇ ਖੇਤ ਮਜ਼ਦੂਰ ਵੀ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਨਗੇ।ਇਸ ਮੌਕੇ ਜਰਨੈਲ ਸਿੰਘ ਜਹਾਂਗੀਰ, ਗੁਰਜੀਤ ਸਿੰਘ ਭੜੀ ਮਾਨਸਾ, ਬਲਵਿੰਦਰ ਸਿੰਘ ਜੱਖਲਾਂ, ਅਮਰੀਕ ਸਿੰਘ ਕਾਂਝਲਾ, ਨਾਜਮ ਸਿੰਘ ਪੁੰਨਾਂਵਾਲ ਸਮੇਤ ਵੱਡੀ ਗਿਣਤੀ ਵਿੱਚ ਕਿਸਾਨ ਕਾਰਕੁੰਨ ਮੌਜੂਦ ਸਨ।

## ਸੰਯੁਕਤ ਕਿਸਾਨ ਮੋਰਚੇ ਨੇ ਪਿੰਡਾਂ 'ਚ ਕੀਤਾ ਮਾਰਚ



ਲੌਂਗੋਵਾਲ, (ਪ੍ਰਦੀਪ ਸੱਪਲ) ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤੇ ਦੂਜੇ ਦਿਨ ਬਲਾਕ ਸੰਗਰੂਰ ਵੱਲੋਂ ਕੇਂਦਰ ਸਰਕਾਰ ਦੇ ਲਾਗੂ ਕੀਤੇ ਕਿਸਾਨ ਮਜ਼ਦੂਰ ਤੇ ਲੋਕ ਵਿਰੋਧੀ ਕਾਨੂੰਨਾਂ ਖਿਲਾਫ ਬਲਾਕ ਦੇ ਲਗਭੱਗ ਡੇਢ ਦਰਜਨ ਪਿੰਡਾਂ ਵਿੱਚ ਗੱਡੀਆਂ ਰਾਹੀਂ ਮਾਰਚ ਕੀਤਾ ਗਿਆ।ਮਸਤੂਆਣਾ ਸਹਿਬ ਤੋਂ ਮਾਰਚ ਸ਼ੁਰੂ ਕਰਨ ਸਮੇਂ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਭਾਕਿਯੂ ਏਕਤਾ ਉਗਰਾਹਾਂ ਦੇ ਬਲਾਕ ਪ੍ਰਧਾਨ ਰਣਜੀਤ ਸਿੰਘ ਲੌਂਗੋਵਾਲ, ਬਲਾਕ ਜਰਨਲ ਸਕੱਤਰ ਜਗਤਾਰ ਸਿੰਘ ਲੱਡੀ ਅਤੇ ਬਲਾਕ ਭਵਾਨੀਗੜ੍ਹ ਜਨਰਲ ਸਕੱਤਰ ਜਸਵੀਰ ਸਿੰਘ ਗੱਗੜਪੁਰ, ਭਾਕਿਯੂ ਡਕੌਂਦਾ ਦੇ ਜਗਤਾਰ ਸਿੰਘ ਦੁੱਗਾਂ, ਮੱਖਣ ਸਿੰਘ ਦੁੱਗਾਂ, ਭਾਕਿਯੂ ਡਕੌਂਦਾ ਦੇ ਸਤਨਾਮ ਸਿੰਘ ਕਿਲਾ ਭਰੀਆਂ, ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਬਲਾਕ ਪ੍ਰਧਾਨ ਮਨਿੰਦਰ ਸਿੰਘ ਤੇ ਬਲਾਕ ਜਨਰਲ ਸਕੱਤਰ ਦਰਸ਼ਨ ਸਿੰਘ ਕੁਨਰਾਂ ਨੇ ਕਿਹਾ ਕਿ 16 ਜਨਵਰੀ ਨੂੰ ਬਿਜਲੀ ਬੋਰਡ ਦੇ ਐਸ ਈ ਦਫਤਰਾਂ ਅੱਗੇ ਲੱਗਣ ਵਾਲੇ ਧਰਨਿਆਂ ਸਬੰਧੀ ਜਾਗਰੂਕ ਕਰਨ ਲਈ ਪਿੰਡਾਂ ਵਿੱਚ ਮਾਰਚ ਕੀਤੇ ਜਾ ਰਹੇ ਹਨ, ਕਿਉਂਕਿ ਕੇਂਦਰ ਸਰਕਾਰ ਵੱਲੋਂ ਵੱਡੇ ਕਾਰਪੋਰੇਟ ਘਰਾਣਿਆਂ ਦੇ ਹਿੱਤਾਂ ਦੀ ਪੂਰਤੀ ਲਈ ਲਿਆਂਦੇ ਬਿਜਲੀ ਸੋਧ ਬਿੱਲ ਅਤੇ ਬੀਜ ਬਿੱਲ ਪਹਿਲਾਂ ਹੀ ਆਰਥਿਕ ਸੰਕਟ ਵਿੱਚ ਫਸੀ ਕਿਸਾਨੀ, ਮਜ਼ਦੂਰ ਤੇ ਆਮ ਲੋਕਾਂ ਨੂੰ ਬੁਰੀ ਤਰ੍ਹਾਂ ਝੰਜੋੜ ਕੇ ਰੱਖ ਦੇਣਗੇ।ਉਨ੍ਹਾਂ ਕਿਹਾ ਕਿ ਇਨ੍ਹਾਂ ਕਾਨੂੰਨਾਂ ਨੂੰ ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਕਿਸਾਨ ਆਗੂਆਂ ਨੇ ਮਨਰੇਗਾ ਕਾਨੂੰਨ ਨੂੰ ਖਤਮ ਕਰਕੇ ਜੀ ਰਾਮ ਜੀ ਬਿੱਲ ਪਾਸ ਕਰਨ ਤੇ ਪੰਜਾਬ ਪੁਲਿਸ ਵੱਲੋਂ ਮਜ਼ਦੂਰ ਆਗੂ ਮੁਕੇਸ਼ ਮਲੌਦ ਨੂੰ ਗ੍ਰਿਫ਼ਤਾਰ ਕਰਨ ਦੀ ਨਿਖੇਧੀ ਕੀਤੀ। ਇਹ ਮਾਰਚ ਮਸਤੂਆਣਾ ਸਾਹਿਬ ਤੋਂ ਸ਼ੁਰੂ ਕਰਕੇ ਵੱਖ-ਵੱਖ 15 ਪਿੰਡਾਂ 'ਚੋਂ ਹੁੰਦਾ ਹੋਇਆ ਪਿੰਡ ਮੰਡੇਰ ਕਲਾਂ ਵਿਖੇ ਜ਼ੋਰਦਾਰ ਨਾਅਰਿਆਂ ਨਾਲ ਸਮਾਪਤ ਕੀਤਾ ਗਿਆ।

# ਟੀਮ ਅਮਨ ਅਰੋੜਾ ਨੇ ਫੋਕੇ ਦਾਅਵਿਆਂ ਦੀ ਖੋਲ੍ਹੀ ਪੋਲ

### ਲੋਕਾਂ ਨੂੰ ਗੁੰਮਰਾਹ ਨਾ ਕਰਨ ਦੀ ਦਿੱਤੀ ਸਲਾਹ



ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ) ਕੈਬਨਿਟ ਮੰਤਰੀ ਅਮਨ ਅਰੋੜਾ ਵੱਲੋਂ ਕਰਾਏ ਜਾ ਰਹੇ ਵਿਕਾਸ ਕਾਰਜਾਂ ਸਦਕਾ ਉਨ੍ਹਾਂ ਨੂੰ ਲੋਕਾਂ ਵੱਲੋਂ ਮਿਲ ਰਹੇ ਪਿਆਰ ਤੋਂ ਘਬਰਾ ਕੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਸ਼੍ਰੀਮਤੀ ਦਾਮਨ ਥਿੰਦ ਬਾਜਵਾ ਨੂੰ ਵੱਲੋਂ ਸ਼ਹਿਰ 'ਚ ਪੰਜਾਬ ਸਰਕਾਰ ਵੱਲੋਂ ਸ਼ੁਰੂ ਕਰਾਏ ਜਾ ਰਹੇ ਵਿਕਾਸ ਪ੍ਰੋਜੈਕਟਾਂ ਬਾਰੇ ਕੀਤੇ ਜਾ ਰਹੇ ਝੂਠੇ ਦਾਅਵਿਆਂ ਦੀ ਟੀਮ ਅਮਨ ਅਰੋੜਾ ਨੇ ਪ੍ਰੈੱਸ ਕਾਨਫਰੰਸ ਕਰਕੇ ਪੂਰੇ ਸਬੂਤਾਂ ਤੇ ਤੱਥਾਂ ਸਮੇਤ ਪੋਲ ਖੋਲ੍ਹੀ ਤੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਨੂੰ ਲੋਕਾਂ ਨੂੰ ਗੁੰਮਰਾਹ ਨਾ ਕਰਨ ਦੀ ਸਲਾਹ ਵੀ ਦਿੱਤੀ।

ਕੈਬਨਿਟ ਮੰਤਰੀ ਅਮਨ ਅਰੋੜਾ ਦੇ ਮੀਡੀਆ ਸਲਾਹਕਾਰ ਤੇ ਟੀਮ ਅਮਨ ਅਰੋੜਾ ਦੇ ਮੈਂਬਰ ਸ਼੍ਰੀ ਜਤਿੰਦਰ ਜੈਨ ਨੇ ਕਿਹਾ ਕਿ ਦਾਮਨ ਥਿੰਦ ਬਾਜਵਾ ਵੱਲੋਂ ਫੇਸਬੁਕ 'ਤੇ ਲਾਈਵ ਹੋ ਕੇ ਅਤੇ ਪੋਸਟਰ ਪਾ ਕੇ ਇਹ ਦਾਅਵਾ ਕੀਤਾ ਗਿਆ ਸੀ ਕਿ ਸੁਨਾਮ ਵਿਖੇ ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਵੱਲੋਂ 29.82 ਕਰੋੜ ਰੁਪਏ ਦੀ ਲਾਗਤ ਨਾਲ ਸੀਵਰੇਜ ਪ੍ਰੋਜੈਕਟ ਦਾ ਕੰਮ ਸ਼ੁਰੂ ਕਰਾਇਆ ਗਿਆ ਹੈ, ਜਿਸ ਨਾਲ ਸ਼ਹਿਰ ਦੇ ਕਰੀਬ 3500 ਘਰਾਂ ਨੂੰ ਲਾਭ ਹੋਣਾ ਹੈ, ਉਸ ਵਿੱਚ 14.91 ਕਰੋੜ ਰੁਪਏ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਭੇਜੇ ਗਏ ਹਨ। ਅਸਲੀਅਤ ਇਹ ਹੈ ਕਿ ਇਹ ਪੈਸਾ ਅਰਬਨ ਇਨਫਰਾਸਟਰਕਚਰ ਡਿਵੈਲਪਮੈਂਟ ਫੰਡ ਸਕੀਮ ਤਹਿਤ ਆਇਆ ਹੈ, ਜਿਸ ਵਿੱਚ ਪੰਜਾਬ ਸਰਕਾਰ ਵੱਲੋਂ ਲਏ ਗਏ ਕਰਜ਼ੇ ਦੀ ਰਕਮ ਵੀ ਸ਼ਾਮਲ ਹੈ, ਜਿਹੜਾ ਪੰਜਾਬ ਸਰਕਾਰ ਨੇ 07 ਸਾਲ ਵਿੱਚ ਮੋੜਨਾ ਹੈ।ਇਸ ਰਕਮ ਦੇ ਮਨਜ਼ੂਰੀ ਪੱਤਰ ਵਿੱਚ ਸਾਫ ਤੌਰ ਉੱਤੇ ਲਿਖਿਆ ਹੋਇਆ ਹੈ ਕਿ ਇਸ ਰਕਮ ਵਿੱਚ ਭਾਰਤ ਸਰਕਾਰ ਦਾ ਕੋਈ ਯੋਗਦਾਨ ਨਹੀਂ ਹੈ।ਇਸ ਤੋਂ ਇਲਾਵਾ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਦਾ ਝੂਠ ਇਸ ਗੱਲ ਨਾਲ ਵੀ ਉਜਾਗਰ ਹੋ ਗਿਆ ਕਿ ਟੀਮ ਅਮਨ ਅਰੋੜਾ ਵੱਲੋਂ ਜਾਣਕਾਰੀ ਦੀ ਵਿੱਥ ਕਾਰਨ ਜਾਰੀ ਕੀਤੇ ਪੋਸਟਰਾਂ ਵਿੱਚ ਰਕਮ 29.82 ਕਰੋੜ ਲਿਖ ਹੋ ਗਈ, ਜਦਕਿ ਅਸਲ ਰਕਮ 29.54 ਕਰੋੜ ਹੈ ਤੇ ਭਾਜਪਾ ਪ੍ਰਧਾਨ ਨੇ ਜਦਲਬਾਜ਼ੀ ਵਿੱਚ ਸਿਰਫ ਵਿਰੋਧ ਦੀ ਮਨਸ਼ਾ ਨਾਲ 29.82 ਕਰੋੜ ਦਾ ਅੱਧ ਕੱਢ ਕੇ ਪੋਸਟਰ ਜਾਰੀ ਕਰ ਦਿੱਤਾ।ਇਸ ਨਾਲ ਸਿਆਣਿਆਂ ਦੀ ਆਖੀ ਇਹ ਗੱਲ ਮੁੜ ਸਾਬਤ ਹੋਈ ਕਿ ਝੂਠ ਦੇ ਪੈਰ ਨਹੀਂ ਹੁੰਦੇ ਤੇ ਚੋਰੀ ਦੇ ਪੁੱਤ ਗੱਭਰੂ ਨਹੀਂ ਹੁੰਦੇ। ਸ਼੍ਰੀ ਜੈਨ ਨੇ ਕਿਹਾ ਕਿ ਸ਼੍ਰੀਮਤੀ ਦਾਮਨ ਥਿੰਦ ਬਾਜਵਾ ਵੱਲੋਂ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਪੰਜਾਬ ਸਰਕਾਰ ਬੇਨਤੀ ਪੱਤਰ ਭੇਜੇ ਤੇ ਕੇਂਦਰ ਦੀ ਮੋਦੀ ਸਰਕਾਰ ਸ਼ਹੀਦ ਊਧਮ ਸਿੰਘ ਦੀ ਧਰਤੀ ਸੁਨਾਮ ਵਿਖੇ ਵੱਧ ਤੋਂ ਵੱਧ ਵਿਕਾਸ ਕਾਰਜ ਕਰਵਾਉਣ ਲਈ ਤਿਆਰ ਹੈ, ਪਰ ਸੱਚ ਇਹ ਹੈ ਕਿ ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਨੇ ਮਈ ਮਹੀਨੇ ਸਾਲ 2025 ਦੌਰਾਨ ਪੰਜਾਬ ਦੇ ਸੈਰ ਸਪਾਟਾ ਵਿਭਾਗ ਜ਼ਰੀਏ ਸ਼ਹੀਦ ਊਧਮ ਸਿੰਘ ਸਬੰਧੀ ਕਰੀਬ 90 ਕਰੋੜ ਰੁਪਏ ਦੇ ਵੱਖ ਵੱਖ ਪ੍ਰੋਜੈਕਟਾਂ ਬਾਬਤ ਚਿੱਠੀ ਕੇਂਦਰ ਨੂੰ ਭੇਜੀ ਸੀ, ਜਿਸ ਦਾ ਅੱਜ ਤਕ ਕੋਈ ਜਵਾਬ ਨਹੀਂ ਆਇਆ।ਅੰਤ ਨੂੰ ਕੈਬਨਿਟ ਮੰਤਰੀ ਨੇ ਪੰਜਾਬ ਸਰਕਾਰ ਤੋਂ ਹੀ ਮਨਜ਼ੂਰ ਕਰਾ ਕੇ ਕੱਲ੍ਹ ਸ਼ਹੀਦ ਊਧਮ ਸਿੰਘ ਦੀ ਸ਼ਹੀਦੀ ਯਾਦਗਾਰ ਦੀ ਮੁਕੰਮਲ ਕਾਇਆਕਲਪ ਲਈ 21.17 ਕਰੋੜ ਰੁਪਏ ਦੀ ਲਾਗਤ ਵਾਲੇ ਪ੍ਰੋਜੈਕਟ ਦੀ ਸ਼ੁਰੂਆਤ ਕਰਾਈ ਹੈ।ਇਸ ਦੇ ਨਾਲ-ਨਾਲ ਕਰੀਬ 60 ਕਰੋੜ ਰੁਪਏ ਦੀ ਲਾਗਤ ਵਾਲਾ ਇਕ ਹੋਰ ਪ੍ਰੋਜੈਕਟ ਵੀ ਪੰਜਾਬ ਸਰਕਾਰ ਨੇ ਪਾਸ ਕਰ ਦਿੱਤਾ ਹੈ, ਜਿਹੜਾ ਜਲਦ ਸ਼ੁਰੂ ਕੀਤਾ ਜਾਵੇਗਾ। ਟੀਮ ਅਮਨ ਅਰੋੜਾ ਦੇ ਮੈਂਬਰ ਤੇ ਨਗਰ ਕੌਂਸਲ ਪ੍ਰਧਾਨ ਨਿਸ਼ਾਨ ਸਿੰਘ ਟੋਨੀ ਨੇ ਕਿਹਾ ਕਿ ਅਸਲ ਵਿੱਚ ਸੁਨਾਮ ਵਿੱਚ ਹੋ ਰਹੇ ਕਰੋੜਾਂ ਦੇ ਵਿਕਾਸ ਕਾਰਜ ਦੇਖ ਕੇ ਸ਼੍ਰੀਮਤੀ ਦਾਮਨ ਥਿੰਦ ਬਾਜਵਾ ਘਬਰਾ ਰਹੇ ਹਨ ਤੇ ਉਹ ਇਸ ਗੱਲੋਂ ਔਖੇ ਵੀ ਹਨ ਕਿ ਜੇਕਰ ਇਸੇ ਰਫ਼ਤਾਰ ਨਾਲ ਸੁਨਾਮ ਵਿੱਚ ਕੰਮ ਹੁੰਦੇ ਰਹੇ ਤਾਂ ਉਹ ਲੋਕਾਂ ਕੋਲ ਵੋਟਾਂ ਕਿਹੜੇ ਮੁੱਦੇ ਉੱਤੇ ਮੰਗਣ ਜਾਣਗੇ।

## ਢੀਂਡਸਾ ਨੂੰ ਪੀ ਏ ਸੀ ਮੈਂਬਰ ਬਣਾਏ ਜਾਣ 'ਤੇ ਦਿੱਤੀ ਮੁਬਾਰਕਬਾਦ



ਸੰਗਾਲਾ/ਧੂਰੀ (ਰਣਜੀਤ ਸਿੰਘ ਪੇਧਨੀ)- ਸ਼੍ਰੋਮਣੀ ਅਕਾਲੀ ਦਲ ਪੁਨਰ ਸਰਜੀਤ ਦੇ ਪ੍ਰਧਾਨ ਹਰਪ੍ਰੀਤ ਸਿੰਘ ਵੱਲੋਂ ਸ਼੍ਰੋਮਣੀ ਅਕਾਲੀ ਦਲ ਪੁਨਰ ਸਰਜੀਤ ਦੇ ਪੀ ਏ ਸੀ ਦਾ ਗਠਨ ਕੀਤਾ ਗਿਆ ਹੈ। ਇਸੇ ਹੀ ਤਹਿਤ ਸ਼੍ਰੋਮਣੀ ਅਕਾਲੀ ਦਲ ਪੁਨਰ ਸਰਜੀਤ ਦੇ ਸੀਨੀਅਰ ਆਗੂ ਸ.ਪਰਮਿੰਦਰ ਸਿੰਘ ਢੀਂਡਸਾ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਰਾਜਸੀ ਮਾਮਲਿਆਂ ਬਾਰੇ ਕਮੇਟੀ ਦਾ ਮੈਂਬਰ ਬਣਾਇਆ ਗਿਆ ਹੈ। ਜਿਸ ਦੇ ਨਾਲ ਸੰਗਰੂਰ, ਬਰਨਾਲਾ ਜ਼ਿਲ੍ਹਿਆਂ ਵਿੱਚ ਉਹਨਾਂ ਦੇ ਚਾਹੁਣ ਵਾਲਿਆਂ ਦੇ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਇਸ ਮੌਕੇ ਸਰਦਾਰ ਢੀਂਡਸਾ ਨੂੰ ਪੀ ਏ ਸੀ ਮੈਂਬਰ ਬਣਨ 'ਤੇ ਮੁਬਾਰਕਬਾਦ ਦਿੰਦਿਆਂ ਸ਼੍ਰੋਮਣੀ ਅਕਾਲੀ ਦਲ ਪੁਨਰ ਸਰਜੀਤ ਦੇ ਸੀਨੀਅਰ ਆਗੂ ਧੂਰੀ ਹਲਕੇ ਦੇ ਉੱਘੇ ਸਮਾਜ ਸੇਵੀ ਪਰਮਜੀਤ ਸਿੰਘ ਪੰਮਾ ਬਾਠ ਨੇ ਕਿਹਾ ਹੈ ਕਿ ਉਹ ਜਿੱਥੇ ਸਰਦਾਰ ਢੀਡਸਾ ਨੂੰ ਮੁਬਾਰਕਬਾਦ ਦਿੰਦੇ ਹਨ ਉੱਥੇ ਪਾਰਟੀ ਦੇ ਪ੍ਰਧਾਨ ਅਤੇ ਹਾਈ ਕਮਾਂਡ ਦਾ ਦਿਲ ਦੀਆਂ ਗਹਿਰਾਈਆਂ ਚੋਂ ਧੰਨਵਾਦ ਕਰਦੇ ਹਨ ਜਿਨਾਂ ਨੇ ਸਰਦਾਰ ਢੀਂਡਸਾ ਦੀ ਪਾਰਟੀ ਪ੍ਰਤੀ ਸੇਵਾ ਭਾਵਨਾ ਨੂੰ ਦੇਖਦਿਆਂ ਹੋਇਆਂ ਪਾਰਟੀ ਵਿੱਚ ਸੇਵਾ ਕਰਨ ਦਾ ਮੌਕਾ ਦਿੱਤਾ ਹੈ। ਜਿਸ ਦੇ ਨਾਲ ਸਰਦਾਰ ਢੀਂਡਸਾ ਦਾ ਕੱਦ ਹੋਰ ਵੀ ਉੱਚਾ ਹੋਇਆ ਹੈ। ਇਸ ਮੌਕੇ ਸੁਖਪਾਲ ਸ਼ਰਮਾ, ਸੁਰਜੀਤ ਸਿੰਘ ਮੂਲੋਂਵਾਲ, ਜਸਵੰਤ ਸਿੰਘ ਭੱਠਲ ਤੇ ਰਣਧੀਰ ਸਿੰਘ ਪ੍ਰਦੇਸੀ ਹਾਜ਼ਰ ਸਨ।

### CIVIL COURTS LUDHIANA

In the Court of
Ms. Dazy Bangarh
Civil Judge (Senior Division)
Ludhiana
CNR NO: PBLD02-016262-2025
Peshi: 30.01.2026
Gurmeet Kaur
Vs
General Public & Ors.
Petition For Grant of Succession Certificate
Publication Issued To: General Public

Whereas the above named petitioner Gurmeet Kaur has filed petition for the grant of Succession Certificate regarding the assets left by the deceased Jaswant Singh S/O Late Gopal Singh who had died on 06.6.2016.

Notice is issued in the name of General Public that in case anybody has any objection for the grant of succession certificate, he/she can file objections to the same on or before 30.01.2026 failing which the petition shall be decided in accordance with law.

Given under my hand and the seal of the Court, this 23.12.2025

For details logon to https://highcourtchd.gov.in/?trs=district_notice&district=ludhiana

Civil Judge (Senior Division)
Ludhiana
Dated this day of 24-12-2025

## ਸ਼੍ਰੋਮਣੀ ਅਕਾਲੀ ਦਲ ਪ੍ਰਤੀ ਲੋਕਾਂ ਦਾ ਰੁਝਾਨ ਵਧਿਆ : ਯੂਥ ਅਕਾਲੀ ਆਗੂ



ਬਾਘਾ ਪੁਰਾਣਾ, (ਮਨੀ ਸਿੰਗਲਾ) ਜਿਵੇਂ-ਜਿਵੇਂ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਨੇੜੇ ਆ ਰਹੀਆਂ ਹਨ, ਉਵੇਂ-ਉਵੇਂ ਸੂਬੇ ਦੀ ਸਿਆਸਤ ਵਿਚ ਹਲਚਲ ਤੇਜ਼ ਹੋ ਰਹੀ ਹੈ। ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਪ੍ਰਤੀ ਲੋਕਾਂ ਦਾ ਰੁਝਾਨ ਲਗਾਤਾਰ ਵਧਦਾ ਜਾ ਰਿਹਾ ਹੈ ਅਤੇ ਪਾਰਟੀ ਦਿਨੋ-ਦਿਨ ਮਜ਼ਬੂਤੀ ਵੱਲ ਅੱਗੇ ਵਧ ਰਹੀ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਯੂਥ ਅਕਾਲੀ ਆਗੂ ਸੁਖਜੀਤ ਸਿੰਘ ਮਾਹਲਾ, ਸੁਖਬੀਰ ਸਿੰਘ ਬਰਾੜ ਬਾਘਾਪੁਰਾਣਾ ਤੇ ਯੂਥ ਆਗੂ ਜਨਮਦੀਪ ਸਿੰਘ ਚੰਨੂਵਾਲਾ ਨੇ ਕੀਤਾ।ਉਨ੍ਹਾਂ ਆਖਿਆ ਕਿ ਪਿਛਲੇ ਕੁਝ ਸਾਲਾਂ ਦੌਰਾਨ ਪੰਜਾਬ ਦੇ ਲੋਕ ਮੌਜੂਦਾ ਸਰਕਾਰ ਦੀਆਂ ਨੀਤੀਆਂ ਤੋਂ ਨਿਰਾਸ਼ ਹੋ ਚੁੱਕੇ ਹਨ।ਮਹਿੰਗਾਈ, ਬੇਰੁਜ਼ਗਾਰੀ, ਨਸ਼ਿਆਂ ਦੀ ਸਮੱਸਿਆ, ਕਿਸਾਨੀ ਸੰਕਟ ਤੇ ਕਾਨੂੰਨ-ਵਿਵਸਥਾ ਵਰਗੇ ਮੁੱਦੇ ਅਜੇ ਵੀ ਗੰਭੀਰ ਬਣੇ ਹੋਏ ਹਨ।ਇਨ੍ਹਾਂ ਮੁੱਦਿਆਂ ਨੂੰ ਲੈ ਕੇ ਲੋਕ ਹੁਣ ਇੱਕ ਮਜ਼ਬੂਤ ਤੇ ਅਨੁਭਵੀ ਸਿਆਸੀ ਵਿਕਲਪ ਵੱਲ ਦੇਖ ਰਹੇ ਹਨ, ਜੋ ਸਿਰਫ਼ ਸ਼੍ਰੋਮਣੀ ਅਕਾਲੀ ਦਲ ਹੀ ਪ੍ਰਦਾਨ ਕਰ ਸਕਦਾ ਹੈ।

ਯੂਥ ਆਗੂਆਂ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਹਮੇਸ਼ਾ ਪੰਜਾਬੀਅਤ, ਪੰਥਕ ਹਿੱਤਾਂ ਅਤੇ ਸੂਬੇ ਦੇ ਵਿਕਾਸ ਨੂੰ ਪਹਿਲ ਦਿੱਤੀ ਹੈ।ਅਕਾਲੀ ਦਲ ਦੀ ਸਰਕਾਰ ਦੌਰਾਨ ਸੂਬੇ ਵਿਚ ਬੁਨਿਆਦੀ ਢਾਂਚੇ, ਸੜਕਾਂ, ਸਿਹਤ ਤੇ ਸਿੱਖਿਆ ਦੇ ਖੇਤਰ ਵਿਚ ਕਈ ਮਹੱਤਵਪੂਰਨ ਪ੍ਰੋਜੈਕਟ ਲਾਗੂ ਕੀਤੇ ਗਏ, ਜਿਨ੍ਹਾਂ ਦਾ ਲਾਭ ਅੱਜ ਵੀ ਲੋਕਾਂ ਨੂੰ ਮਿਲ ਰਿਹਾ ਹੈ।ਉਨ੍ਹਾਂ ਦਾਅਵਾ ਕੀਤਾ ਕਿ ਇਸ ਵਾਰ ਪੰਜਾਬੀ ਆਪਣਾ ਫ਼ਤਵਾ ਸ਼੍ਰੋਮਣੀ ਅਕਾਲੀ ਦਲ ਦੇ ਹੱਕ ਵਿਚ ਦੇਣ ਲਈ ਮਨ ਬਣਾ ਚੁੱਕੇ ਹਨ ਅਤੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਸੂਬੇ ਵਿਚ ਮੁੜ ਅਕਾਲੀ ਦਲ ਦੀ ਸਰਕਾਰ ਬਣੇਗੀ।ਉਨ੍ਹਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਦੀ ਸੋਚ ਨੌਜਵਾਨਾਂ, ਕਿਸਾਨਾਂ ਅਤੇ ਹਰ ਵਰਗ ਦੇ ਹਿੱਤਾਂ ਨਾਲ ਜੁੜੀ ਹੋਈ ਹੈ।ਹਲਕਾ ਬਾਘਾ ਪੁਰਾਣਾ ਬਾਰੇ ਗੱਲ ਕਰਦਿਆਂ ਯੂਥ ਆਗੂਆਂ ਨੇ ਆਖਿਆ ਕਿ ਜਥੇਦਾਰ ਤੀਰਥ ਸਿੰਘ ਮਾਹਲਾ ਦੀ ਅਗਵਾਈ ਹੇਠ ਇੱਥੇ ਅਕਾਲੀ ਦਲ ਪੂਰੀ ਤਰ੍ਹਾਂ ਮਜ਼ਬੂਤ ਸਥਿਤੀ ਵਿਚ ਹੈ। ਹਲਕੇ ਅੰਦਰ ਪਾਰਟੀ ਦੀਆਂ ਸਰਗਰਮੀਆਂ ਲਗਾਤਾਰ ਵਧ ਰਹੀਆਂ ਹਨ ਤੇ ਨੌਜਵਾਨ ਵਰਗ ਵੱਡੀ ਗਿਣਤੀ 'ਚ ਅਕਾਲੀ ਦਲ ਨਾਲ ਜੁੜ ਰਿਹਾ ਹੈ।ਉਨ੍ਹਾਂ ਵਿਸ਼ਵਾਸ ਜਤਾਇਆ ਕਿ ਆਉਣ ਵਾਲੀਆਂ ਚੋਣਾਂ 'ਚ ਹਲਕਾ ਬਾਘਾ ਪੁਰਾਣਾ ਤੋਂ ਵੀ ਸ਼੍ਰੋਮਣੀ ਅਕਾਲੀ ਦਲ ਨੂੰ ਵੱਡੀ ਜਿੱਤ ਪ੍ਰਾਪਤ ਹੋਵੇਗੀ।

## ਮਨਰੇਗਾ ਮੁੜ ਬਹਾਲੀ ਲਈ ਆਰ - ਪਾਰ ਦੀ ਲੜਾਂਗੇ ਲੜਾਈ : ਐਡਵੋਕੇਟ ਉੱਡਤ



ਸਰਦੂਲਗੜ੍ਹ/ ਝੁਨੀਰ (ਆਤਮਾ ਸਿੰਘ ਪਮਾਰ) - ਮਨਰੇਗਾ ਨੂੰ ਮੁੜ ਤੋਂ ਬਹਾਲ ਕਰਵਾਉਣ , ਮਜਦੂਰ ਵਿਰੋਧੀ ਚਾਰ ਲੇਬਰ ਕੋਡ ਨੂੰ ਰੱਦ ਕਰਵਾਉਣ, ਬਿਜਲੀ ਐਕਟ 2025 ਤੇ ਸੀਡ ਬਿੱਲ 2025 ਨੂੰ ਰੱਦ ਕਰਵਾਉਣ ਲਈ ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ ( ਏਟਕ) ਤੇ ਪੰਜਾਬ ਖੇਤ ਮਜਦੂਰ ਯੂਨੀਅਨ ਵੱਲੋਂ ਦਿੱਤੇ ਰੋਸ ਪੰਦਰਵਾੜਾ ਮਨਾਉਣ ਦੇ ਸੱਦੇ ਦੇ ਤਹਿਤ ਪਿੰਡ ਫੱਤਾ ਮਾਲੋਕਾ ਵਿੱਖੇ ਮੋਦੀ ਸਰਕਾਰ ਦੀ ਅਰਥੀ ਫੂਕੀ ਗਈ । ਇਸ ਮੌਕੇ ਸੰਬੋਧਨ ਕਰਦਿਆਂ ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ ( ਏਟਕ) ਸੂਬਾਈ ਆਗੂ ਐਡਵੋਕੇਟ ਕੁਲਵਿੰਦਰ ਸਿੰਘ ਉੱਡਤ ਨੇ ਕਿਹਾ ਕਿ ਵੋਟ ਚੋਰੀ ਜਰੀਏ ਬਿਹਾਰ 'ਚ ਸਰਕਾਰ ਬਣਾਉਣ ਤੋਂ ਬਾਅਦ ਮੋਦੀ ਹਕੂਮਤ ਨੇ ਮਿਹਨਤਕਸ਼ ਲੋਕਾਂ 'ਤੇ ਹਮਲੇ ਤਿੱਖੇ ਕਰ ਦਿੱਤੇ ਹਨ । ਮਨਰੇਗਾ ਦਾ ਭੋਗ ਪਾ ਕੇ ਰੱਖ ਦਿੱਤਾ ਹੈ , ਮਜਦੂਰ ਪੱਖੀ 29 ਲੇਬਰ ਕਾਨੂੰਨਾਂ ਦਾ ਭੋਗ ਪਾ ਕੇ ਮਜਦੂਰ ਵਿਰੋਧੀ ਚਾਰ ਲੇਬਰ ਕੋਡ ਨੋਟੀਫਾਈ ਕਰ ਦਿੱਤੇ ਹਨ । ਮਜਦੂਰ ਜਮਾਤ ਵੱਲੋਂ ਕੁਰਬਾਨੀਆਂ ਨਾਲ ਪ੍ਰਾਪਤ ਕੰਮ ਦਾ ਸਮਾਂ 8 ਘੰਟਿਆਂ ਤੋਂ ਵਧਾ ਕੇ 12 ਘੰਟੇ ਕਰ ਦਿੱਤਾ ਹੈ । ਉੱਡਤ ਨੇ ਕਿਹਾ ਕਿ 15 ਜਨਵਰੀ ਨੂੰ ਜ਼ਿਲ੍ਹਾ ਹੈਡਕੁਆਰਟਰ 'ਤੇ ਮੋਦੀ ਹਕੂਮਤ ਦੇ ਵਿਰੁੱਧ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ ਤੇ 12 ਫਰਵਰੀ ਦੀ ਦੇਸ਼ ਵਿਆਪੀ ਹੜਤਾਲ ਮੋਦੀ ਹਕੂਮਤ ਦੀਆਂ ਜੜ੍ਹਾਂ ਹਿਲਾ ਕੇ ਰੱਖ ਦੇਵੇਗੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਥੀ ਗੁਰਪਿਆਰ ਸਿੰਘ ਫੱਤਾ, ਸੰਕਰ ਸਿੰਘ ਜਟਾਣਾ , ਕਰਨੈਲ ਸਿੰਘ ਮਾਖਾ , ਪੂਰਨ ਸਿੰਘ ਸਰਦੂਲਗੜ੍ਹ, ਮੱਘਰ ਸਿੰਘ ਮੀਰਪੁਰ, ਹਰਪਾਲ ਸਿੰਘ ਫੱਤਾ , ਚਤਰ ਸਿੰਘ ਫੱਤਾ , ਕਾਲਾ ਸਿੰਘ , ਗੁਰਮੀਤ ਕੌਰ, ਗੁਰਮੇਲ ਕੌਰ, ਦਰਸ਼ਨ ਕੌਰ , ਪਾਲ ਕੌਰ ਤੇ ਜੀਤ ਕੌਰ ਆਦਿ ਨੇ ਵੀ ਵਿਚਾਰ ਸਾਂਝੇ ਕੀਤੇ।

## 2027 'ਚ ਕਾਂਗਰਸ ਹੀ ਭਰੋਸੇਯੋਗ ਵਿਕਲਪ : ਇੰਜ: ਜਗਦੀਪ ਸਿੰਘ



ਜਗਰਾਉਂ (ਸੰਜੀਵ ਅਰੋੜਾ)-ਪੰਜਾਬ ਅੱਜ ਇੱਕ ਗੰਭੀਰ ਦੌਰ ਵਿੱਚੋਂ ਲੰਘ ਰਿਹਾ ਹੈ, ਜਿੱਥੇ ਕਾਨੂੰਨ ਵਿਵਸਥਾ ਦੀ ਸਥਿਤੀ ਚਿੰਤਾ ਜਨਕ ਬਣ ਚੁੱਕੀ ਹੈ। ਦਿਨ ਦਿਹਾੜੇ ਵਾਰਦਾਤਾਂ, ਗੈਂਗਵਾਰ, ਗੋਲੀਆਂ ਦੀਆਂ ਖ਼ਬਰਾਂ ਅਤੇ ਅਪਰਾਧਾਂ ਵਿੱਚ ਵਾਧਾ ਇਹ ਦਰਸਾਉਂਦਾ ਹੈ ਕਿ ਸੂਬੇ ਵਿੱਚ ਲਾਅ ਐਂਡ ਆਰਡਰ ਬੇਕਾਬੂ ਹੋ ਰਿਹਾ ਹੈ। ਲੋਕਾਂ ਵਿੱਚ ਅਸੁਰੱਖਿਆ ਦੀ ਭਾਵਨਾ ਵਧ ਰਹੀ ਹੈ ਅਤੇ ਸਰਕਾਰ 'ਤੋਂ ਭਰੋਸਾ ਡਿੱਗਦਾ ਜਾ ਰਿਹਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪੰਜਾਬ ਪ੍ਰਦੇਸ਼ ਕਾਂਗਰਸ ਦੇ ਮੈਂਬਰ ਇੰਜ: ਜਗਦੀਪ ਸਿੰਘ ਨੇ ਕੀਤਾ। ਉਨ੍ਹਾਂ ਕਿਹਾ ਕਿ ਇਸ ਦੇ ਨਾਲ ਹੀ ਪੰਜਾਬ ਦੀ ਸਭ ਤੋਂ ਵੱਡੀ ਤ੍ਰਾਸਦੀ, ਬੇਲਗਾਮ ਨਸ਼ਾ ਹੈ। ਨੌਜਵਾਨ ਪੀੜੀ ਹੌਲੀ ਹੌਲੀ ਖਤਮ ਹੋ ਰਹੀ ਹੈ, ਘਰਾਂ ਦੇ ਘਰ ਉਜੜ ਰਹੇ ਹਨ ਅਤੇ ਪਰਿਵਾਰ ਆਪਣੇ ਬੱਚਿਆਂ ਨੂੰ ਬਚਾਉਣ ਲਈ ਬੇਵੱਸ ਨਜ਼ਰ ਆ ਰਹੇ ਹਨ। ਨਸ਼ੇ ਖਿਲਾਫ਼ ਨਾਅਰੇ ਤਾਂ ਬਹੁਤ ਲੱਗੇ, ਪਰ ਜ਼ਮੀਨੀ ਪੱਧਰ 'ਤੇ ਠੋਸ ਨਤੀਜੇ ਅਜੇ ਤੱਕ ਨਜ਼ਰ ਨਹੀਂ ਆਏ। ਅੱਜ ਜਦੋਂ ਪੰਜਾਬ ਨਸ਼ੇ, ਬੇਰੋਜ਼ਗਾਰੀ, ਕਰਜ਼ੇ ਅਤੇ ਪ੍ਰਸ਼ਾਸਨਕ ਕਮਜ਼ੋਰੀ ਨਾਲ ਜੂਝ ਰਿਹਾ ਹੈ, ਲੋਕ ਮਹਿਸੂਸ ਕਰ ਰਹੇ ਹਨ ਕਿ ਸੂਬੇ ਨੂੰ ਮੁੜ ਸਹੀ ਦਿਸ਼ਾ ਵੱਲ ਲੈ ਜਾਣ ਲਈ ਤਜ਼ਰਬੇਕਾਰ, ਸੰਵੇਦਨਸ਼ੀਲ ਅਤੇ ਸੰਸਥਾਵਾਂ ਨੂੰ ਮਜ਼ਬੂਤ ਕਰਨ ਵਾਲੀ ਸਿਆਸਤ ਦੀ ਲੋੜ ਹੈ। ਇਹ ਭਰੋਸਾ ਅੱਜ ਵੀ ਕਾਂਗਰਸ ਪਾਰਟੀ ਨਾਲ ਜੁੜਦਾ ਹੈ। 2027 ਵੱਲ ਵਧਦਿਆਂ ਪੰਜਾਬ ਦੇ ਲੋਕ ਸਿਰਫ਼ ਸਰਕਾਰ ਬਦਲਣ ਦੀ ਨਹੀਂ, ਸਗੋਂ ਦਿਸ਼ਾ ਬਦਲਣ ਦੀ ਗੱਲ ਕਰ ਰਹੇ ਹਨ। ਇਹ ਦਿਸ਼ਾ ਉਹੀ ਦੇ ਸਕਦਾ ਹੈ, ਜਿਸ ਨੇ ਪਹਿਲਾਂ ਵੀ ਪੰਜਾਬ ਨੂੰ ਬਣਾਇਆ, ਸੰਭਾਲਿਆ ਅਤੇ ਅੱਗੇ ਵਧਾਇਆ ਹੈ।

### COURT NOTICE

(U/o 5 Rule 20 CPC)
In the Court of
Sh. Sanjiv Joshi
District and Sessions Judge,
Faridkot
CNR No. PBFD01-006279-2025
Next Date :- 15-01-2026
Neelam
Vs.
General Public
Publication Issued to :
General Public
:- General Public

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 15.01.2026 at 10:00 a.m.

For details logon to https://highcourtchd.gov.in/?mod=district_notice&district=mogacourt

District and Sessions Judge,
Faridkot
Dated this day of 23-12-2025

### COURT NOTICE

(U/o 5 Rule 20 CPC)
In the Court of
Sh. Arjun Singh Sandhu
Civil Judge (Junior Division)-8,
Jalandhar
CNR No. PBJL02-005643-2025
Next Date :- 20-01-2026
Sachin Narula
Vs.
General Public

Suit for grant of decree of declaraion as prayed for. And Suit for grant of decree of Mandatory injunction and suit for grant of decree of Permanent injunction as prayed for

Publication Issued to :
General Public
: General Public

In above titled case, the defendant(s)/ respondent(s) could not be served. It is ordered that defendant(s)/respondent(s) should appear in person or through counsel on 20.01.2026 at 10:00 a.m.

For details logon to https://highcourtchd.gov.in/?mod=district_notice&district=Jalandhar

Civil Judge (Junior Division)-8,
Jalandhar
Dated this day of 22-12-2025

### COURT NOTICE

(U/o 5 Rule 20 CPC)
In the Court of Kamini
Civil Judge (Junior Division),
Rupnagar
CNR No. PBRO02-001438-2025
Next Date :- 29-01-2026
Surjit Kaur
Vs.
General Public
Publication Issued to :
General Public
: Rupnagar

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 29.01.2026 at 10:00 a.m.

For details logon to https://highcourtchd.gov.in/?mod=district_notice&district=Rupnagar

Civil Judge (Junior
Division), Rupnagar
Dated this day of 29-12-2025

## ਹਰਚੰਦ ਸਿੰਘ ਬਰਸਟ ਨੇ ਲੋਕਾਂ ਦੀਆਂ ਸਮੱਸਿਆਵਾਂ ਦਾ ਕੀਤਾ ਨਿਪਟਾਰਾ



ਪਟਿਆਲਾ ( ਰਾਜਿੰਦਰ ਸਿੰਘ ਥਿੰਦ) - ਆਮ ਆਦਮੀ ਪਾਰਟੀ, ਪੰਜਾਬ ਦੇ ਸੂਬਾ ਜਨਰਲ ਸਕੱਤਰ ਅਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਨੇ ਐਤਵਾਰ ਪਟਿਆਲਾ ਦਫ਼ਤਰ ਵਿਖੇ ਲੋਕ ਮਿਲਣੀ ਪ੍ਰੋਗਰਾਮ ਦੌਰਾਨ ਲੋਕਾਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ। ਇਸ ਦੌਰਾਨ ਸ. ਬਰਸਟ ਨੇ ਲੋਕਾਂ ਦੀਆਂ ਮੁਸ਼ਕਲਾਂ ਦਾ ਮੌਕੇ 'ਤੇ ਹੀ ਨਿਪਟਾਰਾ ਕੀਤਾ ਅਤੇ ਭਰੋਸਾ ਦਿਵਾਇਆ ਕਿ ਉਹ ਹਰ ਸਮੇਂ ਲੋਕਾਂ ਦੇ ਨਾਲ ਖੜੇ ਹਨ। ਸ. ਬਰਸਟ ਨੇ ਕਿਹਾ ਕਿ ਉਨ੍ਹਾਂ ਦੀ ਹਮੇਸ਼ਾਂ ਇਹੀ ਕੋਸ਼ਿਸ਼ ਰਹੀ ਹੈ ਕਿ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਿਲ ਪੇਸ਼ ਨਾ ਆਵੇ, ਜਿਸ ਲਈ ਉਹ ਖੁਦ ਲੋਕਾਂ ਨੂੰ ਮਿਲ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਨਿਪਟਾਰਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਅਜਿਹੇ ਲੋਕ ਮਿਲਣ ਪ੍ਰੋਗਰਾਮ ਭਵਿੱਖ ਵਿੱਚ ਵੀ ਆਯੋਜਿਤ ਕੀਤੇ ਜਾਣਗੇ, ਤਾਂ ਜੋ ਲੋਕਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ ਤੇ ਹੱਲ ਕੀਤਾ ਜਾ ਸਕੇ।ਇਸ ਮੌਕੇ ਬਲਜਿੰਦਰ ਸਿੰਘ ਢਿੱਲੋਂ ਚੇਅਰਮੈਨ ਪੰਜਾਬ ਐਗਰੋ ਫੂਡ ਗ੍ਰੇਨ ਕਾਰਪੋਰੇਸ਼ਨ ਲਿਮ., ਦਰਸ਼ਨ ਸਿੰਘ ਗਿੱਤੀ ਮਾਨ ਚੇਅਰਮੈਨ ਮਾਰਕਿਟ ਕਮੇਟੀ ਚੀਮਾ, ਰਜਿੰਦਰ ਸਿੰਘ ਸਰਪੰਚ ਤਲਵੰਡੀ ਕੋਠੇ, ਗੁਰਦੀਪ ਸਿੰਘ ਸਰਪੰਚ ਦੇਵੀਨਗਰ, ਅਮਰੀਕ ਸਿੰਘ ਸਰਪੰਚ ਅਸਮਾਨਪੁਰ, ਸ਼ਾਮ ਲਾਲ ਦੱਤ, ਗੁਰਮੀਤ ਸਿੰਘ ਪੰਚਾਇਤ ਮੈਂਬਰ ਫਤਿਹਗੜ੍ਹ ਛੰਨਾ, ਹਰਜਿੰਦਰ ਸਿੰਘ ਸਾਬਕਾ ਸਰਪੰਚ ਤਰੈਂ, ਲਖਵਿੰਦਰ ਸਿੰਘ ਲਲੋਛੀ ਸਾਬਕਾ ਸਰਪੰਚ, ਅਵਤਾਰ ਸਿੰਘ ਫਤਿਹਗੜ੍ਹ ਛੰਨਾ, ਕੁਲਵਿੰਦਰ ਸਿੰਘ ਫਤਿਹਗੜ੍ਹ ਛੰਨਾ, ਗੁਰਪ੍ਰੀਤ ਸਿੰਘ, ਬੇਅੰਤ ਸਿੰਘ, ਪਰਮਜੀਤ ਕੁਮਾਰ ਬੰਮਣਾ, ਪ੍ਰਦੀਪ ਸਿੰਘ, ਦਰਸ਼ਨ ਸਿੰਘ, ਜਾਨਪਾਲ ਤਲਵੰਡੀ ਮਲਿਕ, ਗੁਰਤਿੰਦਰ ਸਿੰਘ, ਲਵਪ੍ਰੀਤ ਸਿੰਘ, ਲਾਲ ਸਿੰਘ ਸਾਬਕਾ ਸਰਪੰਚ ਕਾਠਗੜ੍ਹ, ਸੁਖਦੇਵ ਸਿੰਘ, ਪਰਮਜੀਤ ਸਿੰਘ ਸਮੇਤ ਹੋਰ ਲੋਕ ਵੀ ਮੌਜੂਦ ਰਹੇ

## ਨਵੀਤ ਕੌਰ ਦੀ ਯਾਦ ਵਿੱਚ ਲੜਕੀਆਂ ਲਈ ਕੋਚਿੰਗ ਸ਼ੁਰੂ

ਲੌਂਗੋਵਾਲ (ਪ੍ਰਦੀਪ ਸੱਪਲ)-ਇੱਥੇ ਬਾਬਾ ਫਰੀਦ ਮੈਮੋਰੀਅਲ ਐਜੂਕੇਸ਼ਨ ਐਂਡ ਵੈਲਫੇਅਰ ਸੋਸਾਇਟੀ ਦੁਆਰਾ ਲੜਕੀਆਂ ਲਈ ਸਰਕਾਰੀ ਨੌਕਰੀਆਂ ਦੀ ਤਿਆਰੀ ਲਈ ਨਵਾਂ ਬੈਚ ਸ਼ੁਰੂ ਕੀਤਾ ਗਿਆ। ਸੰਸਥਾ ਪ੍ਰਧਾਨ ਕਮਲਜੀਤ ਸਿੰਘ ਵਿੱਕੀ ਨੇ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆ ਕਿ ਸੰਸਥਾ ਦਾ ਉਦੇਸ਼ ਲੜਕੀਆਂ ਵਿੱਚ ਸਿੱਖਿਆ ਦਾ ਪ੍ਰਸਾਰ ਕਰਨਾ ਹੈ । ਸੰਸਥਾ ਹੁਣ ਤੱਕ 2000 ਦੇ ਕਰੀਬ ਲੜਕੀਆਂ ਨੂੰ ਸਿਲਾਈ ਕਢਾਈ, ਕੰਪਿਊਟਰ ਅਤੇ ਸਰਕਾਰੀ ਨੌਕਰੀਆਂ ਦੀ ਤਿਆਰੀ ਕਰਵਾ ਚੁੱਕੀ ਹੈ। ਇਹਨਾਂ ਵਿਚੋਂ ਬਹੁਤ ਸਾਰੀਆਂ ਲੜਕੀਆਂ ਨੌਕਰੀਆਂ ਕਰਦੀਆਂ ਹਨ ਅਤੇ ਕਈ ਆਪਣਾ ਕੰਮ ਸਫਲਤਾਪੂਰਵਕ ਚਲਾ ਰਹੀਆਂ ਹਨ।ਇਸ ਗਰੁੱਪ ਦਾ ਉਦਘਾਟਨ ਸਲਾਈਟ ਦੇ ਪ੍ਰੋ. ਪੀ.ਕੇ ਜੈਨ ਨੇ ਕੀਤਾ। ਉਹਨਾਂ ਨੇ ਲੜਕੀਆਂ ਨੂੰ ਪ੍ਰੀਖਿਆ ਦੀ ਤਿਆਰੀ ਸਬੰਧੀ ਅਤੇ ਜ਼ਿੰਦਗੀ ਦੇ ਕਈ ਤਜਰਬੇ ਲੜਕੀਆਂ ਨਾਲ ਸਾਂਝੇ ਕੀਤੇ। ਇੱਥੇ ਸੰਸਥਾ ਦੇ ਮੈਂਬਰ ਬਲਵੰਤ ਸਿੰਘ ( ਬੀਟਾ), ਸੰਦੀਪ ਸਿੰਘ ਧੀਮਾਨ ਇੰਜੀ: ਪ੍ਰਮੋਦ ਕੁਮਾਰ, ਅੰਜਲੀ ਗੋਇਲ,ਪ੍ਰੋ. ਕਿਰਨਜੀਤ ਕੌਰ, ਰਾਜਵੰਤ ਕੌਰ, ਗੁਰਪ੍ਰੀਤ ਕੌਰ, ਅਮਨਦੀਪ ਸਿੰਘ, ਭੋਲਾ ਸਿੰਘ ਸੰਗਰਾਮੀ,ਰੁਪਿੰਦਰ ਕੌਰ ਹਾਜ਼ਰ ਸਨ।

## ਹੜ੍ਹ ਪੀੜਤ ਕਿਸਾਨਾਂ ਵੱਲੋਂ ਹਰੀਕੇ ਹੈੱਡ ਵਰਕਸ 'ਤੇ ਲਾਇਆ ਧਰਨਾ ਚੌਥੇ ਦਿਨ ਵੀ ਜਾਰੀ



ਮੱਖੂ, (ਰਛਪਾਲ ਸਿੰਘ ਸੰਧੂ) ਹੜ੍ਹ ਪੀੜਤ ਕਿਸਾਨ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਪ੍ਰਧਾਨ ਜਸਬੀਰ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ ਹੜ੍ਹ ਪੀੜਤਾਂ ਵੱਲੋਂ ਆਪਣੀਆਂ ਹੱਕੀ ਮੰਗਾਂ ਦੇ ਸਬੰਧ ਵਿੱਚ ਹਰੀਕੇ ਹੈੱਡ ਵਰਕਸ 'ਤੇ ਲਾਇਆ ਹੋਇਆ ਪੱਕਾ ਧਰਨਾ ਚੌਥੇ ਦਿਨ ਵਿਚ ਜਾਰੀ ਰਿਹਾ।ਧਰਨੇ ਦੌਰਾਨ ਕਿਸਾਨਾਂ ਵੱਲੋਂ ਪੁਲਾਂ ਦੇ ਦਰਾਂ 'ਤੇ ਚੜ੍ਹ ਕੇ ਭੁੱਖ ਹੜਤਾਲ ਜਾਰੀ ਰੱਖੀ ਹੋਈ ਹੈ।ਕਿਸਾਨ ਜਥੇਬੰਦੀ ਦੇ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਹੜ੍ਹਾਂ ਦੌਰਾਨ ਕਿਸਾਨਾਂ ਦੇ ਹੋਏ ਨੁਕਸਾਨ ਦਾ ਐਲਾਨਿਆ ਮੁਆਵਜਾ ਹੜ੍ਹ ਪੀੜਤਾਂ ਤੱਕ ਅਜੇ ਤੱਕ ਜ਼ਮੀਨੀ ਪੱਧਰ 'ਤੇ ਨਹੀਂ ਪਹੁੰਚਿਆ।

ਗੱਲਬਾਤ ਕਰਦਿਆਂ ਹੜ੍ਹ ਪੀੜਤ ਕਿਸਾਨ ਸੰਘਰਸ਼ ਕਮੇਟੀ ਦੇ ਪ੍ਰਧਾਨ ਜਸਬੀਰ ਸਿੰਘ ਆਹਲੂਵਾਲੀਆ ਦੱਸਿਆ ਕਿ ਵੱਖ-ਵੱਖ ਜਥੇਬੰਦੀਆਂ ਵਲੋਂ ਰੋਜ਼ਾਨਾ ਹੜ੍ਹ ਪ੍ਰਭਾਵਤ ਕਿਸਾਨਾਂ ਨੂੰ ਸਮਰਥਨ ਮਿਲ ਰਿਹਾ ਹੈ ਤੇ ਹਰ ਪ੍ਰਕਾਰ ਦਾ ਸਹਿਯੋਗ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਜਦ ਤੱਕ ਹੜ੍ਹ ਪੀੜਤਾਂ ਨੂੰ ਪੂਰਾ ਮੁਆਵਜ਼ਾ ਨਹੀਂ ਮਿਲਦਾ, ਉਸ ਵਕਤ ਤੱਕ ਸੰਘਰਸ਼ ਜਾਰੀ ਰਹੇਗਾ। ਜਦ ਵੀ ਅਸੀਂ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਮਿਲਣਾ ਚਾਹਿਆ ਹੈ ਤਾਂ ਉਨ੍ਹਾਂ ਸਾਨੂੰ ਮਿਲਣ ਦਾ ਮੌਕਾ ਨਹੀਂ ਦਿੱਤਾ।

ਇਸ ਗੱਲ ਤੋਂ ਸਾਬਤ ਹੁੰਦਾ ਕਿ ਸਰਕਾਰ ਹੜ੍ਹ ਪੀੜਤ ਕਿਸਾਨਾਂ ਨਾਲ ਕੋਈ ਹਮਦਰਦੀ ਨਹੀਂ ਰੱਖਦੀ। ਸਿਰਫ਼ ਸਿਆਸਤ ਕਰਕੇ ਆਪਣੀਆਂ ਰੋਟੀਆਂ ਸੇਕ ਰਹੀ ਹੈ।ਹੜ੍ਹ ਪੀੜਤ ਕਿਸਾਨਾਂ ਦੀਆਂ ਮੁੱਖ ਮੰਗਾਂ ਨੂੰ ਲੈ ਕੇ ਆਪਣਾ ਅੰਦੋਲਨ ਕਰ ਰਹੇ ਸੂਬਾ ਪ੍ਰਧਾਨ ਜਸਬੀਰ ਸਿੰਘ ਆਹਲੂਵਾਲੀਆ ਨੇ ਕਿਹਾ ਕਿ ਜਦ ਤੱਕ ਸਰਕਾਰ ਸਾਡੀਆਂ ਹੱਕੀ ਮੰਗਾਂ 'ਤੇ ਵਿਚਾਰ ਨਹੀਂ ਕਰਦੀ ਉਦੋਂ ਤੱਕ ਕਿਸਾਨ ਮੋਰਚਾ ਜਾਰੀ ਰਹੇਗਾ।ਹੜ੍ਹ ਪੀੜਤ ਕਿਸਾਨ ਰੋਜ਼ਾਨਾ ਹਰੀਕੇ ਹੈੱਡ ਵਰਕਸ ਦੇ ਉੱਪਰ ਭੁੱਖ ਹੜਤਾਲ 'ਤੇ ਬੈਠੇ ਰਹਿਣਗੇ।

## ਕਲਾਸੀਫਾਈਡ ਇਸ਼ਤਿਹਾਰ

### Change of Name

I, Mohammad Saukat Son of Late Mohammad Sirajul Haque residing at House Number 86, Lamba Pind Road, New Gandhi Nagar, P.O. Chogitti, P.S. Rama Mandi, Pin-144009, District Jalandhar, declare that I have now changed/corrected my name from Mohammad Shaukat Ali to Mohammad Saukat and my wife's name correct spelling is Sajda Khatun instead of Sajda Khatoon.

I, Gurinderpal Singh S/o Avtar Singh R/o 2, Jaspal Nagar, PO. Vallah, Distt Amritsar Punjab have declare that Singh is my Surname Gurinderpal is my given name.

I, Amanpreet Singh Thind S/o Kulwant Singh R/o Village Devi Dasspura, Distt. Amritsar Punjab changed my name from Amanpreet Singh Thind to Thind Amanpreet where Singh is my Surname Amanpreet is my given name.

I Hitherto known as Sunita W/O Sandeep R/O Village Atta, Tehsil Phillaur, District Jalandhar -144409 (Punjab) India have Changed my name and shall hereafter be known as Sunita Nahar.

I, Jai Ram S/o Kabal Ram R/o Vpo. Nadalon, Teh. Garhshankar, Hoshiarpur - 144404, Punjab, India have changed my name from Jai Ram to Given name as Jai And Surname as Ram.

I, Jaskaran S/O Sh. Daljit Kumar R/O VPO Mehtiana, Tehsil Garhshankar, Distt. Hoshiarpur, Punjab have changed my name from Jaskaran to Jaskaran Khatan. All concerned please note.

I, Sandeep S/o Lachhman Das R/o Village Tahli Sahib, Po. Kartarpur, Distt. Jalandhar, Punjab have changed name of my son from Sumit to Sumit Thaper. All Please Note.

I, Rita Devi w/o Sanjeev Kumar r/o Vill. Sattowali, Po. Rohjari, Distt. Jalandhar have changed the spelling of my name to Reeta Devi. All Please Note.

I, Sonia Singh w/o Jaipreet Singh r/o 151, Lajpat Nagar, Jalandhar have changed my minor son name from Rehmat Singh to Singh Rehmat. (Surname as Singh) All Please Note.

I, Hardip Singh Nahal s/o Tara Singh r/o Vill. Gurra, Po.Sarih, Teh.Nakodar, Distt. Jalandhar have changed my name to Hardeep Singh. All Please Note.

### Change of Name

I, Sonia Singh w/o Jaipreet Singh r/o 151, Lajpat Nagar, Jalandhar have changed my minor daughter name from Enayat Kaur to Kaur Enayat. (Surname as Kaur) All Please Note.

I, Ashwani Thakur S/o Raj Kumar Village Hayun Doyamn, Po. Nalyana, Tehsil Dharampur, Distt. Mandi, Himanchal Pradesh have changed my name from Ashwani Thakur to Ashwani Kumar. All Please Note.

### ਬੇਦਖਲੀ ਨੋਟਿਸ

ਮੈਂ, ਮਨੋਜ ਕੁਮਾਰ ਪੁੱਤਰ ਸ੍ਰੀ ਕਿਸ਼ਨ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਬੋਹਣ, ਤਹਿਸੀਲ ਤੇ ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੇਰਾ ਪੁੱਤਰ ਅਜੇ ਅਤੇ ਮੇਰੀ ਨੂੰਹ ਮਨੀਸ਼ਾ ਲੁਥਰਾ ਪਤਨੀ ਅਜੇ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਤਮਾਮ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਬੰਧਿਤ ਨੋਟ ਕਰਨ।

ਅਸੀਂ, ਅਸ਼ਵਨੀ ਗੁਪਤਾ ਪੁੱਤਰ ਹਰਬੰਸ ਲਾਲ ਅਤੇ ਗੀਤਾ ਗੁਪਤਾ ਪਤਨੀ ਅਸ਼ਵਨੀ ਗੁਪਤਾ, ਵਾਸੀਆਨ ਮਕਾਨ ਨੰ: 175-ਬੀ, ਗਲੀ ਨੰ: 2, ਬਟਾਲਾ ਰੋਡ, ਭਰਤ ਨਗਰ, ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡੀ ਲੜਕੀ ਕ੍ਰਿਤਿਕਾ ਅਗਰਵਾਲ ਅਤੇ ਲੜਕਾ ਹਿਮਾਂਸ਼ੂ ਅਗਰਵਾਲ (ਕੁਆਰੇ) ਸਾਡੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡਾ ਅਤੇ ਸਾਡੇ ਪਰਵਾਰ ਦਾ ਇਨ੍ਹਾਂ ਨਾਲ ਕੋਈ ਸੰਬੰਧ ਨਹੀਂ ਹੈ।

### PUBLIC NOTICE

I, Tripta wife of Gagan Kumar resident of Ward Number-8/77 Mohalla Geeta Bhawan, Alawalpur, District Jalandhar, Punjab, India declare that before marriage my name was Tripta Jagota which is also mentioned in my 10th class Marks Certificate. After marriage I have changed my name from Tripta Jagota to Tripta.Tripta Jagota and Tripta are one and the same person.

### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

### SED ENGINEERS AND FABRICATORS PVT LTD

CIN: U45202CH2006PTC029652
Registered office: Plot No 25, Industrial Area, Phase II, Chandigarh (U.T.), India–160002
E Mail: prateek.verma@sprayengineering.com

ਪਬਲਿਕ ਨੋਟਿਸ

ਫਾਰਮ ਆਈ ਐੱਨ ਸੀ 26
ਕੰਪਨੀਜ਼ (ਇਨਕਾਰਪੋਰੇਸ਼ਨ) ਰੂਲਜ਼ 2014 ਦੇ ਰੂਲ 30 ਦੀ ਪਾਲਣਾ 'ਚ
ਕੰਪਨੀ ਦਾ ਰਜਿਸਟਰਡ ਦਫਤਰ ਇੱਕ ਰਾਜ ਤੋਂ ਦੂਸਰੇ ਰਾਜ 'ਚ ਤਬਦੀਲ ਕਰਨ ਸੰਬੰਧੀ ਅਖਬਾਰ 'ਚ ਪ੍ਰਕਾਸ਼ਤ ਕਰਨ ਬਾਰੇ ਇਸ਼ਤਿਹਾਰ ਸਨਮੁੱਖ ਕੇਂਦਰ ਸਰਕਾਰ, ਖੇਤਰੀ ਡਾਇਰੈਕਟਰ, ਉੱਤਰੀ ਖੇਤਰ
ਕੰਪਨੀਜ਼ ਐਕਟ, 2013 ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਅਤੇ ਕੰਪਨੀਜ਼ (ਇਨਕਾਰਪੋਰੇਸ਼ਨ) ਰੂਲਜ਼ 2014 ਦੇ ਰੂਲ 30 ਦੇ ਸਬ-ਰੂਲ (5) ਦੀ ਕਲਾਜ਼ (ਏ) ਮਾਮਲੇ
ਅਤੇ
ਐਸ ਈ ਡੀ ਇੰਜੀਨੀਅਰ ਐਂਡ ਫੈਬਰੀਕੇਟਰਜ ਪ੍ਰਾਈਵੇਟ ਲਿਮਟਿਡ
ਜਿਸ ਦਾ ਰਜਿਸਟਰਡ ਦਫ਼ਤਰ ਪਲਾਟ ਨੰ. 25 ਇੰਡਸਟਰੀਅਲ ਏਰੀਆ, ਫੇਸ II, ਚੰਡੀਗੜ੍ਹ (ਯੂ.ਟੀ.) ਇੰਡੀਆ-160002 ਵਿਖੇ ਹੈ
......ਪਟੀਸ਼ਨਰ

ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਕੰਪਨੀ 02.01.2026 ਨੂੰ ਅਸਧਾਰਨ ਜਨਰਲ ਮੀਟਿੰਗ 'ਚ ਇਸ ਦੇ ਰਜਿਸਟਰਡ ਦਫਤਰ ਨੂੰ ਕੇਂਦਰ ਸ਼ਾਸਤ ਖੇਤਰ ਚੰਡੀਗੜ੍ਹ ਤੋਂ ਪੰਜਾਬ ਰਾਜ 'ਚ ਤਬਦੀਲ ਕੀਤੇ ਜਾਣ ਸੰਬੰਧੀ ਪਾਸ ਕੀਤੇ ਗਏ ਵਿਸ਼ੇਸ਼ ਮਤੇ 'ਚ ਕੰਪਨੀ ਦੇ ਮੈਮੋਰੰਡਮ ਆਫ ਐਸੋਸੀਏਸ਼ਨ 'ਚ ਤਬਦੀਲੀ ਦੀ ਪੁਸ਼ਟੀ ਵਾਸਤੇ ਕੇਂਦਰ ਸਰਕਾਰ ਕੋਲ, ਕੰਪਨੀਜ਼ ਐਕਟ, 2013 ਦੇ ਸੈਕਸ਼ਨ 13 ਤਹਿਤ ਅਰਜ਼ੀ ਦੇਣ ਦੀ ਤਜਵੀਜ਼ ਰੱਖਦੀ ਹੈ। ਕੋਈ ਵਿਅਕਤੀ, ਜਿਸ ਦੇ ਹਿੱਤ ਕੰਪਨੀ ਦੇ ਰਜਿਸਟਰਡ ਦਫਤਰ ਦੀ ਤਜਵੀਜ਼ਤ ਤਬਦੀਲੀ ਕਾਰਨ ਪ੍ਰਭਾਵਤ ਹੋ ਸਕਦੇ ਹਨ, ਉਹ ਐੱਮ ਸੀ ਏ-21 ਪੋਰਟਲ (www.mca.gov.in) 'ਤੇ ਇਨਵੈਸਟਰ ਕੰਪਲੇਂਟ ਫਾਰਮ 'ਤੇ ਦੱਸ ਸਕਦਾ ਹੈ ਜਾਂ ਹਲਫੀਆ ਬਿਆਨ ਦੇ ਨਾਲ ਆਪਣੇ ਇਤਰਾਜ਼, ਹਿੱਤਾਂ ਦੀ ਕਿਸਮ ਅਤੇ ਵਿਰੋਧ ਦਾ ਅਧਾਰ ਰਜਿਸਟਰਡ ਡਾਕ ਰਾਹੀਂ ਖੇਤਰੀ ਡਾਇਰੈਕਟਰ, ਉੱਤਰੀ ਖੇਤਰ, ਪਤਾ : ਬੀ-2 ਵਿੰਗ ਦੂਜੀ ਮੰਜ਼ਲ, ਪੰਡਿਤ ਦੀਨ ਦਿਆਲ ਅਨਤੋਦਿਆ ਭਵਨ ਦੂਸਰੀ ਮੰਜ਼ਿਲ ਸੀ ਜੀ ਓ ਕੰਪਲੈਕਸ, ਨਵੀਂ ਦਿੱਲੀ-110003 ਨੂੰ ਇਸ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 14 ਦਿਨਾਂ ਦੇ ਅੰਦਰ, ਬਿਨੈਕਾਰ ਕੰਪਨੀ ਨੂੰ ਕਾਪੀ ਸਮੇਤ ਇਸ ਦੇ ਰਜਿਸਟਰਡ ਦਫ਼ਤਰ, ਪਤਾ : ਪਲਾਟ ਨੰ. 25 ਇੰਡਸਟਰੀਅਲ ਏਰੀਆ, ਫੇਸ II, ਚੰਡੀਗੜ੍ਹ (ਯੂ.ਟੀ.) ਇੰਡੀਆ-160002 ਨੂੰ ਭੇਜ ਸਕਦਾ ਹੈ।

ਵਾਸਤੇ ਅਤੇ ਤਰਫੋਂ ਬਿਨੈਕਾਰ
ਐੱਸ ਈ ਡੀ ਇੰਜੀਨੀਅਰ ਐਂਡ ਫੈਬਰੀਕੇਟਰਜ਼ ਪ੍ਰਾਈਵੇਟ ਲਿਮਟਿਡ
ਸਹੀ/-
ਵਿਵੇਕ ਵਰਮਾ
ਡੀ ਆਈ ਐੱਨ : 00032970
ਡਾਇਰੈਕਟਰ
ਮਿਤੀ : 05.01.2026
ਸਥਾਨ : ਚੰਡੀਗੜ੍ਹ

### MODLINE CONSTRUCTIONS PRIVATE LIMITED

CIN: U45200CH1996PTC019216
Registered office: Plot No 25, Industrial Area, Phase II, Chandigarh (U.T.), India–160002
E Mail: prateek.verma@sprayengineering.com

ਪਬਲਿਕ ਨੋਟਿਸ

ਫਾਰਮ ਆਈ ਐੱਨ ਸੀ 26
ਕੰਪਨੀਜ਼ (ਇਨਕਾਰਪੋਰੇਸ਼ਨ) ਰੂਲਜ਼ 2014 ਦੇ ਰੂਲ 30 ਦੀ ਪਾਲਣਾ 'ਚ ਕੰਪਨੀ ਦਾ ਰਜਿਸਟਰਡ ਦਫਤਰ ਇੱਕ ਰਾਜ ਤੋਂ ਦੂਸਰੇ ਰਾਜ 'ਚ ਤਬਦੀਲ ਕਰਨ ਸੰਬੰਧੀ ਅਖਬਾਰ 'ਚ ਪ੍ਰਕਾਸ਼ਤ ਕਰਨ ਬਾਰੇ ਇਸ਼ਤਿਹਾਰ ਸਨਮੁੱਖ ਕੇਂਦਰ ਸਰਕਾਰ, ਖੇਤਰੀ ਦਫਤਰ, ਉੱਤਰੀ ਖੇਤਰ
ਕੰਪਨੀਜ਼ ਐਕਟ, 2013 ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਅਤੇ ਕੰਪਨੀਜ਼ (ਇਨਕਾਰਪੋਰੇਸ਼ਨ ) ਰੂਲਜ਼ 2014 ਦੇ ਰੂਲ 30 ਦੇ ਸਬ-ਰੂਲ (5) ਦੀ ਕਲਾਜ਼ (ਏ) ਮਾਮਲੇ
ਅਤੇ
ਮੋਡਲਾਈਨ ਕੰਸਟਰੱਕਸ਼ਨਜ਼ ਪ੍ਰਾਈਵੇਟ ਲਿਮਟਿਡ,
ਇੱਕ ਕੰਪਨੀ ਜਿਸ ਦਾ ਰਜਿਸਟਰਡ ਦਫਤਰ ਪਲਾਟ ਨੰ. 25, ਇੰਡਸਟਰੀਅਲ ਏਰੀਆ, ਫੇਸ II, ਚੰਡੀਗੜ੍ਹ, (ਯੂ.ਟੀ.) ਇੰਡੀਆ-160002 ਵਿਖੇ ਹੈ
....ਪਟੀਸ਼ਨਰ

ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਕੰਪਨੀ 02.01.2026 ਨੂੰ ਅਸਧਾਰਨ ਜਨਰਲ ਮੀਟਿੰਗ 'ਚ ਇਸ ਦੇ ਰਜਿਸਟਰਡ ਦਫਤਰ ਨੂੰ ਕੇਂਦਰ ਸ਼ਾਸਤ ਖੇਤਰ ਚੰਡੀਗੜ੍ਹ ਤੋਂ ਪੰਜਾਬ ਰਾਜ ਵਿੱਚ 'ਚ ਤਬਦੀਲ ਕੀਤੇ ਜਾਣ ਸੰਬੰਧੀ ਪਾਸ ਕੀਤੇ ਗਏ ਵਿਸ਼ੇਸ਼ ਮਤੇ 'ਚ ਕੰਪਨੀ ਦੇ ਮੈਮੋਰੰਡਮ ਆਫ ਐਸੋਸੀਏਸ਼ਨ 'ਚ ਤਬਦੀਲੀ ਦੀ ਪੁਸ਼ਟੀ ਵਾਸਤੇ ਕੇਂਦਰ ਸਰਕਾਰ ਕੋਲ, ਕੰਪਨੀਜ਼ ਐਕਟ, 2013 ਦੇ ਸੈਕਸ਼ਨ 13 ਤਹਿਤ ਅਰਜ਼ੀ ਦੇਣ ਦੀ ਤਜਵੀਜ਼ ਰੱਖਦੀ ਹੈ। ਕੋਈ ਵਿਅਕਤੀ, ਜਿਸ ਦੇ ਹਿੱਤ ਕੰਪਨੀ ਦੇ ਰਜਿਸਟਰਡ ਦਫਤਰ ਦੀ ਤਜਵੀਜ਼ਤ ਤਬਦੀਲੀ ਕਾਰਨ ਪ੍ਰਭਾਵਤ ਹੋ ਸਕਦੇ ਹਨ, ਉਹ ਐੱਮ ਸੀ ਏ-21 ਪੋਰਟਲ (www.mca.gov.in) 'ਤੇ ਇਨਵੈਸਟਰ ਕੰਪਲੇਂਟ ਫਾਰਮ 'ਤੇ ਦੱਸ ਸਕਦਾ ਹੈ ਜਾਂ ਹਲਫੀਆ ਬਿਆਨ ਦੇ ਨਾਲ ਆਪਣੇ ਇਤਰਾਜ਼, ਹਿੱਤਾਂ ਦੀ ਕਿਸਮ ਅਤੇ ਵਿਰੋਧ ਦਾ ਅਧਾਰ ਰਜਿਸਟਰਡ ਡਾਕ ਰਾਹੀਂ ਖੇਤਰੀ ਡਾਇਰੈਕਟਰ, (ਉੱਤਰੀ ਖੇਤਰ) ਪਤਾ : ਬੀ-2 ਵਿੰਗ ਦੂਜੀ ਮੰਜ਼ਲ, ਪੰਡਿਤ ਦੀਨ ਦਿਆਲ ਅਨਤੋਦਿਆ ਭਵਨ, ਦੂਸਰੀ ਮੰਜ਼ਿਲ ਸੀ ਜੀ ਓ ਕੰਪਲੈਕਸ, ਨਵੀਂ ਦਿੱਲੀ-110003 ਨੂੰ ਇਸ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 14 ਦਿਨਾਂ ਦੇ ਅੰਦਰ, ਬਿਨੈਕਾਰ ਕੰਪਨੀ ਦੀ ਕਾਪੀ ਸਮੇਤ ਇਸੇ ਦੇ ਰਜਿਸਟਰਡ ਦਫ਼ਤਰ, ਪਤਾ : ਪਲਾਟ ਨੰ. 25, ਇੰਡਸਰੀਅਲ ਏਰੀਆ ਫੇਸ-II, ਚੰਡੀਗੜ੍ਹ, (ਯੂ.ਟੀ.) ਇੰਡੀਆ 160002 ਨੂੰ ਭੇਜ ਸਕਦਾ ਹੈ।

ਵਾਸਤੇ ਅਤੇ ਤਰਫੋਂ ਬਿਨੈਕਾਰ
ਮੋਡਲਾਈਨ ਕੰਸਟਰੱਕਸ਼ਨਜ਼ ਪ੍ਰਾਈਵੇਟ ਲਿਮਟਿਡ
ਸਹੀ/-
ਵਿਵੇਕ ਵਰਮਾ
ਡੀ ਆਈ ਐੱਨ : 00032970
(ਡਾਇਰੈਕਟਰ)
ਮਿਤੀ : 05.01.2026
ਸਥਾਨ : ਚੰਡੀਗੜ੍ਹ

### SUSTAINABLE ENVIRONMENT DEVELOPERS LIMITED

CIN: U74990CH2008PLC031137
Registered office: Plot No 25, Industrial Area, Phase II, Chandigarh (U.T.), India–160002
Email: prateek.verma@sprayengineering.com

ਪਬਲਿਕ ਨੋਟਿਸ

ਫਾਰਮ ਆਈ ਐੱਨ ਸੀ 26
ਕੰਪਨੀਜ਼ (ਇਨਕਾਰਪੋਰੇਸ਼ਨ) ਰੂਲਜ਼ 2014 ਦੇ ਰੂਲ 30 ਦੀ ਪਾਲਣਾ 'ਚ
ਕੰਪਨੀ ਦਾ ਰਜਿਸਟਰਡ ਦਫਤਰ ਇੱਕ ਰਾਜ ਤੋਂ ਦੂਸਰੇ ਰਾਜ 'ਚ ਤਬਦੀਲ ਕਰਨ ਸੰਬੰਧੀ ਅਖਬਾਰ 'ਚ ਪ੍ਰਕਾਸ਼ਤ ਕਰਨ ਬਾਰੇ ਇਸ਼ਤਿਹਾਰ ਸਨਮੁੱਖ ਕੇਂਦਰ ਸਰਕਾਰ, ਖੇਤਰੀ ਦਫਤਰ, ਖੇਤਰੀ ਡਾਇਰੈਕਟਰ, ਉੱਤਰੀ ਖੇਤਰ
ਕੰਪਨੀਜ਼ ਐਕਟ, 2013 ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਅਤੇ ਕੰਪਨੀਜ਼ (ਇਨਕਾਰਪੋਰੇਸ਼ਨ ) ਰੂਲਜ਼ 2014 ਦੇ ਰੂਲ 30 ਦੇ ਸਬ-ਰੂਲ (5) ਦੀ ਕਲਾਜ਼ (ਏ) ਮਾਮਲੇ
ਅਤੇ
ਸਸਟੇਨੇਬਲ ਇਨਵਾਇਰਨਮੈਂਟ ਡਿਵੈਲਪਰਜ ਲਿਮਟਿਡ ਜਿਸ ਦਾ ਰਜਿਸਰਡ ਦਫ਼ਤਰ
ਪਲਾਟ ਨੰ. 25 ਇੰਡਸਟਰੀਅਲ ਏਰੀਆ, ਫੇਸ II, ਚੰਡੀਗੜ੍ਹ (ਯੂ.ਟੀ.) ਇੰਡੀਆ-160002 ਦੇ ਮਾਮਲੇ 'ਚ
......ਪਟੀਸ਼ਨਰ

ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਕੰਪਨੀ 02.01.2026 ਨੂੰ ਅਸਧਾਰਨ ਜਨਰਲ ਮੀਟਿੰਗ 'ਚ ਇਸ ਦੇ ਰਜਿਸਟਰਡ ਦਫਤਰ ਨੂੰ ਕੇਂਦਰ ਸ਼ਾਸਤ ਖੇਤਰ ਚੰਡੀਗੜ੍ਹ ਤੋਂ ਪੰਜਾਬ ਰਾਜ 'ਚ ਤਬਦੀਲ ਕੀਤੇ ਜਾਣ ਸੰਬੰਧੀ ਪਾਸ ਕੀਤੇ ਗਏ ਵਿਸ਼ੇਸ਼ ਮਤੇ 'ਚ ਕੰਪਨੀ ਦੇ ਮੈਮੋਰੰਡਮ ਆਫ ਐਸੋਸੀਏਸ਼ਨ 'ਚ ਤਬਦੀਲੀ ਦੀ ਪੁਸ਼ਟੀ ਵਾਸਤੇ ਕੇਂਦਰ ਸਰਕਾਰ ਕੋਲ, ਕੰਪਨੀਜ਼ ਐਕਟ, 2013 ਦੇ ਸੈਕਸ਼ਨ 13 ਤਹਿਤ ਅਰਜ਼ੀ ਦੇਣ ਦੀ ਤਜਵੀਜ਼ ਰੱਖਦੀ ਹੈ। ਕੋਈ ਵਿਅਕਤੀ, ਜਿਸ ਦੇ ਹਿੱਤ ਕੰਪਨੀ ਦੇ ਰਜਿਸਟਰਡ ਦਫਤਰ ਦੀ ਤਜਵੀਜ਼ਤ ਤਬਦੀਲੀ ਕਾਰਨ ਪ੍ਰਭਾਵਤ ਹੋ ਸਕਦੇ ਹਨ, ਉਹ ਐੱਮ ਸੀ ਏ-21 ਪੋਰਟਲ (www.mca.gov.in) 'ਤੇ ਇਨਵੈਸਟਰ ਕੰਪਲੇਂਟ ਫਾਰਮ 'ਤੇ ਦੱਸ ਸਕਦਾ ਹੈ ਜਾਂ ਹਲਫੀਆ ਬਿਆਨ ਦੇ ਨਾਲ ਆਪਣੇ ਇਤਰਾਜ਼, ਹਿੱਤਾਂ ਦੀ ਕਿਸਮ ਅਤੇ ਵਿਰੋਧ ਦਾ ਅਧਾਰ ਰਜਿਸਟਰਡ ਡਾਕ ਰਾਹੀਂ ਖੇਤਰੀ ਡਾਇਰੈਕਟਰ, ਉੱਤਰੀ ਖੇਤਰ, ਪਤਾ : ਬੀ-2 ਵਿੰਗ ਦੂਜੀ ਮੰਜ਼ਲ, ਪੰਡਿਤ ਦੀਨ ਦਿਆਲ ਅਨਤੋਦਿਆ ਭਵਨ ਦੂਸਰੀ ਮੰਜ਼ਿਲ ਸੀ ਜੀ ਓ ਕੰਪਲੈਕਸ, ਨਵੀਂ ਦਿੱਲੀ-110003 ਨੂੰ ਇਸ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 14 ਦਿਨਾਂ ਦੇ ਅੰਦਰ, ਬਿਨੈਕਾਰ ਕੰਪਨੀ ਨੂੰ ਕਾਪੀ ਸਮੇਤ ਦਫ਼ਤਰ, ਪਤਾ : ਪਲਾਟ ਨੰ. 25 ਇੰਡਸਟਰੀਅਲ ਏਰੀਆ, ਫੇਸ II, ਚੰਡੀਗੜ੍ਹ (ਯੂ.ਟੀ.) ਇੰਡੀਆ-160002 ਨੂੰ ਭੇਜ ਸਕਦਾ ਹੈ।

ਵਾਸਤੇ ਅਤੇ ਤਰਫੋਂ ਬਿਨੈਕਾਰ
ਸਸਟੇਨੇਬਲ ਇਨਵਾਇਰਨਮੈਂਟ ਡਿਵੈਲਪਰਜ਼ ਲਿਮਟਿਡ
ਸਹੀ/-
ਵਿਵੇਕ ਵਰਮਾ
ਡੀ ਆਈ ਐੱਨ : 00032970
ਡਾਇਰੈਕਟਰ
ਮਿਤੀ : 05.1.2026
ਸਥਾਨ : ਚੰਡੀਗੜ੍ਹ

5 Jan Page 8.qxd 1/4/2026 10:39 PM Page 1



# ਮਹਿੰਦਰ ਭਗਤ ਨੇ 30 ਲੱਖ ਰੁਪਏ ਦੇ ਵਿਕਾਸ ਪ੍ਰਾਜੈਕਟਾਂ ਦੇ ਨੀਂਹ ਪੱਥਰ ਰੱਖੇ

**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)** ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮਹਿੰਦਰ ਭਗਤ ਨੇ ਸ਼ਹਿਰ ਵਿੱਚ 30 ਲੱਖ ਰੁਪਏ ਦੇ ਵਿਕਾਸ ਪ੍ਰਾਜੈਕਟਾਂ ਦੇ ਨੀਂਹ ਪੱਥਰ ਰੱਖੇ, ਜੋ ਕਿ ਪੰਜਾਬ ਸਰਕਾਰ ਦੀ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਸ਼ਹਿਰ ਦੀ ਸੁੰਦਰਤਾ ਨੂੰ ਬਿਹਤਰ ਬਣਾਉਣ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ।ਮੇਅਰ ਵਿਨੀਤ ਧੀਰ, ਸੀਨੀਅਰ 'ਆਪ' ਆਗੂ ਨਿਤਿਨ ਕੋਹਲੀ, ਰਾਜਵਿੰਦਰ ਕੌਰ ਥਿਆੜਾ ਸਮੇਤ ਕੈਬਨਿਟ ਮੰਤਰੀ ਨੇ ਕਿਹਾ ਕਿ 21 ਲੱਖ ਰੁਪਏ ਦੀ ਲਾਗਤ ਵਾਲੇ ਨਵੀਨੀਕਰਨ ਪ੍ਰਾਜੈਕਟ ਤਹਿਤ ਸ੍ਰੀ ਗੁਰੂ ਰਵਿਦਾਸ ਚੌਕ ਦੀ ਨੁਹਾਰ ਬਦਲ ਕੇ ਇਸ ਨੂੰ ਖਿੱਚ ਦਾ ਕੇਂਦਰ ਬਣਾਇਆ ਜਾਵੇਗਾ।ਚੌਂਕ ਦੀ ਧਾਰਮਿਕ ਅਤੇ ਅਧਿਆਤਮਿਕ ਮਹੱਤਤਾ 'ਤੇ ਚਾਨਣਾ ਪਾਉਂਦਿਆਂ ਉਨ੍ਹਾਂ ਕਿਹਾ ਕਿ ਇਹ ਚੌਕ ਲੱਖਾਂ ਸ਼ਰਧਾਲੂਆਂ ਲਈ ਸ਼ਰਧਾ ਦਾ ਕੇਂਦਰ ਹੈ, ਜੋ ਸਤਿਗੁਰੂ ਰਵਿਦਾਸ ਜੀ ਨੂੰ ਨਤਮਸਤਕ ਹੋਣ ਲਈ ਆਉਂਦੇ ਹਨ, ਖਾਸ ਕਰਕੇ ਪ੍ਰਕਾਸ਼ ਪੁਰਬ ਸਮਾਗਮਾਂ ਦੌਰਾਨ।ਉਨ੍ਹਾਂ ਕਿਹਾ ਕਿ ਵਿਆਪਕ ਨਵੀਨੀਕਰਨ ਵਿੱਚ ਖੇਤਰ ਦਾ ਸੁੰਦਰੀਕਰਨ ਅਤੇ ਰੀ-ਡਿਜ਼ਾਈਨ ਸ਼ਾਮਲ ਹੋਵੇਗਾ, ਜਿਸ ਨਾਲ ਸ਼ਹਿਰ ਦੀ ਸੁੰਦਰਤਾ ਵਿੱਚ ਵੀ ਵਾਧਾ ਹੋਵੇਗਾ।ਸ੍ਰੀ ਭਗਤ ਨੇ ਕਿਹਾ ਕਿ ਹਰ ਸਾਲ ਹਜ਼ਾਰਾਂ ਸ਼ਰਧਾਲੂ ਇਸ ਸਥਾਨ 'ਤੇ ਆਉਂਦੇ ਹਨ ਅਤੇ ਨਵੀਨੀਕਰਨ ਪ੍ਰਾਜੈਕਟ ਸ਼ਰਧਾਲੂਆਂ ਦੇ ਅਨੁਭਵ ਨੂੰ ਕਾਫ਼ੀ ਬਿਹਤਰ ਬਣਾਏਗਾ।



ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਇਸ ਕੰਮ ਨੂੰ ਨਿਰਧਾਰਤ ਸਮੇਂ ਦੇ ਅੰਦਰ ਅਤੇ ਨਿਰਧਾਰਤ ਗੁਣਵੱਤਾ ਮਾਪਦੰਡਾਂ ਅਨੁਸਾਰ ਪੂਰਾ ਕਰਨ ਦੇ ਨਿਰਦੇਸ਼ ਦਿੱਤੇ।ਉਨ੍ਹਾਂ ਕਿਹਾ ਕਿ ਗੁਣਵੱਤਾ ਨਾਲ ਸਮਝੌਤਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਤੋਂ ਇਲਾਵਾ ਕੈਬਨਿਟ ਮੰਤਰੀ ਨੇ ਮਾਡਲ ਹਾਊਸ ਖੇਤਰ ਵਿੱਚ ਇੱਕ ਹੋਰ ਵਿਕਾਸ ਪਹਿਲਕਦਮੀ ਦਾ ਨੀਂਹ ਪੱਥਰ ਵੀ ਰੱਖਿਆ, ਜਿੱਥੇ 9 ਲੱਖ ਰੁਪਏ ਦੀ ਲਾਗਤ ਨਾਲ ਦੋ ਸੜਕਾਂ ਬਣਾਈਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਸੜਕੀ ਪ੍ਰਾਜੈਕਟ ਨਾਲ ਸਥਾਨਕ ਨਿਵਾਸੀਆਂ ਦੀ ਪ੍ਰਮੁੱਖ ਮੰਗ ਪੂਰੀ ਹੋਵੇਗੀ ਅਤੇ ਖੇਤਰ ਵਿੱਚ ਸੰਪਰਕ ਬਿਹਤਰ ਬਣੇਗਾ।ਸੂਬਾ ਸਰਕਾਰ ਵੱਲੋਂ ਜ਼ਮੀਨੀ ਪੱਧਰ 'ਤੇ ਵਿਕਾਸ ਨੂੰ ਦਿੱਤੀ ਜਾ ਰਹੀ ਤਵੱਜੋਂ ਬਾਰੇ ਗੱਲ ਕਰਦਿਆਂ ਸ਼੍ਰੀ ਭਗਤ ਨੇ ਕਿਹਾ ਕਿ ਅਜਿਹੇ ਪ੍ਰਾਜੈਕਟ ਸੂਬੇ ਭਰ ਵਿੱਚ ਸਮਾਵੇਸ਼ੀ ਅਤੇ ਟਿਕਾਊ ਸ਼ਹਿਰੀ ਵਿਕਾਸ ਨੂੰ ਯਕੀਨੀ ਬਣਾਉਣ ਲਈ ਪੰਜਾਬ ਸਰਕਾਰ ਦੇ ਸੰਕਲਪ ਨੂੰ ਦਰਸਾਉਂਦੇ ਹਨ।

# ਰਿਆਤ ਬਾਹਰਾ ਪ੍ਰੋਫੈਸ਼ਨਲ 'ਵਰਸਿਟੀ 'ਚ 'ਮੈਨੇਜਮੈਂਟ ਆਫ਼ ਸਨੇਕ ਬਾਈਟ' ਵਿਸ਼ੇ 'ਤੇ ਸੈਮੀਨਾਰ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਰਿਆਤ ਬਾਹਰਾ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਅਲਾਈਡ ਐਂਡ ਹੈਲਥ ਕੇਅਰ ਸਾਇੰਸਿਜ਼ ਵਿਭਾਗ ਨੇ 'ਮੈਨੇਜਮੈਂਟ ਆਫ਼ ਸਨੇਕ ਬਾਈਟ' ਵਿਸ਼ੇ 'ਤੇ ਸੈਮੀਨਾਰ ਆਯੋਜਿਤ ਕੀਤਾ।ਪ੍ਰੋਗਰਾਮ ਦੀ ਅਗਵਾਈ ਯੂਨੀਵਰਸਿਟੀ ਦੇ ਪ੍ਰਿੰਸੀਪਲ ਡਾ. ਹਰਿੰਦਰ ਗਿੱਲ ਨੇ ਕੀਤੀ ਅਤੇ ਵਿਭਾਗ ਮੁਖੀ ਡਾ. ਸੁਖਮੀਤ ਕੌਰ ਬੇਦੀ ਨੇ ਅਗਵਾਈ ਕੀਤੀ।ਸੈਮੀਨਾਰ ਦੌਰਾਨ ਡਾ. ਸਤਪਾਲ ਗੋਜਰਾ, ਐਮ ਡੀ (ਮੈਡੀਸਨ), ਮੁੱਖ ਬੁਲਾਰੇ ਸਨ।ਉਨ੍ਹਾਂ ਨੇ ਸੱਪ ਦੇ ਕੱਟਣ ਨਾਲ ਜੁੜੀਆਂ ਗੰਭੀਰ ਡਾਕਟਰੀ ਸਥਿਤੀਆਂ ਦੇ ਵੱਖ-ਵੱਖ ਪਹਿਲੂਆਂ ਬਾਰੇ ਵਿਸਤ੍ਰਿਤ ਜਾਣਕਾਰੀ ਪ੍ਰਦਾਨ ਕੀਤੀ, ਜਿਸ ਵਿੱਚ ਸਮੇਂ ਸਿਰ ਪਛਾਣ, ਲੱਛਣਾਂ ਦਾ ਸਹੀ ਮੁਲਾਂਕਣ, ਐਂਟੀਵੇਨਮ ਦੀ ਢੁਕਵੀਂ ਵਰਤੋਂ, ਸਹਾਇਕ ਇਲਾਜ ਅਤੇ ਐਮਰਜੈਂਸੀ ਪ੍ਰਬੰਧਨ ਸ਼ਾਮਲ ਹਨ।ਉਨ੍ਹਾਂ ਦੇ ਤਜ਼ਰਬਿਆਂ ਅਤੇ ਅਸਲ-ਜੀਵਨ ਦੀਆਂ ਉਦਾਹਰਣਾਂ ਨੇ ਵਿਦਿਆਰਥੀਆਂ ਨੂੰ ਵਿਸ਼ੇ ਦੀ ਡੂੰਘੀ ਸਮਝ ਪ੍ਰਦਾਨ ਕੀਤੀ। ਇਸ ਮੌਕੇ ਵਿਭਾਗ ਮੁਖੀ ਡਾ. ਸੁਖਮੀਤ ਬੇਦੀ ਨੇ ਕਿਹਾ ਕਿ ਮਹੱਤਵਪੂਰਨ ਵਿਸ਼ੇ 'ਤੇ ਵਿਹਾਰਕ ਅਤੇ ਵਿਗਿਆਨਕ ਜਾਣਕਾਰੀ ਪ੍ਰਦਾਨ ਕਰਨਾ ਬਹੁਤ ਜ਼ਰੂਰੀ ਹੈ। ਸੈਮੀਨਾਰ ਦੌਰਾਨ ਵਿਦਿਆਰਥੀਆਂ ਨੇ ਵਿਸ਼ੇ ਵਿੱਚ ਡੂੰਘੀ ਦਿਲਚਸਪੀ



ਦਿਖਾਈ ਅਤੇ ਸਵਾਲ-ਜਵਾਬ ਸੈਸ਼ਨ ਵਿੱਚ ਸਰਗਰਮੀ ਨਾਲ ਹਿੱਸਾ ਲਿਆ। ਅੰਤ ਵਿੱਚ, ਵਿਭਾਗ ਨੇ ਮੁੱਖ ਬੁਲਾਰੇ ਦਾ ਧੰਨਵਾਦ ਕੀਤਾ। ਇਸ ਮੌਕੇ ਪ੍ਰੋ. ਪੂਜਾ, ਪ੍ਰੋ. ਅਦਿਤੀ, ਪ੍ਰੋ. ਸਾਕਿਬ, ਪ੍ਰੋ. ਇਰਸ਼ਾਦ, ਪ੍ਰੋ. ਆਸ਼ੀਸ਼, ਪ੍ਰੋ. ਰਾਜਦੀਪ, ਅਤੇ ਨਵਨੀਤ ਦੇ ਨਾਲ-ਨਾਲ ਵਿਦਿਆਰਥੀ ਵੀ ਮੌਜੂਦ ਸਨ।

# ਐੱਲ ਪੀ ਯੂ ਦੀ 24ਵੀਂ ਸਾਲਾਨਾ ਕਾਨਫਰੰਸ

## ਏ ਆਈ-ਸੰਚਾਲਿਤ ਸਿੱਖਿਆ ਕ੍ਰਾਂਤੀ ਲਈ ਰੋਡਮੈਪ ਕੀਤਾ ਤਿਆਰ

**ਜਲੰਧਰ (ਸ਼ੈਲੀ ਐਲਬਰਟ)** ਵਿਦਵਾਨ ਅਤੇ ਮਹੱਤਵਾਕਾਂਖੀਆਂ ਦੇ ਇੱਕ ਸ਼ਾਨਦਾਰ ਜਸ਼ਨ ਵਿੱਚ, ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਨੇ ਆਪਣੇ ਕ੍ਰਾਂਤੀਕਾਰੀ ਪ੍ਰਭਾਵ ਦੇ 24ਵੇਂ ਸਾਲ ਵਿੱਚ ਇੱਕ ਵੱਡਾ ਮੀਲ ਪੱਥਰ ਪ੍ਰਾਪਤ ਕੀਤਾ।ਦੋ-ਰੋਜ਼ਾ ਸਾਲਾਨਾ ਕਾਨਫਰੰਸ, ਸਨਿਧਿਆ 2025 - ਸ਼ੇਅਰ ਦ ਵਿਜ਼ਨ, ਇੱਕ ਅਸਾਧਾਰਨ ਇਕੱਠ ਸੀ ਜਿੱਥੇ 5,500 ਤੋਂ ਵੱਧ ਐਲਪੀਯੂ ਸਟਾਫ ਅਤੇ ਫੈਕਲਟੀ ਮੈਂਬਰ ਆਪਣੀ ਸਮੂਹਿਕ ਯਾਤਰਾ 'ਤੇ ਪ੍ਰਤੀਬਿੰਬਤ ਕਰਨ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਦੁਆਰਾ ਸੰਚਾਲਿਤ ਇਨਕਲਾਬੀ ਭਵਿੱਖ ਲਈ ਮੰਚ ਤਿਆਰ ਕਰਨ ਲਈ ਇਕੱਠੇ ਹੋਏ।ਇਸ ਪ੍ਰੋਗਰਾਮ ਨੇ ਐਲਪੀਯੂ ਦੀ ਸ਼ਾਨਦਾਰ ਯਾਤਰਾ ਦਾ ਜਸ਼ਨ ਮਨਾਇਆ, ਜਿਸ ਵਿੱਚ 300 ਤੋਂ ਵੱਧ ਸਟਾਫ ਮੈਂਬਰਾਂ ਨੂੰ ਉਨ੍ਹਾਂ ਦੀ 25 ਸਾਲਾਂ ਦੀ ਸ਼ਾਨਦਾਰ ਸੇਵਾ ਲਈ ਸਨਮਾਨਿਤ ਕੀਤਾ ਗਿਆ। ਸਨਮਾਨਿਤ ਕੀਤੇ ਜਾਣ ਵਾਲਿਆਂ ਵਿੱਚ ਪ੍ਰੋਫੈਸਰ ਅਤੇ ਕਾਰਜਕਾਰੀ ਡੀਨ ਡਾ. ਸੌਰਭ ਲਖਨਪਾਲ, ਸੀਨੀਅਰ ਅਕਾਊਂਟੈਂਟ ਸ੍ਰੀਮਤੀ ਰੇਣੂ ਸ਼ਰਮਾ, ਪ੍ਰੋਫੈਸਰ ਅਤੇ ਐਸੋਸੀਏਟ ਡੀਨ ਡਾ. ਗੌਰਵ ਸੇਠੀ, ਅਤੇ ਪ੍ਰੋਫੈਸਰ ਅਤੇ ਡੀਨ ਡਾ. ਅਮਿਤ ਦੱਤ ਸ਼ਾਮਲ ਸਨ, ਜਿਨ੍ਹਾਂ ਦੇ ਯੋਗਦਾਨ ਨੇ ਯੂਨੀਵਰਸਿਟੀ ਨੂੰ ਆਕਾਰ ਦੇਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ।



ਸੰਸਦ ਮੈਂਬਰ (ਰਾਜ ਸਭਾ) ਅਤੇ ਐਲਪੀਯੂ ਦੇ ਸੰਸਥਾਪਕ ਚਾਂਸਲਰ, ਡਾ. ਅਸ਼ੋਕ ਕੁਮਾਰ ਮਿੱਤਲ ਨੇ ਸਾਲ ਦੀਆਂ ਅਸਾਧਾਰਨ ਪ੍ਰਾਪਤੀਆਂ ਲਈ ਐਲਪੀਯੂ ਸਟਾਫ ਦੇ ਸਮੂਹਿਕ ਯਤਨਾਂ ਦੀ ਸ਼ਲਾਘਾ ਕੀਤੀ। ਜਿਵੇਂ ਕਿ ਐਲਪੀਯੂ 2026 ਵਿੱਚ ਆਪਣੀ ਸਿਲਵਰ ਜੁਬਲੀ, 25 ਸਾਲਾਂ ਦੀ ਸ਼ਾਨਦਾਰ ਯਾਤਰਾ ਦੇ ਨੇੜੇ ਆ ਰਿਹਾ ਹੈ, ਡਾ. ਮਿੱਤਲ ਨੇ ਵੱਡੇ ਬਦਲਾਅ ਲਈ ਜ਼ੋਰਦਾਰ ਸੱਦਾ ਦਿੱਤਾ।

# ਵਿਭਾਗੀ ਮੁਖੀ ਨਾਲ 6 ਨੂੰ ਮੀਟਿੰਗ ਦਾ ਸਮਾਂ ਮਿਲਣ 'ਤੇ ਘਿਰਾਓ ਕਰਨ ਦੇ ਸੰਘਰਸ਼ ਨੂੰ ਕੀਤਾ ਮੁਲਤਵੀ

**ਨਕੋਦਰ (ਮਨਜੀਤ ਮਾਨ)**- ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ ਯੂਨੀਅਨ ਪੰਜਾਬ (ਰਜਿ.31) ਦੇ ਸੂਬਾ ਪ੍ਰਧਾਨ ਵਰਿੰਦਰ ਸਿੰਘ ਮੋਮੀ, ਸੂਬਾ ਜਨਰਲ ਸਕੱਤਰ ਕੁਲਦੀਪ ਸਿੰਘ ਬੁੱਢੇਵਾਲ ਅਤੇ ਸੂਬਾ ਜੁਆਇੰਟ ਪ੍ਰੈੱਸ ਸਕੱਤਰ ਜਸਵੀਰ ਸਿੰਘ ਸ਼ੀਰਾ ਨੇ ਇਥੇ ਪ੍ਰੈੱਸ ਨੋਟ ਜਾਰੀ ਕਰਦਿਆਂ ਕਿਹਾ ਕਿ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਪੰਜਾਬ ਸਰਕਾਰ ਦੀਆਂ ਪੇਂਡੂ ਜਲ ਸਪਲਾਈ ਸਕੀਮਾਂ 'ਤੇ ਫੀਲਡ ਅਤੇ ਦਫਤਰਾਂ ਵਿਚ ਵੱਖ-ਵੱਖ ਪੋਸਟਾਂ 'ਤੇ ਰੈਗੂਲਰ ਮੁਲਾਜਮਾਂ ਦੀ ਤਰ੍ਹਾਂ ਪਿਛਲੇ 15 ਤੋਂ 20 ਸਾਲਾਂ ਦੇ ਲੰਬੇ ਅਰਸੇ ਤੋਂ ਇਕ ਵਰਕਰ ਦੇ ਰੂਪ 'ਚ ਲਗਾਤਾਰ ਸੇਵਾਵਾਂ ਦੇ ਰਹੇ ਇਨਲਿਸਟਮੈਂਟ ਅਤੇ ਆਊਟਸੋਰਸ ਠੇਕਾ ਅਧਾਰਿਤ ਵਰਕਰਾਂ ਨੂੰ ਉਨ੍ਹਾਂ ਦੇ ਤਜਰਬੇ ਦੇ ਅਧਾਰ 'ਤੇ ਸਬੰਧਤ ਵਿਭਾਗ 'ਚ ਮਰਜ ਕਰਕੇ 'ਪੱਕੇ ਰੁਜਗਾਰ' ਦਾ ਪ੍ਰਬੰਧ ਕਰਨ ਸਮੇਤ 'ਮੰਗ-ਪੱਤਰ' 'ਚ ਦਰਜ ਤਮਾਮ ਮੰਗਾਂ-ਮਸਲਿਆ ਦੇ ਹੱਲ ਕਰਨ ਲਈ ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਵੱਲੋ ਮਿਤੀ 06 ਜਨਵਰੀ 2026 ਦਿਨ ਮੰਗਲਵਾਰ ਨੂੰ ਵਿਭਾਗੀ ਮੁੱਖੀ (ਐਚ.ਓ.ਡੀ.) ਮੋਹਾਲੀ,



ਮੁੱਖ ਦਫਤਰ ਪਟਿਆਲਾ ਅਤੇ ਪੰਜਾਬ ਦੇ ਸਮੂਹ ਨਿਗਰਾਨ ਇੰਜੀਨੀਅਰ ਦਫਤਰਾਂ ਦਾ ਘਿਰਾਓ ਕਰਨ ਦੇ ਉਲੀਕੇ ਪ੍ਰੋਗਰਾਮ ਦੇ ਮੱਦਨਜਰ ਡਿਪਟੀ ਡਾਇਰੈਕਟਰ (ਪ੍ਰਸ਼ਾਸਨ) ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਮੁੱਖ ਦਫਤਰ ਦੇ ਵੱਲੋਂ ਪੱਤਰ ਨੰ.ਡੀ.ਡੀ.ਏ. 8068 ਮਿਤੀ 30-12-2025 ਨੂੰ ਜਾਰੀ ਕਰਕੇ ਮਿਤੀ 06 ਜਨਵਰੀ 2026 ਨੂੰ ਵਿਭਾਗੀ ਮੁਖੀ (ਐਚ.ਓ.ਡੀ.), ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਮੋਹਾਲੀ ਨਾਲ ਉਨ੍ਹਾਂ ਦੇ ਦਫਤਰ ਵਿਖੇ ਜੱਥੇਬੰਦੀ ਨੂੰ ਮੰਗਾਂ ਤੇ ਵਿਚਾਰ-ਚਰਚਾ ਕਰਨ ਲਈ ਮੀਟਿੰਗ ਕਰਨ ਦਾ ਸਮਾਂ ਦਿੱਤਾ ਗਿਆ ਹੈ।ਜਿਸ ਤੇ ਚਲਦਿਆਂ ਯੂਨੀਅਨ ਦੀ ਸੂਬਾ ਵਰਕਿੰਗ ਕਮੇਟੀ ਵੱਲੋਂ ਫੈਸਲਾ ਕੀਤਾ ਗਿਆ ਹੈ ਕਿ 6 ਜਨਵਰੀ ਵਾਲੇ ਉਲੀਕੇ ਸੰਘਰਸ਼ ਨੂੰ ਇਕ ਵਾਰ ਫਿਲਹਾਲ ਮੁਲਤਵੀ ਕੀਤਾ ਜਾਂਦਾ ਹੈ ਅਤੇ ਇਸਦੇ ਨਾਲ ਹੀ ਚੇਤਾਵਨੀ ਦਿੱਤੀ ਕਿ ਜੇਕਰ ਜੱਥੇਬੰਦੀ ਦੇ ਮੰਗ-ਪੱਤਰ 'ਚ ਦਰਜ ਮੰਗਾਂ ਦਾ ਹੱਲ ਕਰਨ ਤੇ ਸਹਿਮਤੀ ਨਾ ਬਣਨ ਦੀ ਸੂਰਤ 'ਚ ਯੂਨੀਅਨ ਵੱਲੋਂ ਇਸੇ ਪ੍ਰੋਗਰਾਮ ਨੂੰ ਦੁਬਾਰਾ 8 ਜਨਵਰੀ ਨੂੰ ਵਿਭਾਗੀ ਮੁੱਖੀ, ਮੁੱਖ ਦਫਤਰ ਪਟਿਆਲਾ ਅਤੇ ਸਮੂਹ ਨਿਗਰਾਨ ਇੰਜੀਨੀਅਰ ਦਫਤਰਾਂ ਦਾ ਘੇਰਾਓ ਕਰਨ ਦੇ ਪ੍ਰੋਗਰਾਮ ਨੂੰ ਲਾਗੂ ਕਰਨ ਲਈ ਮਜਬੂਰ ਹੋਣਾ ਪਵੇਗਾ।ਇਸ ਮੌਕੇ ਜੱਥੇਬੰਦੀ ਦੇ ਉਪਰੋਕਤ ਆਗੂਆਂ ਤੋਂ ਇਲਾਵਾ ਸੂਬਾ ਸੀਨੀਅਰ ਮੀਤ ਪ੍ਰਧਾਨ ਹਾਕਮ ਸਿੰਘ ਧਨੇਠਾ, ਜਗਰੂਪ ਸਿੰਘ, ਸੂਬਾ ਪ੍ਰੈੱਸ ਸਕੱਤਰ ਸਤਨਾਮ ਸਿੰਘ ਫਲੀਆਵਾਲਾ, ਮੀਤ ਪ੍ਰਧਾਨ ਭੁਪਿੰਦਰ ਸਿੰਘ ਕੁਤਬੇਵਾਲ, ਪ੍ਰਦੂਮਣ ਸਿੰਘ,ਖਜਾਨਚੀ ਰੁਪਿੰਦਰ ਸਿੰਘ, ਜਸਬੀਰ ਸਿੰਘ ਜਿੰਦਵੜੀ, ਗੁਰਵਿੰਦਰ ਸਿੰਘ ਪੰਜੋਲੀ, ਤੇਜਿੰਦਰ ਸਿੰਘ ਮਾਨ ,ਬਲਜੀਤ ਸਿੰਘ ਭੱਟੀ, ਮਨਪ੍ਰੀਤ ਸਿੰਘ, ਮੇਜਰ ਸਿੰਘ, ਗੁਰਵਿੰਦਰ ਸਿੰਘ ਬਾਠ, ਸੁਰਿੰਦਰ ਸਿੰਘ, ਉਂਕਾਰ ਸਿੰਘ ਮੌਜੂਦ ਸਨ।

# ਪ੍ਰਿੰਸੀਪਲ ਦਿ ਲੈਂਡਮਾਰਕ ਸਕੂਲ ਬੈੱਸਟ ਪ੍ਰਿੰਸੀਪਲ ਅਵਾਰਡ 2025 ਨਾਲ ਸਨਮਾਨਤ

**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)** ਦਿ ਲੈਂਡਮਾਰਕ ਸਕੂਲ, ਭੋਗਪੁਰ ਨੇ ਸਿੱਖਿਆ ਦੇ ਖੇਤਰ ਵਿੱਚ ਇੱਕ ਮਹੱਤਵਪੂਰਨ ਉਪਲਬਧੀ ਹਾਸਲ ਕਰਦਿਆਂ ਅੰਬੈਸਡਰ ਡਾਕਟਰ ਦੀਪਕ ਵੋਹਰਾ ਅਤੇ ਸੇਵਾਮੁਕਤ ਕਰਨਲ ਰਾਕੇਸ਼ ਵੱਲੋਂ ਇੰਡਿਅਨ ਸਕੂਲਜ਼ ਅਵਾਰਡ 2025 ਵੱਲੋਂ ਆਯੋਜਿਤ ਸਮਾਰੋਹ ਵਿੱਚ ਬੈਸਟ ਪ੍ਰਿੰਸੀਪਲ ਅਵਾਰਡ 2025 ਡਾਕਟਰ ਸੋਨਮ ਸ਼ਰਮਾ ਨੇ ਚਿੱਟਕਾਰਾ ਯੂਨੀਵਰਸਿਟੀ ਵਿੱਚ ਹੋਏ ਸ਼ਾਨਦਾਰ ਸਮਾਰੋਹ ਵਿੱਚ ਪ੍ਰਾਪਤ ਕੀਤਾ। ਇਹ ਭੋਗਪੁਰ ਲਈ ਬੜੀ ਮਾਣ ਵਾਲੀ ਗੱਲ ਹੈ।ਇਹ ਪੁਰਸਕਾਰ ਪ੍ਰਿੰਸੀਪਲ ਦੀ ਅਕਾਦਮਿਕ ਉਤਕ੍ਰਿਸ਼ਟਤਾ, ਮੁੱਲਾਂ ਆਧਾਰਿਤ ਸਿੱਖਿਆ ਅਤੇ ਵਿਦਿਆਰਥੀਆਂ ਦੇ ਸਰਵਾਂਗੀਣ ਵਿਕਾਸ ਪ੍ਰਤੀ ਲੰਮੇ ਸਮੇਂ ਤੋਂ ਕੀਤੀ ਜਾ ਰਹੀ ਨਿਰੰਤਰ ਕੋਸ਼ਿਸ਼ ਦਾ ਪ੍ਰਤੀਕ ਹੈ।ਦਿ ਲੈਂਡਮਾਰਕ ਸਕੂਲ ਨੇ ਨਵੀਆਂ ਟੀਚਿੰਗ ਤਕਨੀਕਾਂ ਜਿਵੇਂ ਵਾਈਫਾਈ, ਆਈ ਐਫਪੀ ਪੈਨਲ, ਅਨੁਸ਼ਾਸਿਤ ਸਿੱਖਣ ਮਾਹੌਲ ਅਤੇ ਸ਼ਾਨਦਾਰ ਨਤੀਜਿਆਂ ਰਾਹੀਂ ਆਪਣੀ ਮਜ਼ਬੂਤ ਸਿੱਖਿਆਤਮਕ ਵਿਰਾਸਤ ਸਥਾਪਿਤ ਕੀਤੀ ਹੈ।ਪੁਰਸਕਾਰ ਸਮਾਰੋਹ ਵਿੱਚ ਦੇਸ਼ ਭਰ ਤੋਂ ਪ੍ਰਸਿੱਧ ਸਿੱਖਿਆਵਿਦ, ਸਕੂਲ ਮੁਖੀ ਅਤੇ ਗਣਮਾਨਯ ਹਸਤੀਆਂ ਸ਼ਾਮਲ ਹੋਈਆਂ।ਰਾਸ਼ਟਰੀ ਪੱਧਰ 'ਤੇ ਮਿਲੀ ਇਹ ਮਾਨਤਾ ਸਕੂਲ ਦੀ ਗੁਣਵੱਤਾਪੂਰਨ ਸਿੱਖਿਆ ਅਤੇ ਜ਼ਿੰਮੇਵਾਰ ਨਾਗਰਿਕ ਤਿਆਰ ਕਰਨ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ।ਸਕੂਲ ਪ੍ਰਿੰਸੀਪਲ ਨੇ ਅਧਿਆਪਕਾਂ, ਵਿਦਿਆਰਥੀਆਂ, ਮਾਪਿਆਂ ਅਤੇ ਸਾਰੇ ਸਟਾਫ ਮੈਂਬਰਾਂ ਦਾ ਦਿਲੋਂ ਧੰਨਵਾਦ ਕੀਤਾ, ਜਿਨ੍ਹਾਂ ਦੀ ਸਾਂਝੀ ਮਿਹਨਤ ਨਾਲ ਇਹ ਉਪਲਬਧੀ ਸੰਭਵ ਹੋਈ। ਪ੍ਰਿੰਸੀਪਲ ਨੇ ਭਵਿੱਖ ਵਿੱਚ ਵੀ ਉਤਕ੍ਰਿਸ਼ਟਤਾ ਦੇ ਨਵੇਂ ਮਿਆਰ ਸਥਾਪਿਤ ਕਰਨ ਦਾ ਸੰਕਲਪ ਦੁਹਰਾਇਆ ਅਤੇ ਇਸ ਦੇ ਨਾਲ ਇਹ ਵੀ ਦੱਸਿਆ ਕਿ ਜੋ ਬੱਚੇ ਕਿਸੇ ਵੀ ਖੇਤਰ ਵਿੱਚ ਵਧੀਆ ਕਾਰਗੁਜ਼ਾਰੀ ਕਰਦੇ ਹਨ ਉਹਨਾਂ ਨੂੰ ਸਕੂਲ ਵੱਲੋਂ 1.50 ਕਰੋੜ ਤੱਕ ਸਕਾਲਰਸ਼ਿਪ ਦਿੱਤੀ ਜਾਵੇਗੀ।



# ਮੋਨਿਕਾ ਢੀਂਗਰਾ ਦਾ ਆਸਟ੍ਰੇਲੀਆ 'ਚ ਦੇਹਾਂਤ, ਅੰਗ ਦਾਨ ਕਰਕੇ 7 ਲੋਕਾਂ ਨੂੰ ਦਿੱਤਾ ਨਵਾਂ ਜੀਵਨ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਫਗਵਾੜਾ ਨਿਵਾਸੀ 50 ਸਾਲਾ ਮੋਨਿਕਾ ਢੀਂਗਰਾ, ਜੋ ਕਿ ਪਿਛਲੇ ਲੰਮੇ ਸਮੇਂ ਤੋਂ ਆਸਟ੍ਰੇਲੀਆ ਵਿੱਚ ਰਹਿ ਰਹੇ ਸਨ, ਦਾ ਸੰਖੇਪ ਬਿਮਾਰੀ ਤੋਂ ਬਾਅਦ ਬ੍ਰੇਨ ਡੈੱਡ ਹੋ ਜਾਣ ਕਾਰਨ ਉਥੇ ਹੀ ਦੇਹਾਂਤ ਹੋ ਗਿਆ।ਉਨ੍ਹਾਂ ਦੀ ਇੱਛਾ ਅਨੁਸਾਰ ਉਨ੍ਹਾਂ ਦੇ ਪਰਵਾਰਕ ਮੈਂਬਰਾਂ ਰਾਜਿੰਦਰ ਢੀਂਗਰਾ (ਪਤੀ), ਅਨਮੋਲ ਢੀਂਗਰਾ (ਪੁੱਤਰ) ਅਤੇ ਚੈਰੀ ਢੀਂਗਰਾ (ਧੀ) ਨੇ ਉਨ੍ਹਾਂ ਦੇ ਅੰਗ ਦਾਨ ਕਰ ਦਿੱਤੇ।ਉਨ੍ਹਾਂ ਦੀ ਅੰਤਿਮ ਅਰਦਾਸ ਦਾ ਕਾਰਜਕ੍ਰਮ ਉਨ੍ਹਾਂ ਦੇ ਪੈਤ੍ਰਿਕ ਸ਼ਹਿਰ ਫਗਵਾੜਾ ਵਿੱਚ ਕੀਤਾ ਗਿਆ।ਇਸ ਮੌਕੇ ਪਰਿਵਾਰਕ ਮੈਂਬਰਾਂ ਵੱਲੋਂ ਫਗਵਾੜਾ ਦੇ ਰੋਟਰੀ ਕਲੱਬ ਦੇ ਸਾਬਕਾ ਪ੍ਰਧਾਨ ਰੋਟੇਰੀਅਨ ਪਵਨ ਕਾਲਰਾ ਦੇ ਮਾਧਿਅਮ ਨਾਲ ਰੋਟਰੀ ਆਈ ਬੈਂਕ ਹੁਸ਼ਿਆਰਪੁਰ ਨਾਲ ਸੰਪਰਕ ਕਰਕੇ ਉਨ੍ਹਾਂ ਨੂੰ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ।ਇਸ ਮੌਕੇ ਪ੍ਰਧਾਨ ਜੇ. ਬੀ. ਬਹਿਲ ਨੇ ਕਿਹਾ ਕਿ ਕਿਸੇ ਮਰੀਜ਼ ਦੇ ਬ੍ਰੇਨ ਡੈੱਡ ਹੋਣ ਤੋਂ ਬਾਅਦ ਉਸ ਦੇ ਪਰਿਵਾਰਕ ਮੈਂਬਰਾਂ ਵੱਲੋਂ ਅੰਗ ਦਾਨ ਕਰਕੇ ਕਿਸੇ ਹੋਰ ਮਰੀਜ਼ ਨੂੰ ਜੀਵਨ ਦਾਨ ਦੇਣਾ ਸਭ ਤੋਂ ਵੱਡੀ ਮਨੁੱਖਤਾ ਦੀ ਸੇਵਾ ਹੈ।ਹਾਲ ਹੀ ਵਿੱਚ ਫਗਵਾੜਾ ਨਿਵਾਸੀ ਮੋਨਿਕਾ ਢੀਂਗਰਾ ਦੇ ਆਸਟ੍ਰੇਲੀਆ ਵਿੱਚ ਬ੍ਰੇਨ ਡੈੱਡ ਹੋਣ ਤੋਂ ਬਾਅਦ ਉਨ੍ਹਾਂ ਦੇ ਪਰਿਵਾਰ ਵੱਲੋਂ ਅੰਗ ਦਾਨ ਕਰਕੇ 7 ਲੋਕਾਂ ਨੂੰ ਨਵਾਂ ਜੀਵਨ ਦਿੱਤਾ ਗਿਆ।



# ਸੇਵਾ ਮੁਕਤ ਕਾਨੂੰਗੋ ਪਟਵਾਰੀ ਐਸੋਸੀਏਸ਼ਨ ਬਲਾਚੌਰ ਨੇ ਨਵੇ ਵਰ੍ਹੇ ਨੂੰ ਜੀ ਆਇਆ ਆਖਿਆ



**ਬਲਾਚੌਰ (ਜਸਵਿੰਦਰ ਬੈਂਸ)** ਸੇਵਾ ਮੁਕਤ ਕਾਨੂੰਗੋ ਪਟਵਾਰੀ ਐਸੋਸੀਏਸ਼ਨ ਤਹਿਸੀਲ ਬਲਾਚੌਰ ਦੀ ਗਿਆਨ ਸਿੰਘ ਭਨੂੰ ਦੀ ਪ੍ਰਧਾਨਗੀ ਹੇਠ ਹੋਈ ਇੱਕ ਵਿਸ਼ੇਸ਼ ਮੀਟਿੰਗ ਵਿੱਚ ਨਵੇ ਵਰ੍ਹੇ 2026 ਨੂੰ ਜੀ ਆਇਆਂ ਆਖਦਿਆਂ ਸੱਭ ਲਈ ਸਿਹਤ ਸਿੱਖਿਆ, ਰੁਜ਼ਗਾਰ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ।ਵੱਖ ਵੱਖ ਬੁਲਾਰਿਆਂ ਨੇ ਜਥੇਬੰਦੀ ਵੱਲੋਂ ਸਮਾਜ ਸੇਵੀ ਕਾਰਜਾਂ ਵਿੱਚ ਪਹਿਲਾਂ ਦੀ ਤਰ੍ਹਾਂ ਹੀ ਵੱਧ ਚੜ੍ਹਕੇ ਹਿੱਸਾ ਪਾਉਣ ਦੀ ਗੱਲ ਦੁਹਰਾਈ।ਜਨਰਲ ਸਕੱਤਰ ਮਦਨ ਲਾਲ ਬੇਗਮਪੁਰ ਨੇ ਹਾਜ਼ਰੀਨ ਦਾ ਧੰਨਵਾਦ ਕਰਦੇ ਆਖਿਆ ਪ੍ਰਮਾਤਮਾ ਕਰੇ ਸਾਲ 2026 ਸਾਡੇ ਸਾਰਿਆ ਲਈ ਖੁਸ਼ੀਆਂ ਭਰਿਆਂ ਹੋਵੇ ਸਭ ਇੱਕ ਦੂਜੇ ਨਾਲ ਸਨੇਹ ਪਿਆਰ ਨਾਲ ਰਹਿਣ, ਹਰ ਇੱਕ ਨੂੰ ਰੋਜ਼ਗਾਰ ਮਿਲੇ। ਉਹਨਾਂ ਇਲਾਕੇ ਦੇ ਨੌਜਵਾਨਾਂ ਨੂੰ ਵੀ ਅਪੀਲ ਕਰਦਿਆਂ ਆਖਿਆ ਕਿ ਇਹ ਸਾਲ 2026 ਸਾਡੇ ਸਾਰਿਆ ਦੇ ਸਾਹਮਣੇ ਇੱਕ ਕੋਰੇ ਕਾਗਜ਼ ਵਾਂਗੂ ਹੈ, ਅਤੇ ਇਸ ਤੇ ਕਿ ਲਿਖਣਾ ਹੈ, ਇਹ ਫੈਸਲਾ ਸਿਰਫ ਅਸੀ ਆਪ ਤੈਅ ਕਰਨਾ ਹੈ। ਮੀਟਿੰਗ ਵਿੱਚ ਬਲਦੇਵ ਸਿੰਘ ਬੱਲੀ, ਗੁਰਨੇਕ ਸਿੰਘ ਸ਼ੇਰ, ਹਰਚਰਨਜੀਤ ਸਿੰਘ, ਹਰਬੰਸ ਲਾਲ ਜੋਗੇਵਾਲ, ਸੁਰਿੰਦਰ ਕੁਮਾਰ, ਰਾਣਾ ਰਜਿੰਦਰ ਸਿੰਘ, ਜਨਕ ਰਾਜ ਸੰਧੂ,ਸੋਮ ਨਾਥ, ਮਨੋਹਰ ਲਾਲ,ਗੁਰਬਖਸ਼ ਸਿੰਘ ਗੁੱਲਪੁਰ, ਕੁਲਵਿੰਦਰ ਸਿੰਘ ਗੁੱਲਪੁਰ,ਪਿਆਰਾ ਰਾਮ ਕਰਾਵਰ, ਜਗਨ ਨਾਥ ਗੁੱਲਪੁਰ ਅਤੇ ਪਵਨਜੀਤ ਆਦਿ ਹਾਜ਼ਰ ਸਨ।

# ਆਮ ਲੋਕਾਂ ਨੂੰ ਵੱਡੀ ਰਾਹਤ ਦੇਵੇਗੀ ਮੁੱਖ ਮੰਤਰੀ ਸਿਹਤ ਯੋਜਨਾ : ਡਾ. ਗੁਰਿੰਦਰਜੀਤ ਸਿੰਘ

**ਨਵਾਂਸ਼ਹਿਰ, (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਪੰਜਾਬ ਸਰਕਾਰ ਵੱਲੋਂ ਸੂਬੇ ਦੇ ਹਰ ਨਾਗਰਿਕ ਨੂੰ ਉੱਚ-ਗੁਣਵੱਤਾ ਵਾਲੀਆਂ ਸਿਹਤ ਸਹੂਲਤਾਂ ਪ੍ਰਦਾਨ ਕਰਨ ਦੇ ਉਦੇਸ਼ ਨਾਲ ਸ਼ੁਰੂ ਕੀਤੀ ਗਈ 'ਮੁੱਖ ਮੰਤਰੀ ਸਿਹਤ ਯੋਜਨਾ' ਲੋਕਾਂ ਲਈ ਵਰਦਾਨ ਸਾਬਤ ਹੋਵੇਗੀ।ਸਿਵਲ ਸਰਜਨ ਡਾ ਗੁਰਿੰਦਰਜੀਤ ਸਿੰਘ ਨੇ ਦੱਸਿਆ ਕਿ ਇਸ ਯੋਜਨਾ ਤਹਿਤ ਪੰਜਾਬ ਦੇ ਹਰ ਪਰਵਾਰ ਨੂੰ ਸਾਲਾਨਾ 10 ਲੱਖ ਰੁਪਏ ਤੱਕ ਦਾ ਨਗਦੀ ਰਹਿਤ ਮੁਫ਼ਤ ਇਲਾਜ ਮੁਹੱਈਆ ਕਰਵਾਇਆ ਜਾਵੇਗਾ, ਜਿਸ ਨਾਲ ਗੰਭੀਰ ਬਿਮਾਰੀਆਂ ਦੇ ਮਹਿੰਗੇ ਇਲਾਜ ਤੋਂ ਆਮ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ।ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਨੇ ਜ਼ਿਲ੍ਹੇ ਦੇ ਸਮੂਹ ਸਿਹਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਰਜਿਸਟ੍ਰੇਸ਼ਨ ਪ੍ਰਕਿਰਿਆ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਪੁਖ਼ਤਾ ਪ੍ਰਬੰਧ ਕੀਤੇ ਜਾਣ ਤਾਂ ਜੋ ਕਿਸੇ ਵੀ ਨਾਗਰਿਕ ਨੂੰ ਕੋਈ ਮੁਸ਼ਕਲ ਪੇਸ਼ ਨਾ ਆਵੇ। ਡਾ. ਸਿੰਘ ਨੇ ਦੱਸਿਆ ਕਿ ਜ਼ਿਲ੍ਹੇ ਦੇ ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿੱਚ ਰਜਿਸਟ੍ਰੇਸ਼ਨ ਕੈਂਪ ਲਗਾਏ ਜਾਣ ਤਾਂ ਜੋ ਹਰ ਯੋਗ ਪਰਵਾਰ ਤੱਕ ਇਸ ਸਕੀਮ ਦਾ ਲਾਭ ਪਹੁੰਚ ਸਕੇ।ਉਨ੍ਹਾਂ ਜਾਣਕਾਰੀ ਦਿੰਦਿਆਂ ਕਿਹਾ ਕਿ ਇਸ ਯੋਜਨਾ ਦਾ ਲਾਭ ਲੈਣ ਲਈ ਜ਼ਿਲ੍ਹੇ ਅੰਦਰ ਰਜਿਸਟ੍ਰੇਸ਼ਨ ਪ੍ਰਕਿਰਿਆ 8 ਜਨਵਰੀ 2026 ਤੋਂ ਸ਼ੁਰੂ ਹੋ ਕੇ 15 ਜਨਵਰੀ 2026 ਤੱਕ ਜਾਰੀ ਰਹੇਗੀ। ਰਜਿਸਟ੍ਰੇਸ਼ਨ ਲਈ ਬਾਲਗਾਂ ਵਾਸਤੇ ਆਧਾਰ ਕਾਰਡ ਅਤੇ ਵੋਟਰ ਕਾਰਡ ਲਾਜ਼ਮੀ ਹੋਵੇਗਾ, ਜਦਕਿ ਬੱਚਿਆਂ ਦੀ ਰਜਿਸਟ੍ਰੇਸ਼ਨ ਲਈ ਕੇਵਲ ਜਨਮ ਪ੍ਰਮਾਣ ਪੱਤਰ ਹੀ ਕਾਫ਼ੀ ਹੋਵੇਗਾ।


# ਜਿੰਪਾ ਵੱਲੋਂ ਬੱਸੀ .ਗੁਲਾਮ ਹੁਸੈਨ 'ਚ 10 ਲੱਖ ਰੁਪਏ ਦੀ ਲਾਗਤ ਨਾਲ ਟਿਊਬਵੈੱਲ ਕਾਰਜ ਦੀ ਸ਼ੁਰੂਆਤ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਵਿਧਾਨ ਸਭਾ ਹਲਕੇ ਦੇ ਨਵੀਂ ਆਬਾਦੀ ਪਿੰਡ ਗੁਲਾਮ ਹੁਸੈਨ ਵਿਚ ਪਿੰਡ ਵਾਸੀਆਂ ਨੂੰ ਸਾਫ ਪੀਣ ਵਾਲੇ ਪਾਣੀ ਦੀ ਸਹੂਲਤ ਉਪਲਬੱਧ ਕਰਵਾਉਣ ਦੇ ਉਦੇਸ਼ ਨਾਲ 10 ਲੱਖ ਰੁਪਏ ਦੀ ਲਾਗਤ ਨਾਲ ਸਥਾਪਿਤ ਕੀਤੇ ਜਾਣ ਵਾਲੇ ਟਿਊਬਵੈਲ ਦੇ ਕਾਰਜ ਦਾ ਰਸਮੀ ਉਦਘਾਟਨ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਸੂਬੇ ਦੇ ਹਰ ਪਿੰਡ ਨੂੰ ਮੁੱਢਲੀਆਂ ਸਹੂਲਤਾਂ ਪ੍ਰਦਾਨ ਪ੍ਰਦਾਨ ਕਰਨ ਲਈ ਵਚਨਬੱਧਤਾ ਨਾਲ ਕੰਮ ਕਰ ਰਹੀ ਹੈ। ਵਿਧਾਇਕ ਜਿੰਪਾ ਨੇ ਕਿਹਾ ਕਿ ਸਾਫ਼ ਪਾਣੀ ਹਰ ਨਾਗਰਿਕ ਦਾ ਮੌਲਿਕ ਅਧਿਕਾਰ ਹੈ ਅਤੇ ਇਸ ਟਿਊਬਵੈੱਲ ਦੀ ਸਥਾਪਨਾ ਨਾਲ ਪਿੰਡ ਦੀ ਨਵੀਂ ਆਬਾਦੀ ਦੇ ਸੈਂਕੜੇ ਪਰਵਾਰਾਂ ਨੂੰ ਸਿੱਧਾ ਲਾਭ ਮਿਲੇਗਾ।ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਵਿਕਾਸ ਕਾਰਜ ਪਹਿਲ ਦੇ ਆਧਾਰ 'ਤੇ ਕੀਤੇ ਜਾਣਗੇ ਤਾਂ ਜੋ ਇਲਾਕੇ ਵਿੱਚ ਪਾਣੀ ਦੀ ਸਪਲਾਈ ਨੂੰ ਮਜ਼ਬੂਤ ਕੀਤਾ ਜਾ ਸਕੇ।ਇਸ ਦੌਰਾਨ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਟਿਊਬਵੈੱਲ ਲਈ ਆਪਣੀ ਨਿੱਜੀ ਜ਼ਮੀਨ ਦਾਨ ਕਰਨ ਵਾਲੇ ਪਰਵਾਰ ਦੀਪਿਕਾ ਰਾਣੀ ਅਤੇ ਗੁਰਬਖਸ਼ ਰਾਮ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।ਉਨ੍ਹਾਂ ਕਿਹਾ ਕਿ ਅਜਿਹੇ ਸਮਾਜ ਸੇਵਾ ਦੇ ਕਦਮ ਪੂਰੇ ਪਿੰਡ ਲਈ ਪ੍ਰੇਰਨਾ ਸਰੋਤ ਹਨ ਅਤੇ ਪਿੰਡਾਂ ਦਾ ਸਰਵਪੱਖੀ ਵਿਕਾਸ ਸਮੂਹਿਕ ਸਹਿਯੋਗ ਨਾਲ ਹੀ ਸੰਭਵ ਹੈ।ਪ੍ਰੋਗਰਾਮ ਦੌਰਾਨ ਪਵਨ ਸ਼ਰਮਾ, ਪ੍ਰੇਮ ਚੰਦ, ਪਿੰਡ ਥਥਲਾਂ ਦੇ ਸਰਪੰਚ ਧਰਮਪਾਲ, ਸਰਪੰਚ ਹਰਮੇਸ਼ ਲਾਲ, ਸ਼ਿੰਗਾਰਾ ਰਾਮ, ਪੰਚ ਗੁਰਸ਼ਰਨ ਦਾਸ, ਪੰਚ ਰਣਜੀਤ ਕੌਰ, ਪੰਚ ਜਸਵਿੰਦਰ ਕੌਰ, ਰੇਖਾ ਰਾਣੀ, ਪੰਚ ਰਾਮ ਪਿਆਰੀ, ਪਰਮਿੰਦਰ ਕੁਮਾਰ ਲੱਕੀ, ਬਿਸ਼ਨ ਦਾਸ, ਰਾਜਨ ਅਤੇ ਹੋਰ ਪਤਵੰਤੇ ਹਾਜ਼ਰ ਸਨ। ਸਾਰਿਆਂ ਨੇ ਵਿਕਾਸ ਕਾਰਜ ਸ਼ੁਰੂ ਕਰਨ ਲਈ ਵਿਧਾਇਕ ਦਾ ਧੰਨਵਾਦ ਕੀਤਾ ਅਤੇ ਇਸਨੂੰ ਪਿੰਡ ਲਈ ਇੱਕ ਮਹੱਤਵਪੂਰਨ ਤੋਹਫ਼ਾ ਦੱਸਿਆ।

# ਗੁਰਪ੍ਰੀਤ ਸਿੰਘ ਸੈਣੀ ਬਣੇ ਬਲਾਚੌਰ 'ਆਪ' ਯੂਥ ਵਿੰਗ ਦੇ ਪ੍ਰਧਾਨ

**ਬਲਾਚੌਰ, (ਜਸਵਿੰਦਰ ਬੈਂਸ)** ਆਮ ਆਦਮੀ ਪਾਰਟੀ ਵੱਲੋਂ ਬੀਤੇ ਦਿਨੀਂ ਆਪਣੇ ਯੂਥ ਵਿੰਗ ਦੇ ਜਥੇਬੰਦਕ ਢਾਂਚੇ ਦਾ ਐਲਾਨ ਕੀਤਾ ਗਿਆ, ਜਿਸ ਵਿੱਚ ਹਲਕਾ ਬਲਾਚੌਰ ਤੋਂ ਗੁਰਪ੍ਰੀਤ ਸਿੰਘ ਸੈਣੀ ਨੂੰ ਯੂਥ ਵਿੰਗ ਦਾ ਪ੍ਰਧਾਨ ਨਿਯੁਕਤ ਕਰਕੇ ਅਹਿਮ ਜ਼ਿੰਮੇਵਾਰੀ ਸੌਂਪੀ ਗਈ ਹੈ।ਇਸ ਨਿਯੁਕਤੀ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਗੁਰਪ੍ਰੀਤ ਸਿੰਘ ਸੈਣੀ ਨੇ ਪਾਰਟੀ ਹਾਈਕਮਾਨ, ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ



ਮਾਨ, ਸੂਬਾ ਪ੍ਰਧਾਨ ਅਮਨ ਅਰੋੜਾ, ਹਲਕਾ ਵਿਧਾਇਕਾ ਸੰਤੋਸ਼ ਕਟਾਰੀਆ ਅਤੇ ਜ਼ਿਲ੍ਹਾ ਪਰਿਸ਼ਦ ਮੈਂਬਰ ਕਰਨਵੀਰ ਕਟਾਰੀਆ ਦਾ ਤਹਿ ਦਿਲੋਂ ਧੰਨਵਾਦ ਕੀਤਾ। ਗੁਰਪ੍ਰੀਤ ਸਿੰਘ ਸੈਣੀ ਨੇ ਕਿਹਾ ਕਿ ਪਾਰਟੀ ਨੇ ਉਨ੍ਹਾਂ 'ਤੇ ਜੋ ਭਰੋਸਾ ਜਤਾਇਆ ਹੈ, ਉਹ ਉਸ ਨੂੰ ਪੂਰੀ ਮਿਹਨਤ, ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣਗੇ। ਉਨ੍ਹਾਂ ਅਹਿਦ ਲਿਆ ਕਿ ਆਮ ਆਦਮੀ ਪਾਰਟੀ ਦੀਆਂ ਲੋਕ-ਪੱਖੀ ਨੀਤੀਆਂ ਅਤੇ ਸਰਕਾਰ ਦੀਆਂ ਉਪਲਬਧੀਆਂ ਨੂੰ ਹਲਕੇ ਦੇ ਹਰ ਘਰ ਤੱਕ ਪਹੁੰਚਾਇਆ ਜਾਵੇਗਾ।ਉਨ੍ਹਾਂ ਵਿਸ਼ੇਸ਼ ਤੌਰ 'ਤੇ ਕਿਹਾ ਕਿ ਨੌਜਵਾਨਾਂ ਨੂੰ ਦਰਪੇਸ਼ ਮੁਸ਼ਕਲਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਵਾਇਆ ਜਾਵੇਗਾ।ਆਉਣ ਵਾਲੇ ਸਮੇਂ ਵਿੱਚ ਵੱਧ ਤੋਂ ਵੱਧ ਨੌਜਵਾਨਾਂ ਨੂੰ ਪਾਰਟੀ ਨਾਲ ਜੋੜ ਕੇ ਸੰਗਠਨ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ। ਗੁਰਪ੍ਰੀਤ ਸਿੰਘ ਸੈਣੀ ਨੇ ਦੁਹਰਾਇਆ ਕਿ ਉਹ ਪਾਰਟੀ ਦੀ ਮਜ਼ਬੂਤੀ ਲਈ ਦਿਨ-ਰਾਤ ਕੰਮ ਕਰਨਗੇ ਤਾਂ ਜੋ ਇਲਾਕੇ ਵਿੱਚ 'ਆਪ' ਦੀ ਪਕੜ ਹੋਰ ਵੀ ਸਖ਼ਤ ਹੋ ਸਕੇ।

# ਪੱਤਰਕਾਰਾਂ 'ਤੇ ਦਰਜ ਕੀਤਾ ਪਰਚਾ ਤੁਰੰਤ ਰੱਦ ਕਰੋ : ਬੱਧਣੀ, ਛਾਂਗਾ ਰਾਏ

**ਚੰਡੀਗੜ੍ਹ (ਪੱਤਰ ਪ੍ਰੇਰਕ)** ਮੀਡੀਆ ਲੋਕਤੰਤਰ ਦਾ ਚੌਥਾ ਥੰਮ੍ਹ ਹੈ। ਮੀਡੀਆ ਲੋਕਾਂ ਦੀ ਆਵਾਜ਼ ਹੁੰਦਾ ਜੋ ਚਾਹੁੰਦਾ ਹੈ ਕਿ ਹਰ ਪੱਖ ਤੋਂ ਇਹ ਆਵਾਜ਼ ਬੁਲੰਦ ਹੋਵੇ ਅਤੇ ਇਸ ਪ੍ਰਬੰਧ ਦੀਆਂ ਲੋਕ ਵਿਰੋਧੀ ਨੀਤੀਆਂ ਲੋਕਾਂ ਸਾਹਮਣੇ ਜਾਗਰੂਕ ਹੋਣ।ਪਰ ਪਿਛਲੇ ਸਮੇਂ ਤੋਂ ਅਸੀਂ ਦੇਖਦੇ ਆ ਰਹੇ ਹਾਂ ਕਿ ਜਿਹੜਾ ਵੀ ਮੀਡੀਆ ਉਹ ਪ੍ਰਿੰਟ ਹੋਵੇ ਜਾਂ ਇਲੈਕਟਰੋਨਿਕ, ਕੋਈ ਵੀ ਪੱਤਰਕਾਰ ਜੋ ਲੋਕਾਂ ਦਾ ਹਾਮੀ ਬਣਦਾ ਹੈ ਅਤੇ ਇਸ ਪ੍ਰਬੰਧ ਦੇ ਖਿਲਾਫ ਬੋਲਣ ਦੀ ਕੋਸ਼ਿਸ਼ ਕਰਦਾ ਹੈ ਉਹਦੀ ਆਵਾਜ਼ ਨੂੰ ਦਬਾਉਣ ਦੀ ਇਥੋਂ ਦੇ ਹਾਕਮ ਹਰ ਸੰਭਵ ਕੋਸ਼ਿਸ਼ ਕਰਦੇ ਹਨ।ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਪ੍ਰਧਾਨ ਕਰਮਵੀਰ ਕੌਰ ਬੱਧਣੀ ਅਤੇ ਸੂਬਾ ਸਕੱਤਰ ਚਰਨਜੀਤ ਛਾਂਗਾ ਰਾਏ ਅਤੇ ਨੇ ਪ੍ਰੈਸ ਦੇ ਨਾਂਅ ਜਾਰੀ ਸਾਂਝੇ ਪ੍ਰੈਸ ਬਿਆਨ ਵਿੱਚ ਕੀਤਾ।ਉਕਤ ਆਗੂਆਂ ਨੇ ਅੱਗੇ ਕਿਹਾ ਕਿ ਪਿਛਲੇ ਦਿਨਾਂ ਦੇ ਵਿੱਚ ਲੋਕਾਂ ਦੀ ਆਵਾਜ਼ ਬਣਨ ਵਾਲੇ ਕੁਝ ਪੱਤਰਕਾਰ ਜਿਨ੍ਹਾਂ 'ਚ ਮਿੰਟੂ ਗੁਰੂਸਾਰਿਆਂ, ਮਨਿੰਦਰ ਸਿੰਘ ਅਤੇ ਮਾਨਿਕ ਗੋਇਲ ਆਦ ਸ਼ਾਮਲ ਹਨ ਇਸ ਗੱਲ ਦਾ ਖਾਮਿਆਜ਼ਾ ਭੁਗਤਣਾ ਪਿਆ। ਉਹਨਾਂ ਕਿਹਾ ਕਿ ਅਸੀਂ ਸਰਕਾਰ ਦੇ ਤਾਨਾਸ਼ਾਹ ਰਵੱਈਏ ਦੀ ਸਖਤ ਸ਼ਬਦਾਂ ਵਿੱਚ ਨਿੰਦਿਆ ਕਰਦੇ ਹਾਂ ਅਤੇ ਮੰਗ ਕਰਦੇ ਹਾਂ ਕਿ ਇਹਨਾਂ ਉੱਪਰ ਦਰਜ ਕੀਤੇ ਨਜਾਇਜ਼ ਪਰਚੇ ਜਲਦੀ ਤੋਂ ਜਲਦੀ ਰੱਦ ਕੀਤੇ ਜਾਣ। ਇਸ ਮੌਕੇ ਉਹਨਾਂ ਨਾਲ ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾਈ ਸਕੱਤਰੇਤ ਮੈਂਬਰ ਗੁਰਜੀਤ ਕੌਰ ਸਰਦੂਲਗੜ੍ਹ, ਨਵਜੀਤ ਸੰਗਰੂਰ, ਜਗਵਿੰਦਰ ਕਾਕਾ, ਵਿਸ਼ਾਲ ਵਲਟੋਹਾ, ਹਰਭਜਨ ਛੱਪੜੀ ਵਾਲਾ ਵੀ ਹਾਜ਼ਰ ਸਨ।




# ਤੇਜੀ ਗੋਤਰ ਦੇ ਜਠੇਰਿਆਂ ਦਾ ਸਾਲਾਨਾ ਮੇਲਾ 14 ਨੂੰ

**ਨਕੋਦਰ (ਮਨਜੀਤ ਮਾਨ)** ਪਿੰਡ ਰਸੂਲਪੁਰ ਕਲਾਂ ਜ਼ਿਲ੍ਹਾ ਜਲੰਧਰ ਵਿਖੇ ਤੇਜ਼ੀ ਗੋਤਰ ਦੀ ਪ੍ਰਬੰਧਕ ਕਮੇਟੀ ਵੱਲੋਂ 14 ਜਨਵਰੀ ਨੂੰ ਮਾਘੀ ਦੇ ਪਵਿੱਤਰ ਤਿਉਹਾਰ 'ਤੇ ਤੇਜ਼ੀ ਗੋਤਰ ਦੇ ਜਠੇਰਿਆਂ ਦਾ ਸਾਲਾਨਾ ਮੇਲਾ ਮਨਾਉਣ ਸੰਬੰਧੀ ਅਹਿਮ ਵਿਚਾਰਾਂ ਕੀਤੀਆਂ ਗਈਆਂ ਇਸ ਸੰਬੰਧੀ ਪ੍ਰੈੱਸ ਨੂੰ ਜਾਣਕਾਰੀ ਸੁਖਵਿੰਦਰ ਸਿੰਘ ਤੇਜ਼ੀ ਨੇ ਦਿੰਦੇ ਹੋਏ ਦੱਸਿਆ ਕਿ ਇਸ ਮੌਕੇ ਪੰਜਾਬ ਦੇ ਸ਼੍ਰੋਮਣੀ ਪੰਥਕ ਕੀਰਤਨੀਏ ਤੇ ਕਥਾ ਵਾਚਕ ਸੰਗਤਾਂ ਨੂੰ ਇਲਾਹੀ ਬਾਣੀ ਨਾਲ ਨਿਹਾਲ ਕਰਨਗੇ।

# ਸਵਿਤਰੀ ਬਾਈ ਫੂਲੇ ਦੇ ਜਨਮ ਦਿਨ ਮੌਕੇ ਜਾਗਰੂਕ ਸਮਾਗਮ ਕਰਵਾਇਆ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)** ਦੇਸ਼ ਦੀ ਪਹਿਲੀ ਔਰਤ ਅਧਿਆਪਕਾ ਮਾਤਾ ਸਵਿਤਰੀ ਬਾਈ ਫੂਲੇ ਦੇ ਜਨਮ ਦਿਨ ਦੇ ਸੰਬੰਧ ਵਿੱਚ ਜੈ ਭੀਮ ਕਾਰਵਾਂ ਚੈਰੀਟੇਬਲ ਸੁਸਾਇਟੀ ਰਜਿਸਟਰਡ ਮਾਹਿਲਪੁਰ ਵੱਲੋਂ ਗੁਰਦੁਆਰਾ ਸਤਿਗੁਰੂ ਰਵਿਦਾਸ ਮਹਾਰਾਜ ਬੀ ਡੀ ਓ ਕਾਲੋਨੀ ਮਾਹਿਲਪੁਰ ਵਿਖੇ ਜਾਗਰੂਕ ਸਮਾਗਮ ਆਯੋਜਿਤ ਕੀਤਾ ਗਿਆ।ਇਸ ਮੌਕੇ ਸਭ ਤੋਂ ਪਹਿਲਾਂ ਮਾਤਾ ਸਵਿਤਰੀ ਬਾਈ ਫੂਲੇ ਦੀ ਤਸਵੀਰ ਅੱਗੇ ਗਿਆਨ ਦੇ ਪ੍ਰਤੀਕ ਵਜੋਂ ਅਗਰਬੱਤੀ ਅਤੇ ਮੋਮਬੱਤੀ ਜਗਾ ਕੇ ਉਨ੍ਹਾਂ ਨੂੰ ਪ੍ਰਣਾਮ ਕੀਤਾ ਗਿਆ।ਇਸ ਮੌਕੇ ਸੁਸਾਇਟੀ ਦੀ ਪ੍ਰਧਾਨ ਰੇਖਾ ਰਾਣੀ, ਸੀਨੀਅਰ ਆਗੂ ਨਿਰਮਲ ਕੌਰ ਬੋਧ, ਸ਼ਸ਼ੀ ਬੰਗੜ ਸੀਨੀਅਰ ਮੀਤ ਪ੍ਰਧਾਨ ਨਗਰ ਪੰਚਾਇਤ ਮਾਹਿਲਪੁਰ, ਸੁਰਿੰਦਰ ਕੌਰ ਐਮ.ਸੀ, ਅਮਰਜੀਤ ਕੌਰ, ਸੁਮੀਤਾ, ਰਣਜੀਤ ਕੌਰ, ਗਗਨਦੀਪ ਕੌਰ, ਸੀਮਾ ਰਾਣੀ, ਧਰਮ ਸਿੰਘ ਫੌਜੀ, ਠਾਣੇਦਾਰ ਬਲਵਿੰਦਰ ਸਿੰਘ, ਗੁਰਪਾਲ ਕੌਰ, ਬਾਣੀ, ਪਰੀ, ਤ੍ਰਿਸ਼ਾ ਅਤੇ ਸੁਸਾਇਟੀ ਦੇ ਮੈਂਬਰ ਅਤੇ ਸਮੱਰਥਕ ਹਾਜ਼ਰ ਸਨ। ਇਸ ਮੌਕੇ ਸੋਸਾਇਟੀ ਦੀ ਪ੍ਰਧਾਨ ਰੇਖਾ ਰਾਣੀ, ਨਿਰਮਲ ਕੌਰ ਬੋਧ ਅਤੇ ਸ਼ਸ਼ੀ ਬੰਗੜ ਨੇ ਸਾਂਝੇ ਤੌਰ 'ਤੇ ਵਿਚਾਰ ਪ੍ਰਗਟਾਉਂਦਿਆਂ ਦੱਸਿਆ ਕਿ ਮਾਤਾ ਸਵਿਤਰੀ ਬਾਈ ਫੂਲੇ ਭਾਰਤ ਦੀ ਪਹਿਲੀ ਔਰਤ ਅਧਿਆਪਕਾ ਤੇ ਸਮਾਜ ਸੁਧਾਰਕ ਸਨ।ਉਨ੍ਹਾਂ ਨੇ ਔਰਤਾਂ ਅਤੇ ਸਮਾਜ ਦੇ ਪੱਛੜੇ ਲੋਕਾਂ ਲਈ ਸਿੱਖਿਆ ਅਤੇ ਉਹਨਾਂ ਨੂੰ ਹੱਕ ਅਤੇ ਇਨਸਾਫ ਦਿਵਾਉਣ ਦੀ ਜ਼ਿੰਮੇਵਾਰੀ ਸੰਭਾਲੀ।




# ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਗਰ ਕੀਰਤਨ ਸਜਾਇਆ

**ਬਲਾਚੌਰ (ਜਸਵਿੰਦਰ ਬੈਂਸ)** ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਪੁਰਬ ਦੇ ਸੰਬੰਧ ਵਿੱਚ ਪਿੰਡ ਕੌਲਗੜ੍ਹ ਵਿਖੇ ਸੰਗਤਾਂ ਵੱਲੋਂ ਬੜੀ ਸ਼ਰਧਾ ਤੇ ਉਤਸ਼ਾਹ



ਨਾਲ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ।ਨਗਰ ਕੀਰਤਨ ਗੁਰਦੁਆਰਾ ਸਿੰਘ ਸਭਾ ਕੌਲਗੜ੍ਹ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ-ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਆਰੰਭ ਹੋਇਆ।ਪਿੰਡ ਦੇ ਵੱਖ-ਵੱਖ ਪੜਾਵਾਂ ਤੋਂ ਹੁੰਦਾ ਹੋਇਆ ਇਹ ਨਗਰ ਕੀਰਤਨ ਸ਼ਾਮ ਨੂੰ ਵਾਪਸ ਗੁਰਦੁਆਰਾ ਸਾਹਿਬ ਵਿਖੇ ਸੰਪੰਨ ਹੋਇਆ। ਭਾਈ ਨਿਰਮਲ ਸਿੰਘ ਦੇ ਜਥੇ ਨੇ ਇਲਾਹੀ ਬਾਣੀ ਦਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।ਭਾਈ ਅੰਮ੍ਰਿਤਪਾਲ ਸਿੰਘ ਦੇ 'ਸ਼ਹੀਦਾਂ ਸਿੰਘਾਂ ਗੱਤਕਾ ਅਖਾੜਾ ਘੁੰਮਣਾ' ਦੇ ਨਿਹੰਗ ਸਿੰਘਾਂ ਨੇ ਗੱਤਕੇ ਦੇ ਹੈਰਾਨੀਜਨਕ ਜੌਹਰ ਦਿਖਾ ਕੇ ਸਭ ਦਾ ਮਨ ਮੋਹ ਲਿਆ।ਨਗਰ ਨਿਵਾਸੀਆਂ ਵੱਲੋਂ ਰਸਤੇ ਵਿੱਚ ਸੰਗਤਾਂ ਲਈ ਵੱਖ-ਵੱਖ ਤਰ੍ਹਾਂ ਦੇ ਲੰਗਰਾਂ ਦੇ ਵਿਸ਼ੇਸ਼ ਪ੍ਰਬੰਧ ਕੀਤੇ ਗਏ ਸਨ।ਗੁਰਦੁਆਰਾ ਕਮੇਟੀ ਦੇ ਪ੍ਰਧਾਨ ਹਰਚਰਨ ਸਿੰਘ ਘਣਗਸ ਅਤੇ ਹੋਰ ਪ੍ਰਬੰਧਕਾਂ ਨੇ ਦੱਸਿਆ ਕਿ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ 5 ਜਨਵਰੀ ਨੂੰ ਪਾਏ ਜਾਣਗੇ।ਇਸ ਮੌਕੇ ਬਲਵਿੰਦਰ ਸਿੰਘ ਭਾਲਡੂ, ਹੈੱਡ ਗ੍ਰੰਥੀ ਬਾਬਾ ਕਸ਼ਮੀਰ ਸਿੰਘ, ਕੈਪਟਨ ਦਿਲਾਵਰ ਸਿੰਘ, ਹਰਪ੍ਰੀਤ ਸਿੰਘ, ਹਰਜਿੰਦਰ ਸਿੰਘ, ਮੱਖਣ ਸਿੰਘ, ਨੰਬਰਦਾਰ ਭਗਤ ਸਿੰਘ, ਬਹਾਦਰ ਸਿੰਘ ਕੌਲਗੜ੍ਹ, ਕਿਸਾਨ ਆਗੂ ਮਾਸਟਰ ਤਾਰਾ ਸਿੰਘ, ਅਤੇ ਹੋਰ ਪਤਵੰਤੇ ਸੱਜਣ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# 'ਆਪ' ਵਰਕਰਾਂ ਦੀ ਮੀਟਿੰਗ




**ਕਿਸ਼ਨਗੜ੍ਹ (ਸੁਖਜੀਤ ਕੁਮਾਰ)** ਕਿਸ਼ਨਗੜ੍ਹ ਵਿਖੇ ਆਮ ਆਦਮੀ ਪਾਰਟੀ ਦੇ ਆਗੂਆਂ ਵੱਲੋਂ ਇੱਕ ਮੀਟਿੰਗ ਕੀਤੀ ਗਈ ਜਿਸ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪਹਿਲਾਂ ਤੋਂ ਹੀ ਐਲਾਨ ਕੀਤੇ ਗਏ। ਹੈਲਥ ਬੀਮਾ ਜੋ ਕਿ ਅੱਠ ਜਨਵਰੀ ਤੋਂ ਹੈਲਥ ਕਾਰਡ ਬਣਨੇ ਸ਼ੁਰੂ ਹੋ ਜਾਣਗੇ।ਉਸ ਬਾਰੇ ਵਿਚਾਰ ਚਰਚਾ ਕੀਤੀ ਗਈ।ਇਸ ਮੀਟਿੰਗ ਵਿੱਚ ਭਰੋਸਾ ਜਤਾਇਆ ਗਿਆ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਹਰ ਇੱਕ ਵਿਅਕਤੀ ਦਾ 10 ਲੱਖ ਰੁਪਏ ਦੇ ਇਲਾਜ ਵਾਲਾ ਹੈਲਥ ਕਾਰਡ ਬਣਾ ਕੇ ਦਿੱਤਾ ਜਾਵੇਗਾ।ਜਿਸ ਵਿੱਚ ਸਰਕਾਰੀ ਅਤੇ ਪ੍ਰਾਈਵੇਟ ਹਸਪਤਾਲ ਸ਼ਾਮਲ ਕੀਤੇ ਗਏ ਹਨ।ਜਿੱਥੇ ਹਰ ਇੱਕ ਪਰਵਾਰ ਦੇ ਹਰ ਇੱਕ ਵਿਅਕਤੀ ਦਾ 10 ਲੱਖ ਰੁਪਏ ਤੱਕ ਦਾ ਇਲਾਜ ਮੁਫ਼ਤ ਕੀਤਾ ਜਾਵੇਗਾ।ਮੀਟਿੰਗ ਦੌਰਾਨ ਆਮ ਆਦਮੀ ਪਾਰਟੀ ਦੇ ਆਗੂਆਂ ਵਿੱਚ, ਪ੍ਰੋਫੈਸਰ ਸੁਰਿੰਦਰ ਕੁਮਾਰ, ਪੇਂਡੂ ਸੈਕਟਰੀ ਨਰਿੰਦਰ ਪੰਚ, ਸੁਰਜੀਤ ਪਾਲ (ਸੋਸ਼ਲ ਮੀਡੀਆ ਹਲਕਾ ਸੈਕਟਰੀ ਆਦਮਪੁਰ), ਪੰਚ ਅਮਨਦੀਪ ਹਨੀ (ਮੀਡੀਆ ਕੋਆਰਡੀਨੇਟਰ ਆਦਮਪੁਰ), ਪਰਮਜੀਤ ਸਿੰਘ ਕੰਬੋਜ ਪ੍ਰਧਾਨ ਬੀਸੀ ਵਿੰਗ, ਪ੍ਰਧਾਨ ਸੁਖਦੇਵ ਸਿੰਘ ਜੂੜੀ, ਸਾਬਕਾ ਪੰਚ ਰਣਜੀਤ ਰਾਏ, ਸੰਤੋਖ ਸਿੰਘ, ਅਮਨਦੀਪ ਸੋਂਧੀ (ਸੋਨੂ), ਬਲਦੇਵ ਰਾਜੂ ਅਤੇ ਲਛਮਣ ਸਿੰਘ ਆਦਿ ਹਾਜ਼ਰ ਸਨ।

# ਸੰਤ ਬਾਬਾ ਪ੍ਰਧਾਨ ਸਿੰਘ ਬੱਡੋਂ ਦੀ ਯਾਦ 'ਚ 16ਵਾਂ ਖ਼ੂਨਦਾਨ ਕੈਂਪ ਲਗਾਇਆ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਬੱਡੋਂ ਵਿਖੇ ਨਿਰਮਲ ਕੁਟੀਆ ਸੰਤ ਬਾਬਾ ਮਈਆ ਦਾਸ ਦੇ ਅਸਥਾਨ ਤੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਨੌਜਵਾਨ ਸਭਾ ਬੱਡੋ ਵੱਲੋਂ ਸੰਤ ਬਾਬਾ ਪ੍ਰਧਾਨ ਸਿੰਘ ਬੱਡੋਂ ਦੀ ਯਾਦ ਵਿੱਚ ਸਾਲਾਨਾ 16ਵਾਂ ਵਿਸ਼ਾਲ ਖ਼ੂਨਦਾਨ ਕੈਂਪ ਲਗਾਇਆ ਗਿਆ। ਇਸ ਮੌਕੇ ਸੇਵਾਦਾਰ ਸਰਬਪ੍ਰੀਤ ਸਿੰਘ ਸੋਨੂੰ ਸਾਬਕਾ ਪੰਚ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਇਸ ਸਾਲਾਨਾ ਵਿਸ਼ਾਲ ਖ਼ੂਨਦਾਨ ਕੈਂਪ ਵਿੱਚ ਸਿਵਲ ਹਸਪਤਾਲ ਹੁਸ਼ਿਆਰਪੁਰ ਤੋਂ ਡਾਕਟਰਾ ਦੀ ਟੀਮ ਪੁੱਜ ਕੇ ਖ਼ੂਨ ਪ੍ਰਾਪਤ ਕੀਤਾ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ ਇਸ ਵਿਸ਼ਾਲ ਖ਼ੂਨਦਾਨ ਕੈਂਪ ਵਿੱਚ ਸਵੈਇੱਛਾ ਨਾਲ ਵੀਰਾਂ ਅਤੇ ਭੈਣਾਂ ਨੇ 30 ਯੂਨਿਟ ਖ਼ੂਨ ਦਾਨ ਕੀਤਾ। ਇਸ ਮੌਕੇ ਪ੍ਰਬੰਧਕਾਂ ਵੱਲੋਂ ਖ਼ੂਨਦਾਨ ਕਰਨ ਵਾਲੇ ਖ਼ੂਨਦਾਨੀਆਂ, ਡਾਕਟਰਾਂ ਦੀ ਟੀਮ ਅਤੇ ਪ੍ਰਮੁੱਖ ਸ਼ਖ਼ਸ਼ੀਅਤਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਡਾਕਟਰ ਗੁਰੀਕਾ, ਹਰਜੀਤ ਦੇਵੀ, ਸੰਦੀਪ ਸਿੰਘ, ਕਮਲਜੀਤ ਕੌਰ, ਜਤਿੰਦਰ ਕੁਮਾਰ, ਹਰਜੀਤ ਧਾਮੀ, ਸਰਬਪ੍ਰੀਤ ਸਿੰਘ ਸੋਨੂੰ ਸਾਬਕਾ ਪੰਚ, ਮਨਜੀਤ ਸਿੰਘ, ਉਕਾਰ ਸਿੰਘ, ਗੁਰਪ੍ਰੀਤ ਸਿੰਘ, ਸੁਰਿੰਦਰ ਸਿੰਘ ਮੋਨਾ, ਜਥੇਦਾਰ ਜਰਨੈਲ ਸਿੰਘ ਖਾਲਸਾ, ਸੁਖਬੀਰ ਸਿੰਘ ਰਿਮੀ, ਲੰਬੜਦਾਰ ਜੋਗਾ ਸਿੰਘ, ਅਰਸਦੀਪ ਸਿੰਘ, ਮਨਕੀਰਤ ਸਿੰਘ, ਦਮਨ ਪਰਮਾਰ, ਮਿਸਤਰੀ ਕੁਲਦੀਪ ਸਿੰਘ ਦੀਪਾ, ਹਰਬਿਲਾਸ ਸਿੰਘ, ਹਰਦੀਪ ਸਿੰਘ ਦੀਪਾ, ਸਿਮਰੀਤ ਕੌਰ ਆਦਿ ਹਾਜ਼ਰ ਸਨ।



# ਏ ਜੀ ਆਈ ਇਨਫਰਾ ਲਿਮਟਿਡ ਵੱਲੋਂ ਨਵੇਂ ਸਾਲ ਮੌਕੇ ਕਰਮਚਾਰੀਆਂ ਤੇ ਅਧਿਕਾਰੀਆਂ ਦਾ ਸਨਮਾਨ

**ਜਲੰਧਰ (ਰਾਜੇਸ਼ ਥਾਪਾ)** ਏਜੀਆਈ ਇਨਫਰਾ ਲਿਮਿਟਡ, ਜੋ ਕਿ ਖੇਤਰ ਦੀ ਇੱਕ ਅਗੇਤੀ ਰੀਅਲ ਐਸਟੇਟ ਅਤੇ ਇਨਫਰਾ ਕੰਪਨੀ ਹੈ, ਨੇ ਨਵੇਂ ਸਾਲ ਦੀ ਸ਼ੁਰੂਆਤ ਇੱਕ ਸਕਾਰਾਤਮਕ, ਪ੍ਰੇਰਨਾਦਾਇਕ ਅਤੇ ਅਰਥਪੂਰਨ ਸਮਾਗਮ ਨਾਲ ਕੀਤੀ।ਇਹ ਸਮਾਗਮ ਜਲੰਧਰ ਹਾਈਟਸ-2 ਸਥਿਤ ਕਲੱਬ ਦੇ ਸ਼ਾਨਦਾਰ ਬੈਂਕੁਐਟ ਹਾਲ ਵਿੱਚ ਕਰਵਾਇਆ ਗਿਆ, ਜਿਸ ਵਿੱਚ ਕੰਪਨੀ ਦੇ ਡਾਇਰੈਕਟਰ, ਉੱਚ ਅਧਿਕਾਰੀ, ਸਟਾਫ, ਕਰਮਚਾਰੀ ਅਤੇ ਮਜ਼ਦੂਰ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ।ਸਮਾਗਮ ਦਾ ਮੁੱਖ ਮਕਸਦ ਕੰਪਨੀ ਨਾਲ ਜੁੜੇ ਹਰ ਵਿਅਕਤੀ ਦੀ ਮਿਹਨਤ, ਸਮਰਪਣ ਅਤੇ ਯੋਗਦਾਨ ਦੀ ਕਦਰ ਕਰਨੀ ਸੀ।ਏਜੀਆਈ ਇਨਫਰਾ ਲਿਮਿਟਡ ਦਾ ਮੰਨਣਾ ਹੈ ਕਿ ਕਿਸੇ ਵੀ ਸੰਸਥਾ ਦੀ ਅਸਲ ਤਾਕਤ ਉਸਦੇ ਕਰਮਚਾਰੀ ਹੁੰਦੇ ਹਨ ਅਤੇ ਉਨ੍ਹਾਂ ਦੇ ਸਹਿਯੋਗ ਤੋਂ ਬਿਨਾਂ ਤਰੱਕੀ ਸੰਭਵ ਨਹੀਂ।ਇਸ ਮੌਕੇ ਕੰਪਨੀ ਦੀ ਡਾਇਰੈਕਟਰ ਮਿਸ ਸਿਮਰਨ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਨਵੇਂ ਸਾਲ ਦਾ ਪਹਿਲਾ ਦਿਨ ਟੀਚੇ ਤੈਅ ਕਰਨ ਅਤੇ ਟੀਮ ਦੇ ਹਰ ਮੈਂਬਰ ਦੀ ਮਿਹਨਤ ਨੂੰ ਮੰਨਤਾ ਦੇਣ ਲਈ ਸਭ ਤੋਂ ਚੰਗਾ ਸਮਾਂ ਹੁੰਦਾ ਹੈ।ਉਨ੍ਹਾਂ ਕਿਹਾ ਕਿ ਹਰ ਕਰਮਚਾਰੀ, ਚਾਹੇ ਉਹ ਕਿਸੇ ਵੀ ਵਿਭਾਗ ਨਾਲ ਸਬੰਧਿਤ ਹੋਵੇ, ਕੰਪਨੀ ਦੀ ਸਫਲਤਾ ਵਿੱਚ ਬਰਾਬਰ ਦਾ ਭਾਗੀਦਾਰ ਹੈ।ਉਨ੍ਹਾਂ ਚੰਗਾ ਕੰਮ ਕਰਨ ਵਾਲੇ ਕਰਮਚਾਰੀਆਂ ਦੀ ਹੌਸਲਾ ਅਫ਼ਜ਼ਾਈ ਕੀਤੀ ਅਤੇ ਨਵੇਂ ਸਾਲ ਵਿੱਚ ਹੋਰ ਵਧੀਆ ਕੰਮ ਕਰਨ ਲਈ ਪ੍ਰੇਰਿਤ ਕੀਤਾ।ਕੰਪਨੀ ਦੇ ਮੈਨੇਜਿੰਗ ਡਾਇਰੈਕਟਰ ਸੁਖਦੇਵ ਸਿੰਘ ਨੇ ਪਿਛਲੇ ਸਾਲ ਦੀ ਪ੍ਰਗਤੀ ਅਤੇ ਸਾਹਮਣਾ ਕੀਤੀਆਂ ਚੁਣੌਤੀਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ।ਸੁਖਦੇਵ ਸਿੰਘ ਨੇ ਕੰਪਨੀ ਦੇ ਹਰੇਕ ਕਰਮਚਾਰੀ ਅਤੇ ਮਜ਼ਦੂਰ ਦਾ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਨੀਵੇਂ ਪੱਧਰ ਤੋਂ ਲੈ ਕੇ ਉੱਚ ਅਧਿਕਾਰੀਆਂ ਤੱਕ, ਹਰ ਕਿਸੇ ਦੀ ਮਿਹਨਤ ਨਾਲ ਹੀ ਕੰਪਨੀ ਮਜ਼ਬੂਤ ਬਣੀ ਹੈ। ਇਸ ਮੌਕੇ ਕਰਮਚਾਰੀਆਂ ਨੂੰ ਸਨਮਾਨ ਟ੍ਰਾਫੀਆਂ ਦਿੱਤੀਆਂ ਗਈਆਂ। ਇਸ ਸਮਾਗਮ ਦੌਰਾਨ ਕੰਪਨੀ ਦੇ ਪ੍ਰੋਜੈਕਟ ਡਾਇਰੈਕਟਰ ਸਰਦਾਰ ਵਰਿੰਦਰ ਸਿੰਘ ਦੀ ਸੇਵਾ ਅਤੇ ਯੋਗਦਾਨ ਦੀ ਵਿਸ਼ੇਸ਼ ਸਲਾਹਨਾ ਕੀਤੀ ਗਈ। ਨਾਲ ਹੀ ਕੰਪਨੀ ਦੇ ਸਭ ਤੋਂ ਨੌਜਵਾਨ ਡਾਇਰੈਕਟਰ ਅਤੇ ਲੁਧਿਆਣਾ ਪ੍ਰੋਜੈਕਟ ਦੇ ਇੰਚਾਰਜ ਮਿਸਟਰ ਅਭਿਜੀਤ ਸਿੰਘ ਦੇ ਨੇਤ੍ਰਿਤਵ ਅਤੇ ਸਮਰਪਣ ਦੀ ਵੀ ਖ਼ਾਸ ਤਾਰੀਫ਼ ਕੀਤੀ ਗਈ।





# ਨੌਜਵਾਨਾਂ ਨੂੰ ਨਸ਼ਿਆਂ ਤੇ ਹੋਰਨਾਂ ਅਲਾਮਤਾਂ ਤੋਂ ਦੂਰ ਰਹਿਣ ਲਈ ਕੀਤਾ ਪ੍ਰੇਰਿਤ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ ਵੱਲੋਂ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐਸ.ਏ.ਐਸ ਨਗਰ ਦੇ ਦਿਸ਼ਾ-ਨਿਰਦੇਸ਼ਾਂ ਅਤੇ ਜ਼ਿਲ੍ਹਾ ਤੇ ਸੈਸ਼ਨ ਜੱਜ ਰਜਿੰਦਰ ਅਗਰਵਾਲ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੀਰਜ ਗੋਇਲ ਵੱਲੋਂ ਜ਼ਿਲ੍ਹਾ ਹੁਸ਼ਿਆਰਪੁਰ ਅਤੇ ਸਬ-ਡਵੀਜ਼ਨਾਂ ਦੇ ਵੱਖ-ਵੱਖ ਪਿੰਡਾਂ ਵਿੱਚ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ। ਇਸੇ ਤਹਿਤ ਨੌਜਵਾਨਾਂ ਨੂੰ ਨਸ਼ਿਆਂ ਤੋ ਦੂਰ ਰੱਖਣ ਅਤੇ ਹੋਰਨਾਂ ਸਕੀਮਾਂ ਸੰਬੰਧੀ ਜਾਗਰੂਕ ਕਰਨ ਲਈ ਅੱਜ ਪਿੰਡ ਫ਼ਤਿਹਪੁਰ ਖੁਰਦ, ਪਿੰਡ ਡਡਿਆਲ, ਪੀ.ਐਚ.ਸੀ ਟਾਂਡਾ, ਤਲਵੰਡੀ ਗੌਨੀ, ਹਾਜੀਪੁਰ ਹਸਪਤਾਲ, ਵਾਹੀਧ, ਪਿੰਡ ਸਰਹਾਲਾ, ਆਬਜ਼ਰਵੇਸ਼ਨ ਹੋਮ ਰਾਮ ਕਲੋਨੀ ਕੈਂਪ ਵਿਖੇ ਜਾਗਰੂਕਤਾ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਪੈਨਲ ਐਡਵੋਕੇਟਾਂ ਵੱਲੋਂ 'ਬਾਲ ਵਿਆਹ ਮੁਕਤ ਭਾਰਤ' ਮੁਹਿੰਮ ਸਬੰਧੀ ਕਾਨੂੰਨੀ ਹੱਕਾਂ ਬਾਰੇ ਜਾਣਕਾਰੀ ਦਿੰਦੇ ਹੋਏ ਧਿਆਨ ਵਿੱਚ ਲਿਆਂਦਾ ਗਿਆ ਕਿ ਲੜਕੀ ਦੀ ਵਿਆਹ ਦੀ ਉਮਰ 18 ਸਾਲ ਤੋ ਘੱਟ ਨਾ ਹੋਵੇ ਅਤੇ ਲੜਕੇ ਦੀ ਉਮਰ 21 ਸਾਲ ਤੋ ਘੱਟ ਨਹੀਂ ਹੋਣੀ ਚਾਹੀਦੀ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਨਸ਼ੇ ਦੇ ਸੇਵਨ ਨਾਲ ਮਨੁੱਖੀ ਜੀਵਨ ਬਰਬਾਦ ਹੋ ਜਾਂਦਾ ਹੈ ਅਤੇ ਘਰ ਵਿੱਚ ਅਸ਼ਾਂਤੀ ਪੈਦਾ ਹੁੰਦੀ ਹੈ।ਨਾਲਸਾ (ਡਰੱਗ ਜਾਗਰੂਕਤਾ ਅਤੇ ਤੰਦਰੁਸਤੀ ਨੈਵੀਗੇਸ਼ਨ- ਡਰੱਗ ਮੁਕਤ ਭਾਰਤ ਲਈ), ਯੋਜਨਾ 2025 ਅਤੇ ਸਿਹਤ, ਪਰਿਵਾਰਕ ਅਤੇ ਸਮਾਜਿਕ ਜੀਵਨ ਤੇ ਨਸ਼ਿਆਂ ਦਾ ਪ੍ਰਭਾਵ ਅਤੇ ਐਨ.ਡੀ.ਪੀ.ਐਸ. ਐਕਟ ਦੇ ਕਾਨੂੰਨੀ ਉਪਬੰਦਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ।





ਚੌਧਰੀ ਜਗਤ ਰਾਮ ਸੂੰਢ ਦੀ ਸਾਲਾਨਾ ਬਰਸੀ ਮੌਕੇ ਬੀਬੀ ਮੀਨਾ ਸੂੰਢ, ਕੁਲਵਰਨ ਸਿੰਘ ਥਾਂਦੀਆ, ਹਰਬੰਤ ਸਿੰਘ ਮਕਸੂਦਪੁਰ, ਅਮਰਜੀਤ ਕਲਸੀ ਅਤੇ ਹੋਰ।
(ਫੋਟੋ ਤੇ ਵੇਰਵਾ : ਬੰਗਾ, ਅਵਤਾਰ ਕਲੇਰ)

# ਪੇਂਡੂ ਰੁਜ਼ਗਾਰ ਗਰੰਟੀ ਸਕੀਮ ਖਤਮ ਕਰਨ ਦਾ ਬਸਪਾ ਨੇ ਕੀਤਾ ਵਿਰੋਧ

**ਜਲੰਧਰ (ਸ਼ੈਲੀ ਐਲਬਰਟ)** - ਬਹੁਜਨ ਸਮਾਜ ਪਾਰਟੀ ਨੇ ਕੇਂਦਰ ਸਰਕਾਰ ਦੇ ਖਿਲਾਫ ਸੂਬੇ ਭਰ ਦੇ ਵਿੱਚ ਜ਼ਿਲ੍ਹਾ ਪੱਧਰ 'ਤੇ ਪ੍ਰਦਰਸ਼ਨ ਕੀਤੇ।ਇਹ ਪ੍ਰਦਰਸ਼ਨ ਕੇਂਦਰ



ਸਰਕਾਰ ਵੱਲੋਂ ਪੇਂਡੂ ਰੁਜ਼ਗਾਰ ਗਰੰਟੀ ਸਕੀਮ ਖਤਮ ਕਰਨ ਦੇ ਵਿਰੋਧ ਵਿੱਚ ਕੀਤੇ ਗਏ। ਇਸ ਸੰਬੰਧ ਵਿੱਚ ਜਲੰਧਰ ਵਿੱਚ ਵੀ ਬਹੁਜਨ ਸਮਾਜ ਪਾਰਟੀ ਦੇ ਆਗੂਆਂ ਤੇ ਵਰਕਰਾਂ ਵੱਲੋਂ ਕੇਂਦਰ ਦੀ ਭਾਜਪਾ ਸਰਕਾਰ ਖਿਲਾਫ ਪ੍ਰਦਰਸ਼ਨ ਕੀਤਾ ਗਿਆ।ਇਸ ਪ੍ਰਦਰਸ਼ਨ ਦੀ ਅਗਵਾਈ ਸਟੇਟ ਕੋਆਰਡੀਨੇਟਰ ਤੀਰਥ ਰਾਜਪੁਰਾ ਤੇ ਸੂਬਾ ਜਨਰਲ ਸਕੱਤਰ ਐਡਵੋਕੇਟ ਬਲਵਿੰਦਰ ਕੁਮਾਰ ਨੇ ਕੀਤੀ।ਇਸ ਮੌਕੇ ਉਨ੍ਹਾਂ ਨਾਲ ਸਟੇਟ ਸੈਕਟਰੀ ਇੰਜ. ਜਸਵੰਤ ਰਾਏ, ਸੂਬਾ ਕੈਸ਼ੀਅਰ ਪਰਮਜੀਤ ਮੱਲ ਵੀ ਮੌਜੂਦ ਸਨ।ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਬਸਪਾ ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਮਨਰੇਗਾ ਦੀ ਜਗ੍ਹਾ 'ਤੇ ਵਿਕਸਿਤ ਭਾਰਤ ਜੀ ਰਾਮ ਜੀ ਨਾਂ ਦੀ ਸਕੀਮ ਲਿਆਂਦੀ ਜਾ ਰਹੀ ਹੈ।ਬਸਪਾ ਆਗੂਆਂ ਨੇ ਡੀਸੀ ਜਲੰਧਰ ਰਾਹੀਂ ਮਾਣਯੋਗ ਰਾਸ਼ਟਰਪਤੀ ਨੂੰ ਭੇਜੇ ਮੈਮੋਰੰਡਮ ਵਿੱਚ ਕਿਹਾ ਕਿ ਪੇਂਡੂ ਲੋਕਾਂ ਦੀ ਰੁਜ਼ਗਾਰ ਗਰੰਟੀ ਸਕੀਮ ਨੂੰ ਖਤਮ ਨਾ ਕੀਤਾ ਜਾਵੇ, ਬਲਕਿ ਇਸ ਦੇ ਨਾਲ ਅਜਿਹੀ ਸਕੀਮ ਨੂੰ ਸ਼ਹਿਰੀ ਆਮ ਲੋਕਾਂ ਲਈ ਵੀ ਲਾਗੂ ਕੀਤਾ ਜਾਵੇ। ਇਸ ਤੋਂ ਇਲਾਵਾ ਜਿੱਥੇ ਪਹਿਲਾਂ 100 ਦਿਨ ਦੇ ਰੁਜ਼ਗਾਰ ਦੀ ਗਰੰਟੀ ਸੀ, ਇਸ ਨੂੰ ਵਧਾ ਕੇ 300 ਦਿਨ ਕੀਤਾ ਜਾਵੇ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਦਿਹਾਤੀ ਜਗਦੀਸ਼ ਸ਼ੇਰਪੁਰੀ, ਜਿਲਾ ਪ੍ਰਧਾਨ ਸ਼ਹਿਰੀ ਸਲਵਿੰਦਰ ਕੁਮਾਰ, ਜ਼ਿਲ੍ਹਾ ਕੋਆਰਡੀਨੇਟਰ ਖੁਸ਼ੀ ਰਾਮ, ਐਡਵੋਕੇਟ ਪ੍ਰਿਤਪਾਲ, ਐਡਵੋਕੇਟ ਰਾਜ ਕੁਮਾਰ, ਸੁਖਵਿੰਦਰ ਬਿੱਟੂ, ਸੁਸ਼ੀਲ ਬਿਰਦੀ, ਜਤਿੰਦਰ ਹੈਪੀ ਰੁੜਕਾ, ਮੰਗਲ ਸਿੰਘ ਮੈਂਟੀ, ਮਦਨ ਲਾਲ ਮੱਦੀ ਕੌਂਸਲਰ, ਵਿਜੈ ਯਾਦਵ, ਕੌਂਸਲਰ ਦਵਿੰਦਰ ਗੋਗਾ, ਸੂਰਤੀ ਲਾਲ ਭੋਗਪੁਰ, ਸ਼ਾਦੀ ਲਾਲ ਬੱਲਾਂ, ਚਮਨ ਲਾਲ ਘੋੜਾਵਾਹੀ, ਸ਼ਾਮ ਕਟਾਰੀਆ, ਅਸ਼ੋਕ ਸਈਪੁਰ, ਪੰਮੀ ਰੁੜਕਾ, ਹਰਜਿੰਦਰ ਕੋਟ ਕਲਾਂ, ਜਗਜੀਤ ਸਿੰਘ ਜੱਗਾ, ਨਰਿੰਦਰ ਕੋਟ ਕਲਾਂ, ਪਰਮਜੀਤ ਦਾਦੂਵਾਲ, ਗਿਆਨ ਚੰਦ ਕਰਤਾਰਪੁਰ, ਬਲਵਿੰਦਰ ਰਲ੍ਹ, ਰਣਜੀਤ ਕੁਮਾਰ, ਮਨਦੀਪ ਧੰਨੋਵਾਲੀ, ਗੋਪਾਲ ਫਿੱਲਵਾਂ ਆਦਿ ਵੀ ਹਾਜ਼ਰ ਸਨ।

# ਦੇਸ਼ ਦੀ ਪਹਿਲੀ ਮਹਿਲਾ ਅਧਿਆਪਕਾ ਸਵਿੱਤਰੀ ਬਾਈ ਫੂਲੇ ਦੀ ਯਾਦ 'ਚ ਕੀਤੀ ਵਿਚਾਰ-ਗੋਸ਼ਟੀ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)** ਡੈਮੋਕ੍ਰੈਟਿਕ ਟੀਚਰਜ਼ ਫਰੰਟ ਦੀ ਦੇਖ ਰੇਖ ਹੇਠ ਮਿਡ ਡੇ ਮੀਲ ਵਰਕਰ ਯੂਨੀਅਨ, ਡੈਮੋਕਰੇਟਿਕ ਪੈਨਸ਼ਨਰ ਫਰੰਟ ਵੱਲੋਂ ਸਾਂਝੇ ਤੌਰ 'ਤੇ ਭਾਰਤ ਦੇਸ਼ ਦੀ ਪਹਿਲੀ ਮਹਿਲਾ ਅਧਿਆਪਕਾ ਬੀਬੀ ਸਵਿੱਤਰੀ ਬਾਈ ਫੂਲੇ ਦੇ ਜਨਮ ਦਿਨ 'ਤੇ ਅਤੇ ਉਸਦੀ ਸਹਿਯੋਗੀ ਅਧਿਆਪਕਾ ਬੀਬੀ ਫਾਤਮਾ ਸ਼ੇਖ ਨੂੰ ਸਾਂਝੇ ਤੌਰ 'ਤੇ ਯਾਦ ਕਰਕੇ ਨਵੇਂ ਸਾਲ ਵਿੱਚ ਚੁਣੌਤੀਆਂ ਸੰਬੰਧੀ ਵਿਚਾਰ ਗੋਸ਼ਟੀ ਕੀਤੀ ਗਈ ਇਸ ਵਿਚਾਰ ਗੋਸ਼ਟੀ ਦੀ ਅਗਵਾਈ ਡੈਮੋਕਰੇਟਿਕ ਟੀਚਰਜ਼ ਫਰੰਟ ਪੰਜਾਬ ਦੇ ਸੂਬਾ ਪ੍ਰਚਾਰ ਸਕੱਤਰ ਸੁਖਦੇਵ ਡਾਨਸੀਵਾਲ, ਮਿਡ ਡੇ ਮੀਲ ਆਗੂਆਂ ਮਨਜਿੰਦਰ ਕੌਰ ਅਤੇ ਬਲਜੀਤ ਕੌਰ ਨੇ ਸਾਂਝੇ ਤੌਰ 'ਤੇ ਕੀਤੀ ਇਸ ਸਮੇਂ ਵੱਖ-ਵੱਖ ਬੁਲਾਰਿਆਂ ਜਸਵਿੰਦਰ ਸਿੰਘ,ਸਿਮਰਨ ਕੌਰ, ਜਸਵਿੰਦਰ ਕੌਰ, ਡਾ. ਬਿੱਕਰ ਸਿੰਘ, ਸੰਜੀਵ ਕੁਮਾਰ ਪੀਟੀਆਈ, ਗਿਆਨ ਸਿੰਘ ਨੂਰਪੁਰਬੇਦੀ ਅਤੇ ਹੰਸਰਾਜ ਗੜ੍ਹਸ਼ੰਕਰ ਨੇ ਬੀਬੀ ਸਵਿੱਤਰੀ ਵਾਈ ਫੂਲੇ ਦੁਆਰਾ ਲੜਕੀਆਂ ਦੀ ਸਿੱਖਿਆ ਲਈ ਕੀਤੇ ਯਤਨਾਂ ਦੀ ਸ਼ਲਾਘਾ ਕਰਦਿਆਂ ਅਜੋਕੇ ਸਮੇਂ ਵਿੱਚ ਉਸ ਦੀ ਮਹੱਤਤਾ ਤੇ ਵਿਸਥਾਰ ਪੂਰਵਕ ਚਰਚਾ ਕੀਤੀ ਗਈ। ਆਗੂਆਂ ਨੇ ਕਿਹਾ ਕਿ ਸਵਿੱਤਰੀ ਬਾਈ ਫੂਲੇ ਨੇ ਆਪਣੇ ਪਤੀ ਜੋਤੀਬਾ ਫੂਲੇ ਦੀ



ਅਗਾਂਹ ਵਧੂ ਸੋਚ ਅਤੇ ਉਹਨਾਂ ਦੇ ਦੋਸਤ ਉਸਮਾਨ ਸੇਖ ਅਤੇ ਬੀਬੀ ਫਾਤਮਾ ਸ਼ੇਖ ਦੀ ਸਹਾਇਤਾ ਦੇ ਨਾਲ ਅੱਜ ਤੋਂ ਤਕਰੀਬਨ ਸਾਲ ਇਕ ਸੌ ਅੱਸੀ ਸਾਲ ਪਹਿਲਾਂ ਸਕੂਲ ਖੋਲ ਕੇ ਲੜਕੀਆ ਦੀ ਸਿਖਿਆ ਦਾ ਰਾਹ ਖੋਲਿਆ ਅਤੇ ਹਿੰਦੂ ਮੁਸਲਿਮ ਏਕਤਾ ਅਤੇ ਭਾਈਚਾਰੇ ਦਾ ਸੰਦੇਸ਼ ਦਿੱਤਾ ਜੋ ਰੂੜੀਵਾਦੀਆਂ ਨੂੰ ਬਿਲਕੁਲ ਪਸੰਦ ਨਹੀਂ ਸੀ ਜਿਸ ਕਾਰਣ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਇਸ ਮੌਕੇ ਡੀ ਟੀ ਐਫ ਦੇ ਆਗੂਆਂ ਸੁਖਦੇਵ ਡਾਨਸੀਵਾਲ, ਮੁਕੇਸ਼ ਕੁਮਾਰ ਅਤੇ ਸੱਤਪਾਲ ਕਲੇਰ ਨੇ ਕਿਹਾ ਕਿ ਮੌਜੂਦਾ ਪ੍ਰਬੰਧ ਵੀ ਮਜ਼ਦੂਰਾਂ, ਆਮ ਲੋਕਾਂ ਅਤੇ ਔਰਤਾਂ ਨੂੰ ਨਿੱਜੀਕਰਨ ਅਤੇ ਬਜਾਰੀਕਰਨ ਦੀਆਂ ਨੀਤੀਆਂ ਨੂੰ ਧੜੱਲੇ ਨਾਲ ਲਾਗੂ ਕਰਕੇ ਉਹਨਾਂ ਦੇ ਪੜ੍ਹਨ ਦੇ ਹੱਕ ਤੋਂ ਵਾਂਝਾ ਕਰ ਰਿਹਾ ਹੈ। ਇਸ ਮੌਕੇ ਜਰਨੈਲ ਸਿੰਘ, ਗੁਰਮੇਲ ਸਿੰਘ,ਅਮਰਜੀਤ ਸਿੰਘ ਬੰਗੜ, ਰਜਿੰਦਰ ਸਿੰਘ,ਮਨਜੀਤ ਸਿੰਘ ਬੰਗਾ, ਇੰਦਰਜੀਤ ਕੌਰ, ਕ੍ਰਿਸ਼ਨਾ ਦੇਵੀ,ਰਾਜ ਰਾਣੀ, ਕਮਲੇਸ਼ ਕੌਰ ਆਦਿ ਨੇ ਵੀ ਵਿੱਚ ਇਸ ਵਿਚਾਰ ਗੋਸ਼ਟੀ ਵਿੱਚ ਭਾਗ ਲਿਆ। ਵਿਚਾਰ ਗੋਸ਼ਠੀ ਦੇ ਅੰਤ ਵਿੱਚ ਪੰਜਾਬ ਸਰਕਾਰ ਵਲੋਂ ਜਮੀਨ ਪ੍ਰਾਪਤੀ ਸ਼ੰਘਰਸ਼ ਕਮੇਟੀ ਦੇ ਪ੍ਰਧਾਨ ਮੁਕੇਸ਼ ਮਲੌਦ ਨੂੰ ਦਿੱਲੀ ਰੇਲਵੇ ਸਟੇਸ਼ਨ ਤੋ ਗ੍ਰਿਫਤਾਰ ਕਰਨ ਅਤੇ ਪੱਤਰਕਾਰਾ 'ਤੇ ਕੇਸ ਦਰਜ ਕਰਨ ਖਿਲਾਫ ਮਤਾ ਪਾਸ ਕਰਦਿਆ ਗ੍ਰਿਫਤਾਰ ਮਜ਼ਦੂਰ ਆਗੂ ਨੂੰ ਬਿਨਾ ਸ਼ਰਤ ਰਿਹਾਅ ਕਰਨ ਅਤੇ ਪੱਤਰਕਾਰਾ ਤੇ ਦਰਜ ਕੇਸਾਂ ਨੂੰ ਵਾਪਸ ਲੈਣ ਦੀ ਮੰਗ ਕੀਤੀ।

## ਪੰਜਾਬ ਟਰੇਡ ਵਿੰਗ ਦੀ ਮੀਟਿੰਗ ਜਲੰਧਰ ਸਰਕਟ ਹਾਊਸ 'ਚ ਹੋਈ



**ਜਲੰਧਰ (ਸ਼ੈਲੀ ਐਲਬਰਟ)** ਪੰਜਾਬ ਟਰੇਡ ਵਿੰਗ ਦੀ ਇੱਕ ਮਹੱਤਵਪੂਰਨ ਮੀਟਿੰਗ ਜਲੰਧਰ ਦੇ ਸਰਕਿਟ ਹਾਊਸ ਵਿੱਚ ਆਯੋਜਿਤ ਕੀਤੀ ਗਈ।ਮੀਟਿੰਗ ਵਿੱਚ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਦੇ ਪੰਜਾਬ ਦੌਰੇ ਸੰਬੰਧੀ ਤਿਆਰੀਆਂ ਅਤੇ ਵਿਧਾਨ ਸਭਾ ਹਲਕਿਆਂ ਦੀਆਂ ਵਾਰਡ ਕਮੇਟੀਆਂ ਨਾਲ ਜੁੜੀਆਂ ਮੀਟਿੰਗਾਂ ਬਾਰੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ।ਮੀਟਿੰਗ ਦੀ ਅਗਵਾਈ ਪੰਜਾਬ ਟ੍ਰੇਡਰਜ਼ ਕਮਿਸ਼ਨ ਦੇ ਚੇਅਰਮੈਨ ਅਨਿਲ ਠਾਕੁਰ ਨੇ ਕੀਤੀ।ਇਸ ਮੌਕੇ ਸੂਬਾ ਸਕੱਤਰ ਅਤੇ ਪ੍ਰਵਕਤਾ ਹਰਿੰਦਰ ਪਾਲ ਸਿੰਘ (ਰਿਕੀ ਮਨੋਚਾ), ਜ਼ਿਲ੍ਹਾ ਪ੍ਰਧਾਨ ਅਤੇ ਹਲਕਾ ਕੋਆਰਡੀਨੇਟਰ ਵੀ ਮੌਜੂਦ ਰਹੇ। ਮੀਟਿੰਗ ਵਿੱਚ ਮੁੱਖ ਟਰੇਡ ਵਿੰਗ ਆਗੂਆਂ ਵਿੱਚ ਇੰਦਰਵੰਸ਼ ਚੱਢਾ ,ਪ੍ਰਧਾਨ ਜਲੰਧਰ ਅਰਬਨ ਅਸ਼ਵਨੀ ਕੋਹਲੀ ,ਪ੍ਰਧਾਨ, ਜਲੰਧਰ ਰੂਰਲ ਕਨਵਰ ਇਕਬਾਲ ਸਿੰਘ ( ਕਪੂਰਥਲਾ), ਹਨੀ ਡੱਬ ( ਸ਼ਹੀਦ ਭਗਤ ਸਿੰਘ ਨਗਰ) ਡਾ. ਦ੍ਰਿਪਨ ਸੈਣੀ ,( ਹੋਸ਼ਿਆਰਪੁਰ) ਆਦਿ ਹਾਜ਼ਰ ਸਨ। ਮੀਟਿੰਗ ਦੌਰਾਨ ਵਪਾਰੀ ਵਰਗ ਦੀਆਂ ਸਮੱਸਿਆਵਾਂ, ਸੰਗਠਨ ਨੂੰ ਹੋਰ ਮਜ਼ਬੂਤ ਕਰਨ ਅਤੇ ਆਉਣ ਵਾਲੇ ਦਿਨਾਂ ਵਿੱਚ ਪੰਜਾਬ ਟਰੇਡ ਵਿੰਗ ਦੀ ਸਰਗਰਮ ਭੂਮਿਕਾ ਨੂੰ ਲੈ ਕੇ ਵਿਸਥਾਰ ਨਾਲ ਰਣਨੀਤੀ ਤਿਆਰ ਕੀਤੀ।

## ਗੜ੍ਹੀ ਤੇ ਰੌੜੀ ਖੁਰਾਲਗੜ੍ਹ ਸਾਹਿਬ ਵਿਖੇ ਨਤਮਸਤਕ ਹੋਏ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)** ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਅਤੇ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਤਪ ਅਸਥਾਨ ਸ੍ਰੀ ਖੁਰਾਲਗੜ੍ਹ ਸਾਹਿਬ ਅਤੇ ਸ੍ਰੀ ਗੁਰੂ ਰਵਿਦਾਸ ਚਰਨਛੋਹ ਗੰਗਾ ਵਿਖੇ ਨਤਮਸਤਕ ਹੋਏ।ਇਸ ਮੌਕੇ ਦੋਵਾਂ ਨੇ ਸੂਬੇ ਦੀ ਸ਼ਾਂਤੀ ਅਤੇ ਖੁਸ਼ਹਾਲੀ, ਆਪਸੀ ਭਾਈਚਾਰੇ



ਅਤੇ ਸਮਾਜ ਦੀ ਤਰੱਕੀ ਲਈ ਅਰਦਾਸ ਕੀਤੀ।ਇਸ ਦੌਰਾਨ ਉਹ ਬਾਬਾ ਕੇਵਲ ਸਿੰਘ ਅਤੇ ਬਾਬਾ ਸੁਰਿੰਦਰ ਦਾਸ ਨੂੰ ਮਿਲੇ ਅਤੇ ਉਨ੍ਹਾਂ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਸੰਤਾਂ-ਮਹਾਪੁਰਖਾਂ ਨਾਲ ਗੱਲਬਾਤ ਦੌਰਾਨ ਸਮਾਜਿਕ ਸਦਭਾਵਨਾ, ਸਮਾਨਤਾ ਅਤੇ ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਨੂੰ ਜਨਤਾ ਤੱਕ ਪਹੁੰਚਾਉਣ 'ਤੇ ਵਿਸ਼ੇਸ਼ ਚਰਚਾ ਕੀਤੀ ਗਈ। ਸ੍ਰੀ ਗੜ੍ਹੀ ਨੇ ਕਿਹਾ ਕਿ ਗੁਰੂ ਰਵਿਦਾਸ ਜੀ ਦਾ ਸੰਦੇਸ਼ ਅੱਜ ਵੀ ਸਮਾਜ ਨੂੰ ਸਮਾਨਤਾ, ਕਰਮ ਅਤੇ ਮਾਨਵਤਾ ਦੇ ਮਾਰਗ 'ਤੇ ਚੱਲਣ ਲਈ ਪ੍ਰੇਰਿਤ ਕਰਦਾ ਹੈ। ਇਸ ਤੋਂ ਪਹਿਲਾਂ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਅਤੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਨੇ ਗੜ੍ਹਸ਼ੰਕਰ ਦੇ ਪਿੰਡ ਗੜ੍ਹੀ ਮੱਟੋ ਵਿਖੇ ਬਲਾਕ ਸੰਮਤੀ ਮੈਂਬਰ ਡਾ. ਪਰਮਜੀਤ ਸਿੰਘ ਨਾਲ ਵੀ ਮੁਲਾਕਾਤ ਕੀਤੀ।

# ਇੰਦਰਜੀਤ ਜੁਗਨੂੰ ਬਣੇ ਜ਼ਿਲ੍ਹਾ ਸ਼ਿਕਾਇਤ ਨਿਵਾਰਨ ਕਮੇਟੀ ਦੇ ਸੀਨੀਅਰ ਮੈਂਬਰ

**ਕਪੂਰਥਲਾ (ਮਨਜੀਤ ਮਾਨ, ਪ੍ਰੀਤ ਸੰਗੋਜਲਾ)** ਪਿਛਲੇ 29 ਸਾਲ ਪੰਜਾਬ ਦੀ ਰਾਜਨੀਤੀ ਵਿਚ ਸਰਗਰਮ ਪੜ੍ਹੇ ਲਿਖੇ ਕਪੂਰਥਲਾ ਦੇ ਕੱਦਵਾਰ ਤੇ ਤਜਰਬੇਕਾਰ ਸੀਨੀਅਰ ਨੇਤਾ ਤੇ ਆਮ ਆਦਮੀ ਪਾਰਟੀ



ਕਪੂਰਥਲਾ ਦੇ ਜ਼ਿਲ੍ਹਾ ਪ੍ਰਧਾਨ ਮੀਡਿਆ ਵਿੰਗ ਇੰਦਰਜੀਤ ਸਿੰਘ ਜੁਗਨੂੰ ਨੂੰ ਮਾਨਯੋਗ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਤੇ ਡਿਪਟੀ ਕਮਿਸ਼ਨਰ ਕਪੂਰਥਲਾ ਅੰਮਿਤ ਪੰਚਾਲ ਨੇ ਪੰਜਾਬ ਸਰਕਾਰ ਦੀ ਜ਼ਿਲ੍ਹਾ ਕਪੂਰਥਲਾ ਦੀ ਸ਼ਿਕਾਇਤ ਨਿਵਾਰਨ ਕਮੇਟੀ ਦਾ ਸੀਨੀਅਰ ਮੈਂਬਰ ਨਿਯੁਕਤ ਕੀਤਾ ਹੈ ਜ਼ਿਕਰਯੋਗ ਹੈ ਕੀ ਸਰਕਾਰ ਵਲੋਂ ਬਣਾਈ ਇਸ ਕਮੇਟੀ ਦੀ ਸੂਚੀ 'ਚ ਜਿਲ੍ਹੇ ਦੇ ਸੀਨੀਅਰ ਗਜ਼ਟਿਡ ਅਫਸਰਾਂ ਤੋ ਇਲਾਵਾ ਜਿਲ੍ਹੇ ਦੇ ਨਾਮਵਰ ਪਤਵੰਤੇ ਆਗੂ ਸ਼ਾਮਲ ਹਨ ਇਸ ਨਿਯੁਕਤੀ ਲਈ ਆਪ ਨੇਤਾ ਇੰਦਰਜੀਤ ਜੁਗਨੂੰ ਜਿਥੇ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਮੁੱਚੀ ਲੀਡਸ਼ਿਪ ਤੇ ਯੋਜਨਾ ਬੋਰਡ ਦੇ ਚੇਅਰਮੈਨ ਸਰਬਜੀਤ ਸਿੰਘ ਲੁਬਾਣਾ ਤੇ ਡਿਪਟੀ ਕਮਿਸ਼ਨਰ ਕਪੂਰਥਲਾ ਅੰਮਿਤ ਪੰਚਾਲ ਦਾ ਵਿਸ਼ੇਸ ਧੰਨਵਾਦ ਕੀਤਾ ਹੈ ਉਥੇ ਆਮ ਆਦਮੀ ਪਾਰਟੀ ਕਪੂਰਥਲਾ ਦੇ ਆਗੂਆਂ ਤੇ ਵਰਕਰਾਂ ਨੇ ਵੀ ਇਸ ਨਿਯੁਕਤੀ ਲਈ ਖੁਸ਼ੀ ਦਾ ਇਜ਼ਹਾਰ ਕੀਤਾ ਹੈ।

# ਜ਼ਿਲ੍ਹਾ ਆਯੁਰਵੇਦ ਵਿਭਾਗ ਨੇ ਨਵੇਂ ਸਾਲ ਦੇ ਮੌਕੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਨਵੇਂ ਸਾਲ ਦੇ ਸ਼ੁੱਭ ਮੌਕੇ 'ਤੇ ਜ਼ਿਲ੍ਹਾ ਆਯੁਰਵੇਦ ਅਤੇ ਯੂਨਾਨੀ ਵਿਭਾਗ, ਹੁਸ਼ਿਆਰਪੁਰ ਵੱਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ



ਹਜ਼ੂਰੀ ਵਿਚ ਸ਼ਰਧਾ ਅਤੇ ਸਤਿਕਾਰ ਨਾਲ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ ਗਿਆ।ਇਸ ਸਮਾਗਮ ਦਾ ਉਦੇਸ਼ ਨਵੇਂ ਸਾਲ ਵਿੱਚ ਖੁਸ਼ੀ, ਖੁਸ਼ਹਾਲੀ, ਸ਼ਾਂਤੀ ਅਤੇ ਲੋਕ ਭਲਾਈ ਦੀ ਕਾਮਨਾ ਕਰਨਾ ਸੀ।ਇਸ ਮੌਕੇ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਆਸ਼ਿਕਾ ਜੈਨ ਅਤੇ ਸਬ-ਡਵੀਜ਼ਨਲ ਮੈਜਿਸਟ੍ਰੇਟ ਗੁਰਸਿਮਰਨਜੀਤ ਕੌਰ ਨੇ ਵੀ ਹਾਜ਼ਰੀ ਭਰੀ ਅਤੇ ਜ਼ਿਲ੍ਹੇ ਦੀ ਤਰੱਕੀ ਅਤੇ ਖੁਸ਼ਹਾਲੀ ਲਈ ਅਰਦਾਸ ਕੀਤੀ।ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਆਯੁਰਵੇਦ ਵਿਭਾਗ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਅਜਿਹੇ ਅਧਿਆਤਮਿਕ ਸਮਾਗਮ ਆਪਸੀ ਭਾਈਚਾਰਾ ਅਤੇ ਸਕਾਰਾਤਮਕ ਸੋਚ ਨੂੰ ਮਜ਼ਬੂਤ ਕਰਦੇ ਹਨ।ਇਸ ਮੌਕੇ ਜ਼ਿਲ੍ਹਾ ਆਯੁਰਵੇਦ ਅਤੇ ਯੂਨਾਨੀ ਅਫ਼ਸਰ ਡਾ. ਸੁਰਿੰਦਰਪਾਲ ਕੌਰ, ਜ਼ਿਲ੍ਹਾ ਪ੍ਰਧਾਨ-ਕਮ-ਨੋਡਲ ਅਫ਼ਸਰ ਡਾ. ਹਰੀਸ਼ ਭਾਟੀਆ, ਡਾ. ਪ੍ਰਦੀਪ ਅਰੋੜਾ, ਡਾ. ਸ਼ਿਵਦੀਪ, ਡਾ. ਹਰਦੀਪ, ਡਾ. ਕਰੁਣਾ, ਡਾ. ਕਾਮਿਨੀ, ਡਾ. ਰੁਪਿੰਦਰਪ੍ਰੀਤ, ਡਾ. ਰਬਜੋਤ, ਡਾ. ਗਗਨਦੀਪ, ਸੁਪਰਡੈਂਟ ਦਲਜੀਤ ਕੌਰ, ਮਨੂ ਬਾਂਸਲ, ਸੌਰਭ ਸ਼ਰਮਾ ਸਮੇਤ ਕਈ ਅਧਿਕਾਰੀ ਅਤੇ ਕਰਮਚਾਰੀ ਮੌਜੂਦ ਸਨ। ਇਸ ਤੋਂ ਇਲਾਵਾ ਸਾਬਕਾ ਜ਼ਿਲ੍ਹਾ ਮੈਜਿਸਟ੍ਰੇਟ ਡਾ. ਭੁਪਿੰਦਰ ਕੌਰ, ਡੀ.ਐਸ.ਪੀ ਸੀ.ਆਈ.ਡੀ ਸੰਜੀਵ ਕੁਮਾਰ, ਸੰਦੀਪ ਨੰਦਾ, ਜਗਜੀਤ ਸਿੰਘ ਅਤੇ ਹੋਰ ਪਤਵੰਤਿਆਂ ਨੇ ਵੀ ਪ੍ਰੋਗਰਾਮ ਵਿੱਚ ਹਿੱਸਾ ਲਿਆ। ਪ੍ਰੋਗਰਾਮ ਦੇ ਅਖੀਰ ਵਿੱਚ ਗੁਰੂ ਕਾ ਲੰਗਰ ਅਤੁੱਟ ਵਰਤਿਆ।

# ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਮੌਕੇ ਨਗਰ ਕੀਰਤਨ

**ਡੇਰਾਬੱਸੀ, (ਵਿਨੈ ਕੁਮਾਰ ਜੈਨ)** ਦਸਵੇਂ ਪਾਤਸ਼ਾਹ ਧੰਨ ਧੰਨ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਾਵਨ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਗੁਰਦੁਆਰਾ ਦਿਹਾਤੀ ਸ਼੍ਰੀ ਗੁਰੂ ਸਿੰਘ ਸਭਾ ਡੇਰਾਬੱਸੀ ਤੋਂ ਵਿਸ਼ਾਲ ਨਗਰ



ਕੀਰਤਨ ਸ਼ਰਧਾ ਅਤੇ ਉਤਸ਼ਾਹ ਨਾਲ ਸਜਾਇਆ ਗਿਆ। ਇਸ ਪਾਵਨ ਅਵਸਰ 'ਤੇ ਹਲਕਾ ਡੇਰਾਬੱਸੀ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਨਗਰ ਕੀਰਤਨ ਵਿੱਚ ਸ਼ਿਰਕਤ ਕਰਕੇ ਨਤਮਸਤਕ ਹੋਏ ਅਤੇ ਸਮੂਹ ਸੰਗਤ ਨੂੰ ਪ੍ਰਕਾਸ਼ ਦਿਹਾੜੇ ਦੀਆਂ ਮੁਬਾਰਕਾਂ ਦਿੱਤੀਆਂ।ਨਗਰ ਕੀਰਤਨ ਦੀ ਅਗਵਾਈ ਪੰਜ ਪਿਆਰਿਆਂ ਵੱਲੋਂ ਗੁਰੂ ਮਰਯਾਦਾ ਅਨੁਸਾਰ ਕੀਤੀ ਗਈ।ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਛਤਰ ਛਾਇਆ ਹੇਠ ਨਿਕਲੇ ਇਸ ਨਗਰ ਕੀਰਤਨ ਵਿੱਚ ਸੰਗਤ ਵੱਡੀ ਗਿਣਤੀ ਵਿੱਚ ਸ਼ਾਮਲ ਹੋਈ। ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਇਸ ਮੌਕੇ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕ ਕੇ ਅਰਦਾਸ ਕੀਤੀ। ਸ੍ਰੀ ਰੰਧਾਵਾ ਨੇ ਕਿਹਾ ਕਿ ਪੰਜਾਬ ਦੀ ਧਰਤੀ ਗੁਰੂਆਂ, ਪੀਰਾਂ ਅਤੇ ਸ਼ਹੀਦਾਂ ਦੀ ਧਰਤੀ ਹੈ, ਜਿੱਥੇ ਸਦਾ ਹੀ ਸਾਂਝ, ਸਹਿਣਸ਼ੀਲਤਾ ਅਤੇ ਸਰਬੱਤ ਦੇ ਭਲੇ ਦੀ ਸੋਚ ਨੂੰ ਅਪਣਾਇਆ ਗਿਆ ਹੈ।ਨਗਰ ਕੀਰਤਨ ਦੌਰਾਨ ਵੱਖ-ਵੱਖ ਗਤਕਾ ਅਖਾੜਿਆਂ ਵੱਲੋਂ ਗਤਕਾ ਦੇ ਦਿਲਕਸ਼ ਪ੍ਰਦਰਸ਼ਨ ਕੀਤੇ ਗਏ। ਨਗਰ ਕੀਰਤਨ ਡੇਰਾਬੱਸੀ ਸ਼ਹਿਰ ਦੇ ਮੁੱਖ ਬਾਜ਼ਾਰਾਂ ਅਤੇ ਰਿਹਾਇਸ਼ੀ ਇਲਾਕਿਆਂ ਵਿੱਚੋਂ ਹੁੰਦਾ ਹੋਇਆ ਮੁੜ ਗੁਰਦੁਆਰਾ ਸਾਹਿਬ ਵਿਖੇ ਸੰਪੰਨ ਹੋਇਆ।

## ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਪੁਰਬ ਸੰਬੰਧੀ ਨਗਰ ਕੀਰਤਨ ਸਜਾਇਆ

**ਮੋਹਾਲੀ (ਗੁਰਜੀਤ ਬਿੱਲਾ)** ਧੰਨ ਧੰਨ ਅਮਰ ਸ਼ਹੀਦ ਜੱਥੇਦਾਰ ਬਾਬਾ ਹਨੂੰਮਾਨ ਸਿੰਘ ਦੇ ਸ਼ਹੀਦੀ ਅਸਥਾਨ ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਅੱਜ ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ



ਦੇ 360ਵੇਂ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿੱਚ ਵਿਸ਼ਾਲ ਨਗਰ ਕੀਰਤਨ ਦਾ ਆਯੋਜਨ ਕੀਤਾ ਗਿਆ। ਨਗਰ ਕੀਰਤਨ ਗੁਰਦੁਆਰਾ ਸਾਹਿਬ ਤੋਂ ਅਰੰਭ ਹੋ ਕੇ ਪੂਰੇ ਇਲਾਕੇ ਦੀ ਪ੍ਰਕਰਮਾ ਕਰਦਾ ਹੋਇਆ, ਗੁਰਦੁਆਰਾ ਸਾਹਿਬ ਵਿੱਚ ਹੀ ਸਮਾਪਤ ਹੋਇਆ। ਨਗਰ ਕੀਰਤਨ ਦੀ ਅਗਵਾਈ ਪੰਜ ਪਿਆਰਿਆਂ ਨੇ ਕੀਤੀ। ਨਗਰ ਕੀਰਤਨ ਵਿੱਚ ਗਤਕਾ ਪਾਰਟੀ, ਫੌਜੀ ਬੈਂਡ ਅਤੇ ਹੋਰ ਕਈ ਬੈਂਡ ਵਾਲਿਆਂ ਨੇ ਨਗਰ ਕੀਰਤਨ ਦੀ ਸ਼ੋਭਾ ਵਧਾਈ। ਨਗਰ ਕੀਰਤਨ ਦੇ ਪੂਰੇ ਰਸਤੇ ਨੂੰ ਸਵਾਗਤੀ ਗੇਟਾਂ ਨਾਲ ਬਹੁਤ ਹੀ ਸੁੰਦਰ ਢੰਗ ਨਾਲ ਸਜਾਇਆ ਗਿਆ ਸੀ। ਨਗਰ ਕੀਰਤਨ ਦਾ ਥਾਂ ਥਾਂ 'ਤੇ ਨਿੱਘਾ ਸਵਾਗਤ ਕੀਤਾ ਗਿਆ।

# ਐਡਵੋਕੇਟ ਸੁੱਚਾ ਸਿੰਘ ਅਟਵਾਲ ਨੂੰ ਸੈਂਕੜੇ ਸੇਜਲ ਅੱਖਾਂ ਨਾਲ ਦਿੱਤੀ ਅੰਤਿਮ ਵਿਦਾਇਗੀ

**ਸ੍ਰੀ ਆਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਵਿਛੜ ਚੁੱਕੇ ਐਡਵੋਕੇਟ ਸੁੱਚਾ ਸਿੰਘ ਅਟਵਾਲ 70 ਨੂੰ ਸੈਂਕੜੇ ਸੇਜਲ ਅੱਖਾਂ ਨਾਲ ਅੰਤਿਮ ਵਿਦਾਇਗੀ ਦਿੱਤੀ ਗਈ। ਉਨ੍ਹਾਂ ਦੀ ਪਿਛਲੇ ਦਿਨੀਂ ਦਿਮਾਗ ਦੀ ਨਾੜੀ ਫੱਟ ਗਈ ਸੀ।ਜਿਸ ਦਾ ਇਲਾਜ ਮੋਹਾਲੀ ਦੇ ਇੱਕ ਨਿਜੀ ਹਸਪਤਾਲ ਵਿੱਚ ਚੱਲ ਰਿਹਾ ਸੀ।ਬੀਤੀ ਦੇਰ ਰਾਤ ਉਹ ਸਦੀਵੀ ਵਿਛੋੜਾ ਦੇ ਗਏ।ਉਨ੍ਹਾਂ ਦਾ ਅੰਤਿਮ ਦਾਹ ਸੰਸਕਾਰ ਚਰਨ ਗੰਗਾ ਸ਼ਮਸ਼ਾਨ ਘਾਟ ਵਿਚ ਧਾਰਮਿਕ ਰੀਤੀ ਰਿਵਾਜਾਂ ਨਾਲ ਕਰ ਦਿੱਤਾ ਗਿਆ।ਇਸ ਮੌਕੇ ਵੱਡੀ ਗਿਣਤੀ ਵਿੱਚ ਇਲਾਕੇ ਦੇ ਲੋਕ, ਵਕੀਲ ਭਾਈਚਾਰਾ, ਅਫਸਰ ਸਾਹਿਬਾਨ, ਰਿਸ਼ਤੇ ਦਾਰ ਮਿੱਤਰ ਸੱਜਣ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਉਹਨਾਂ ਦੀ ਚਿਖਾ ਨੂੰ ਅੱਗ ਉਹਨਾਂ ਦੇ ਪੁੱਤਰ ਐਡਵੋਕੇਟ ਬਿਕਰਮਜੀਤ ਸਿੰਘ ਅਟਵਾਲ ਨੇ ਦਿਖਾਈ।ਇਸ ਦੁੱਖ ਦੀ ਘੜੀ ਵਿੱਚ ਉਹਨਾਂ ਦੇ ਨਾਲ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਸਾਬਕਾ ਜਥੇਦਾਰ ਅਕਾਲ ਤਖਤ ਸਾਹਿਬ, ਗਿਆਨੀ ਜੋਗਿੰਦਰ ਸਿੰਘ ਹੈਡ ਗ੍ਰੰਥੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਮੈਨੇਜਰ ਹਰਦੇਵ ਸਿੰਘ, ਐਡਵੋਕੇਟ ਜਸਬੀਰ ਸਿੰਘ ਸੂਰੇਵਾਲ, ਮੈਨੇਜਰ ਮਲਕੀਤ ਸਿੰਘ,



ਸਾਬਕਾ ਐਸਜੀਪੀਸੀ ਮੈਂਬਰ ਕੁਲਵੰਤ ਸਿੰਘ ਬਾਠ ,ਹਰਪ੍ਰੀਤ ਸਿੰਘ,ਹਕੀਮ ਹਰਮਿੰਦਰ ਪਾਲ ਸਿੰਘ ਮਿਨਹਾਸ ਆਈਏਐਸ ਲਲਿਤ ਜੈਨ ਹਿਮਾਚਲ ਪ੍ਰਦੇਸ਼, ਡੀਐਸਪੀ ਹਰਸਿਮਰਨਜੀਤ ਸਿੰਘ ਛੇਤਰਾ, ਐਸ ਐਸ ਪੀ ਅਰਸ਼ਦੀਪ ਸਿੰਘ, ਐਸ ਐਚ ਓ ਰੁਪਿੰਦਰ ਸਿੰਘ, ਸੇਵਾ ਮੁਕਤ ਜਸਟਿਸ ਜਸਵੀਰ ਸਿੰਘ, ਹਰਬੰਸ ਸਿੰਘ ਅਟਵਾਲ, ਆਰ ਟੀ ਓ ਰਾਜਪਾਲ ਸਿੰਘ ਸੇਖੋ ਮੋਹਾਲੀ, ਅਮਰੀਕ ਸਿੰਘ ਢਾਹੇ, ਐਡਵੋਕੇਟ ਜਤਿੰਦਰ ਪਾਲ ਸਿੰਘ ਢੇਰ, ਮਾਸਟਰ ਬੰਤਾ ਸਿੰਘ, ਐਡਵੋਕੇਟ ਮੋਹਨ ਲਾਲ ਸੈਣੀ, ਐਡਵੋਕੇਟ ਅਨੁਜ ਠਾਕੁਰ, ਕਾਮਰੇਡ ਸੁਰਜੀਤ ਸਿੰਘ ਢੇਰ,ਜਸਵਿੰਦਰ ਸਿੰਘ ਭੰਗਲ, ਜਗਤਾਰ ਸਿੰਘ ਅਟਵਾਲ ,ਗੁਰਬਖਸ ਸਿੰਘ ਢਾਹੇ ,ਗੱਜਣ ਸਿੰਘ ਹੜੈਚ, ਐਡਵੋਕੇਟ ਜਗਵੰਤ ਮੀਆਂਪੁਰੀ, ਐਡਵੋਕੇਟ ਹਰੀਸ਼ ਚੇਤਲ,ਅਮਨਿੰਦਰ ਸਿੰਘ ਸੇਖੋਂ,ਥਾਣੇਦਾਰ ਮਹਿੰਦਰ ਸਿੰਘ, ਨੰਬਰਦਾਰ ਸੁਰਿੰਦਰ ਪਾਲ ਸਿੰਘ ਢੇਰ, ਇੰਦਰਜੀਤ ਸਿੰਘ ਫੌਜੀ ਗੁਰਦਿਆਲ ਸਿੰਘ ਅਟਵਾਲ, ਪ੍ਰਧਾਨ ਪ੍ਰੇਮ ਸਿੰਘ,ਰਜਿੰਦਰ ਸਿੰਘ ਡੋਡ, ਬਲਦੇਵ ਸਿੰਘ ਅਟਵਾਲ ,ਮੈਨੇਜਰ ਦਲੇਲ ਸਿੰਘ, ਮਾਸਟਰ ਗੁਰਦੇਵ ਸਿੰਘ ਡੱਬਰੀ, ਮਾਸਟਰ ਗੁਰਦੇਵ ਸਿੰਘ ਕੰਗ, ਹਰਪ੍ਰੀਤ ਸਿੰਘ ਮੰਡੇਰ, ਐਡਵੋਕੇਟ ਰਾਜੀਵ ਰਾਣਾ, ਐਡਵੋਕੇਟ ਮਨੀਸ਼ ਮਹਿਰਾ, ਮਨਜਿੰਦਰ ਸਿੰਘ ਬਰਾੜ, ਸੂਬੇਦਾਰ ਹਰਭਜਨ ਸਿੰਘ ਮਹੈਣ,ਹਰਨੇਕ ਸਿੰਘ ਭਾਉਵਾਲ, ਹਰਜਾਪ ਸਿੰਘ ਬਡਿਆਲ, ਐਡਵੋਕੇਟ ਦੌਲਤ ਸਿੰਘ ਚਬਰੇਵਾਲ, ਰਾਜਪਾਲ ਆਂਗਰਾ, ਐਡਵੋਕੇਟ ਸਚਿਨ ਕੌਸ਼ਲ, ਐਡਵੋਕੇਟ ਸਤਨਾਮ ਸਿੰਘ, ਐਡਵੋਕੇਟ ਵਿਸ਼ਾਲ ਵਸ਼ਿਸ਼ਟ, ਐਡਵੋਕੇਟ ਵਿਸ਼ਾਲ ਸੈਣੀ, ਨੰਬਰਦਾਰ ਰਾਮ ਪ੍ਰਕਾਸ਼,ਲਾਲੀ ਝੱਜ, ਐਡਵੋਕੇਟ ਨਵਦੀਪ ਸਿੰਘ ਹੀਰਾ ਨੇ ਅਟਵਾਲ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ।ਐਡਵੋਕੇਟ ਸੁੱਚਾ ਸਿੰਘ ਆਪਣੇ ਪਿੱਛੇ ਵਿਧਵਾ ਪਤਨੀ, ਪੁੱਤਰ,ਧੀ- ਜਵਾਈ ਸਮੇਤ ਹੱਸਦਾ ਵੱਸਦਾ ਵੱਡਾ ਪਰਿਵਾਰ ਛੱਡ ਗਿਆ।

# ਪ ਸ ਸ ਫ ਵੱਲੋਂ ਸਾਲ 2026 ਦਾ ਸੰਘਰਸ਼ੀ ਸਰਗਰਮੀਆਂ ਸਹਿਤ ਕੈਲੰਡਰ ਰਿਲੀਜ਼

**ਜਲੰਧਰ (ਰਾਜੇਸ਼ ਥਾਪਾ)** ਸੂਬੇ ਦੇ ਮੁਲਾਜ਼ਮਾਂ ਦੀ ਸੰਘਰਸ਼ਸ਼ੀਲ ਜੱਥੇਬੰਦੀ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਵਲੋਂ ਆਪਣੀਆਂ ਮੰਗਾਂ ਦੇ ਸੰਬੰਧ ਵਿੱਚ ਇੱਕ ਇਕੱਤਰਤਾ ਕੀਤੀ ਗਈ।ਇਸ ਮੌਕੇ ਗਜ਼ਟਿਡ ਛੁੱਟੀਆਂ ਅਤੇ ਰਾਖਵੀਆਂ ਛੁੱਟੀਆਂ ਦਰਸਾਈਆਂ ਗਈਆਂ ਹਨ।ਇਸਦੇ ਨਾਲ ਹੀ ਨਗਰ ਕੀਰਤਨ ਅਤੇ ਸ਼ੋਭਾ ਯਾਤਰਾ ਵਿੱਚ ਭਾਗ ਲੈਣ ਲਈ ਲਈਆਂ ਜਾਣ ਵਾਲੀਆਂ ਦੋ ਛੁੱਟੀਆਂ ਦੀ ਲਿਸਟ ਵੀ ਛਾਪੀ ਗਈ ਸਿੰਘ ਬਾਸੀ ਨੇ ਸਮੂਹ ਆਗੂਆਂ ਨੂੰ ਬੇਨਤੀ ਕੀਤੀ ਕਿ ਜੱਥੇਬੰਦੀ ਦੇ ਇਸ ਕੈਲੰਡਰ ਨੂੰ ਹਰ ਦਫ਼ਤਰ, ਸਕੂਲ, ਸੰਸਥਾ ਸਹਿਤ ਸਮੂਹ ਮੁਲਾਜ਼ਮਾਂ ਤੱਕ ਪਹੁੰਚਦਾ ਕੀਤਾ ਜਾਵੇ।ਇਸ ਮੌਕੇ ਉਪਰੋਕਤ ਆਗੂਆਂ ਤੋਂ ਇਲਾਵਾ



ਸੁਖਵਿੰਦਰ ਸਿੰਘ ਚਾਹਲ, ਕਰਮਜੀਤ ਸਿੰਘ ਬੀਹਲਾ, ਵੀਰਇੰਦਰਜੀਤ ਪੁਰੀ, ਬਲਵਿੰਦਰ ਭੁੱਟੋ, ਗੁਰਵਿੰਦਰ ਸਿੰਘ ਖਮਾਣੋਂ, ਜਤਿੰਦਰ ਕੁਮਾਰ, ਨਿਰਮੋਲਕ ਸਿੰਘ ਹੀਰਾ, ਬਲਜਿੰਦਰ ਸਿੰਘ, ਦਰਸ਼ਣ ਬੇਲੂਮਾਜਰਾ, ਜੱਥੇਬੰਦੀ ਦੇ ਸੂਬਾ ਪ੍ਰਧਾਨ ਸਤੀਸ਼ ਰਾਣਾ ਅਤੇ ਸੂਬਾ ਜਨਰਲ ਸਕੱਤਰ ਤੀਰਥ ਸਿੰਘ ਬਾਸੀ ਦੀ ਅਗਵਾਈ ਵਿੱਚ ਪ.ਸ.ਸ.ਫ. ਦਾ ਸਾਲ 2026 ਦਾ ਸੰਘਰਸ਼ੀ ਸਰਗਰਮੀਆਂ ਸਹਿਤ ਕੈਲੰਡਰ ਵੀ ਰਲੀਜ਼ ਕੀਤਾ ਗਿਆ।ਜੱਥੇਬੰਦੀ ਦੇ ਕੈਲੰਡਰ ਸਬੰਧੀ ਜਾਣਕਾਰੀ ਦਿੰਦਿਆਂ ਸੂਬਾ ਪ੍ਰੈਸ ਸਕੱਤਰ ਇੰਦਰਜੀਤ ਵਿਰਦੀ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਪੱਤਰ ਨੰਬਰ 06/01/2025-2 ਪੀ.ਪੀ.3/ 781 ਮਿਤੀ 26-11-2025 ਅਨੁਸਾਰ ਸਰਕਾਰੀ ਹੈ।ਇਸਦੇ ਨਾਲ ਹੀ ਪ.ਸ.ਸ.ਫ. ਅਤੇ ਇਸਦੇ ਨਾਲ ਸਬੰਧਤ ਜੱਥੇਬੰਦੀਆਂ ਵਲੋਂ ਪਿਛਲੇ ਸਾਲ ਦੌਰਾਨ ਕੀਤੇ ਸੂਬਾ ਪੱਧਰੀ ਸੰਘਰਸ਼ਾਂ ਦੀਆਂ ਤਸਵੀਰਾਂ ਵੀ ਦਿਖਾਈਆਂ ਗਈਆਂ ਹਨ। ਉਹਨਾਂ ਕਿਹਾ ਕਿ ਜੱਥੇਬੰਦੀ ਦੇ ਆਗੂਆਂ ਦੀ ਮਿਹਨਤ ਸਦਕਾ ਛਾਪੇ ਗਏ ਇਸ ਕੈਲੰਡਰ ਨੂੰ ਮੁਨਾਫ਼ੇ ਲਈ ਨਹੀਂ ਬਲਕਿ ਜੱਥੇਬੰਦਕ ਪ੍ਰਚਾਰ ਲਈ ਮੁਲਾਜ਼ਮ ਅਤੇ ਪੈਨਸ਼ਨਰ ਵਰਗ ਅੰਦਰ ਵੰਡਿਆ ਜਾ ਰਿਹਾ ਹੈ। ਸੂਬਾ ਜਨਰਲ ਸਕੱਤਰ ਸਾਥੀ ਤੀਰਥ ਮਨਜੀਤ ਸਿੰਘ ਸੈਣੀ, ਹਰਨੇਕ ਸਿੰਘ ਗਹਿਰੀ, ਪ੍ਰੇਮ ਚੰਦ ਆਜ਼ਾਦ, ਤਰਸੇਮ ਮਾਧੋਪੁਰੀ, ਲਖਵਿੰਦਰ ਸਿੰਘ ਖਾਨਪੁਰ, ਦਰਸ਼ਣ ਚੀਮਾ, ਰਕੇਸ਼ ਕੁਮਾਰ ਮਹਿਲਾਂਵਾਲੀ, ਜਗੀਰ ਸਿੰਘ ਸਹੋਤਾ, ਕੁਲਦੀਪ ਸਿੰਘ ਕੌੜਾ, ਸਿਮਰਜੀਤ ਸਿੰਘ ਬਰਾੜ, ਤੇਜਿੰਦਰ ਸਿੰਘ, ਗੁਰਦੇਵ ਸਿੰਘ ਸਿੱਧੂ, ਦਵਿੰਦਰ ਸਿੰਘ ਬਿੱਟੂ, ਗੁਰਪ੍ਰੀਤ ਹੈਪੀ, ਸਵਿੰਦਰ ਸਿੰਘ ਭੱਟੀ,,ਮਨੋਜ ਕੁਮਾਰ ਸਰੋਏ,ਓਮ ਪ੍ਰਕਾਸ਼ , ਬਲਵੀਰ ਸਿੰਘ ਆਦਿ ਆਗੂ ਵੀ ਹਾਜਰ ਸਨ।

## ਪਵਨ ਕੁਮਾਰ ਟੀਨੂ ਨੇ ਰੋਡ ਦੇ ਕੰਮ ਦਾ ਰੱਖਿਆ ਨੀਂਹ ਪੱਥਰ



**ਆਦਮਪੁਰ (ਪਰਮਜੀਤ ਸਿੰਘ)** ਮੁੱਖ ਮੰਤਰੀ ਭਗਵੰਤ ਮਾਨ ਦੇ ਦਿਸ਼ਾ ਨਿਰਦੇਸ਼ਾਂ ਤੇ ਪਿੰਡ ਮਾਣਕੋ ਵਿਖੇ ਹਲਕਾ ਇੰਚਾਰਜ ਅਤੇ ਚੇਅਰਮੈਨ ਪੰਜਾਬ ਖੇਤੀਬਾੜੀ ਵਿਕਾਸ ਬੈਂਕ ਪਵਨ ਕੁਮਾਰ ਟੀਨੂੰ ਵੱਲੋਂ 36 ਲੱਖ ਦੀ ਲਾਗਤ ਨਾਲ ਬਣਨ ਵਾਲੀਆਂ ਲਿੰਕ ਸੜਕਾਂ ਦਾ ਨੀਂਹ ਪੱਥਰ ਰੱਖਿਆ ਗਿਆ ਜਿਸ ਵਿੱਚ ਚੁਖਿਆਰਾ ਤੋਂ ਮਾਣਕੋ ਰੋਡ-9.78 ਲੱਖ, ਕਠਾਰ ਖਿਆਲਾ ਤੋਂ ਦਿਅੰਤਪੁਰ ਰੋਡ-12.65 ਲੱਖ, ਕਠਾਰ ਖਿਆਲਾ ਰੋਡ ਤੋਂ ਡਰੋਲੀ ਕਲਾਂ ਰੋਡ - 13.64 ਲੱਖ ਦੇ ਕੰਮ ਸਾਮਿਲ ਹਨ। ਇਸ ਮੌਕੇ ਪਿੰਡ ਵਾਸੀਆਂ ਨੂੰ ਆ ਰਹੀਆਂ ਮੁਸ਼ਕਲਾਂ ਵੀ ਸੁਣੀਆਂ ਅਤੇ ਮੌਕੇ ਤੇ ਨਿਪਟਾਰਾ ਵੀ ਕੀਤਾ।ਓਹਨਾ ਕਿਹਾ ਜਲਦ ਹੀ ਸੜਕਾਂ ਦਾ ਨਿਰਮਾਣ ਕਰਕੇ ਲੋਕਾਂ ਦੇ ਸਪੁਰਦ ਕੀਤੀਆਂ ਜਾਣਗੀਆਂ।ਪੰਜਾਬ ਸਰਕਾਰ ਵਲੋਂ ਪਿੰਡਾਂ ਵਿੱਚ ਵਿਕਾਸ ਕਾਰਜਾਂ ਸਬੰਧੀ ਫੰਡਾਂ ਦਾ ਕੋਈ ਕਮੀਂ ਨਹੀਂ ਆਉਣ ਦਿੱਤੀ ਜਾਵੇਗੀ।ਇਸ ਮੌਕੇ ਮਾਣਕੋ ਪਿੰਡ ਦੇ ਸਰਪੰਚ ਅਤੇ ਬਲਾਕ ਸੰਮਤੀ ਮੈਂਬਰ ਸ੍ਰੀਮਤੀ ਕਮਲੇਸ਼ ਰਾਣੀ, ਮਾਰਕੀਟ ਕਮੇਟੀ ਆਦਮਪੁਰ ਦੇ ਚੇਅਰਮੈਨ ਪਰਮਜੀਤ ਰਾਜਵੰਸ਼, ਜਿਲ੍ਹਾ ਪ੍ਰੀਸ਼ਦ ਮੈਂਬਰ ਸਰਬਜੀਤ ਹੈਪੀ, ਦਲਜੀਤ ਸਿੰਘ ਮਿਨਹਾਸ ਬਲਾਕ ਸੰਮਤੀ ਮੈਂਬਰ, ਸਤਨਾਮ ਸਿੰਘ ਬਲਾਕ ਸੰਮਤੀ ਮੈਂਬਰ, ਰਾਜਾ ਡਰੋਲੀ, ਜਸਪ੍ਰੀਤ ਚਾਹਲ, ਪਰਮਿੰਦਰ ਪੰਮਾ ਆਦਿ ਹਾਜ਼ਰ ਰਹੇ।

# ਪੰਜਾਬ ਪ੍ਰੈੱਸ ਕਲੱਬ ਵੱਲੋਂ ਪੱਤਰਕਾਰਾਂ ਖ਼ਿਲਾਫ਼ ਦਰਜ ਪਰਚਿਆਂ ਦੀ ਸਖ਼ਤ ਸ਼ਬਦਾਂ 'ਚ ਨਿੰਦਾ

**ਜਲੰਧਰ (ਸ਼ੈਲੀ ਐਲਬਰਟ)** ਪੰਜਾਬ ਪ੍ਰੈੱਸ ਕਲੱਬ ਨੇ ਲੁਧਿਆਣਾ ਵਿੱਚ ਪੱਤਰਕਾਰਾਂ ਖ਼ਿਲਾਫ਼ ਪੁਲਸ ਵੱਲੋਂ ਦਰਜ ਕੀਤੀ ਗਈ ਐਫ਼.ਆਈ.ਆਰ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ।ਕਲੱਬ ਦੀ ਗਵਰਨਿੰਗ ਕੌਂਸਲ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਕਿ ਪੱਤਰਕਾਰਾਂ ਖ਼ਿਲਾਫ਼ ਇਸ ਤਰ੍ਹਾਂ ਦੀ ਕਾਰਵਾਈ ਪ੍ਰੈੱਸ ਦੀ ਆਜ਼ਾਦੀ 'ਤੇ ਸਿੱਧਾ ਹਮਲਾ ਹੈ, ਜਿਸ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।ਪੰਜਾਬ ਪ੍ਰੈੱਸ ਕਲੱਬ ਪ੍ਰਧਾਨ ਜਸਪ੍ਰੀਤ ਸਿੰਘ ਸੈਣੀ, ਸੀਨੀਅਰ ਮੀਤ ਪ੍ਰਧਾਨ ਰਾਜੇਸ਼ ਥਾਪਾ, ਜਨਰਲ ਸਕੱਤਰ ਪੁਨੀਤ ਸਹਿਗਲ, ਮੀਤ ਪ੍ਰਧਾਨ ਪਰਮਜੀਤ ਸਿੰਘ ਰੰਗਪੁਰੀ, ਮਨਦੀਪ ਸ਼ਰਮਾ, ਤੇਜਿੰਦਰ ਕੌਰ ਥਿੰਦ, ਖਜ਼ਾਨਚੀ ਸ਼ਿਵ ਸ਼ਰਮਾ, ਸਕੱਤਰ ਰਾਜੇਸ਼ ਯੋਗੀ ਤੇ ਸੰਯੁਕਤ ਸਕੱਤਰ ਸੁਕਰਾਂਤ ਸਫਰੀ ਨੇ ਕਿਹਾ ਕਿ ਪੱਤਰਕਾਰ ਸਮਾਜ ਅਤੇ ਲੋਕਤੰਤਰ ਦੇ ਚੌਥੇ ਥੰਮ੍ਹ ਵਜੋਂ ਆਪਣੀ ਜ਼ਿੰਮੇਵਾਰੀ ਨਿਭਾਅ ਰਹੇ ਹਨ ਅਤੇ ਸੱਚ ਨੂੰ ਸਾਹਮਣੇ ਲਿਆਉਣਾ ਉਨ੍ਹਾਂ ਦਾ ਮੂਲ ਅਧਿਕਾਰ ਹੈ। ਪੱਤਰਕਾਰਾਂ ਨੂੰ ਡਰਾਉਣ ਅਤੇ ਚੁੱਪ ਕਰਵਾਉਣ ਲਈ ਪਰਚੇ ਦਰਜ ਕਰਨਾ ਬਹੁਤ ਹੀ ਨਿੰਦਨਯੋਗ ਹੈ।ਕਲੱਬ ਨੇ ਪੰਜਾਬ ਸਰਕਾਰ ਅਤੇ ਪੁਲਸ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਪੱਤਰਕਾਰਾਂ ਖ਼ਿਲਾਫ਼ ਦਰਜ ਕੀਤੇ ਗਏ ਪਰਚੇ ਨੂੰ ਤੁਰੰਤ ਰੱਦ ਕੀਤਾ ਜਾਵੇ ਅਤੇ ਦੋਸ਼ੀ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇ।

# ਨੰਗਲ ਟਰੱਕ ਅਪਰੇਟਰ ਟਰਾਂਸਪੋਰਟ ਸੁਸਾਇਟੀ ਬਚਾਉਣ ਲਈ ਇਲਾਕਾ ਸੰਘਰਸ਼ ਕਮੇਟੀ ਦੀ ਮੀਟਿੰਗ 8 ਨੂੰ

**ਨੰਗਲ (ਸੁਰਜੀਤ ਸਿੰਘ ਢੇਰ)** ਇਲਾਕਾ ਸੰਘਰਸ਼ ਕਮੇਟੀ ਦੇ ਸਰਗਰਮ ਮੈਂਬਰਾਂ ਦੀ ਮੀਟਿੰਗ ਪ੍ਰਧਾਨ ਹਰਦੇਵ ਸਿੰਘ ਐਲਗਰਾ ਦੀ ਪ੍ਰਧਾਨਗੀ ਹੇਠ ਪਿੰਡ ਭਲਾਣ ਵਿਖੇ ਟਿੱਕਾ ਯਸਵੀਰ ਚੰਦ ਦੇ ਗ੍ਰਹਿ ਵਿਖੇ ਹੋਈ।ਜਿਸ 'ਚ ਹਾਜ਼ਰ ਮੈਂਬਰ ਨੇ ਚਿੰਤਾ ਜ਼ਾਹਰ ਕਰਦਿਆਂ ਕਿਹਾ ਕਿ ਇਲਾਕੇ 'ਚ ਗੈਰ ਕਾਨੂੰਨੀ



ਮਾਈਨਿੰਗ ਲਗਾਤਾਰ ਵੱਧਦੀ ਜਾ ਰਹੀ ਹੈ।ਇਸ ਦੇ ਨਾਲ ਹੀ ਨੰਗਲ ਟਰਾਂਸਪੋਰਟ ਸੁਸਾਇਟੀ ਨੂੰ ਭੰਗ ਕੀਤੇ ਜਾਣ ਤੇ ਟਰੱਕ ਮਾਲਕਾਂ ਦੇ ਹੋਣ ਵਾਲੇ ਨੁਕਸਾਨ ਤੇ ਗਹਿਰੀ ਚਿੰਤਾ ਦਾ ਪ੍ਰਗਟਾਵਾ ਕੀਤਾ ਗਿਆ।ਇਸ ਮੌਕੇ ਹਾਜ਼ਰ ਆਗੂਆਂ ਨੇ ਦੱਸਿਆ ਕਿ ਇਲਾਕੇ ਵਿੱਚ ਦਿਨ ਰਾਤ ਮਾਈਨਿੰਗ ਮਾਫੀਆ ਪੂਰੀ ਤਰ੍ਹਾਂ ਗੈਰ ਕਾਨੂੰਨੀ ਮਾਈਨਿੰਗ ਕਰ ਰਿਹਾ ਹੈ।ਪੁਲਸ ਪ੍ਰਸ਼ਾਸਨ ਦਾ ਕੋਈ ਖੌਫ ਮਾਈਨਿੰਗ ਮਾਫੀਆ 'ਤੇ ਨਹੀਂ ਹੈ। ਆਗੂਆਂ ਨੇ ਕਿਹਾ ਕਿ ਜੇਕਰ ਸਤਲੁਜ ਦਰਿਆ ਸਵਾਂ ਨਦੀ ਲਗਾਤਾਰ ਪੱਟੀ ਗਈ ਤਾਂ ਇਲਾਕੇ ਦੇ ਕਈ ਦਰਜਨਾਂ ਪਿੰਡਾਂ ਦੀ ਹੋਂਦ ਨੂੰ ਖਤਰਾ ਹੋ ਜਾਵੇਗਾ।ਕਿਉਂਕਿ ਮਾਈਨਿੰਗ 100 ਫੁੱਟ ਤੋਂ ਵੀ ਡੂੰਘੀ ਕੀਤੀ ਜਾ ਰਹੀ ਹੈ।ਜਿਸ ਕਾਰਨ ਪੈ ਰਹੇ ਪਾੜ ਕਾਰਨ ਲਗਾਤਾਰ ਪਿੰਡ ਉਜੜ ਰਹੇ ਹਨ। ਜਿਸ ਖਿਲਾਫ ਆਗੂਆਂ ਨੇ ਇਲਾਕੇ ਦੇ ਸੂਝਵਾਨ ਸਮੁੱਚੇ ਪੰਜਾਬ ਦੇ ਮਾਈਨਿੰਗ ਖਿਲਾਫ ਲੜਨ ਵਾਲੇ ਲੋਕਾਂ ਨੂੰ ਸੱਦਾ ਦਿੱਤਾ ਕਿ 8 ਜਨਵਰੀ ਦਿਨ ਵੀਰਵਾਰ ਨੂੰ ਗੁਰਦੁਆਰਾ ਰਤਵਾੜਾ ਸਾਹਿਬ ਬੇਲਾ ਵਿਖੇ ਵੱਡੀ ਗਿਣਤੀ 'ਚ 11 ਵਜੇ ਪੁੱਜਣ ਤੇ ਇਲਾਕੇ ਨੂੰ ਬਚਾਉਣ ਵਾਲੇ ਇਹ ਦੋ ਮੁੱਦਿਆਂ 'ਤੇ ਮੁੱਖ ਤੌਰ 'ਤੇ ਲੜਾਈ ਲੜੀ ਜਾਵੇਗੀ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਟਿੱਕਾ ਯਸਵੀਰ ਚੰਦ ਭਲਾਣ, ਸੁਰਜੀਤ ਸਿੰਘ ਢੇਰ, ਸਰਪੰਚ ਰਘਬੀਰ ਸਿੰਘ ਬੇਲਾ, ਸੂਬੇਦਾਰ ਕੁਲਵੰਤ ਸਿੰਘ, ਗਿਆਨੀ ਜਸਵਿੰਦਰ ਸਿੰਘ, ਹਰਜੀਤ ਸਿੰਘ ਵਿਰਕ,ਸੁਰਿੰਦਰ ਸਿੰਘ ਛਿੰਦਾ, ਗਿਆਨੀ ਕੇਸਰ ਸਿੰਘ, ਗੁਰਦੇਵ ਸਿੰਘ ਸੈਂਸੋਵਾਲ, ਕੁਲਦੀਪ ਸਿੰਘ ਬੇਲਾ ਵੀ ਹਾਜ਼ਰ ਸਨ।

# ਮੋਰਚੇ ਵੱਲੋਂ 24 ਨੂੰ ਦਿੜ੍ਹਬਾ ਵਿਖੇ ਸੂਬਾ ਪੱਧਰੀ ਰੈਲੀ ਕਰਨ ਦਾ ਐਲਾਨ : ਮੋਰਚਾ ਆਗੂ



**ਨਕੋਦਰ (ਮਨਜੀਤ ਮਾਨ)** ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਸੂਬਾਈ ਆਗੂਆਂ ਵਰਿੰਦਰ ਸਿੰਘ ਮੋਮੀ, ਬਲਿਹਾਰ ਸਿੰਘ, ਜਗਰੂਪ ਸਿੰਘ, ਸ਼ੇਰ ਸਿੰਘ ਖੰਨਾ, ਸਿਮਰਨਜੀਤ ਸਿੰਘ ਨੀਲੋਂ, ਸੰਦੀਪ ਖੱਤਰੀ, ਰਮਨਦੀਪ ਸਿੰਘ, ਕੁਲਦੀਪ ਸਿੰਘ ਜਵੰਦਾ, ਜਗਸੀਰ ਸਿੰਘ ਭੰਗੂ, ਹਰਜਿੰਦਰਪਾਲ ਸਿੰਘ, ਜਗਜੀਤ ਸਿੰਘ ਅਤੇ ਦਿਲਬਾਗ਼ ਸਿੰਘ ਆਦਿ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਸਰਕਾਰੀ ਵਿਭਾਗਾਂ ਦੇ ਠੇਕਾ ਮੁਲਾਜ਼ਮਾਂ ਨੂੰ ਵਿਭਾਗਾਂ ਵਿੱਚ ਪੱਕਾ ਕਰਨ ਦਾ ਵਾਅਦਾ ਕਰਕੇ ਸੱਤਾ ਵਿੱਚ ਆਈ 'ਆਪ ਸਰਕਾਰ' ਵੀ ਪਿਛਲੀਆਂ ਸਰਕਾਰਾਂ ਦੀ ਤਰ੍ਹਾਂ ਹੀ ਠੇਕਾ ਮੁਲਾਜ਼ਮਾਂ ਨੂੰ ਲਾਰੇ-ਲੱਪਿਆਂ ਵਿੱਚ ਰੱਖਕੇ ਆਪਣਾ ਸਮਾਂ ਲੰਘਾ ਰਹੀ ਹੈ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਠੇਕਾ ਮੁਲਾਜ਼ਮਾਂ ਦੀ ਕਿਰਤ ਦੀ ਕੀਤੀ ਜਾ ਰਹੀ ਅੰਨੀ-ਲੁੱਟ ਨੂੰ ਬੰਦ ਕਰਨ ਦੇ ਐਲਾਨ ਮਗਰੋਂ ਵੀ ਠੇਕਾ ਮੁਲਾਜ਼ਮਾਂ ਨੂੰ ਠੇਕਾ ਪ੍ਰਣਾਲੀ ਦੀ ਚੱਕੀ ਵਿੱਚ ਪਿਸਣ ਲਈ ਮਜ਼ਬੂਰ ਕੀਤਾ ਹੋਇਆ ਹੈ। ਜਿਸ ਦੇ ਵਿਰੋਧ ਵਜੋਂ 'ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ' ਦੇ ਬੈਨਰ ਹੇਠ ਸਰਕਾਰੀ ਵਿਭਾਗਾਂ ਦੇ ਠੇਕਾ ਮੁਲਾਜ਼ਮਾਂ ਵੱਲੋਂ 24 ਜਨਵਰੀ ਨੂੰ ਦਿੜ੍ਹਬਾ ਦੀ ਅਨਾਜ਼ ਮੰਡੀ ਵਿੱਚ ਪਰਵਾਰਾਂ ਅਤੇ ਬੱਚਿਆਂ ਸਮੇਤ ਸੂਬਾ ਪੱਧਰੀ ਰੈਲੀ ਕੀਤੀ ਜਾਵੇਗੀ।

## ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਪੁਰਬ ਸੰਬੰਧੀ ਨਗਰ ਕੀਰਤਨ ਸਜਾਇਆ

**ਬਲਾਚੌਰ (ਜਸਵਿੰਦਰ ਬੈਂਸ)** ਸਭਾ ਕੌਲਗੜ੍ਹ ਤੋਂ ਸਵੇਰੇ ਆਰੰਭ ਹੋ ਕੇ ਅਲੱਗ-ਅਲੱਗ ਪੜਾਵਾਂ ਤੋਂ ਹੁੰਦਾ ਹੋਇਆ ਸ਼ਾਮ ਦੇ ਸਮੇਂ ਗੁਰਦੁਵਾਰਾ ਸਾਹਿਬ ਵਿਖ਼ੇ ਸਮਾਪਤ ਹੋਇਆ।ਨਗਰ ਕੀਰਤਨ ਦੀ ਅਗਵਾਈ ਪੰਜ ਪਿਆਰਿਆਂ ਅਤੇ ਨਿਸ਼ਾਨਚੀ ਸਹਿਬਾਨ ਵੱਲੋਂ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਕੀਤੀ ਗਈ।ਜਿਸ ਵਿੱਚ



ਭਾਈ ਨਿਰਮਲ ਸਿੰਘ ਦੇ ਕੀਰਤਨੀ ਜਥੇ ਨੇ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।ਭਾਈ ਅਮ੍ਰਿਤਪਾਲ ਸਿੰਘ ਦੇ 'ਸ਼ਹੀਦਾਂ ਸਿੰਘਾਂ ਗੱਤਕਾ ਅਖਾੜਾ ਘੁੰਮਣਾ' ਦੇ ਨਿਹੰਗ ਸਿੰਘਾਂ ਨੇ ਗੱਤਕੇ ਦੇ ਜੌਹਰ ਦਿਖਾਏ। ਸੰਗਤਾਂ ਲਈ ਵੱਖ ਵੱਖ ਥਾਵਾਂ 'ਤੇ ਅਲੱਗ ਅਲੱਗ ਤਰ੍ਹਾਂ ਦੇ ਲੰਗਰਾਂ ਦਾ ਵਿਸ਼ੇਸ ਪ੍ਰਬੰਧ ਸਮੂਹ ਨਗਰ ਨਿਵਾਸੀਆਂ ਵਲੋਂ ਕੀਤਾ ਗਿਆ।ਨਗਰ ਕੀਰਤਨ ਦੀ ਸਮਾਪਤੀ ਤੇ ਗੁਰਦੁਆਰਾ ਸਿੰਘ ਸਭਾ ਦੇ ਪ੍ਰਧਾਨ ਹਰਚਰਨ ਸਿੰਘ ਘਣਗਸ, ਬਲਵਿੰਦਰ ਸਿੰਘ ਭਾਲੜੂ, ਹੈੱਡ ਗ੍ਰੰਥੀ ਬਾਬਾ ਕਸ਼ਮੀਰ ਸਿੰਘ, ਕੈਪਟਨ ਦਿਲਾਵਰ ਸਿੰਘ, ਹਰਪ੍ਰੀਤ ਸਿੰਘ, ਹਰਜਿੰਦਰ ਸਿੰਘ, ਮੱਖਣ ਸਿੰਘ ਨੇ ਦੱਸਿਆ ਕਿ ਪੰਜ ਜਨਵਰੀ ਨੂੰ ਗੁਰਦੁਆਰਾ ਸਾਹਿਬ ਵਿਖੇ ਅਖੰਡ ਪਾਠ ਜੀ ਦੇ ਭੋਗ ਪਾਏ ਜਾਣਗੇ।

## ਮੋਹਿੰਦਰ ਭਗਤ ਵੱਲੋਂ ਰੱਖਿਆ ਸੇਵਾਵਾਂ ਭਲਾਈ ਵਿਭਾਗ ਦੀ ਡਾਇਰੀ ਤੇ ਟੇਬਲ ਕੈਲੰਡਰ-2026 ਜਾਰੀ

**ਚੰਡੀਗੜ੍ਹ (ਗੁਰਜੀਤ ਬਿੱਲਾ)** ਪੰਜਾਬ ਦੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਨੇ ਵਿਭਾਗ ਦੀ ਡਾਇਰੀ ਅਤੇ ਟੇਬਲ ਕੈਲੰਡਰ ਸਾਲ 2026 ਨੂੰ ਚੰਡੀਗੜ੍ਹ ਵਿਖੇ ਜਾਰੀ ਕਰ ਦਿੱਤਾ ਹੈ।ਇਸ ਮੌਕੇ ਮੰਤਰੀ ਸ੍ਰੀ



ਭਗਤ ਨੇ ਦੱਸਿਆ ਕਿ ਇਹ ਡਾਇਰੀ ਅਤੇ ਟੇਬਲ ਕੈਲੰਡਰ ਨੂੰ ਵਿਸ਼ੇਸ਼ ਤੌਰ 'ਤੇ ਸਾਬਕਾ ਸੈਨਿਕਾਂ ਦੇ ਪਰਵਾਰਾਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਨੂੰ ਇਕ ਥਾਂ ਤੇ ਮਹੱਤਵਪੂਰਨ ਜਾਣਕਾਰੀ ਅਤੇ ਵਿਭਾਗੀ ਸੰਪਰਕ ਵੇਰਵੇ ਪ੍ਰਦਾਨ ਕਰਨ ਲਈ ਤਿਆਰ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਭਲਾਈ ਲਈ ਤੇਜ਼ੀ ਨਾਲ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਰੱਖਿਆ ਸੇਵਾਵਾਂ ਭਲਾਈ ਵਿਭਾਗ ਸੈਨਿਕ ਭਾਈਚਾਰੇ ਦੀ ਸਹੂਲਤ, ਭਲਾਈ ਅਤੇ ਸਨਮਾਨ ਲਈ ਲਗਾਤਾਰ ਪ੍ਰਭਾਵਸ਼ਾਲੀ ਪਹਿਲਕਦਮੀਆਂ ਕਰ ਰਿਹਾ ਹੈ।ਇਸ ਮੌਕੇ ਵਧੀਕ ਮੁੱਖ ਸਕੱਤਰ, ਰੱਖਿਆ ਸੇਵਾਵਾਂ ਭਲਾਈ ਵਿਭਾਗ, ਸ੍ਰੀ ਜੇ.ਐਮ. ਬਾਲਾਮੁਰੂਗਨ, ਡਾਇਰੈਕਟਰ ਬ੍ਰਿਗੇਡੀਅਰ. ਭੁਪਿੰਦਰ ਸਿੰਘ ਢਿੱਲੋਂ (ਸੇਵਾਮੁਕਤ) ਅਤੇ ਓਐਸਡੀ ਕਰਨਲ ਜਰਨੈਲ ਸਿੰਘ (ਸੇਵਾਮੁਕਤ) ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਪਤਨੀ ਨੇ ਲਿਵਰ ਦਾਨ ਕਰਕੇ ਬਚਾਈ ਪਤੀ ਦੀ ਜਾਨ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਦਵਿੰਦਰਪਾਲ ਸਿੰਘ ਦੀ ਪਤਨੀ ਦੇ ਲਿਵਰ ਦਾ ਇੱਕ ਹਿੱਸਾ ਦਾਨ ਕਰਨ ਤੋਂ ਬਾਅਦ ਅੰਮ੍ਰਿਤਸਰ ਦੇ 38 ਸਾਲਾ ਵਿਅਕਤੀ ਨੂੰ ਲਿਵਰ ਟ੍ਰਾਂਸਪਲਾਂਟ ਤੋਂ ਬਾਅਦ ਨਵੀਂ ਜ਼ਿੰਦਗੀ ਮਿਲੀ।ਲੀਵਰ ਫੇਲ੍ਹ ਤੋਂ ਪੀੜਤ ਸਿੰਘ ਨੂੰ ਗੰਭੀਰ ਹਾਲਤ ਵਿੱਚ ਮੈਕਸ ਹਸਪਤਾਲ ਲਿਆਂਦਾ ਗਿਆ ਸੀ।ਮਰੀਜ਼ ਨੂੰ ਚਮੜੀ ਅਤੇ ਅੱਖਾਂ ਦਾ ਪੀਲਾਪਣ, ਕਾਲਾ ਪਿਸ਼ਾਬ, ਪੇਟ ਵਿੱਚ ਸੋਜਸ਼ ਅਤੇ ਲਗਾਤਾਰ ਕਮਜ਼ੋਰੀ ਦਾ ਅਨੁਭਵ ਹੋ ਰਿਹਾ ਸੀ ਮਰੀਜ਼ ਨੂੰ ਅਗਸਤ 2025 ਤੋਂ ਕਈ ਵਾਰ



ਵੱਖ-ਵੱਖ ਹਸਪਤਾਲਾਂ ਵਿੱਚ ਦਾਖਲ ਕਰਵਾਇਆ ਗਿਆ ਸੀ, ਜਿੱਥੇ ਉਸ ਦਾ ਗੰਭੀਰ ਲਿਵਰ ਦੀ ਬਿਮਾਰੀ ਦਾ ਇਲਾਜ ਕੀਤਾ ਗਿਆ ਸੀ।ਹਾਲਾਂਕਿ, ਸਥਿਤੀ ਵਿਗੜਦੀ ਜਾ ਰਹੀ ਹੈ, ਜਿਸ ਨਾਲ ਪਰਿਵਾਰ ਨੂੰ ਤੁਰੰਤ ਇਲਾਜ ਕਰਵਾਉਣਾ ਪਿਆ।ਐਚ ਪੀ ਬੀ ਸਰਜਰੀ ਅਤੇ ਲੀਵਰ ਟ੍ਰਾਂਸਪਲਾਂਟ ਸਲਾਹਕਾਰ ਡਾ. ਕਪਤਾਨ ਸਿੰਘ ਦੀ ਅਗਵਾਈ ਵਾਲੀ ਲਿਵਰ ਟ੍ਰਾਂਸਪਲਾਂਟ ਟੀਮ ਦੁਆਰਾ ਮੈਕਸ ਵਿਖੇ ਵਿਸਥਾਰਤ ਮੁਲਾਂਕਣ ਤੋਂ ਬਾਅਦ ਐਮਰਜੈਂਸੀ ਟ੍ਰਾਂਸਪਲਾਂਟ ਕੀਤਾ ਗਿਆ।ਡਾ. ਕਪਤਾਨ ਸਿੰਘ ਨੇ ਕਿਹਾ, 'ਜਦੋਂ ਮਰੀਜ਼ ਸਾਡੇ ਕੋਲ ਪਹੁੰਚਿਆ ਤਾਂ ਉਹ ਲੀਵਰ ਫੇਲ੍ਹ ਦੇ ਆਖਰੀ ਪੜਾਅ 'ਤੇ ਸੀ।ਪਤੀ ਦੀ ਜਾਨ ਬਚਾਉਣ ਲਈ ਮਰੀਜ਼ ਦੀ ਪਤਨੀ ਨੇ ਆਪਣੇ ਲਿਵਰ ਦਾ ਇਕ ਹਿੱਸਾ ਦਾਨ ਕਰਨ ਦਾ ਫੈਸਲਾ ਕੀਤਾ।ਡਾਕਟਰੀ ਮੁਲਾਂਕਣ ਤੋਂ ਬਾਅਦ, ਪਤਨੀ ਨੂੰ ਲਿਵਰ ਦਾਨ ਲਈ ਢੁਕਵਾਂ ਪਾਇਆ ਗਿਆ।ਡਾ. ਕਪਤਾਨ ਸਿੰਘ ਨੇ ਅੱਗੇ ਕਿਹਾ ਕਿ ਲਿਵਰ ਦੇ ਟ੍ਰਾਂਸਪਲਾਂਟ ਦੀ ਸਰਜਰੀ ਤੋਂ ਬਾਅਦ, ਮਰੀਜ਼ ਨੂੰ ਹੌਲੀ-ਹੌਲੀ ਜੀਵਨ ਰੱਖਿਅਕ ਦਵਾਈਆਂ ਅਤੇ ਸਾਹ ਲੈਣ ਵਾਲੇ ਸਹਾਇਕ ਤੋਂ ਹਟਾ ਦਿੱਤਾ ਗਿਆ ਅਤੇ ਹੁਣ ਡਾਕਟਰੀ ਦੇਖਭਾਲ ਅਧੀਨ ਮਰੀਜ਼ ਚੰਗੀ ਤਰ੍ਹਾਂ ਠੀਕ ਹੋ ਰਿਹਾ ਹੈ।

# ਗੋਦ ਲਈਆਂ ਗਈਆਂ ਸੜਕਾਂ ਦੇ ਨਿਯਮਿਤ ਨਿਰੀਖਣ 'ਤੇ ਦਿੱਤਾ ਜ਼ੋਰ

**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)** ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ 'ਪੰਜਾਬ ਸੜਕ ਸਫਾਈ ਮਿਸ਼ਨ' ਤਹਿਤ ਸੜਕਾਂ ਦੇ ਬੁਨਿਆਦੀ ਢਾਂਚੇ ਨੂੰ ਬਰਕਰਾਰ ਰੱਖਣ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਪ੍ਰਗਤੀ ਦਾ ਜਾਇਜ਼ਾ ਲਿਆ।ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਇਸ ਸਬੰਧੀ ਸਮੀਖਿਆ ਮੀਟਿੰਗ ਦੀ



ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਨੇ 'ਪੰਜਾਬ ਸੜਕ ਸਫਾਈ ਮਿਸ਼ਨ' ਤਹਿਤ ਜ਼ਿਲ੍ਹੇ ਵਿੱਚ ਅਧਿਕਾਰੀਆਂ ਵੱਲੋਂ ਗੋਦ ਲਈਆਂ ਸੜਕਾਂ ਦੇ ਸੁਚੱਜੇ ਰੱਖ-ਰਖਾਅ ਲਈ ਕੀਤੇ ਜਾ ਰਹੇ ਯਤਨਾਂ ਦੀ ਸਮੀਖਿਆ ਕੀਤੀ।ਉਨ੍ਹਾਂ ਅਧਿਕਾਰੀਆਂ ਨੂੰ ਆਪੋ-ਆਪਣੇ ਅਧਿਕਾਰ ਖੇਤਰ ਵਿੱਚ ਗੋਦ ਲਈਆਂ ਗਈਆਂ ਸੜਕਾਂ ਦੇ ਨਿਯਮਿਤ ਦੌਰੇ ਕਰਨ ਅਤੇ ਇਨ੍ਹਾਂ ਦੀ ਸੁਚੱਜੇ ਢੰਗ ਨਾਲ ਮੈਨਟੇਨੈਂਸ ਯਕੀਨੀ ਬਣਾਉਣ ਲਈ ਠੋਸ ਉਪਾਅ ਕਰਨ ਦੇ ਨਿਰਦੇਸ਼ ਦਿੱਤੇ।ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਅਡਾਪਟ ਕੀਤੀਆਂ ਸੜਕਾਂ 'ਤੇ ਸਾਫ-ਸਫਾਈ, ਟੋਏ, ਨਿਕਾਸੀ ਸਮੇਤ ਪੇਸ਼ ਆ ਰਹੇ ਹੋਰ ਮੁੱਦੇ ਤੁਰੰਤ ਸਬੰਧਤ ਵਿਭਾਗ ਦੇ ਨੋਡਲ ਅਧਿਕਾਰੀ ਨਾਲ ਸਾਂਝੇ ਕੀਤੇ ਜਾਣ, ਤਾਂ ਜੋ ਇਨ੍ਹਾਂ ਨੂੰ ਜਲਦ ਤੋਂ ਜਲਦ ਹੱਲ ਕਰਕੇ ਜ਼ਿਲ੍ਹਾ ਵਾਸੀਆਂ ਨੂੰ ਰਾਹਤ ਦਿਵਾਈ ਜਾ ਸਕੇ।

# ਆਮ ਲੋਕਾਂ ਨੂੰ ਸਸ਼ਕਤ ਬਣਾਉਣ ਦੀ ਦਿਸ਼ਾ 'ਚ ਦੂਰਦਰਸ਼ੀ ਕਦਮ ਹੈ 'ਮੁੱਖ ਮੰਤਰੀ ਸਿਹਤ ਯੋਜਨਾ ਕਾਰਡ' : ਸੰਦੀਪ ਸੈਣੀ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ, ਓਮ ਪ੍ਰਕਾਸ਼ ਰਾਣਾ)** ਬੈਕਫਿੰਕੋ ਦੇ ਚੇਅਰਮੈਨ ਸੰਦੀਪ ਸੈਣੀ ਨੇ ਮੁੱਖ ਮੰਤਰੀ ਸਿਹਤ ਯੋਜਨਾ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਇਹ ਯੋਜਨਾ ਮੁੱਖ ਮੰਤਰੀ ਦੀ ਦੂਰਦਰਸ਼ੀ ਸੋਚ ਅਤੇ ਲੋਕ ਭਲਾਈ ਪ੍ਰਤੀ ਉਨ੍ਹਾਂ ਦੀ ਵਚਨਬੱਧਤਾ ਦੀ ਇਕ ਮਜ਼ਬੂਤ ਉਦਾਹਰਨ ਹੈ।ਉਨ੍ਹਾਂ ਕਿਹਾ ਕਿ 8 ਜਨਵਰੀ, 2026 ਤੋਂ ਸੂਬੇ ਭਰ ਵਿੱਚ ਸ਼ੁਰੂ ਹੋਣ ਜਾ ਰਹੀ ਰਜਿਸਟ੍ਰੇਸ਼ਨ ਰਾਹੀਂ ਪੰਜਾਬ ਸਰਕਾਰ ਨੇ ਸਿਹਤ ਸੇਵਾਵਾਂ ਨੂੰ ਹਰ ਨਾਗਰਿਕ ਤੱਕ ਪਹੁੰਚਯੋਗ ਬਣਾਉਣ ਦਾ ਇਤਿਹਾਸਕ ਫ਼ੈਸਲਾ ਲਿਆ ਹੈ।ਸੰਦੀਪ ਸੈਣੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਯੋਜਨਾ ਤਹਿਤ ਹਰ ਪਰਿਵਾਰ ਨੂੰ ਪੰਜਾਬ ਅਤੇ ਚੰਡੀਗੜ੍ਹ ਦੇ ਸਰਕਾਰੀ ਅਤੇ ਪੈਨਲ ਪ੍ਰਾਈਵੇਟ ਹਸਪਤਾਲਾਂ ਵਿੱਚ ਹਰ ਸਾਲ 10 ਲੱਖ ਰੁਪਏ ਤੱਕ ਦੇ ਨਕਦ ਰਹਿਤ ਇਲਾਜ ਦੀ ਸਹੂਲਤ ਪ੍ਰਦਾਨ ਕੀਤੀ ਜਾਵੇਗੀ। ਇਹ ਯੋਜਨਾ ਖਾਸ ਕਰਕੇ ਆਰਥਿਕ ਤੌਰ 'ਤੇ ਕਮਜ਼ੋਰ ਅਤੇ ਮੱਧ ਵਰਗ ਦੇ ਪਰਿਵਾਰਾਂ ਲਈ ਵਰਦਾਨ ਸਾਬਤ ਹੋਵੇਗੀ, ਜੋ ਮਹਿੰਗੇ ਇਲਾਜ ਕਾਰਨ



ਸਿਹਤ ਸਹੂਲਤਾਂ ਤੋਂ ਵਾਂਝੇ ਹਨ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸਿਹਤ ਯੋਜਨਾ ਦਾ ਮੁੱਖ ਉਦੇਸ਼ ਜ਼ਮੀਨੀ ਪੱਧਰ 'ਤੇ ਵੱਧ ਤੋਂ ਵੱਧ ਲੋਕਾਂ ਨੂੰ ਮਿਆਰੀ ਸਿਹਤ ਸੰਭਾਲ ਸੇਵਾਵਾਂ ਪ੍ਰਦਾਨ ਕਰਨਾ ਹੈ, ਤਾਂ ਜੋ ਕੋਈ ਵੀ ਨਾਗਰਿਕ ਸਿਰਫ਼ ਵਿੱਤੀ ਕਾਰਨਾਂ ਕਰਕੇ ਇਲਾਜ ਤੋਂ ਵਾਂਝਾ ਨਾ ਰਹੇ।ਇਹ ਯੋਜਨਾ 'ਤੰਦਰੁਸਤ ਪੰਜਾਬ' ਦੇ ਸੁਪਨੇ ਨੂੰ ਸਾਕਾਰ ਕਰਨ ਵੱਲ ਇੱਕ ਠੋਸ ਕਦਮ ਹੈ।ਚੇਅਰਮੈਨ ਸੰਦੀਪ ਸੈਣੀ ਨੇ ਦੱਸਿਆ ਕਿ ਇਸ ਯੋਜਨਾ ਤਹਿਤ ਕਾਰਡ ਪ੍ਰਾਪਤ ਕਰਨ ਲਈ ਇਕ ਵਿਅਕਤੀ ਦਾ ਪੰਜਾਬ ਦਾ ਨਿਵਾਸੀ ਹੋਣਾ ਲਾਜ਼ਮੀ ਹੈ।ਯੋਗ ਨਾਗਰਿਕ ਆਪਣੇ ਪਿੰਡ ਜਾਂ ਕਸਬੇ ਦੇ ਨੇੜੇ ਕਿਸੇ ਵੀ ਕਾਮਨ ਸਰਵਿਸ ਸੈਂਟਰ (ਸੀ.ਐਸ.ਸੀ) 'ਤੇ ਜਾ ਕੇ ਕਾਰਡ ਪ੍ਰਾਪਤ ਕਰ ਸਕਦੇ ਹਨ।ਰਜਿਸਟ੍ਰੇਸ਼ਨ ਲਈ ਰਿਹਾਇਸ਼ੀ ਸਬੂਤ, ਜਿਵੇਂ ਕਿ ਆਧਾਰ ਕਾਰਡ ਅਤੇ ਵੋਟਰ ਆਈਡੀ ਕਾਰਡ, ਦੀ ਲੋੜ ਹੋਵੇਗੀ।ਉਨ੍ਹਾਂ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਮਹੱਤਵਪੂਰਨ ਯੋਜਨਾ ਦਾ ਲਾਭ ਉਠਾਉਣ ਅਤੇ ਆਪਣੇ ਪਰਿਵਾਰਾਂ ਦੀ ਸਿਹਤ ਸੁਰੱਖਿਆ ਨੂੰ ਯਕੀਨੀ ਬਣਾਉਣ।

## ਨਵੇਂ ਸਾਲ ਦੀ ਆਮਦ 'ਤੇ ਮੁਲਾਜ਼ਮਾਂ ਦੀ ਸੁਖ-ਸ਼ਾਂਤੀ ਵਾਸਤੇ ਸੁਖਮਨੀ ਸਾਹਿਬ ਦੇ ਭੋਗ ਪਾਏ

**ਕਪੂਰਥਲਾ (ਮਨਜੀਤ ਮਾਨ)** ਜ਼ਿਲ੍ਹਾ ਕਪੂਰਥਲਾ ਦੇ ਇਤਿਹਾਸਕ ਕਸਬਾ ਕਾਲਾ ਸੰਘਿਆਂ ਦੇ ਪੰਜਾਬ ਰਾਜ ਪਾਵਰਕੌਮ ਸਬ ਡਵੀਜ਼ਨ ਵਿਖੇ ਐਸ ਡੀ ਓ ਅਮਰਜੀਤ ਸਿੰਘ ਗਿੱਲ, ਜੇ ਈ



ਜਸਵੀਰ ਸਿੰਘ ਤੇ ਸਮੂਹ ਸਟਾਫ਼ ਵੱਲੋਂ ਨਵੇਂ ਵਰ੍ਹੇ ਦੀ ਆਮਦ ਤੇ ਮੁਲਾਜ਼ਮਾਂ ਦੀ ਸੁਖ ਸ਼ਾਂਤੀ ਵਾਸਤੇ ਸ੍ਰੀ ਸੁਖਮਨੀ ਸਾਹਿਬ ਪਾਠ ਦੇ ਭੋਗ ਪਾਏ ਗਏ ਇਸ ਮੌਕੇ ਸ਼੍ਰੋਮਣੀ ਕੀਰਤਨੀਏ ਭਾਈ ਰਣਜੀਤ ਸਿੰਘ ਰਾਣਾ ਤੇ ਭਾਈ ਅਵਤਾਰ ਸਿੰਘ ਸਿੱਧਵਾਂ ਦੋਨਾਂ ਵਾਲਿਆ ਵੱਲੋਂ ਕਥਾ ਕਰਕੇ ਸੰਗਤਾਂ ਨੂੰ ਗੁਰੂ ਇਤਿਹਾਸ ਨਾਲ ਨਿਹਾਲ ਕੀਤਾ। ਇਸ ਮੌਕੇ ਐਸ ਡੀ ਓ ਨਾਨਕ ਸਿੰਘ ਦੇ ਈ ਜਸਵੀਰ ਸਿੰਘ, ਜੇ ਈ ਗੁਰਮੀਤ ਸਿੰਘ, ਰੇਸ਼ਮ ਸਿੰਘ ਪ੍ਰਧਾਨ ਪੈਨਸ਼ਨਰਜ਼ ਐਸੋਸੀਏਸ਼ਨ ਕਪੂਰਥਲਾ, ਬਲਦੇਵ ਰਾਜ ਜਨਰਲ ਸਕੱਤਰ ਪੈਨਸ਼ਨਰਜ਼ ਐਸੋਸੀਏਸ਼ਨ ਕਪੂਰਥਲਾ, ਪਰਮਜੀਤ ਸਿੰਘ ਬੱਸਣ ਪ੍ਰਧਾਨ ਗੁਰਦੁਆਰਾ ਸੰਤ ਬਾਬਾ ਕਾਹਨ ਦਾਸ ਕਾਲਾ ਸੰਘਿਆਂ, ਬਿਜਲੀ ਮੁਲਾਜ਼ਮਾਂ ਤੋਂ ਇਲਾਵਾ ਸੇਵਾ ਮੁਕਤ ਮੁਲਜ਼ਮ ਤੇ ਇਲਾਕੇ ਦੀਆਂ ਨਾਮਵਰ ਸਖਸ਼ੀਅਤਾਂ ਹਾਜ਼ਰ ਸਨ।

# 2027 ਚੋਣਾਂ ’ਚ ਨੌਜਵਾਨਾਂ ਨੂੰ 70% ਪ੍ਰਤੀਨਿਧਤਾ ਦੇਣ ’ਤੇ ਕਾਂਗਰਸ ਦੀ ਯੋਜਨਾ ਦਾ ਪੀ ਵਾਈ ਸੀ ਪ੍ਰਧਾਨ ਵੱਲੋਂ ਸਵਾਗਤ

## ਸ਼ਹਿਰ ਦੀ ਨੁਹਾਰ ਬਦਲਣ ਲਈ ਨਗਰ ਕੌਂਸਲ ਪ੍ਰਧਾਨ ਨਾਲ ਕਰਾਂਗੇ ਮੁਲਾਕਾਤ : ਢੋਸੀਵਾਲ



**ਫਰੀਦਕੋਟ (ਐਲਿਗਜੈਂਡਰ ਡਿਸੂਜਾ)**-ਲਾਰਡ ਬੁੱਧਾ ਚੈਰੀਟੇਬਲ ਟਰੱਸਟ (ਐੱਲ.ਬੀ.ਸੀ.ਟੀ.) ਦੀ ਜ਼ਿਲ੍ਹਾ ਇਕਾਈ ਦੀ ਇੱਕ ਅਹਿਮ ਮੀਟਿੰਗ ਸਥਾਨਕ ਜੈਸਮੀਨ ਹੋਟਲ ਵਿਖੇ ਹੋਈ।ਨਵੇਂ ਸਾਲ ਦੀ ਇਸ ਪਹਿਲੀ (ਪਲੇਠੀ) ਮੀਟਿੰਗ ਦੀ ਪ੍ਰਧਾਨਗੀ ਟਰੱਸਟ ਦੇ ਸੰਸਥਾਪਕ ਚੇਅਰਮੈਨ ਜਗਦੀਸ਼ ਰਾਏ ਢੋਸੀਵਾਲ ਤੇ ਜ਼ਿਲ੍ਹਾ ਪ੍ਰਧਾਨ ਜਗਦੀਸ਼ ਰਾਜ ਭਾਰਤੀ ਵੱਲੋਂ ਸਾਂਝੇ ਤੌਰ ’ਤੇ ਕੀਤੀ ਗਈ।ਮੀਟਿੰਗ ਉਪਰੰਤ ਜਾਣਕਾਰੀ ਦਿੰਦਿਆਂ ਚੇਅਰਮੈਨ ਜਗਦੀਸ਼ ਰਾਏ ਢੋਸੀਵਾਲ ਨੇ ਦੱਸਿਆ ਕਿ ਟਰੱਸਟ ਵੱਲੋਂ ਜਲਦੀ ਹੀ ਨਗਰ ਕੌਂਸਲ ਦੇ ਪ੍ਰਧਾਨ ਤੇ ਕਾਰਜ ਸਾਧਕ ਅਫਸਰ ਨਾਲ ਮੁਲਾਕਾਤ ਕੀਤੀ ਜਾਵੇਗੀ।ਇਸ ਮੁਲਾਕਾਤ ਦਾ ਮੁੱਖ ਉਦੇਸ਼ ਸ਼ਹਿਰ ਵਿੱਚ ਡਾ. ਅੰਬੇਡਕਰ ਚੌਂਕ ਤੇ ਸ੍ਰੀ ਗੁਰੂ ਰਵਿਦਾਸ ਚੌਂਕ ਦੀ ਸਥਾਪਨਾ ਕਰਵਾਉਣਾ ਅਤੇ ਸ੍ਰੀ ਗੁਰੂ ਰਵਿਦਾਸ ਮਾਰਗ ਬਣਾਉਣ ਸਬੰਧੀ ਮੰਗਾਂ ਨੂੰ ਪੂਰਾ ਕਰਵਾਉਣਾ ਹੈ।ਉਨ੍ਹਾਂ ਦੱਸਿਆ ਕਿ ਇਸ ਸਬੰਧੀ ਪਹਿਲਾਂ ਵੀ ਪ੍ਰਸ਼ਾਸਨ ਤੇ ਨਗਰ ਕੌਂਸਲ ਨੂੰ ਮੰਗ ਪੱਤਰ ਦਿੱਤੇ ਜਾ ਚੁੱਕੇ ਹਨ।ਨਵੇਂ ਸਾਲ ਦੇ ਸਵਾਗਤ ਵਿੱਚ ਹੋਈ ਇਸ ਮੀਟਿੰਗ ਦੌਰਾਨ ਪ੍ਰਿੰ. ਕ੍ਰਿਸ਼ਨ ਲਾਲ, ਸ਼ਿਵ ਨਾਥ ਦਰਦੀ, ਨਰਿੰਦਰ ਕੌਰ ਤੇ ਪ੍ਰੋ. ਵੰਦਨਾ ਨੇ ਗੀਤਾਂ ਤੇ ਕਵਿਤਾਵਾਂ ਰਾਹੀਂ ਮਾਹੌਲ ਨੂੰ ਖੁਸ਼ਗਵਾਰ ਬਣਾਇਆ।ਸ੍ਰੀ ਢੋਸੀਵਾਲ ਨੇ ਫਰੀਦਕੋਟ ਇਕਾਈ ਦੀ ਮਿਹਨਤ ਦੀ ਸ਼ਲਾਘਾ ਕਰਦਿਆਂ ਸਮੁੱਚੀ ਟੀਮ ਨੂੰ ਵਧਾਈ ਦਿੱਤੀ।ਇਸ ਮੌਕੇ ਜ਼ਿਲ੍ਹਾ ਚੇਅਰਮੈਨ ਪ੍ਰਿੰ. ਕ੍ਰਿਸ਼ਨ ਕੁਮਾਰ, ਚੀਫ਼ ਪੈਟਰਨ ਹੀਰਾਵਤੀ, ਡੀ.ਪੀ.ਐੱਸ. ਭੋਲਾ, ਸ੍ਰੀ ਕ੍ਰਿਸ਼ਨ ਆਰ.ਏ., ਸ਼ਿਵ ਨਾਥ ਦਰਦੀ, ਜਸਵਿੰਦਰ ਜੱਸ, ਕੀਰਤ, ਨਰਿੰਦਰ ਕੌਰ, ਬਿਮਲਾ ਢੋਸੀਵਾਲ, ਪ੍ਰੋ. ਵੰਦਨਾ ਢੋਸੀਵਾਲ, ਇੰਜ. ਕੁਨਾਲ ਢੋਸੀਵਾਲ, ਮਮਤਾ, ਹੇਮ ਲਤਾ, ਮੈਡਮ ਦਰਸ਼ਨ, ਪਰਵੰਤਾ ਭਾਰਤੀ, ਗੁਲਨਾਜ਼, ਪਰੈਸ਼ੀਅਸ਼, ਮਾਧਵ ਤੇ ਗੋਵਿੰਦ ਸਮੇਤ ਹੋਰ ਮੈਂਬਰ ਹਾਜ਼ਰ ਸਨ।

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਪੰਜਾਬ ਕਾਂਗਰਸ ਦੇ ਪ੍ਰਧਾਨ ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ 60-70 ਨਵੇਂ ਤੇ ਨੌਜਵਾਨ ਚਿਹਰਿਆਂ ਨੂੰ ਮੌਕਾ ਦੇਣ ਦੇ ਐਲਾਨ ਤੋਂ ਕੁਝ ਘੰਟਿਆਂ ਬਾਅਦ ਪੰਜਾਬ ਯੂਥ ਕਾਂਗਰਸ ਦੇ ਪ੍ਰਧਾਨ ਮੋਹਿਤ ਮੋਹਿੰਦਰਾ ਨੇ ਇਸ ਬਿਆਨ ਦਾ ਖੁੱਲ੍ਹੇ ਦਿਲ ਨਾਲ ਸਵਾਗਤ ਕੀਤਾ।ਭਾਰਤ ਦੀ ਡੈਮੋਗ੍ਰਾਫਿਕ ਡਿਵੀਡੈਂਡ ਨੂੰ ਉਜਾਗਰ ਕਰਦਿਆਂ ਮੋਹਿਤ ਮੋਹਿੰਦਰਾ ਨੇ ਕਿਹਾ ਕਿ ਭਾਰਤ ਦੁਨੀਆ ਦੇ ਸਭ ਤੋਂ ਨੌਜਵਾਨ ਦੇਸ਼ਾਂ ਵਿੱਚੋਂ ਇੱਕ ਹੈ ਤੇ ਇਸ ਤਾਕਤ ਨੂੰ ਰਾਜਨੀਤਕ ਨੇਤ੍ਰਤਵ ਵਿੱਚ ਵੀ ਦਰਸਾਇਆ ਜਾਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਰਾਜ ਦੀ ਡੈਮੋਗ੍ਰਾਫਿਕ ਡਿਵੀਡੈਂਡ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਵਰਤਿਆ ਜਾਵੇ।ਮੋਹਿਤ ਮੋਹਿੰਦਰਾ ਨੇ ਕਿਹਾ ਕਿ ਇਹ ਕਦਮ ਨੌਜਵਾਨ ਨੇਤ੍ਰਤਵ ਲਈ ਲਗਭਗ 70% ਮੌਕੇ ਖੋਲ੍ਹਦਾ ਹੈ।ਇਹ ਫੈਸਲਾ ਕਾਂਗਰਸ ਪਾਰਟੀ ਦੀ ਲੋਕਤੰਤਰਕ ਨਵੀਂਕਰਨ, ਸਮਾਵੇਸ਼ਤਾ ਤੇ ਭਵਿੱਖ-ਮੁਖੀ ਰਾਜਨੀਤੀ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦਾ ਹੈ।ਮੈਂ ਆਸ ਕਰਦਾ ਹਾਂ ਕਿ ਪਾਰਟੀ ਇਸ ਲਕਸ਼ ਨੂੰ ਕਾਗਜ਼ਾਂ ਤੱਕ ਨਹੀਂ, ਜ਼ਮੀਨ ’ਤੇ ਵੀ ਪੂਰਾ ਕਰੇਗੀ।ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਨੌਜਵਾਨਾਂ ਦੀ ਪ੍ਰਤੀਨਿਧਤਾ ਹੁਣ ਚੋਣ ਨਹੀਂ, ਲੋੜ ਬਣ ਚੁੱਕੀ ਹੈ, ਖਾਸ ਕਰਕੇ ਉਸ ਵੇਲੇ ਜਦੋਂ ਪੰਜਾਬ ਬੇਰੁਜ਼ਗਾਰੀ, ਨਸ਼ਿਆਂ ਦੀ ਸਮੱਸਿਆ, ਕਾਨੂੰਨ-ਵਿਵਸਥਾ ਦੀ ਨਾਕਾਮੀ ਤੇ ਸ਼ਾਸਨ ’ਤੇ ਘਟਦੇ ਭਰੋਸੇ ਵਰਗੀਆਂ ਗੰਭੀਰ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ।ਉਨ੍ਹਾਂ ਕਿਹਾ ਕਿ ਦੇਸ਼ ਦੇ ਨੌਜਵਾਨਾਂ ਨੂੰ ਅੱਗੇ ਆਉਣਾ ਪਵੇਗਾ, ਜ਼ਿੰਮੇਵਾਰੀ ਲੈਣੀ ਪਵੇਗੀ ਤੇ ਇੱਕ ਬਿਹਤਰ ਪੰਜਾਬ ਤੇ ਮਜ਼ਬੂਤ ਭਾਰਤ ਬਣਾਉਣ ਵਿੱਚ ਸਰਗਰਮ ਭੂਮਿਕਾ ਨਿਭਾਉਣੀ ਪਵੇਗੀ।ਪੰਜਾਬ ਨੂੰ ਨੌਜਵਾਨ ਨੇਤਾਵਾਂ ਦੀ ਤੁਰੰਤ ਲੋੜ ਹੈ ਅਤੇ ਇਹ ਲੋੜ ਹੁਣ ਹੈ।

■ **ਪੰਜਾਬ ਦੀ ਡੈਮੋਗ੍ਰਾਫਿਕ ਡਿਵੀਡੈਂਡ ਨੂੰ ਢੰਗ ਨਾਲ ਵਰਤਣ ਦਾ ਸਮਾਂ ਆ ਗਿਆ : ਮੋਹਿਤ ਮੋਹਿੰਦਰਾ**



ਮੋਹਿਤ ਮੋਹਿੰਦਰਾ ਨੇ ਇਸ ਗੱਲ ’ਤੇ ਚਿੰਤਾ ਵੀ ਜਤਾਈ ਕਿ ਪਿਛਲੇ ਕੁਝ ਸਾਲਾਂ ਵਿੱਚ ਰਾਜਨੀਤੀ ਨੂੰ ਇੱਕ ਪੇਸ਼ੇ ਵਜੋਂ ਬਦਨਾਮ ਕੀਤਾ ਗਿਆ ਹੈ, ਜਿਸ ਕਾਰਨ ਕਈ ਯੋਗ ਤੇ ਵਚਨਬੱਧ ਨੌਜਵਾਨ ਜਨਤਕ ਜੀਵਨ ਤੋਂ ਦੂਰ ਰਹਿੰਦੇ ਹਨ।ਉਨ੍ਹਾਂ ਕਿਹਾ ਕਿ ਇਹ ਬਹੁਤ ਦੁੱਖਦਾਈ ਹੈ ਕਿ ਦੇਸ਼ ਦੇ ਭਵਿੱਖ ਲਈ ਡੂੰਘੀ ਚਿੰਤਾ ਹੋਣ ਦੇ ਬਾਵਜੂਦ ਕਈ ਨੌਜਵਾਨ ਰਾਜਨੀਤੀ ਦੀ ਮੌਜੂਦਾ ਛਵੀ ਕਾਰਨ ਸੰਸਦ ਤੇ ਵਿਧਾਨ ਸਭਾਵਾਂ ਤੋਂ ਦੂਰ ਰਹਿੰਦੇ ਹਨ।

ਉਨ੍ਹਾਂ ਕਿਹਾ ਕਿ ਜਿੱਥੇ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਨੌਜਵਾਨਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਵਿੱਚ ਅਸਫਲ ਰਹੀ ਹੈ, ਉੱਥੇ ਰਾਜਾ ਵੜਿੰਗ ਦੀ ਅਗਵਾਈ ਹੇਠ ਕਾਂਗਰਸ ਪਾਰਟੀ ਨੌਜਵਾਨ, ਜ਼ਮੀਨ ਨਾਲ ਜੁੜੇ ਤੇ ਪ੍ਰਦਰਸ਼ਨ ਅਧਾਰਤ ਨੇਤ੍ਰਤਵ ਲਈ ਇੱਕ ਭਰੋਸੇਯੋਗ ਮੰਚ ਤਿਆਰ ਕਰ ਰਹੀ ਹੈ।

ਪੰਜਾਬ ਯੂਥ ਕਾਂਗਰਸ ਨੇ 2027 ਵਿੱਚ ਪੰਜਾਬ ਦੀਆਂ ਆਕਾਂਛਾਵਾਂ ਦੀ ਸੱਚੀ ਨੁਮਾਇੰਦਗੀ ਕਰਨ ਵਾਲੇ ਸਾਫ਼ ਛਵੀ, ਸਮਰਪਿਤ ਤੇ ਲੋਕ-ਕੇਂਦਰਿਤ ਨੌਜਵਾਨ ਨੇਤਾਵਾਂ ਨੂੰ ਅੱਗੇ ਲਿਆਉਣ ਲਈ ਪਾਰਟੀ ਨੇਤ੍ਰਤਵ ਨੂੰ ਪੂਰਾ ਸਮਰਥਨ ਦੇਣ ਦੀ ਪੁਸ਼ਟੀ ਕੀਤੀ।

## ਬੀ ਐੱਫ ਯੂ ਐੱਚ ਐੱਸ ਵੱਲੋਂ ਪ੍ਰਾਪਤੀਆਂ ਤੇ ਉਮੀਦਾਂ ਨਾਲ ਨਵੇਂ ਸਾਲ ਦਾ ਸਵਾਗਤ



**ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਿਜ਼ (ਬੀ ਐੱਫ ਯੂ ਐੱਚ ਐੱਸ) ਫ਼ਰੀਦਕੋਟ ਵੱਲੋਂ ਵਾਈਸ ਚਾਂਸਲਰ ਪ੍ਰੋ. (ਡਾ.) ਰਾਜੀਵ ਸੂਦ ਦੀ ਅਗਵਾਈ ਹੇਠ ਨਵੇਂ ਸਾਲ 2026 ਦੇ ਸਵਾਗਤ ਲਈ ਯੂਨੀਵਰਸਿਟੀ ਦੇ ਸੈਨੇਟ ਹਾਲ ਵਿੱਚ ਇੱਕ ਵਿਸ਼ੇਸ਼ ਪ੍ਰੋਗਰਾਮ ਕਰਵਾਇਆ ਗਿਆ।ਇਸ ਮੌਕੇ ਯੂਨੀਵਰਸਿਟੀ ਦੇ ਅਧਿਕਾਰੀਆਂ, ਵਿਭਾਗਾਂ ਦੇ ਮੁਖੀਆਂ, ਫੈਕਲਟੀ ਮੈਂਬਰਾਂ ਤੇ ਸਟਾਫ਼ ਨੇ ਉਤਸ਼ਾਹ ਨਾਲ ਹਿੱਸਾ ਲਿਆ।ਇਸ ਮੌਕੇ ਰਜਿਸਟਰਾਰ ਸ੍ਰੀ ਅਰਵਿੰਦ ਕੁਮਾਰ, ਪ੍ਰੀਖਿਆ ਕੰਟਰੋਲਰ ਡਾ. ਰਾਜੀਵ ਸ਼ਰਮਾ, ਐਡੀਸ਼ਨਲ ਰਜਿਸਟਰਾਰ ਡਾ. ਰੋਹਿਤ ਚੋਪੜਾ, ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਦੇ ਪ੍ਰਿੰਸੀਪਲ ਡਾ. ਸੰਜੇ ਗੁਪਤਾ ਅਤੇ ਮੈਡੀਕਲ ਸੁਪਰਡੈਂਟ ਡਾ. ਨੀਤੂ ਕੁੱਕੜ ਵਿਸ਼ੇਸ਼ ਤੌਰ ’ਤੇ ਹਾਜ਼ਰ ਸਨ।ਸਭਾ ਨੂੰ ਸੰਬੋਧਨ ਕਰਦਿਆਂ ਪ੍ਰੋ. (ਡਾ.) ਰਾਜੀਵ ਸੂਦ ਨੇ ਸਾਲ 2025 ਦੌਰਾਨ ਯੂਨੀਵਰਸਿਟੀ ਵੱਲੋਂ ਹਾਸਲ ਕੀਤੀਆਂ ਵੱਡੀਆਂ ਪ੍ਰਾਪਤੀਆਂ ਬਾਰੇ ਦੱਸਿਆ।ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਨੇ ਪੜ੍ਹਾਈ, ਸਿਹਤ ਸੇਵਾਵਾਂ ਤੇ ਖੋਜ ਦੇ ਖੇਤਰ ਵਿੱਚ ਲਗਾਤਾਰ ਤਰੱਕੀ ਕੀਤੀ ਹੈ।ਉਨ੍ਹਾਂ ‘ਹੱਬ ਐਂਡ ਸਪੋਕ ਮਾਡਲ’, ਨਵੇਂ ਸਿਹਤ ਕੋਰਸਾਂ ਤੇ ਡਿਜੀਟਲ ਸਿੱਖਿਆ ਦੀ ਸ਼ੁਰੂਆਤ ਦਾ ਜ਼ਿਕਰ ਵੀ ਕੀਤਾ।ਇਸ ਤੋਂ ਇਲਾਵਾ ਖ਼ੂਨਦਾਨ ਮੁਹਿੰਮਾਂ, ਵਾਤਾਵਰਣ ਦੀ ਸੰਭਾਲ ਤੇ ਕੌਮੀ ਪੱਧਰ ’ਤੇ ਮਿਲੇ ਸਨਮਾਨਾਂ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ।ਡਾ. ਸੂਦ ਨੇ ਕਿਹਾ ਕਿ ਯੂਨੀਵਰਸਿਟੀ ਦਾ ਮੁੱਖ ਮਕਸਦ ਵਿਦਿਆਰਥੀਆਂ ਦੀ ਭਲਾਈ, ਸਾਫ਼-ਸੁਥਰਾ ਪ੍ਰੀਖਿਆ ਸਿਸਟਮ ਤੇ ਸਮਾਜ ਸੇਵਾ ਰਿਹਾ ਹੈ।ਟੀਮ ਵਰਕ ਤੇ ਲਗਾਤਾਰ ਮਿਹਨਤ ਹੀ ਯੂਨੀਵਰਸਿਟੀ ਦੀ ਸਫ਼ਲਤਾ ਦੀ ਅਸਲ ਤਾਕਤ ਹੈ।ਇਹ ਪ੍ਰੋਗਰਾਮ ਨਵੇਂ ਸਾਲ ਵਿੱਚ ਹੋਰ ਵੀ ਵੱਡੀਆਂ ਪ੍ਰਾਪਤੀਆਂ ਕਰਨ ਦੇ ਅਹਿਦ ਨਾਲ ਸਮਾਪਤ ਹੋਇਆ।ਉਨ੍ਹਾ ਕਿਹਾ ਕਿ ਯੂਨੀਵਰਸਿਟੀ ਸਿਹਤ ਸਿੱਖਿਆ ਤੇ ਮਰੀਜ਼ਾਂ ਦੀ ਸੇਵਾ ਦੇ ਖੇਤਰ ਵਿੱਚ ਨਵੇਂ ਮੁਕਾਮ ਹਾਸਲ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

## ਚੋਣਾਂ ਲੜਨ ਵਾਲੇ ਕਾਂਗਰਸੀ ਆਗੂਆਂ ਦਾ ਸਨਮਾਨ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸੂਬੇ ਵਿੱਚ ਹੋਈਆਂ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਦੌਰਾਨ ਵਿਧਾਨ ਸਭਾ ਹਲਕਾ ਸ਼ੁਤਰਾਣਾ ਨਾਲ ਸੰਬੰਧਤ ਵੱਖ ਵੱਖ ਜ਼ੋਨਾਂ ਤੋਂ ਕਾਂਗਰਸ ਪਾਰਟੀ ਦੇ ਟਿਕਟ ਉੱਤੇ ਚੋਣ ਮੈਦਾਨ ਵਿੱਚ ਉਤਰੇ ਉਮੀਦਵਾਰਾਂ ਨੂੰ ਸਨਮਾਨਤ ਕੀਤਾ ਗਿਆ।ਕਾਂਗਰਸ ਦੇ ਹਲਕਾ ਇੰਚਾਰਜ ਦਰਬਾਰਾ ਸਿੰਘ ਬਣਵਾਲਾ ਦੀ ਅਗਵਾਈ ਹੇਠ ਹੋਈ ਮੀਟਿੰਗ ਦੌਰਾਨ ਕਾਂਗਰਸੀ ਆਗੂਆਂ ਵੱਲੋਂ ਚੋਣ ਪ੍ਰਚਾਰ ਦੌਰਾਨ ਚੱਲੀਆਂ ਗਤੀਵਿਧੀਆਂ ਦਾ ਲੇਖਾ ਜੋਖਾ ਕਰਦਿਆਂ ਚੋਣ ਪ੍ਰਚਾਰ ਵਿੱਚ ਕਮੀਆਂ ਦੀ ਸਮੀਖਿਆ ਕੀਤੀ ਗਈ।ਮੀਟਿੰਗ ਨੂੰ ਸੰਬੋਧਨ ਕਰਦਿਆਂ ਕਾਂਗਰਸ ਦੇ ਹਲਕਾ ਇੰਚਾਰਜ ਦਰਬਾਰਾ ਸਿੰਘ ਬਣਵਾਲਾ ਨੇ ਬਲਾਕ ਸੰਮਤੀ, ਜ਼ਿਲ੍ਹਾ ਪ੍ਰੀਸ਼ਦ ਚੋਣਾਂ ਬਾਰੇ ਵਿਚਾਰ ਚਰਚਾ ਕਰਦਿਆਂ ਕਿਹਾ ਕਿ ਚੋਣਾਂ ਪੰਜਾਬ ਦੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਪ ਸਰਕਾਰ ਨੇ ਸ਼ਰੇਆਮ ਧੱਕੇਸ਼ਾਹੀਆਂ ਕੀਤੀਆਂ ਹਨ।ਕਾਂਗਰਸੀ ਉਮੀਦਵਾਰਾਂ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਚੋਣਾਂ ਹਿੰਮਤ ਤੇ ਦਲੇਰੀ ਨਾਲ ਲੜੀਆਂ, ਜੋ ਕਾਂਗਰਸ ਦੇ ਉਜਵਲ ਭਵਿੱਖ ਦੀ ਸਪੱਸ਼ਟ ਉਦਾਹਰਣ ਹਨ।ਮਨਰੇਗਾ ਕਾਨੂੰਨ ਖਤਮ ਕਰ ਕੇ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਲਿਆਂਦੇ ਵੀ ਬੀ ਜੀ ਰਾਮ ਜੀ ਨੂੰ ਦੀ ਨਿਖੇਧੀ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਕਾਨੂੰਨ ਸੰਵਿਧਾਨ ਦੀ ਮੂਲ ਭਾਵਨਾ ਨਾਲ ਛੇੜਛਾੜ ਹੈ।ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਕਾਂਗਰਸ ਦੇ ਸੀਨੀਅਰ ਆਗੂ ਦਲੇਰ ਸਿੰਘ ਹਰਿਆਊ, ਬਲਾਕ ਪ੍ਰਧਾਨ ਰਣਜੀਤ ਸਿੰਘ ਮਤੌਲੀ, ਆਸ਼ੂ ਪਟਵਾਰੀ, ਰਾਕੇਸ਼ ਕੁਮਾਰ ਹੈਪੀ, ਸਾਬਕਾ ਸਰਪੰਚ ਦਵਿੰਦਰਦੀਪ ਸਿੰਘ ਬੂਟਾ ਮੌਲਵੀਵਾਲਾ, ਮੋਹਰ ਸਿੰਘ ਜਿਉਣਪੁਰਾ, ਕੁਲਵੰਤ ਰਾਏ, ਦਰਸ਼ਨ ਸਿੰਘ ਗੁਲਾਹੜ, ਨਿਰਮਲ ਸਿੰਘ ਪੰਨੂ, ਦਲਬੀਰ ਸਿੰਘ ਸ਼ੇਰਗੜ, ਪ੍ਰਗਟ ਸਿੰਘ ਦੁਤਾਲ ਆਦਿ ਹਾਜ਼ਰ ਸਨ।

## ਮਾਨਸਾ ਸ਼ਹਿਰ ’ਚ ਪੁਰਾਣੀ ਵਾਰਡਬੰਦੀ ਹੀ ਰਹੇਗੀ : ਡਾ. ਵਿਜੈ ਸਿੰਗਲਾ

■ **ਸਥਾਨਕ ਸਰਕਾਰਾਂ ਮੰਤਰੀ ਵੱਲੋਂ ਨਵੀਂ ਵਾਰਡਬੰਦੀ ਦਾ ਪ੍ਰਸਤਾਵ ਰੱਦ**

**ਮਾਨਸਾ (ਆਤਮਾ ਸਿੰਘ ਪਮਾਰ)**-ਸ਼ਹਿਰ ਦੀ ਨਵੀਂ ਵਾਰਡਬੰਦੀ ਦੇ ਪ੍ਰਸਤਾਵ ਨੂੰ ਰੱਦ ਕਰਦਿਆਂ ਪੁਰਾਣੀ ਵਾਰਡਬੰਦੀ ਹੀ ਬਹਾਲ ਰੱਖੀ ਗਈ ਹੈ।ਹਲਕਾ ਵਿਧਾਇਕ ਮਾਨਸਾ ਡਾ. ਵਿਜੈ ਸਿੰਗਲਾ, ਨਗਰ ਕੌਂਸਲ ਪ੍ਰਧਾਨ ਸੁਨੀਲ ਕੁਮਾਰ, ਕਾਰਜ ਸਾਧਕ ਅਫ਼ਸਰ ਕੁਲਦੀਪ ਸਿੰਘ ਨੇ ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਕੋਲ ਨਵੀਂ ਵਾਰਡਬੰਦੀ ’ਤੇ ਉਠਾਏ ਜਾ ਰਹੇ ਇਤਰਾਜ਼ਾਂ ਤੇ ਨਵੀਂ ਵਾਰਡਬੰਦੀ ਨਾਲ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਤੋਂ ਵੀ ਜਾਣੂ ਕਰਵਾਇਆ।

ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਮਾਨਸਾ ਸ਼ਹਿਰ ਦੀ ਪੁਰਾਣੀ ਵਾਰਡਬੰਦੀ ਰੱਖਣ ਦੀ ਹੀ ਗੱਲ ਕਹੀ ਤੇ ਨਵੀਂ ਵਾਰਡਬੰਦੀ ਦੀ ਯੋਜਨਾ ਨੂੰ ਮੁੱਢੋਂ ਰੱਦ ਕਰ ਦਿੱਤਾ ਗਿਆ ਹੈ।ਨਗਰ ਕੌਂਸਲ ਮਾਨਸਾ ਦੀਆਂ ਆਗਾਮੀ ਚੋਣਾਂ ਪੁਰਾਣੀ ਵਾਰਡਬੰਦੀ ਅਨੁਸਾਰ ਹੀ ਹੋਣਗੀਆਂ। ਡਾ. ਸਿੰਗਲਾ ਨੇ ਕਿਹਾ ਕਿ ਨਵੀਂ ਵਾਰਡਬੰਦੀ ਦੀ ਬਣਾਈ ਗਈ ਯੋਜਨਾ ’ਚ ਉਨ੍ਹਾਂ ਦੀ ਕੋਈ ਸ਼ਮੂਲੀਅਤ ਜਾਂ ਮਸ਼ਵਰਾ ਨਹੀਂ ਸੀ।ਇਹ ਯੋਜਨਾ ਸਥਾਨਕ ਸਰਕਾਰਾਂ ਵਿਭਾਗ ਵੱਲੋਂ ਆਪਣੇ ਪੱਧਰ ’ਤੇ ਹੀ ਬਣਾਈ ਗਈ ਸੀ।ਉਨ੍ਹਾਂ ਕਿਹਾ ਕਿ ਉਹ ਵੀ ਚਾਹੁੰਦੇ ਸਨ ਕਿ ਪੁਰਾਣੀ ਵਾਰਡਬੰਦੀ ਹੀ ਰੱਖੀ ਜਾਵੇ ਤੇ ਜੇਕਰ ਨਵੀਂ ਵਾਰਡਬੰਦੀ ਲਾਗੂ ਹੋ ਜਾਂਦੀ ਹੈ ਤਾਂ ਸ਼ਹਿਰੀਆਂ ਨੂੰ ਬਹੁਤ ਵੱਡੀਆਂ ਸਮੱਸਿਆਵਾਂ ਖੜ੍ਹੀਆਂ ਹੋ ਸਕਦੀਆਂ ਹਨ।ਉਨ੍ਹਾਂ ਅੱਜ ਪੰਜਾਬ ਸਰਕਾਰ ਵੱਲੋਂ ਮਾਨਸਾ ਅੰਦਰ ਪੁਰਾਣੀ ਵਾਰਡਬੰਦੀ ਰੱਖਣ ਦਾ ਐਲਾਨ ਕਰਨ ਸਮੇਂ ਜਾਣਕਾਰੀ ਦਿੰਦਿਆਂ ਕਿਹਾ ਕਿ ਨਵੀਂ ਵਾਰਡਬੰਦੀ ਮਾਨਸਾ ਸ਼ਹਿਰ ’ਤੇ ਲਾਗੂ ਨਹੀਂ ਹੋਵੇਗੀ।ਉਨ੍ਹਾਂ ਕਿਹਾ ਕਿ ਵਾਰਡ ਦੇ ਰਾਖਵੇਂਕਰਨ ਦਾ ਫੈਸਲਾ ਪੰਜਾਬ ਸਰਕਾਰ ਆਉਂਦੇ ਸਮੇਂ ’ਚ ਲਵੇਗੀ ਕਿ ਕਿਸ ਵਾਰਡ ਨੂੰ ਕਿਸ ਕੈਟਾਗਿਰੀ ਲਈ ਰਾਖਵਾਂ ਜਾਂ ਜਨਰਲ ਕਰਨਾ ਹੈ।ਉਨ੍ਹਾਂ ਸ਼ਹਿਰੀਆਂ ਨੂੰ ਭਰੋਸਾ ਦਿੰਦਿਆਂ ਕਿਹਾ ਕਿ ਕਿ ਸ਼ਹਿਰ ਅੰਦਰ ਪੁਰਾਣੀ ਵਾਰਡਬੰਦੀ ਹੀ ਰਹੇਗੀ ਤੇ ਉਹ ਕਿਸੇ ਵੀ ਤਰ੍ਹਾਂ ਦੇ ਬਹਿਕਾਵੇ ਜਾਂ ਅਫ਼ਵਾਹਾਂ ’ਚ ਨਾ ਆਉਣ।

## ਮੁਫ਼ਤ ਸਿਹਤ ਬੀਮਾ ਯੋਜਨਾ ਸੰਬੰਧੀ ਕੈਂਪ 8 ਤੋਂ 15 ਤੱਕ : ਗਿੱਲ



**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸੂਬੇ ਦੀ ‘ਆਪ’ ਸਰਕਾਰ ਵੱਲੋਂ 10 ਲੱਖ ਰੁਪਏ ਪ੍ਰਤੀ ਵਿਅਕਤੀ ਤੱਕ ਦੀ ਮੁਫ਼ਤ ਸਿਹਤ ਬੀਮਾ ਯੋਜਨਾ ਸਬੰਧੀ ਮਾਛੀਵਾੜਾ ਸਾਹਿਬ ਵਿਖੇ ਕੈਂਪ ਲਾਏ ਜਾਣਗੇ। ਮਾਰਕਿਟ ਕਮੇਟੀ ਦੇ ਚੇਅਰਮੈਨ ਸੁਖਵਿੰਦਰ ਸਿੰਘ ਗਿੱਲ ਤੇ ਬਲਾਕ ਪ੍ਰਧਾਨ ਪ੍ਰਵੀਨ ਮੱਕੜ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਮੁਫ਼ਤ ਸਿਹਤ ਬੀਮਾ ਯੋਜਨਾ ਸ਼ੁਰੂ ਕੀਤੀ ਗਈ ਹੈ, ਜਿਸ ਸਬੰਧੀ ਸ਼ਹਿਰ ਦੇ ਵਾਰਡਾਂ ਵਿਚ ਮੀਟਿੰਗਾਂ ਕੀਤੀਆਂ ਗਈਆਂ ਕਿ ਲੋਕ ਆਪਣੇ ਫਾਰਮ ਭਰਨ। ਉਨ੍ਹਾਂ ਕਿਹਾ ਕਿ ਮਾਛੀਵਾੜਾ ਸ਼ਹਿਰ ਦੇ ਵੱਖ-ਵੱਖ ਵਾਰਡਾਂ ’ਚ 8 ਤੋਂ ਲੈ ਕੇ 15 ਜਨਵਰੀ ਤੱਕ ਮੁਫ਼ਤ ਸਿਹਤ ਬੀਮਾ ਯੋਜਨਾ ਸੰਬੰਧੀ ਕੈਂਪ ਲਾਏ ਜਾਣਗੇ, ਜਿੱਥੇ ਜਾ ਕੇ ਲੋਕ ਆਪਣਾ ਫਾਰਮ ਭਰ ਸਕਦੇ ਹਨ। ਉਨ੍ਹਾਂ ਕਿਹਾ ਕਿ 18 ਸਾਲ ਤੋਂ ਵੱਧ ਉਮਰ ਵਾਲੇ ਵਿਅਕਤੀ ਆਪਣਾ ਅਧਾਰ ਕਾਰਡ ਤੇ ਮੋਬਾਇਲ ਨੰਬਰ ਲਿੰਕ ਕਰਾ ਕੇ ਕੈਂਪਾਂ ਵਿੱਚ ਪੁੱਜਣ, ਜਿੱਥੇ ਉਨ੍ਹਾਂ ਦੇ ਵੇਰਵੇ ਸਬੰਧੀ ਫਾਰਮ ਭਰੇ ਜਾਣਗੇ। 18 ਸਾਲ ਤੋਂ ਘੱਟ ਉਮਰ ਵਾਲੇ ਵਿਅਕਤੀਆਂ ਕੋਲ ਜਨਮ ਸਰਟੀਫਿਕੇਟ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਮਾਛੀਵਾੜਾ ਸ਼ਹਿਰ ਦੇ ਵਾਰਡਾਂ ’ਚ ਜਾ ਕੇ ਲੋਕ ਇਨ੍ਹਾਂ ਕੈਂਪਾਂ ਦਾ ਲਾਹਾ ਲੈਣ।

## ਪੈਨਸ਼ਨਰਜ਼ ਐਸੋਸੀਏਸ਼ਨ ਜਲਾਲਾਬਾਦ ਦੀ ਮਹੀਨਾਵਾਰ ਮੀਟਿੰਗ



**ਜਲਾਲਾਬਾਦ (ਜੀਤ ਕੁਮਾਰ)**-ਪੈਨਸ਼ਨਰਜ਼ ਐਸੋਸੀਏਸ਼ਨ ਜਲਾਲਾਬਾਦ ਦੀ ਮਹੀਨਾਵਾਰ ਮੀਟਿੰਗ ਪ੍ਰਧਾਨ ਬਲਬੀਰ ਸਿੰਘ ਪੁਆਰ ਦੀ ਪ੍ਰਧਾਨਗੀ ਹੇਠ ਪੈਨਸ਼ਨਰਜ਼ ਭਵਨ ਜਲਾਲਾਬਾਦ ਵਿਖੇ ਹੋਈ। ਇਸ ਮੀਟਿੰਗ ਵਿੱਚ ਸਟੇਟ ਬੈਂਕ ਆਫ ਇੰਡੀਆ ਜਲਾਲਾਬਾਦ ਦੇ ਚੀਫ ਮੈਨੇਜਰ ਵਿਭਾਸ਼ ਕੁਮਾਰ, ਪੰਜਾਬ ਨੈਸ਼ਨਲ ਬੈਂਕ ਦੇ ਚੀਫ ਮੈਨੇਜਰ ਵਿਕਾਸ ਸ਼ਰਮਾ ਵਿਸ਼ੇਸ਼ ਤੌਰ ’ਤੇ ਸ਼ਾਮਲ ਹੋਏ। ਮੀਟਿੰਗ ਦੀ ਸ਼ੁਰੂਆਤ ਗੁਰਦੀਪ ਸਿੰਘ ਛਾਬੜਾ ਨੇ ਬੜੇ ਸੁਚੱਜੇ ਢੰਗ ਨਾਲ ਕੀਤੀ। ਇਸ ਤੋਂ ਬਾਅਦ ਦੁਨੀ ਚੰਦ ਬੱਤਰਾ ਨੇ ਆਪਣੇ ਬਹੁਮੁੱਲੇ ਵਿਚਾਰ ਪੇਸ਼ ਕੀਤੇ। ਰਾਜ ਕੁਮਾਰ ਸੀਵਾਨ ਨੇ ਸਰਕਾਰ ਦੀਆਂ ਮੁਲਾਜ਼ਮ/ਪੈਨਸ਼ਨਰਜ਼ ਵਿਰੋਧੀ ਨੀਤੀਆਂ ਦੀ ਭਰਪੂਰ ਨਿੰਦਾ ਕੀਤੀ ਤੇ ਮੰਗਾਂ ਮੰਨਣ ਦੀ ਅਪੀਲ ਕੀਤੀ। ਸਰਪ੍ਰਸਤ ਦੇਸ ਰਾਜ ਗਾਂਧੀ ਨੇ ਬਹੁਤ ਵਧੀਆ ਵਿਚਾਰ ਪੇਸ਼ ਕੀਤੇ ਤੇ 2027 ਵਿੱਚ ਇਸ ਸਰਕਾਰ ਨੂੰ ਸਬਕ ਸਿਖਾਉਣ ਦੀ ਅਪੀਲ ਕੀਤੀ। ਸਤੀਸ਼ ਕੁਮਾਰ ਚਰਾਇਆ ਖਜ਼ਾਨਚੀ ਨੇ ਐਸੋਸੀਏਸ਼ਨ ਦੀਆਂ ਪ੍ਰਾਪਤੀਆਂ ਬਾਰੇ ਚਾਨਣਾ ਪਾਇਆ। ਰਾਜ ਕੁਮਾਰ ਬਜਾਜ ਜਨਰਲ ਸਕੱਤਰ ਨੇ ਈ.ਕੇ.ਵਾਈ.ਸੀ. ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਨਿਰਮਲਜੀਤ ਸਿੰਘ ਬਰਾੜ ਨੇ ਆਪਣੇ ਜੋਸ਼ੀਲੇ ਅੰਦਾਜ਼ ਵਿੱਚ ਆਪਣੇ ਵਿਚਾਰ ਪੇਸ਼ ਕੀਤੇ। ਸੁਰਜੀਤ ਸਿੰਘ ਬਾਹਮਣੀ ਵਾਲਾ ਨੇ ਅਧਿਆਤਮਕ ਗਿਆਨ ਪ੍ਰਦਾਨ ਕੀਤਾ। ਇਸ ਤੋਂ ਇਲਾਵਾ ਬੈਂਕ ਅਧਿਕਾਰੀਆਂ ਨੇ ਬੈਂਕ ਵੱਲੋਂ ਚਲਾਈਆਂ ਸਕੀਮਾਂ ਸਬੰਧੀ ਜਾਣਕਾਰੀ ਦਿੱਤੀ। ਸਟੇਜ ਸਕੱਤਰ ਦੀ ਭੂਮਿਕਾ ਪ੍ਰਵੇਸ਼ ਖੰਨਾ ਨੇ ਬਾਖੂਬੀ ਨਿਭਾਈ। ਮਹਿਮਾਨਾਂ ਦਾ ਮੀਟਿੰਗ ਵਿੱਚ ਪਹੁੰਚਣ ’ਤੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ। ਮੀਟਿੰਗ ਦੇ ਅੰਤ ਵਿੱਚ ਪ੍ਰਧਾਨ ਬਲਬੀਰ ਸਿੰਘ ਪੁਆਰ ਨੇ ਇਸ ਸਰਕਾਰ ਦੁਆਰਾ ਇਸ ਸਾਲ ਇਕ ਵੀ ਡੀ. ਏ. ਦੀ ਕਿਸ਼ਤ ਜਾਰੀ ਨਾ ਕਰਨ ਦੀ ਪੁਰਜ਼ੋਰ ਨਿਖੇਧੀ ਕੀਤੀ। ਸਰਕਾਰ ਨੂੰ ਮੁਲਾਜ਼ਮ-ਪੈਨਸ਼ਨਰਜ਼ ਵਿਰੋਧੀ ਅੜੀਅਲ ਵਤੀਰਾ ਛੱਡ ਕੇ ਮੰਗਾਂ ਮੰਨਣ ਦੀ ਅਪੀਲ ਕੀਤੀ। ਇਸ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਅਸ਼ੋਕ ਕੁਮਾਰ ਗਗਨੇਜਾ, ਸਰਵਨ ਕੁਮਾਰ, ਪਿੰਦਰ ਕੁਮਾਰ, ਦਰਸ਼ਨ ਲਾਲ, ਨਿਰਭੈ ਸਿੰਘ ਗੁਰਨਾਥ ਸਿੰਘ ਤੇ ਹੋਰ ਬਹੁਤ ਸਾਰੇ ਪੈਨਸ਼ਨਰਜ਼ ਹਾਜ਼ਰ ਸਨ।

## ਸੜਕ ਸੁਰੱਖਿਆ ਜਾਗਰੂਕਤਾ ਲਈ ਮਯੰਕ ਫ਼ਾਊਂਡੇਸ਼ਨ ਸਨਮਾਨਤ




**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸੰਸਥਾ ਮਯੰਕ ਫ਼ਾਊਂਡੇਸ਼ਨ ਨੂੰ ਸੜਕ ਸੁਰੱਖਿਆ ਦੇ ਖੇਤਰ ਵਿਚ ਕੀਤੇ ਗਏ ਸ਼ਲਾਘਯੋਗ ਕਾਰਜਾਂ ਲਈ ਪੰਜਾਬ ਸਰਕਾਰ ਵੱਲੋਂ ਸਨਮਾਨਤ ਕੀਤਾ ਗਿਆ। ਇਹ ਸਨਮਾਨ ਨਵੇਂ ਸਾਲ ਦੇ ਪਹਿਲੇ ਦਿਨ ‘ਰਾਸ਼ਟਰੀ ਸੜਕ ਸੁਰੱਖਿਆ ਮਹੀਨੇ’ ਦੇ ਸ਼ੁਭ-ਆਰੰਭ ਮੌਕੇ ਰਾਜਧਾਨੀ ਚੰਡੀਗੜ੍ਹ ਵਿੱਚ ਕਰਵਾਏ ਸਮਾਰੋਹ ਦੌਰਾਨ ਪ੍ਰਦਾਨ ਕੀਤਾ ਗਿਆ। ਮਯੰਕ ਫ਼ਾਊਂਡੇਸ਼ਨ ਵੱਲੋਂ ਦੀਪਕ ਸ਼ਰਮਾ ਨੇ ਇਹ ਸਨਮਾਨ ਪੰਜਾਬ ਦੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਤੋਂ ਪ੍ਰਾਪਤ ਕੀਤਾ। ਇਹ ਸਮਾਰੋਹ ਲੀਡ ਏਜੰਸੀ ਆਨ ਰੋਡ ਸੇਫ਼ਟੀ, ਟਰਾਂਸਪੋਰਟ ਮੰਤਰਾਲਾ, ਪੰਜਾਬ ਸਰਕਾਰ ਵੱਲੋਂ ਆਯੋਜਿਤ ਕੀਤਾ ਗਿਆ ਸੀ। ਇਸ ਮੌਕੇ ਪੰਜਾਬ ਦੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਵੱਲੋਂ ਮਯੰਕ ਫ਼ਾਊਂਡੇਸ਼ਨ ਵੱਲੋਂ ਤਿਆਰ ਕੀਤੇ ਸੜਕ ਸੁਰੱਖਿਆ ਜਾਗਰੂਕਤਾ ਪੋਸਟਰ ਵੀ ਜਾਰੀ ਕੀਤੇ ਗਏ। ਮੰਤਰੀ ਨੇ ਪੋਸਟਰਾਂ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਅਜਿਹੇ ਜਾਗਰੂਕਤਾ ਉਪਰਾਲੇ ਸੜਕ ਹਾਦਸਿਆਂ ਨੂੰ ਘਟਾਉਣ ਵਿੱਚ ਭੂਮਿਕਾ ਨਿਭਾਉਂਦੇ ਹਨ ਤੇ ਸਮਾਜ ਨੂੰ ਸੁਰੱਖਿਅਤ ਬਣਾਉਣ ਵਿੱਚ ਸਹਾਇਕ ਹਨ। ਇਸ ਮੌਕੇ ਲੀਡ ਏਜੰਸੀ ਦੇ ਮਹਾਨਿਰਦੇਸ਼ਕ, ਡੀਜੀਪੀ ਟ੍ਰੈਫ਼ਿਕ ਤੇ ਸਟੇਟ ਟਰਾਂਸਪੋਰਟ ਕਮਿਸ਼ਨਰ ਨੇ ਸੜਕ ਸੁਰੱਖਿਆ ਦੇ ਖੇਤਰ ਵਿੱਚ ਮਯੰਕ ਫ਼ਾਊਂਡੇਸ਼ਨ ਵੱਲੋਂ ਕੀਤੇ ਜਾ ਰਹੇ ਲਗਾਤਾਰ ਤੇ ਪ੍ਰਭਾਵਸ਼ਾਲੀ ਉਪਰਾਲਿਆਂ ਦੀ ਸ਼ਲਾਘਾ ਕੀਤੀ। ਇਸ ਮੌਕੇ ਦੀਪਕ ਸ਼ਰਮਾ ਨੇ ਕਿਹਾ ਕਿ ਨਵੇਂ ਸਾਲ ਦੇ ਪਹਿਲੇ ਦਿਨ ਇਹ ਸਨਮਾਨ ਪ੍ਰਾਪਤ ਹੋਣਾ ਸਾਡੇ ਲਈ ਬੇਹੱਦ ਪ੍ਰੇਰਨਾਦਾਇਕ ਹੈ। ਇਹ ਮਯੰਕ ਫ਼ਾਊਂਡੇਸ਼ਨ ਦੇ ਸਾਰੇ ਮੈਂਬਰਾਂ, ਸਵੈਛਿਕ ਸੇਵਕਾਂ ਤੇ ਸਹਿਯੋਗੀਆਂ ਦੀ ਸਾਂਝੀ ਮਿਹਨਤ ਦਾ ਨਤੀਜਾ ਹੈ। ਭਵਿੱਖ ਵਿਚ ਵੀ ਮਯੰਕ ਫ਼ਾਊਂਡੇਸ਼ਨ ਸੜਕ ਸੁਰੱਖਿਆ ਜਾਗਰੂਕਤਾ ਲਈ ਹੋਰ ਵੀ ਵਿਸ਼ਾਲ ਪੱਧਰ ’ਤੇ ਕੰਮ ਕਰਦਾ ਰਹੇਗਾ।

## ਨਵੇਂ ਸਾਲ ਦੀ ਆਮਦ ’ਤੇ ਥਾਣੇ ’ਚ ਸੁਖਮਨੀ ਸਾਹਿਬ ਦਾ ਪਾਠ ਕਰਾਇਆ

**ਬਾਘਾ ਪੁਰਾਣਾ (ਮਨੀ ਸਿੰਗਲਾ)**

ਨਵੇਂ ਸਾਲ ਦੀ ਆਮਦ ਮੌਕੇ ਸਥਾਨਕ ਥਾਣਾ ਬਾਘਾ ਪੁਰਾਣਾ ਵਿੱਚ ਡੀਐੱਸਪੀ ਦਲਬੀਰ ਸਿੰਘ ਸਿੱਧੂ ਤੇ ਥਾਣਾ ਮੁਖੀ ਇੰਸਪੈਕਟਰ ਜਤਿੰਦਰ ਸਿੰਘ ਦੀ ਅਗਵਾਈ ਹੇਠ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਵਨ ਪਾਠ ਕਰਵਾ ਕੇ ਨਵੇਂ ਵਰ੍ਹੇ ਦੀ ਸ਼ੁਰੂਆਤ ਆਤਮਿਕ ਸ਼ਾਂਤੀ ਤੇ ਭਾਈਚਾਰਕ ਸਾਂਝ ਦੇ ਸੰਦੇਸ਼ ਨਾਲ ਕੀਤੀ ਗਈ।ਸਮਾਗਮ ਦੌਰਾਨ ਗੁਰਦੁਆਰਾ ਸਾਹਿਬ ਚੰਦ ਪੁਰਾਣਾ ਦੇ ਮੁੱਖ ਸੇਵਾਦਾਰ ਸੰਤ ਬਾਬਾ ਗੁਰਦੀਪ ਸਿੰਘ ਜੀ ਤੇ ਐਡੀਸ਼ਨਲ ਜੱਜ ਬਿਸ਼ਨ ਸਰੂਪ ਜੀ ਵੱਲੋਂ ਵਿਸ਼ੇਸ਼ ਤੌਰ ’ਤੇ ਹਾਜ਼ਰੀ ਲਵਾਈ ਗਈ।ਕੀਰਤਨ ਜਥੇ ਵੱਲੋਂ ਕੀਰਤਨ ਕਰਕੇ ਸੰਗਤ ਨੂੰ ਨਾਮ ਸਿਮਰਨ ਨਾਲ ਜੋੜਿਆ ਗਿਆ।ਭੋਗ ਉਪਰੰਤ ਡੀਐੱਸਪੀ ਦਲਬੀਰ ਸਿੰਘ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਨਵਾਂ ਸਾਲ ਸਮਾਜ ਵਿੱਚ ਅਮਨ, ਕਾਨੂੰਨ ਤੇ ਆਪਸੀ ਭਰੋਸੇ ਨੂੰ ਮਜ਼ਬੂਤ ਕਰਨ ਦਾ ਸੰਦੇਸ਼ ਲੈ ਕੇ ਆਉਂਦਾ ਹੈ ਅਤੇ ਪੁਲਸ ਪ੍ਰਸ਼ਾਸਨ ਲੋਕਾਂ ਦੀ ਸੁਰੱਖਿਆ ਲਈ ਪੂਰੀ ਨਿਸ਼ਠਾ ਨਾਲ ਕੰਮ ਕਰਦਾ ਰਹੇਗਾ।ਥਾਣਾ ਮੁਖੀ ਇੰਸਪੈਕਟਰ ਜਤਿੰਦਰ ਸਿੰਘ ਨੇ ਕਿਹਾ ਕਿ ਧਾਰਮਿਕ ਸਮਾਗਮਾਂ ਨਾਲ ਕਰਮਚਾਰੀਆਂ ਵਿੱਚ ਸੇਵਾ ਭਾਵਨਾ ਤੇ ਨੈਤਿਕਤਾ ਦਾ ਵਿਕਾਸ ਹੁੰਦਾ ਹੈ, ਜੋ ਲੋਕ ਸੇਵਾ ਵਿੱਚ ਮਦਦਗਾਰ ਸਾਬਿਤ ਹੁੰਦਾ ਹੈ।ਮੁੱਖ ਮੁਨਸ਼ੀ ਜਗਜੀਤ ਸਿੰਘ ਨੇ ਕਿਹਾ ਕਿ ਗੁਰੂ ਸਾਹਿਬ ਦੀ ਕਿਰਪਾ ਨਾਲ ਨਵਾਂ ਸਾਲ ਸਾਰਿਆਂ ਲਈ ਖੁਸ਼ਹਾਲੀ ਤੇ ਸ਼ਾਂਤੀ ਭਰਿਆ ਹੋਵੇਗਾ।ਅੰਤ ਵਿੱਚ ਸੰਤ ਬਾਬਾ ਗੁਰਦੀਪ ਸਿੰਘ ਜੀ, ਐਡੀਸ਼ਨਲ ਜੱਜ ਬਿਸ਼ਨ ਸਰੂਪ ਜੀ, ਡੀਐੱਸਪੀ ਦਲਬੀਰ ਸਿੰਘ, ਇੰਸਪੈਕਟਰ ਜਤਿੰਦਰ ਸਿੰਘ ਤੇ ਮੁੱਖ ਮੁਨਸੀ ਜਗਜੀਤ ਸਿੰਘ ਵੱਲੋਂ ਸਮੂਹ ਸੰਗਤ ਨੂੰ ਜੀ ਆਇਆਂ ਆਖਦਿਆਂ ਨਵੇਂ ਸਾਲ ਦੀਆਂ ਵਧਾਈਆਂ ਦਿੱਤੀਆਂ ਗਈਆਂ।



ਸਮਾਗਮ ਵਿਚ ਦਲਬੀਰ ਸਿੰਘ ਸਿੱਧੂ ਡੀਐੱਸਪੀ ਬਾਘਾ ਪੁਰਾਣਾ, ਸਬ-ਇੰਸਪੈਕਟਰ ਕਮਲਜੀਤ ਸਿੰਘ ਥਾਣਾ ਮੁਖੀ ਸਮਾਲਸਰ, ਇੰਸਪੈਕਟਰ ਗੁਰਮੇਲ ਸਿੰਘ ਥਾਣਾ ਮੁਖੀ ਬੱਧਨੀ ਕਲਾਂ, ਸਬ-ਇੰਸਪੈਕਟਰ ਜਨਕ ਰਾਜ ਥਾਣਾ ਮੁਖੀ ਕੋਟ ਈਸੇ ਖਾਂ, ਗੁਰਤੇਜ ਸਿੰਘ ਮੁੱਖ ਮੁਨਸ਼ੀ ਨਿਹਾਲ ਸਿੰਘ ਵਾਲਾ, ਹੈੱਡ ਕਾਂਸਟੇਬਲ ਰਾਜਵਿੰਦਰ ਸਿੰਘ ਸਿੱਧੂ, ਹੈੱਡ ਕਾਂਸਟੇਬਲ ਮਨਦੀਪ ਸਿੰਘ ਸੇਖਾ, ਹੈੱਡ ਕਾਂਸਟੇਬਲ ਗੁਰਜੀਤ ਸਿੰਘ, ਐੱਸ ਆਈ ਨਿਰਭੈ ਸਿੰਘ ਪੀਸੀ, ਹਰਜਿੰਦਰ ਸਿੰਘ ਹੈੱਡ ਕਾਂਸਟੇਬਲ, ਚੇਅਰਮੈਨ ਬਾਊ ਸੁਭਾਸ਼ ਗੋਇਲ, ਕੌਂਸਲਰ ਤਰੁਣ ਮਿੱਤਲ ਕੌਂਸਲਰ, ਗੁਰਪ੍ਰੀਤ ਮੰਨਚੰਦਾ, ਕੌਂਸਲਰ ਮਨਦੀਪ ਕੱਕੜ, ਗੁਰਪ੍ਰੀਤ ਸਿੰਘ ਗੋਂਦਾਰਾ, ਗੁਰਭੇਜ ਸਿੰਘ ਸਰਪੰਚ ਮਾੜੀ ਮੁਸਤਫਾ, ਅੰਤਰਜੀਤ ਸਿੰਘ ਟਿੱਕੂ ਮੱਲ ਕੇ ਪ੍ਰਧਾਨ ਟਰੱਕ ਯੂਨੀਅਨ, ਗੁਰਪ੍ਰੀਤ ਸਿੰਘ ਮਾਹਲਾ ਖੁਰਦ ਯੂਥ ਪ੍ਰਧਾਨ, ਏਕਮਪ੍ਰੀਤ ਸਿੰਘ ਸਰਪੰਚ ਘੋਲੀਆ, ਪਵਨ ਢੰਡ, ਗੋਰਾ ਸੰਗਤਪੁਰਾ, ਕੌਂਸਲਰ ਸੋਨੀਆ, ਜਗਸੀਰ ਸਿੰਘ ਸਹਾਇਕ ਥਾਣੇਦਾਰ, ਬਿੰਦਰਪਾਲ ਕੌਰ ਸਹਾਇਕ ਥਾਣੇਦਾਰ, ਗੁਰਨੈਬ ਸਿੰਘ ਸਹਾਇਕ ਥਾਣੇਦਾਰ, ਜਸਵੰਤ ਰਾਏ ਸਹਾਇਕ ਥਾਣੇਦਾਰ, ਬਲਜਿੰਦਰ ਸਿੰਘ ਬਾਬਾ ਸਹਾਇਕ ਥਾਣੇਦਾਰ ਤੇ ਹੋਰਨਾਂ ਵੱਖ-ਵੱਖ ਥਾਣਿਆਂ ਦੇ ਪੁਲਸ ਮੁਲਾਜ਼ਮਾਂ ਨੇ ਵੀ ਆਪਣੀ ਹਾਜ਼ਰੀ ਲਗਵਾਈ।

## ਸੂਬਾ ਪ੍ਰਧਾਨ ਮੁਕੇਸ਼ ਮਲੌਦ ਨੂੰ ਬਿਨਾਂ ਸ਼ਰਤ ਰਿਹਾਅ ਕੀਤਾ ਜਾਵੇ : ਡੀ ਟੀ ਐੱਫ਼



**ਸਮਰਾਲਾ (ਸੁਰਜੀਤ ਸਿੰਘ)**-ਸੰਗਰੂਰ ਪੁਲਿਸ ਵੱਲੋਂ ਗ੍ਰਿਫ਼ਤਾਰ ਕੀਤੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਸੂਬਾ ਪ੍ਰਧਾਨ ਮੁਕੇਸ਼ ਮਲੌਦ ਨੂੰ ਬਿਨਾਂ ਸ਼ਰਤ ਰਿਹਾਅ ਕਰਨ ਸਬੰਧੀ ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਅਤੇ ਡੈਮੋਕ੍ਰੇਟਿਕ ਟੀਚਰ ਫਰੰਟ ਦੇ ਆਗੂਆਂ ਸੁਖਵਿੰਦਰ ਸਿੰਘ ਲੀਲ, ਰਮਨਜੀਤ ਸਿੰਘ ਸੰਧੂ, ਰੁਪਿੰਦਰ ਪਾਲ ਸਿੰਘ ਗਿੱਲ ਅਤੇ ਰਜਿੰਦਰ ਕੁਮਾਰ ਜੰਡਿਆਲੀ ਆਦਿ ਵਫ਼ਦ ਨੇ ਵਧੀਕ ਡਿਪਟੀ ਕਮਿਸ਼ਨਰ ਜਨਰਲ ਰਾਕੇਸ਼ ਕੁਮਾਰ ਨੂੰ ਮੰਗ ਪੱਤਰ ਸੌਂਪਿਆ। ਆਗੂਆਂ ਨੇ ਦੱਸਿਆ ਕਿ ਪੰਜਾਬ ਵਿੱਚ ਪਿੱਛਲੇ 12 ਸਾਲਾਂ ਵਿੱਚ, ਭੂਮੀ ਹੀਣ ਦਲਿਤ-ਮਜ਼ਦੂਰਾਂ ਲਈ ਜਮਹੂਰੀ ਢੰਗ ਨਾਲ ਸੰਘਰਸ਼ ਕਰਨ ਵਾਲੀ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਸੂਬਾ ਕਨਵੀਨਰ ਮੁਕੇਸ਼ ਮਲੌਦ ਨੂੰ 30 ਦਸੰਬਰ ਨੂੰ ਪੰਜਾਬ ਪੁਲਿਸ ਦੀ ਸੀ ਆਈ ਏ ਬ੍ਰਾਂਚ ਅਤੇ ਸੰਗਰੂਰ ਪੁਲਿਸ ਨੇ ਨਿਜ਼ਾਮੁਦੀਨ ਰੇਲਵੇ ਸਟੇਸ਼ਨ ਦਿੱਲੀ ਤੋਂ ਚੁੱਕ ਲਿਆ ਸੀ ਜਦੋਂ ਉਹ ਨਾਗਪੁਰ ਵਿੱਚ ਅੰਬੇਡਕਰ ਮਿਸ਼ਨ ਦੀ ਮੀਟਿੰਗ ਨੂੰ ਸੰਬੋਧਨ ਕਰਕੇ ਵਾਪਸ ਆ ਰਹੇ ਸਨ। ਆਗੂਆਂ ਨੇ ਕਿਹਾ ਕਿ ਕਿ ਪਿੱਛਲੀਆਂ ਅਤੇ ਮੌਜੂਦਾ ਸਰਕਾਰਾਂ ਵੱਲੋਂ ਦਰਜ ਕੀਤੇ ਝੂਠੇ ਮਾਮਲਿਆਂ ਵਿੱਚ ਮਜ਼ਦੂਰਾਂ ਦੇ ਆਗੂ ਮੁਕੇਸ਼ ਮਲੌਦ ਨੂੰ ਇਸ ਤਰ੍ਹਾਂ ਗ੍ਰਿਫ਼ਤਾਰ ਕਰਨਾ ਮਜ਼ਦੂਰ ਵਿਰੋਧੀ ਸੋਚ ਅਤੇ ਦੋਹਰੇ ਮਾਪਦੰਡਾਂ ਨੂੰ ਬੇਨਕਾਬ ਕਰਦਾ ਹੈ। ਡੈਮੋਕ੍ਰੈਟਿਕ ਮੁਲਾਜ਼ਮ ਫੈਡਰੇਸ਼ਨ ਲੁਧਿਆਣਾ ਅਤੇ ਡੈਮੋਕ੍ਰੈਟਿਕ ਟੀਚਰਜ਼ ਫ਼ਰੰਟ ਲੁਧਿਆਣਾ ਨੇ ਮੰਗ ਕੀਤੀ ਹੈ ਕਿ ਜ਼ਮੀਨ ਸੰਘਰਸ਼ ਨਾਲ ਜੁੜੇ ਆਗੂਆਂ ਉੱਤੇ ਪੁਲਿਸ ਵੱਲੋਂ ਦਰਜ ਕੀਤੇ ਸਾਰੇ ਮਾਮਲੇ ਤੁਰੰਤ ਵਾਪਸ ਲਏ ਜਾਣ ਅਤੇ ਮੁਕੇਸ਼ ਮਲੌਦ ਨੂੰ ਤੁਰੰਤ ਰਿਹਾ ਕੀਤਾ ਜਾਵੇ।ਇਸ ਮੌਕੇ ਪ੍ਰਵੀਨ ਕੁਮਾਰੀ,ਪੂਜਾ ਰਾਣੀ,ਤਰਸੇਮ ਸਿੰਘ ਆਦਿ ਹਾਜ਼ਰ ਸਨ।

## ਰਿਟਾਇਰਡ ਰੈਵੀਨਿਊ ਕਾਨੂੰਨਗੋ/ਪਟਵਾਰੀ ਵੈੱਲਫੇਅਰ ਐਸੋਸੀਏਸ਼ਨ ਦੀ ਮੀਟਿੰਗ ਹੋਈ



**ਮੋਗਾ (ਇਕਬਾਲ ਸਿੰਘ ਖਹਿਰਾ)**-ਦੀ ਰਿਟਾਇਰਡ ਰੈਵੀਨਿਊ ਕਾਨੂੰਨਗੋ ਪਟਵਾਰੀ ਵੈਲਫੇਅਰ ਐਸੋਸੀਏਸ਼ਨ ਮੋਗਾ ਦੀ ਮਹੀਨਾਵਾਰ ਮੀਟਿੰਗ ਦਰਸ਼ਨ ਸਿੰਘ ਗਿੱਲ ਜਿਲ੍ਹਾ ਪ੍ਰਧਾਨ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਸਾਹਿਬ ਬੀਬੀ ਕਾਹਨ ਕੌਰ ਜੀ ਵਿਖੇ ਹੋਈ ਜਿਸ ਵਿੱਚ ਸਮੁੱਚੇ ਐਸੋਸੀਏਸ਼ਨ ਮੈਂਬਰ ਸ਼ਾਮਲ ਹੋਏ। ਮੀਟਿੰਗ ਦੌਰਾਨ ਨਵੇਂ ਸਾਲ 2026 ਲਈ ਐਸੋਸੀਏਸ਼ਨ ਦਾ ਕੈਲੰਡਰ ਗੁਰਦੇਵ ਸਿੰਘ, ਮੁਲਖਰਾਜ ਸੀਨੀਅਰ ਰਿਟਾਇਰਡ ਕਾਨੂੰਨਗੋਆਂ ਤੋਂ ਰਲੀਜ਼ ਕਰਵਾਇਆ ਗਿਆ। ਐਸੋਸੀਏਸ਼ਨ ਵੱਲੋਂ ਆਪਣੇ ਮੈਂਬਰਾਂ ਦੇ ਜਾਣਕਾਰੀ ਭਰਪੂਰ ਆਈ ਕਾਰਡ ਜਿਸ ਵਿੱਚ ਦਰਜ ਪੀ.ਪੀ.ਓ ਨੰਬਰ, ਆਧਾਰ ਕਾਰਡ, ਬੈਂਕ ਅਕਾਊਂਟ, ਪੈਨ ਨੰਬਰ, ਜਨਮ ਮਿਤੀ, ਰਿਟਾਇਰ ਹੋਣ ਦੀ ਮਿਤੀ, ਬਲੱਡ ਗਰੁੱਪ, ਸਟੇਟਸ ਤੇ ਮੁਬਾਇਲ ਨੰਬਰ ਦਰਜ ਤਿਆਰ ਕਰਵਾ ਕੇ ਸਮੁੱਚੇ ਮੈਂਬਰਾਂ ਨੂੰ ਦਿੱਤੇ। ਮੀਟਿੰਗ ਦੌਰਾਨ ਗੁਰਮੇਲ ਸਿੰਘ ਗੋਂਦਾਰਾ ਜਨਰਲ ਸਕੱਤਰ, ਗੁਰਮੇਲ ਸਿੰਘ ਖਜ਼ਾਨਚੀ, ਕੇਵਲ ਸਿੰਘ ਪ੍ਰੈੱਸ ਸਕੱਤਰ, ਰਤਨ ਸਿੰਘ ਗਿੱਲ, ਗੁਰਦੌਰ ਸਿੰਘ ਸੀਨੀਅਰ ਮੀਤ ਪ੍ਰਧਾਨ, ਜਗਰਾਜ ਸਹਾਇਕ ਖਜ਼ਾਨਚੀ, ਗੁਰਮੀਤ ਸਿੰਘ ਸੰਘਾ, ਗੁਰਚਰਨ ਸਿੰਘ ਢਿਪਾਲੀ, ਬਲਵੰਤ ਸਿੰਘ ਭਲੂਰ, ਕਮਲੇਸ਼ ਕੁਮਾਰ ਸਾਰੇ ਮੀਤ ਪ੍ਰਧਾਨ, ਮੱਖਣਜੀਤ ਕਾਨੂੰਨੀ ਸਕੱਤਰ, ਮੰਗਲ ਮੀਤ ਪ੍ਰਚਾਰ ਸਕੱਤਰ, ਸੰਤੋਖ ਸਿੰਘ ਦਫ਼ਤਰ ਸਕੱਤਰ, ਚੰਦ ਸਿੰਘ ਸੰਗਠਨ ਸਕੱਤਰ, ਨਾਇਬ ਸਿੰਘ ਦੌਲਤਪੁਰਾ, ਜਸਵੰਤ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੇਵਾ ਮੁਕਤ ਸਾਥੀ ਹਾਜਰ ਸਨ। ਦਰਸ਼ਨ ਸਿੰਘ ਗਿੱਲ ਨੇ ਕਿਹਾ ਕਿ ਸਰਕਾਰ ਵੱਲੋਂ ਵੱਖੋ-ਵੱਖਰੇ ਨਿਰਣੇ ਲੈਣ ਵਿੱਚ ਕਾਹਲੀ ਕੀਤੀ ਗਈ ਹੈ।ਫੈਸਲਿਆਂ ਨੂੰ ਗਰਾਊਂਡ ਲੇਵਲ ’ਤੇ ਲਾਗੂ ਨਹੀਂ ਕਰਵਾਇਆ ਜਾ ਸਕਿਆ। ਉਨ੍ਹਾਂ ਕਿਹਾ ਕਿ ਕੋਈ ਵੀ ਕੰਮ ਰਿਸ਼ਵਤ ਦਿਤਿਆਂ ਬਿਨਾਂ ਨਹੀਂ ਹੁੰਦਾ ਹੈ। ਸਰਕਾਰ ਨੂੰ ਕੁੰਭਕਰਨੀ ਨੀਂਦ ਤੋਂ ਜਾਗ ਕੇ ਵਿਗੜ ਚੁੱਕੇ ਸਰਕਾਰੀ ਤੰਤਰ ਨੂੰ ਦਰੁਸਤ ਕਰਨ ਦੀ ਜਰੂਰਤ ਹੈ।

## ਮਾਨ ਨੇ 10 ਲੱਖ ਰੁਪਏ ਦੇ ਮੁਫ਼ਤ ਇਲਾਜ ਦਾ ਦਿੱਤਾ ਤੋਹਫ਼ਾ : ਜੱਸੀ ਸੇਖੋਂ



**ਸੰਗਾਲਾ/ਧੂਰੀ (ਰਣਜੀਤ ਸਿੰਘ ਪੇਧਨੀ/ਬਿੰਨੀ ਗਰਗ)**-ਨਵਾਂ ਸਾਲ 2026 ਪੰਜਾਬ ਅਤੇ ਪੰਜਾਬੀਆਂ ਲਈ ਖੁਸ਼ੀਆਂ ਖੇੜਿਆਂ, ਤੰਦਰੁਸਤੀ, ਖੁਸ਼ਹਾਲੀ ਅਤੇ ਤਰੱਕੀਆਂ ਦਾ ਸੁਨੇਹਾ ਲੈ ਕੇ ਆਵੇ। ਭਗਵੰਤ ਸਿੰਘ ਮਾਨ ਮੁੱਖ ਮੰਤਰੀ ਦੀ ਅਗਵਾਈ ਵਾਲੀ ਸਰਕਾਰ ਪੰਜਾਬ ਅਤੇ ਪੰਜਾਬੀਅਤ ਲਈ ਤਰੱਕੀ ਦੀਆਂ ਲੀਹਾਂ ’ਤੇ ਲੈ ਜਾਣ ਲਈ ਸਮੇਂ ਸਮੇਂ ’ਤੇ ਕੋਈ ਨਾ ਕੋਈ ਵੱਡਾ ਉਪਰਾਲਾ ਕਰਦੀ ਰਹਿੰਦੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਪ ਦੇ ਸੀਨੀਅਰ ਆਗੂ ਜਸਵੀਰ ਸਿੰਘ ਜੱਸੀ ਸੇਖੋਂ ਮੈਂਬਰ ਫੂਡ ਕਮਿਸ਼ਨ ਪੰਜਾਬ ਨੇ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਪੰਜਾਬੀਆਂ ਨੂੰ ਤੰਦਰੁਸਤ ਪੰਜਾਬ ਦੇ ਤਹਿਤ ਨਵੇਂ ਸਾਲ ਦਾ ਤੋਹਫਾ ਦਿੰਦੇ ਹੋਏ ਇਲਾਜ ਲਈ ਰਕਮ 10 ਲੱਖ ਰੁਪਏ ਤੱਕ ਦੀ ਕਰ ਦਿੱਤੀ ਹੈ ਅਤੇ ਪੰਜਾਬ ਸਰਕਾਰ ਦੇ ਇਹਨਾਂ ਸੁੱਖ ਸਹੂਲਤਾਂ ਦੇ ਉਪਰਾਲਿਆਂ ਤੋਂ ਪੰਜਾਬ ਦਾ ਹਰ ਵਰਗ ਬਹੁਤ ਖੁਸ਼ ਹੈ।

## ਦਸਮ ਪਿਤਾ ਦੇ ਅਵਤਾਰ ਦਿਹਾੜੇ ਮੌਕੇ ਵਿਸ਼ਾਲ ਨਗਰ ਕੀਰਤਨ

■ **ਸੰਗਤਾਂ ਵੱਲੋਂ ਥਾਂ-ਥਾਂ ਕੀਤਾ ਗਿਆ ਭਰਵਾਂ ਸਵਾਗਤ**



**ਜਲਾਲਾਬਾਦ (ਜੀਤ ਕੁਮਾਰ)**-ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਦਿਹਾੜੇ ਨੂੰ ਸਮਰਪਤ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਜਲਾਲਾਬਾਦ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ ਛਾਇਆ ਹੇਠ ਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ, ਜੋ ਉਕਤ ਗੁਰਦੁਆਰਾ ਸਾਹਿਬ ਤੋਂ ਅਰੰਭ ਹੋ ਕੇ ਸ਼ਹਿਰ ਦੇ ਵੱਖ ਵੱਖ ਗਲੀ-ਮੁਹੱਲਿਆ ਤੇ ਬਜ਼ਾਰਾਂ ’ਚ ਪੁੱਜਾ ਤੇ ਦੇਰ ਸ਼ਾਮ ਨੂੰ ਇਸੇ ਗੁਰਦੁਆਰਾ ਸਾਹਿਬ ਵਿਖੇ ਪਹੁੰਚ ਕੇ ਸਮਾਪਤ ਹੋਇਆ। ਜਲਾਲਾਬਾਦ ਸ਼ਹਿਰ ਵਿੱਚ ਕੱਢੇ ਗਏ ਇਸ ਨਗਰ ਕੀਰਤਨ ਦਾ ਸੰਗਤਾਂ ਵੱਲੋਂ ਭਰਵਾ ਸਵਾਗਤ ਕੀਤਾ ਗਿਆ ਤੇ ਨਗਰ ਕੀਰਤਨ ਵਿੱਚ ਸ਼ਾਮਲ ਸੰਗਤਾਂ ਵਿੱਚ ਵੱਖ-ਵੱਖ ਪ੍ਰਕਾਰ ਦਾ ਪ੍ਰਸ਼ਾਦ ਵਰਤਾਇਆ ਗਿਆ।

ਇਸ ਨਗਰ ਕੀਰਤਨ ਵਿੱਚ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਿੱਸਾ ਲਿਆ ਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਨੱਤ ਮਸਤਕ ਹੋ ਕੇ ਗੁਰੂ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਇਹ ਨਗਰ ਕੀਰਤਨ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਤੋਂ ਰਵਾਨਾ ਹੋ ਕੇ ਸ਼ਹਿਰ ਦੇ ਨਿੰਮ ਵਾਲਾ ਚੌਂਕ, ਥਾਣਾ ਸਿਟੀ ਰੋਡ, ਨਵਾਂ ਬੱਸ ਸਟੈਂਡ, ਐੱਫ ਐੱਫ ਰੋਡ, ਪੁਰਾਣੀ ਸਬਜ਼ੀ ਮੰਡੀ ਰੋਡ, ਰਾਮਲੀਲਾ ਚੌਕ, ਸ੍ਰੀ ਮੁਕਤਸਰ ਸਰਕੂਲਰ ਰੋਡ, ਸ਼ਹੀਦ ਊਧਮ ਸਿੰਘ ਚੌਕ, ਬੱਘਾ ਬਜ਼ਾਰ, ਪਿੱਪਲ ਵਾਲਾ ਚੌਕ, ਟਾਂਗੇ ਵਾਲਾ ਚੌਕ, ਦੇਵੀ ਦੁਆਰਾ ਚੌਕ, ਰੇਲਵੇ ਰੋਡ ਤੇ ਬਾਹਮਣੀ ਵਾਲਾ ਬਜ਼ਾਰ ਤੋਂ ਹੁੰਦਾ ਹੋਇਆ ਦੇਰ ਸ਼ਾਮ ਨੂੰ ਗੁਰਦੁਆਰਾ ਸਾਹਿਬ ਵਿਖੇ ਆ ਕੇ ਸਮਾਪਤ ਹੋਇਆ। ਉਨ੍ਹਾਂ ਦੱਸਿਆ ਕਿ ਇਸ ਨਗਰ ਕੀਰਤਨ ਵਿੱਚ ਸਥਾਨਕ ਸ਼ਹਿਰ ਦੇ ਵੱਖ ਵੱਖ ਸਕੂਲਾਂ-ਕਾਲਜਾਂ ਦੇ ਵਿਦਿਆਰਥੀਆਂ ਤੇ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ। ਗੱਤਕਾ ਟੀਮਾਂ ਵੱਲੋਂ ਗੱਤਕੇ ਦੇ ਜੌਹਰ ਦਿਖਾਏ ਗਏ। ਇਸ ਦੇ ਨਾਲ ਹੀ ਸੰਗਤਾਂ ਵੱਲੋਂ ਥਾਂ-ਥਾਂ ਸਵਾਗਤੀ ਗੇਟ ਲਗਾ ਕੇ ਤੇ ਫੁੱਲਾਂ ਦੀ ਵਰਖਾ ਕਰਕੇ ਨਗਰ ਕੀਰਤਨ ਦਾ ਸੁਆਗਤ ਕੀਤਾ।

## ਦੇਵ ਮਾਨ ਨੇ ਹੀਰਾ ਮਹਿਲ ਵਿਖੇ ਵਿਕਾਸ ਕਾਰਜਾਂ ਦੀ ਕੀਤੀ ਸ਼ੁਰੂਆਤ



**ਨਾਭਾ (ਵਰਿੰਦਰ ਵਰਮਾ)**-ਪੰਜਾਬ ਸਰਕਾਰ ਵੱਲੋਂ ਸ਼ਹਿਰਾਂ ਵਿੱਚ ਵੱਡੇ ਪੱਧਰ ’ਤੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਜਿਸ ਤਹਿਤ ਸ਼ਹਿਰ ਨਾਭਾ ਵਿੱਚ ਵੀ ਵਿਕਾਸ ਕਾਰਜ ਸ਼ੁਰੂ ਕਰਵਾਏ ਜਾ ਰਹੇ ਹਨ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਵਿਧਾਨ ਸਭਾ ਨਾਭਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਗੁਰਦੇਵ ਸਿੰਘ ਮਾਨ ਨੇ ਨਾਭਾ ਦੇ ਵਾਰਡ ਨੰਬਰ 5 ਹੀਰਾ ਮਹਿਲ ਵਿਖੇ ਤਕਰੀਬਨ 10 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਇੰਟਰਲਾਕ ਸੜਕ ਦੇ ਕੰਮ ਦੀ ਸ਼ੁਰੂਆਤ ਕਰਨ ਉਪਰੰਤ ਕੀਤਾ। ਉਹਨਾਂ ਦੱਸਿਆ ਕਿ ਆਉਣ ਵਾਲੇ ਦਿਨਾਂ ਵਿੱਚ ਸ਼ਹਿਰ ਦੇ ਬਾਕੀ ਵਾਰਡਾਂ ਵਿੱਚ ਵੀ ਵਿਕਾਸ ਕਾਰਜ ਸ਼ੁਰੂ ਕਰਵਾਏ ਜਾਣਗੇ। ਇਸ ਮੌਕੇ ਉਨ੍ਹਾਂ ਦੇ ਨਾਲ ਤੇਜਿੰਦਰ ਸਿੰਘ ਖਹਿਰਾ ਡਾਇਰੈਕਟਰ, ਗੁਰਵਰਿੰਦਰ ਸਿੰਘ ਗੁਰਮ, ਸੁਰਿੰਦਰ ਗੁਪਤਾ ਸਾਬਕਾ ਪ੍ਰਧਾਨ ਆੜ੍ਹਤੀਆ ਐਸੋਸੀਏਸ਼ਨ ਨਾਭਾ, ਵਿਨੇ ਗੁਪਤਾ, ਸੱਤਪਾਲ ਮਿੱਤਲ, ਜਸਵੀਰ ਸਿੰਘ ਵਜੀਦਪੁਰ, ਸੁਖਦੀਪ ਸਿੰਘ ਖਹਿਰਾ, ਭੁਪਿੰਦਰ ਸਿੰਘ ਕੱਲਰਮਾਜਰੀ ਮੈਂਬਰ ਬਲਾਕ ਸੰਮਤੀ, ਕਸ਼ਮੀਰ ਸਿੰਘ ਲਾਲਕਾ, ਹਿਤੇਸ਼ ਖੱਟਰ ਕੌਂਸਲਰ ਅਤੇ ਵੱਡੀ ਗਿਣਤੀ ਵਿੱਚ ਮੁਹੱਲਾ ਨਿਵਾਸੀ ਮੌਜੂਦ ਸਨ।

## ਮਹਿਕਮੇ ਨੂੰ ਕੁਰੱਪਸ਼ਨ ਮੁਕਤ ਬਣਾਉਣ ਲਈ ਕਿਸੇ ਵੀ ਕੀਮਤ ’ਤੇ ਸਮਝੌਤਾ ਨਹੀਂ : ਮੇਅਰ ਕੁੰਦਨ ਗੋਗੀਆ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪਟਿਆਲਾ ਨਗਰ ਨਿਗਮ ਵਿੱਚ ਪੁਰਾਣੇ ਵਿਕਾਸ ਕੰਮਾਂ ਨਾਲ ਸਬੰਧਿਤ ਫਾਈਲਾਂ ਅਤੇ ਮਾਪ-ਕਿਤਾਬ ਰਜਿਸਟਰ (ਐਮ ਬੀ) ਨਾ ਮਿਲਣ ਦਾ ਮਾਮਲਾ ਇੱਕ ਵਾਰ ਫਿਰ ਤੇਜੀ ਨਾਲ ਤੂਲ ਫੜਦਾ ਨਜ਼ਰ ਆ ਰਿਹਾ ਹੈ। ਨਗਰ ਨਿਗਮ ਦੇ ਮੇਅਰ ਕੁੰਦਨ ਗੋਗੀਆ ਵੱਲੋਂ ਪੁਰਾਣੇ ਕੰਮਾਂ ਸਬੰਧੀ ਅਧਿਕਾਰੀਆਂ ਤੋਂ ਐਮ ਬੀ ਮੰਗੇ ਜਾਣ ਦੇ ਬਾਵਜੂਦ ਅਜੇ ਤੱਕ ਇਹ ਰਿਕਾਰਡ ਉਪਲਬਧ ਨਹੀਂ ਕਰਵਾਇਆ ਗਿਆ, ਜਿਸ ਕਾਰਨ ਸ਼ੱਕ ਹੋਰ ਗਹਿਰਾ ਹੋ ਗਿਆ ਹੈ।ਜਾਣਕਾਰੀ ਮੁਤਾਬਿਕ ਇਸ ਸਬੰਧੀ ਠੇਕੇਦਾਰਾਂ ਅਤੇ ਕੁਝ ਅਧਿਕਾਰੀਆਂ ਵੱਲੋਂ ਆਨਾਕਾਨੀ ਕੀਤੀ ਜਾ ਰਹੀ ਹੈ।ਮੇਅਰ ਕੁੰਦਨ ਗੋਗੀਆ ਨੇ ਇਸ ਮਾਮਲੇ ਬਾਰੇ ਸਪਸ਼ਟ ਕੀਤਾ ਕਿ ਜੇਕਰ ਜਲਦੀ ਹੀ ਮੰਗਿਆ ਗਿਆ ਰਿਕਾਰਡ ਉਪਲਬੱਧ ਨਾ ਕਰਵਾਇਆ ਗਿਆ ਤਾਂ ਉਹ ਮੁੜ ਤੋਂ ਵਿਜੀਲੈਂਸ ਵਿਭਾਗ ਦਾ ਦਰਵਾਜ਼ਾ ਖੜਕਾਉਣਗੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਕੁਰੱਪਸ਼ਨ ਮੁਕਤ ਬਣਾਉਣ ਲਈ ਕਿਸੇ ਵੀ ਕੀਮਤ ’ਤੇ ਸਮਝੌਤਾ ਨਹੀਂ ਕੀਤਾ ਜਾਵੇਗਾ।

## ਅਤਰਜੀਤ ਕਹਾਣੀਕਾਰ ਦੇ 86ਵੇਂ ਜਨਮ ਦਿਨ ’ਤੇ ਜੀਦਾ ’ਚ ਸਾਹਿਤਕ ਮਿਲਣੀ



**ਬਠਿੰਡਾ (ਬਖਤੌਰ ਢਿੱਲੋਂ)**-ਸਾਹਿਤਕ ਅਦਾਰਿਆਂ ਵਿੱਚ ਮੰਨਿਆ ਜਾਂਦਾ ਹੈ ਕਿ ਅਤਰਜੀਤ, ਮਨੁੱਖ ਤੇ ਮਨੁੱਖੀ ਸੰਘਰਸ਼ ਦੇ ਗੌਰਵ ਦਾ ਕਹਾਣੀਕਾਰ ਹੈ। ਉਸ ਦੀਆਂ ਕਹਾਣੀਆਂ ਉਸ ਦੀ ਕਹਾਣੀ ਚੇਤਨਾ ਵਿਚਲੀ ਕਲਾਤਮਕ ਪੁਖਤਗੀ ਤੇ ਮਾਨਵਵਾਦੀ ਤੇ ਉਦਾਰਵਾਦੀ ਰਚਨਾ ਦ੍ਰਿਸ਼ਟੀ ਦੀ ਹਾਮੀ ਭਰਦੀਆਂ ਹਨ। ਉਹ ਇੱਕ ਵਿਚਾਰਧਾਰਕ ਤੋਂ ਵਿਚਾਰਵਾਨ ਵੱਲ ਨੂੰ ਵਿਕਸਤ ਹੁੰਦਾ ਦਿਸਦਾ ਹੈ ਤੇ ਵਿਚਾਰਧਾਰਾ ਉਸ ਦੀਆਂ ਕਹਾਣੀਆਂ ਦੀ ਜ਼ਮੀਰ ਬਣ ਗਈ ਹੈ। ਸਾਹਿਤਕਾਰ ਤੇ ਪੱਤਰਕਾਰ ਬਲਵਿੰਦਰ ਸਿੰਘ ਭੁੱਲਰ ਅਨੁਸਾਰ ਅਤਰਜੀਤ ਇੱਕ ਵਿਅਕਤੀ ਨਹੀਂ, ਬਹੁਮੁੱਖੀ ਸੰਸਥਾ ਹੈ, ਪੰਜਾਬੀ ਕਲਮਕਾਰ ਉਸਦੀ ਜੀਵਨ ਘਾਲਣਾ ਨੂੰ ਆਪਣੇ ਲਈ ਮਾਰਗ ਦਰਸਕ ਮੰਨਦੇ ਹਨ। ਉਨ੍ਹਾਂ ਮੁਤਾਬਿਕ ਰਘੁਬੀਰ ਸਿੰਘ ਸਿਰਜਣਾ ਦੇ ਸ਼ਬਦਾਂ ’ਚ ਅਤਰਜੀਤ ਕਹਾਣੀਕਾਰ ਉਨ੍ਹਾਂ ਨਵਯੁਵਕ ਕਥਾਕਾਰਾਂ ਦੀ ਢਾਣੀ ਦਾ ਮੋਢੀ ਮੈਂਬਰ ਹੈ, ਜਿਨ੍ਹਾਂ ਨੇ ਆਪਣੇ ਸਮਾਜਿਕ ਸੰਸਕ੍ਰਿਤਕ ਪਰਿਵੇਸ਼ ਦੇ ਯਥਾਰਥਕ ਚਿਤਰਨ ਦੁਆਰਾ ਸਮਕਾਲੀ ਕਹਾਣੀ ਨੂੰ ਇੱਕ ਨਵਾਂ ਪਸਾਰ ਦਿੱਤਾ ਹੈ। ਇਹ ਵਿਚਾਰ ਸਾਹਿਤ ਸੱਭਿਆਚਾਰ ਮੰਚ ਬਠਿੰਡਾ ਦੀ ਗੈਰ ਰਸਮੀ ਸਾਹਿਤਕ ਮਿਲਣੀ ਦੌਰ ਪੇਸ਼ ਹੋਏ। ਇਹ ਸਾਹਿਤਕ ਮਿਲਣੀ ਅਤਰਜੀਤ ਕਹਾਣੀਕਾਰ ਦੇ 86ਵੇਂ ਜਨਮ ਦਿਨ ਦੇ ਮੌਕੇ ’ਤੇ ਪਿੰਡ ਜੀਦਾ ਵਿਖੇ ਡਾ: ਸੁਖਵਿੰਦਰ ਸਿੰਘ ਦੇ ਗ੍ਰਹਿ ਵਿਖੇ ਹੋਈ।

ਕਰੀਬ ਪੰਜ ਘੰਟੇ ਚੱਲੀ ਇਸ ਮੀਟਿੰਗ ਵਿੱਚ ਕਮਿਊਨਿਸਟ ਲਹਿਰ, ਨਕਸਲਵਾੜੀ ਲਹਿਰ, ਖਾੜਕੂ ਲਹਿਰ ਸਮੇਤ ਅੰਤਰ ਰਾਸ਼ਟਰੀ ਤੇ ਰਾਸ਼ਟਰੀ ਮੁੱਦਿਆਂ, ਦੇਸ਼ ਵਿੱਚ ਫੈਲ ਰਹੀ ਫਿਰਕਾਪ੍ਰਸਤੀ ਤੇ ਕੱਟੜਵਾਦ ਤੇ ਭਖ਼ਵੀਂ ਚਰਚਾ ਹੁੰਦੀ ਰਹੀ। ਇਸ ਦੌਰਾਨ ਬਲਵਿੰਦਰ ਭੁੱਲਰ ਨੇ 1980-90 ਵਾਲੇ ਦੌਰ ਦੇ ਰੌਂਗਟੇ ਖੜੇ ਕਰਦੇ ਬਿਰਤਾਂਤ ਉਪਰੰਤ ਕਾਰਨਾਂ ਦੀ ਪੜਚੋਲ ਕਰਦੀ ਸਿਧਾਂਤਕ ਸੂਝ ਵਾਲੀ ਅਤਰਜੀਤ ਹੁਰਾਂ ਦੀ ਵਾਰਤਾ ਨੂੰ ਚਰਚਾ ਲਈ ਭਖ਼ਾਇਆ। ਨੌਜਵਾਨ ਲੇਖਕ ਅਵਤਾਰ ਅਸ਼ਨ, ਭਰਤ ਜੀਦਾ ਐਡਵੋਕੇਟ, ਡਾ: ਕੇਵਲ ਕ੍ਰਿਸ਼ਨ ਸਿੰਗਲਾ, ਕੁਲਤਾਰ ਕੇਵਲ, ਮਾ: ਬਸੰਤ ਸਿੰਘ, ਅੰਮ੍ਰਿਤ ਬੰਗੇ ਹੋਰਾਂ ਨੇ ਬੜੀ ਦਿਲਚਸਪੀ ਨਾਲ ਚਰਚਾ ਵਿੱਚ ਹਿੱਸਾ ਲਿਆ। ਜਨਮ ਦਿਨ ਦਾ ਕੇਕ ਕੱਟਣ ਤੋਂ ਬਾਅਦ ‘ਜੀਵੇਮ ਸ਼ਰਦ ਸ਼ਤੰਮ’ ਭਾਵ ਸੌ ਸਾਲ ਜਿਉਣ ਦੀ ਆਸ ਨਾਲ ਇਹ ਸਮਾਗਮ ਅਖ਼ੀਰਲੇ ਪੜਾਅ ਵੱਲ ਵਧਿਆ ਤਾਂ ਸ੍ਰੀ ਅਤਰਜੀਤ ਨੇ ਭਾਵੁਕ ਹੁੰਦਿਆਂ ਸਭਨਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ‘ਤੁਸੀਂ ਮੇਰੇ ਮਗਰ ਆਇਓ’ ਇਹ ਸਮਾਜਿਕ ਸਰੋਕਾਰ ਰੱਖਦੀ ਵਡੇਰਿਆਂ ਦੀ ਅਜਿਹੀ ਟਿੱਪਣੀ ਸੀ, ਜਿਸ ਨੇ ਮਾਹੌਲ ਸੰਜੀਦਾ ਕਰ ਦਿੱਤਾ। ਇਸ ਟਿੱਪਣੀ ’ਚੋਂ ਸਭਨਾਂ ਦੀ ਲੰਬੀ ਉਮਰ ਦੀ ਕਾਮਨਾ ਪ੍ਰਗਟ ਹੁੰਦੀ ਸੀ। ਡਾ: ਸੁਖਵਿੰਦਰ ਸਿੰਘ ਦੇ ਪਰਿਵਾਰ ਵੱਲੋਂ ਅਤਰਜੀਤ ਹੁਰਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਸ੍ਰੀ ਜੀਤ ਸਿੰਘ ਸਰਪੰਚ ਵੀ ਹਾਜ਼ਰ ਸਨ। ਅੰਤ ਵਿੱਚ ਸ੍ਰੀ ਬਲਵਿੰਦਰ ਸਿੰਘ ਭੁੱਲਰ ਨੇ ਆਪਣੀਆਂ ਪੁਸਤਕਾਂ ਦਾ ਸੈੱਟ ਸ਼ਹੀਦ ਭਗਤ ਸਿੰਘ ਲਾਇਬ੍ਰੇਰੀ ਲਈ ਡਾ: ਕੇਵਲ ਕ੍ਰਿਸ਼ਨ ਸਿੰਗਲਾ ਨੂੰ ਭੇਟ ਕੀਤਾ। ਇਹ ਸੰਖੇਪ ਜਿਹਾ ਸਮਾਗਮ ਯਾਦਗਾਰੀ ਹੋ ਨਿੱਬੜਿਆ।

## ਪੰਜਾਬ ਰਾਜ ਵਪਾਰੀ ਕਮਿਸ਼ਨ ਨੇ ਮੁੱਖ ਮੰਤਰੀ ਤੇ ਵਿੱਤ ਮੰਤਰੀ ਦਾ ਕੀਤਾ ਧੰਨਵਾਦ



**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਦੇ ਵਪਾਰੀ ਤੇ ਵਪਾਰਕ ਭਾਈਚਾਰੇ ਨੇ ਪੰਜਾਬ ਸਰਕਾਰ ਦੇ ਇੱਕ ਵਾਰ ਬੰਦੋਬਸਤ (ਓ.ਟੀ.ਐਸ.) ਯੋਜਨਾ-2025 ਨੂੰ 31 ਮਾਰਚ 2026 ਤੱਕ ਵਧਾਉਣ ਦੇ ਫੈਸਲੇ ਦਾ ਸਵਾਗਤ ਕੀਤਾ ਤੇ ਇਸ ਨੂੰ ਇੱਕ ਬਹੁਤ ਹੀ ਪ੍ਰਗਤੀਸ਼ੀਲ ਤੇ ਵਪਾਰੀ-ਪੱਖੀ ਕਦਮ ਦੱਸਿਆ ਹੈ।ਰਾਜ ਭਰ ਦੇ ਵਪਾਰੀਆਂ ਵੱਲੋਂ ਧੰਨਵਾਦ ਪ੍ਰਗਟ ਕਰਦੇ ਹੋਏ ਪੰਜਾਬ ਰਾਜ ਵਪਾਰੀ ਕਮਿਸ਼ਨ ਦੇ ਚੇਅਰਮੈਨ ਅਨਿਲ ਠਾਕੁਰ ਨੇ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਤੇ ਵਿੱਤ ਮੰਤਰੀ ਸ੍ਰ. ਹਰਪਾਲ ਸਿੰਘ ਚੀਮਾ ਦਾ ਵਪਾਰਕ ਭਾਈਚਾਰੇ ਦੇ ਲੰਬੇ ਸਮੇਂ ਤੋਂ ਲਟਕ ਰਹੇ ਟੈਕਸ-ਸਬੰਧਤ ਮੁੱਦਿਆਂ ਨੂੰ ਹੱਲ ਕਰਨ ਲਈ ਉਨ੍ਹਾਂ ਦੇ ਸੰਵੇਦਨਸ਼ੀਲ ਤੇ ਵਿਹਾਰਕ ਪਹੁੰਚ ਲਈ ਧੰਨਵਾਦ ਕੀਤਾ।ਅਨਿਲ ਠਾਕੁਰ ਨੇ ਕਿਹਾ ਕਿ ਓ.ਟੀ.ਐਸ. ਯੋਜਨਾ ਦਾ ਵਿਸਥਾਰ ਵਪਾਰੀਆਂ ਅਤੇ ਉਦਯੋਗਾਂ ਨੂੰ ਦਰਪੇਸ਼ ਵਿਹਾਰਕ ਮੁਸ਼ਕਲਾਂ, ਖਾਸ ਕਰਕੇ ਸਾਲ ਦੀ ਆਖਰੀ ਤਿਮਾਹੀ ਦੌਰਾਨ ਦੇਖੇ ਗਏ ਭਾਰੀ ਪਾਲਣਾ ਬੋਝ ਤੇ ਪ੍ਰਕਿਰਿਆਤਮਕ ਚੁਣੌਤੀਆਂ ਦੀ ਰਾਜ ਸਰਕਾਰ ਦੀ ਡੂੰਘੀ ਸਮਝ ਨੂੰ ਦਰਸਾਉਂਦਾ ਹੈ।ਉਨ੍ਹਾਂ ਕਿਹਾ ਕਿ ਇਹ ਸਕੀਮ ਜੀਐੱਸਟੀ ਤੋਂ ਪਹਿਲਾਂ ਦੇ ਕਾਨੂੰਨਾਂ, ਜਿਸ ਵਿੱਚ ਵੈਟ ਤੇ ਕੇਂਦਰੀ ਵਿਕਰੀ ਟੈਕਸ ਸ਼ਾਮਲ ਹਨ, ਅਧੀਨ ਵਿਰਾਸਤੀ ਵਿਵਾਦਾਂ ਨਾਲ ਨਜਿੱਠਣ ਵਾਲੇ ਕਾਰੋਬਾਰਾਂ ਲਈ ਇੱਕ ਵੱਡੀ ਰਾਹਤ ਵਜੋਂ ਉੱਭਰੀ ਹੈ।ਠਾਕੁਰ ਨੇ ਕਿਹਾ ਓਟੀਐੱਸ ਸਕੀਮ ਨੂੰ 31 ਮਾਰਚ 2026 ਤੱਕ ਵਧਾਉਣ ਦਾ ਫੈਸਲਾ, ਪੰਜਾਬ ਸਰਕਾਰ ਦੀ ਕਾਰੋਬਾਰ-ਪੱਖੀ ਮਾਹੌਲ ਬਣਾਉਣ ਤੇ ਸਵੈ-ਇੱਛਤ ਪਾਲਣਾ ਨੂੰ ਉਤਸ਼ਾਹਤ ਕਰਨ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ।

ਵਿਆਜ, ਜੁਰਮਾਨੇ ਤੇ ਯੋਗ ਟੈਕਸ ਰਕਮਾਂ ’ਤੇ ਮਹੱਤਵਪੂਰਨ ਛੋਟਾਂ ਨੇ ਵਪਾਰੀਆਂ ਵਿੱਚ ਵਿਸ਼ਵਾਸ ਪੈਦਾ ਕੀਤਾ ਹੈ ਤੇ ਉਨ੍ਹਾਂ ਨੂੰ ਅੱਗੇ ਆਉਣ ਤੇ ਲੰਬੇ ਸਮੇਂ ਤੋਂ ਲੰਬਿਤ ਬਕਾਏ ਦਾ ਨਿਪਟਾਰਾ ਕਰਨ ਲਈ ਉਤਸ਼ਾਹਤ ਕੀਤਾ ਹੈ।ਅਨਿਲ ਠਾਕੁਰ ਨੇ ਪੰਜਾਬ ਦੇ ਸਾਰੇ ਵਪਾਰੀਆਂ, ਉਦਯੋਗਪਤੀਆਂ ਤੇ ਚੌਲ ਮਿੱਲਰਾਂ ਨੂੰ ਅਪੀਲ ਕੀਤੀ ਕਿ ਉਹ ਵਧਾਈ ਗਈ ਮਿਆਦ ਦਾ ਸਮਝਦਾਰੀ ਤੇ ਦਿਆਲੂ ਵਰਤੋਂ ਕਰਨ ਤੇ ਸੋਧੀ ਹੋਈ ਸਮਾਂ-ਸੀਮਾ ਦੇ ਅੰਦਰ ਓਟੀਐੱਸ ਸਕੀਮ ਦੀ ਚੋਣ ਕਰਨ।

5-Jan-PAGE-11-Jan-26.qxd 1/4/2026 10:58 PM Page 1



# ਖੱਬੇ-ਪੱਖੀ ਧਿਰਾਂ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਪੁਤਲਾ ਫੂਕਿਆ

ਧਾਰੀਵਾਲ/ਗੁਰਦਾਸਪੁਰ, (ਮਨਦੀਪ ਸਿੰਘ ਵਿੱਕੀ, ਜਨਕ ਮਹਾਜਨ)-ਖੱਬੇ ਪੱਖੀ ਧਿਰਾ ਸੀਪੀਆਈ, ਸੀਪੀਐਮ, ਸੀਪੀਐਮਐੱਲ ਲਿਬਰੇਸ਼ਨ ਅਤੇ ਆਰਐੱਮਪੀਆਈ ਦੇ ਵਰਕਰਾਂ ਵੱਲੋਂ ਅਮਰੀਕੀ ਸਾਮਰਾਜੀਆਂ ਵੱਲੋਂ ਵੈਨਜ਼ੂਏਲਾ ਦੇ ਰਾਸ਼ਟਰਪਤੀ ਨਿਕੋਲਸ ਮਾਦੁਰੋ ਅਤੇ ਉਨ੍ਹਾਂ ਦੀ ਪਤਨੀ ਨੂੰ ਉਨ੍ਹਾਂ ਦੇ ਦੇਸ਼ ਵਿਚਲੀ ਰਹਾਇਸ਼ 'ਚੋਂ ਅਗਵਾ ਕਰਕੇ ਲੈ ਜਾਣ ਦੇ ਵਿਰੋਧ ਵਿੱਚ ਗੁਰੂ ਨਾਨਕ ਪਾਰਕ ਗੁਰਦਾਸਪੁਰ ਵਿਖੇ ਰੈਲੀ ਕੀਤੀ ਗਈ ਅਤੇ ਸ਼ਹਿਰ ਵਿੱਚ ਪ੍ਰਦਰਸ਼ਨ ਕਰਕੇ ਡਾਕਖਾਨਾ ਚੌਕ ਵਿੱਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਪੁਤਲਾ ਫੂਕਿਆ ਗਿਆ। ਖੱਬੇ ਪੱਖੀ ਵਰਕਰਾਂ ਨੂੰ ਸੰਬੋਧਨ ਕਰ ਕਰਦਿਆ ਰੂਪ ਸਿੰਘ ਪਡਾ,ਜਗਜੀਤ ਸਿੰਘ ਅਲੂਣਾ,ਮਖਣ ਕੁਹਾੜ ਅਤੇ ਗੁਰਮੀਤ ਸਿੰਘ ਬਖਤਪੁਰਾ ਨੇ ਕਿਹਾ ਕਿ ਵੈਨੇਜ਼ੁਏਲਾ ਤੇ ਅਮਰੀਕੀ ਸਾਮਰਾਜ ਦਾ ਹਮਲਾ ਸਿੱਧਾ ਦੂਸਰੇ ਦੇਸ਼ ਦੀ ਆਜ਼ਾਦੀ ਦੀ ਹੋਂਦ ਤੇ ਹਮਲਾ ਹੈ। ਅਮਰੀਕਾ ਬੀਤੇ ਸਾਲਾਂ ਤੋਂ ਵੈਨਜ਼ੁਏਲਾ ਦੇ ਰਾਸ਼ਟਰਪਤੀ ਨੂੰ ਅਮਰੀਕਾ ਅੱਗੇ ਗੋਡੇ ਟੇਕਣ ਲਈ ਮਜਬੂਰ ਕਰ ਰਿਹਾ ਸੀ, ਜੋ ਵੈਨਜ਼ੁਏਲਾ ਦੇ ਰਾਸ਼ਟਰਪਤੀ ਅਤੇ ਉੱਥੇ ਦੇ ਲੋਕਾਂ ਨੂੰ ਮਨਜ਼ੂਰ ਨਹੀਂ ਸੀ। ਅਸਲ ਵਿੱਚ ਅਮਰੀਕਾ ਦੀ ਅੱਖ ਵੈਨਜ਼ੁਏਲਾ ਵਿਚਲੇ ਕੱਚੇ ਤੇਲ ਦੇ ਭੰਡਾਰਾ ਉੱਪਰ ਹੈ ਜੋ ਕਿ ਕੱਚਾ ਤੇਲ ਦੁਨੀਆ ਭਰ ਤੇਲ ਉਤਪਾਦਕ ਦੇਸਾ ਤੋਂ ਸਭ ਤੋਂ ਜਿਆਦਾ ਕਰੀਬ 300 ਮਿਲੀਅਨ ਬੈਰਲ ਦੇ ਭੰਡਾਰ ਹਨ ਜਿਸ ਉਪਰ ਅਮਰੀਕਾ ਕਬਜ਼ਾ ਕਰਨਾ ਚਾਹੁੰਦਾ ਹੈ, ਅਮਰੀਕਾ ਨੂੰ ਸਭ ਤੋਂ ਬੁਰੀ ਗੱਲ ਲੱਗਦੀ ਸੀ ਕਿ ਵੈਨੇਜ਼ੁਏਲਾ ਦਾ ਰਾਸ਼ਟਰਪਤੀ ਇੱਕ ਕਮਿਊਨਿਸਟ ਅਤੇ ਸਮਾਜਵਾਦੀ ਦੇਸ਼ ਦੀ ਸਰਕਾਰ ਦਾ ਮੁੱਖੀ ਹੈ।ਟਰੰਪ ਦਾ ਇਹ ਬਿਆਨ ਵੀ ਅਤੀ ਨਿੰਦਣਯੋਗ ਹੈ ਕਿ ਵੈਨੇਜ਼ੂਏਲਾ ਦੀ ਅਗਲੀ ਸਰਕਾਰ ਨੂੰ ਬਣਾਉਣ ਸਬੰਧੀ ਅਮਰੀਕਾ ਖੁਦ ਤਹਿ ਕਰੇਗਾ।ਆਗੂਆਂ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਦਾ ਅਗਲਾ ਨਿਸ਼ਾਨਾ ਈਰਾਨ ਹੈ ਜਿਸ ਨੂੰ ਟਰੰਪ ਲਗਾਤਾਰ ਧਮਕੀਆਂ ਦੇ ਰਿਹਾ ਹੈ ਅਤੇ ਈਰਾਨ ਦੇ ਅੰਦਰੂਨੀ ਮਾਮਲਿਆਂ ਵਿੱਚ ਦਖਲਅੰਦਾਜ਼ੀ ਕਰ ਰਿਹਾ ਹੈ।ਆਗੂਆਂ ਮੰਗ ਕੀਤੀ ਕਿ ਅਮਰੀਕਾ ਮਾਦੁਰੋ ਅਤੇ ਉਸ ਦੀ ਪਤਨੀ ਨੂੰ ਆਜ਼ਾਦ ਕਰੇ ਅਤੇ ਵੈਨੇਜ਼ੁਏਲਾ 'ਚੋਂ ਫੌਜੀ ਦਖਲ ਬੰਦ ਕਰੇ।ਇਸ ਸਮੇਂ ਰੂਪ ਸਿੰਘ ਸਿੱਧੂ, ਜਨਕ ਰਾਜ, ਸੁਖਦੇਵ ਸਿੰਘ ਭਾਗੋਕਾਵਾਂ, ਪ੍ਰੇਮ ਮਸੀਹ ਸੋਨਾ, ਸ਼ਿਵ ਕੁਮਾਰ, ਠਾਕੁਰ ਧਿਆਨ ਸਿੰਘ ਅਤੇ ਕੁਲਦੀਪ ਰਾਜੂ ਹਾਜ਼ਰ ਸਨ।



# ਸਿੱਖ ਵਿਦਵਾਨ ਜੈਤੇਗ ਸਿੰਘ ਅਨੰਤ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਵਾਰਿਸ ਸ਼ਾਹ ਫ਼ਾਊਂਡੇਸ਼ਨ ਵੱਲੋਂ ਨਾਮਵਰ ਸਿੱਖ ਵਿਦਵਾਨ ਜੈਤੇਗ ਸਿੰਘ ਅਨੰਤ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।ਫ਼ਾਊਂਡੇਸ਼ਨ ਦੇ ਪ੍ਰਧਾਨ ਡਾ. ਬਿਕਰਮ ਸਿੰਘ ਘੁੰਮਣ, ਜਨਰਲ ਸਕੱਤਰ ਡਾ. ਚਰਨਜੀਤ ਸਿੰਘ ਗੁਮਟਾਲਾ, ਪ੍ਰੈੱਸ ਸਕੱਤਰ ਅੰਮ੍ਰਿਤ ਲਾਲ ਮੰਨਣ , ਡਾ. ਬਿਜਪਾਲ ਸਿੰਘ, ਡਾ. ਇਕਬਾਲ ਕੌਰ ਸੌਂਦ, ਇਕਬਾਲ ਸਿੰਘ ਬਰਾੜ ਤੇ ਸਮੂਹ ਮੈਂਬਰਾਨ ਵੱਲੋਂ ਜਾਰੀ ਇੱਕ ਸਾਂਝੇ ਬਿਆਨ ਵਿਚ ਕਿਹਾ ਗਿਆ ਹੈ ਕਿ ਉਨ੍ਹਾਂ ਦੇ ਅਕਾਲ ਚਲਾਣੇ ਨਾਲ ਕਦੇ ਵੀ ਨਾ ਪੂਰਾ ਕੀਤਾ ਜਾਣ ਵਾਲਾ ਘਾਟਾ ਪਿਆ ਹੈ।ਉਨ੍ਹਾਂ ਸਾਹਿਤ, ਸੁਤੰਤਰਤਾ ਸੰਗਰਾਮ, ਸਿੱਖ ਇਤਿਹਾਸ, ਕਲਾ, ਸੰਗੀਤ, ਸੱਭਿਆਚਾਰ ਅਤੇ ਵਿਰਾਸਤ ਨਾਲ ਸੰਬੰਧਤ ਦੋ ਦਰਜਨ ਪੁਸਤਕਾਂ ਪੰਜਾਬੀ ਮਾਂ ਬੋਲੀ ਦੀ ਝੋਲੀ ਵਿੱਚ ਪਾਈਆਂ। ਕੈਨੇਡਾ, ਭਾਰਤ, ਪਾਕਿਸਤਾਨ ਤੋਂ ਇਲਾਵਾ ਅਮਰੀਕਾ, ਇੰਗਲੈਂਡ, ਹਾਂਗਕਾਂਗ, ਆਸਟਰੇਲੀਆ ਅਤੇ ਹੋਰ ਕਈ ਦੇਸ਼ਾਂ ਵਿਚ ਉਨ੍ਹਾਂ ਦੇ ਮਿੱਤਰ ਪਿਆਰੇ, ਸਿਨੇਹੀ ਹਨ ਜਿਨ੍ਹਾਂ ਨਾਲ ਉਹ ਫੋਨ ਰਾਹੀਂ ਅਕਸਰ ਗੱਲਬਤ ਕਰਦੇ ਰਹਿੰਦੇ ਸਨ।ਉਹ ਅੱਜ ਭਾਵੇਂ ਸਾਡੇ ਵਿੱਚ ਨਹੀਂ ਰਹਿ ਪਰ ਉਨ੍ਹਾਂ ਵੱਲੋਂ ਪੰਜਾਬੀ ਸਾਹਿਤ ਲਈ ਪਾਏ ਵੱਡਮੁੱਲੇ ਯੋਗਦਾਨ ਲਈ ਉਨ੍ਹਾਂ ਨੂੰ ਹਮੇਸ਼ਾ ਯਾਦ ਕੀਤਾ ਜਾਂਦਾ ਰਹੇਗਾ।

# ਨਾਗੋਕੇ ਸਾਰੀ ਜ਼ਿੰਦਗੀ ਕਿਰਤੀ ਲੋਕਾਂ ਦੇ ਚੰਗੇਰੇ ਭਵਿੱਖ ਲਈ ਯਤਨਸ਼ੀਲ ਰਹੇ: ਦੇਵੀ ਕੁਮਾਰੀ



ਤਰਨਤਾਰਨ (ਪ੍ਰਿਤਪਾਲ ਸਿੰਘ)-ਕਾਮਰੇਡ ਸਵਰਨ ਸਿੰਘ ਨਾਗੋਕੇ ਕਿਰਤੀਆਂ ਦੇ ਵਿਹੜਿਆਂ ਦਾ ਸੂਰਜ ਸੀ।ਉਹ ਤਾਂ ਜ਼ਿੰਦਗੀ ਸਮਾਜਿਕ ਤੇ ਆਰਥਿਕ ਜਬਰ ਦਾ ਸ਼ਿਕਾਰ ਲੋਕਾਂ ਦੇ ਚੰਗੇਰੇ ਭਵਿੱਖ ਯਤਨਸ਼ੀਲ ਰਹੇ।ਉਕਤ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਖੇਤ ਮਜ਼ਦੂਰ ਸਭਾ ਦੇ ਜਨਰਲ ਸਕੱਤਰ ਕਾਮਰੇਡ ਦੇਵੀ ਕੁਮਾਰੀ ਸਰਹਾਲੀ ਕਲਾਂ ਨੇ ਕੀਤਾ। ਉਹ ਇੱਥੇ ਮਰਹੂਮ ਕਾਮਰੇਡ ਸਵਰਨ ਸਿੰਘ ਨਾਗੋਕੇ ਦੀ ਦੂਸਰੀ ਬਰਸੀ ਮਨਾਉਣ ਮੌਕੇ ਸੰਬੋਧਨ ਕਰ ਰਹੇ ਸਨ।ਉਨ੍ਹਾਂ ਕਿਹਾ ਕਿ ਕਾਮਰੇਡ ਨਾਗੋਕੇ ਨੇ ਪੰਜਾਬ ਖੇਤ ਮਜ਼ਦੂਰ ਸਭਾ ਦੇ ਪ੍ਰਧਾਨ ਹੁੰਦਿਆਂ ਜਥੇਬੰਦੀ ਮਜ਼ਬੂਤ ਕਰਨ ਲਈ ਕੋਈ ਕਸਰ ਨਹੀਂ ਛੱਡੀ।ਉਹ ਸਾਈਕਲ 'ਤੇ ਕਿਰਤੀਆਂ ਦੇ ਘਰਾਂ ਵਿੱਚ ਜਾ ਕੇ ਉਨ੍ਹਾਂ ਨੂੰ ਆਪਣੀ ਹੋਣੀ ਦੇ ਆਪ ਮਾਲਕ ਬਣਨ ਲਈ ਸੰਘਰਸ਼ਾਂ ਦੇ ਪਿੜ ਵਿੱਚ ਕੁੱਦਣ ਲਈ ਪ੍ਰੇਰਨਾ ਦਿੰਦੇ।ਉਹ ਨਿੱਜੀ ਤੇ ਪਰਿਵਾਰਕ ਦੁਸ਼ਵਾਰੀਆਂ ਦਾ ਸਾਹਮਣਾ ਕਰਦੇ ਹੋਏ ਕਿਰਤੀ ਲੋਕਾਂ ਨੂੰ ਲਾਮਬੰਦ ਕਰਨ ਲਈ ਰਾਤ ਦਿਨ ਇੱਕ ਕਰ ਦਿੰਦੇ ਸਨ।ਕਮਿਊਨਿਸਟ ਆਗੂ ਵਜੋਂ ਵਿਚਰਦਿਆਂ ਦੂਜੀਆਂ ਧਿਰਾਂ ਦੇ ਆਗੂ ਵੀ ਉਨ੍ਹਾਂ ਦਾ ਸਤਿਕਾਰ ਕਰਦੇ ਸਨ।ਸਰਹਾਲੀ ਕਲਾਂ ਨੇ ਕਿਹਾ ਕਿ ਅੱਜ ਦੇ ਦੌਰ ਵਿੱਚ ਕਿਰਤੀ ਲੋਕਾਂ 'ਤੇ ਚੌਤਰਫ਼ੇ ਹਮਲੇ ਹੋ ਰਹੇ ਹਨ।ਐਸੇ ਕਾਮਰੇਡ ਨਾਗੋਕੇ ਵਰਗੇ ਸਿਰੜੀ ਆਗੂ ਦੀ ਸ਼ਿੱਦਤ ਨਾਲ ਲੋੜ ਮਹਿਸੂਸ ਹੋ ਰਹੀ ਹੈ।ਉਨ੍ਹਾਂ ਦੇ ਅਧੂਰੇ ਕੰਮਾਂ ਨੂੰ ਪੂਰੇ ਕਰਨ ਦਾ ਅਹਿਦ ਕਰਨਾ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।ਉਨ੍ਹਾਂ ਕਿਹਾ ਕਿ ਮੈਂ ਮਜ਼ਦੂਰ ਕਾਰਕੂਨ ਦੇ ਤੌਰ 'ਤੇ ਵਿਚਰਦਿਆਂ ਮੈਨੂੰ ਉਹ ਹਮੇਸ਼ਾ ਉਤਸ਼ਾਹਿਤ ਕਰਦੇ ਰਹਿੰਦੇ ਸਨ ਤੇ ਇੱਕ ਬਾਪ ਵਾਂਗ ਅਗਵਾਈ ਦਿੰਦੇ ਰਹੇ।ਕਾਮਰੇਡ ਕਲਵੰਤ ਸਿੰਘ ਖਡੂਰ ਸਾਹਿਬ ਦੀ ਪ੍ਰਧਾਨਗੀ ਹੇਠ ਹੋਏ ਬਰਸੀ ਸਮਾਗਮ ਨੂੰ ਪੰਜਾਬ ਖੇਤ ਮਜ਼ਦੂਰ ਸਭਾ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਸੁਖਦੇਵ ਸਿੰਘ ਕੋਟ ਧਰਮ ਚੰਦ ਕਲਾਂ, ਰਛਪਾਲ ਸਿੰਘ ਘੁਰਕਵਿੰਡ ਜ਼ਿਲ੍ਹਾ ਮੀਤ ਸਕੱਤਰ ਨੇ ਆਪਣੇ ਸੰਬੋਧਨ ਵਿੱਚ ਮਰਹੂਮ ਸਵਰਨ ਸਿੰਘ ਨਾਗੋਕੇ ਦੇ ਸਿਰੜ ਤੇ ਸਿਦਕ ਨਾਲ ਜਥੇਬੰਦੀ ਲਈ ਕੀਤੇ ਕੰਮਾਂ ਨੂੰ ਯਾਦ ਕਰਦਿਆਂ ਉਨ੍ਹਾਂ ਨੂੰ ਇੱਕ ਵੱਡਾ ਤੇ ਪ੍ਰੇਰਨਾਮਈ ਆਗੂ ਦੱਸਿਆ।ਉਨ੍ਹਾਂ ਕਾਮਰੇਡ ਨਾਗੋਕੇ ਦੇ ਪਰਿਵਾਰ ਨੂੰ ਵਿਸ਼ਵਾਸ ਦਵਾਇਆ ਕਿ ਪੰਜਾਬ ਖੇਤ ਮਜ਼ਦੂਰ ਸਭਾ ਹਮੇਸ਼ਾ ਉਨ੍ਹਾਂ ਦੇ ਦੁੱਖ-ਸੁੱਖ ਵਿੱਚ ਸਾਥ ਦੇਵੇਗੀ।ਬਰਸੀ ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਹਰਜੀਤ ਕੌਰ, ਕਸ਼ਮੀਰ ਸਿੰਘ ਭਲਾਈਪੁਰ, ਸਰਵਣ ਸਿੰਘ ਕਿਰਤੋਵਾਲ, ਜਸਪਾਲ ਸਿੰਘ ਚੂਸਲੇਵਾੜ, ਸੁਖਦੇਵ ਸਿੰਘ ਕਿਰਤੋਵਾਲ, ਅਮਨਦੀਪ ਸਿੰਘ ਭੱਠਲ, ਗਗਨਦੀਪ ਸਿੰਘ ਨੂਰਪੁਰ, ਸਾਗਰ ਸਿੰਘ ਅਤੇ ਬਲਜਿੰਦਰ ਕੌਰ ਸਰਹਾਲੀ ਵੀ ਹਾਜ਼ਰ ਸਨ।

# ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ 2.09 ਕਰੋੜ ਦੀ ਲਾਗਤ ਵਾਲੀਆਂ ਲਿੰਕ ਸੜਕਾਂ ਦੇ ਨੀਂਹ ਪੱਥਰ ਰੱਖੇ



ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਵੱਲੋਂ ਵਿਧਾਨਸਭਾ ਹਲਕਾ ਦੀਨਾਨਗਰ ਅੰਦਰ ਕਰੀਬ 2 ਕਰੋੜ 9 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀਆਂ 10.81 ਕਿਲੋਮੀਟਰ ਲੰਮੀਆਂ ਦੋ ਲਿੰਕ ਸੜਕਾਂ ਦੇ ਨਵੀਨੀਕਰਨ ਦੇ ਨੀਂਹ ਪੱਥਰ ਰੱਖੇ ਗਏ ਜਿਸ ਵਿੱਚ ਕਰੀਬ 1.26 ਕਰੋੜ ਰੁਪਏ ਦੀ ਲਾਗਤ ਨਾਲ ਏਪੀਕੇ ਰੋਡ ਤੋਂ ਵਾਇਆ ਕੌਂਟਾ, ਗਾਦੜੀਆਂ ਤੋਂ ਮੋਖਾ ਤੱਕ 6.51 ਕਿਲੋਮੀਟਰ ਲੰਮੀ ਸੜਕ ਅਤੇ 82.4 ਲੱਖ ਰੁਪਏ ਦੀ ਲਾਗਤ ਨਾਲ ਰਣਜੀਤ ਬਾਗ ਤੋਂ ਵਾਇਆ ਮਹਿੰਦੀਪੁਰ, ਭਾਵੜਾ ਸਾਹੋਵਾਲ ਤੱਕ 4.30 ਕਿਲੋਮੀਟਰ ਲੰਮੀਆਂ ਸੜਕਾਂ ਸ਼ਾਮਲ ਹਨ।ਸੜਕਾਂ ਦੇ ਨਵੀਨੀਕਰਨ ਦੇ ਨੀਂਹ ਪੱਥਰ ਰੱਖਣ ਮੌਕੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਸਰਵਪੱਖੀ ਵਿਕਾਸ ਲਈ ਵਚਨਬੱਧ ਹੈ ਅਤੇ ਇਸ ਵੇਲੇ ਸੂਬੇ ਅੰਦਰ ਹਰ ਖੇਤਰ ਵਿੱਚ ਵਿਕਾਸ ਕਾਰਜਾਂ ਦੇ ਕੰਮ ਤੇਜ਼ੀ ਨਾਲ ਚੱਲ ਰਹੇ ਹਨ।ਹਲਕਾ ਇੰਚਾਰਜ ਨੇ ਕਿਹਾ ਕਿ ਦੀਨਾਨਗਰ ਵਿਧਾਨਸਭਾ ਹਲਕੇ ਅੰਦਰ ਵੀ ਹੋਰਨਾਂ ਵਿਕਾਸ ਕਾਰਜਾਂ ਦੇ ਇਲਾਵਾ ਲਿੰਕ ਸੜਕਾਂ ਦੇ ਜਾਲ ਵਿਛਾਉਣ ਦਾ ਕੰਮ ਲਗਾਤਾਰ ਜਾਰੀ ਹੈ ਅਤੇ ਹਲਕੇ ਦੀਆਂ ਬਹੁਗਿਣਤੀ ਲਿੰਕ ਸੜਕਾਂ ਦੇ ਨਵੀਨੀਕਰਨ ਦਾ ਕੰਮ ਤੇਜ਼ੀ ਨਾਲ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਹਲਕੇ ਅੰਦਰ ਕਾਫੀ ਲਿੰਕ ਸੜਕਾਂ ਦੇ ਨਵੀਨੀਕਰਨ ਦਾ ਕੰਮ ਚੱਲ ਰਿਹਾ ਹੈ ਅਤੇ ਜੋ ਕੁਝ ਰਹਿ ਗਈਆਂ ਹਨ ਉਨ੍ਹਾਂ ਦੇ ਨਿਰਮਾਣ ਕੰਮ ਵੀ ਆਉਂਦੇ ਦਿਨਾਂ ਅੰਦਰ ਸ਼ੁਰੂ ਕਰਵਾ ਦਿੱਤਾ ਜਾਵੇਗਾ।ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਕੋਲੋਂ ਪੰਜਾਬ ਦੀ ਜਨਤਾ ਪੂਰੀ ਤਰ੍ਹਾਂ ਖੁਸ਼ ਹੈ ਅਤੇ ਇਸਦਾ ਸਬੂਤ ਲੰਘੀਆਂ ਜ਼ਿਲ੍ਹਾ ਪਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਹਨ, ਜਿੱਥੇ ਆਮ ਆਦਮੀ ਪਾਰਟੀ ਨੇ ਇਹ ਚੋਣਾਂ ਪੂਰੀ ਨਿਰਪੱਖਤਾ ਅਤੇ ਇਮਾਨਦਾਰੀ ਨਾਲ ਲੜੀਆਂ ਸਨ ਅਤੇ ਸ਼ਾਨਦਾਰ ਬਹੁਮੱਤ ਹਾਸਲ ਕੀਤਾ ਹੈ। ਉਹਨਾਂ ਕਿਹਾ ਕਿ ਲੋਕਾਂ ਵੱਲੋਂ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਵੱਡਾ ਫਤਵਾ ਦੇ ਕੇ ਇਹ ਸਾਫ ਕਰ ਦਿੱਤਾ ਗਿਆ ਹੈ ਕਿ ਉਹ 2027 ਵਿੱਚ ਵੀ ਸੂਬੇ ਅੰਦਰ ਆਮ ਆਦਮੀ ਪਾਰਟੀ ਦੀ ਇਮਾਨਦਾਰ ਸਰਕਾਰ ਵੇਖਣਾ ਚਾਹੁੰਦੇ ਹਨ।

# ਬਿਜਲੀ ਸੋਧ ਬਿੱਲ-2025 ਨੂੰ ਲਾਗੂ ਨਹੀਂ ਹੋਣ ਦੇਵਾਂਗੇ: ਰਾਜ ਔਲਖ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਬਿਜਲੀ ਸੋਧ ਬਿੱਲ-2025 ਨੂੰ ਲੈ ਕੇ ਮਾਝਾ ਕਿਸਾਨ ਸੰਘਰਸ਼ ਕਮੇਟੀ ਵੱਲੋਂ ਵੱਖ-ਵੱਖ ਪਿੰਡਾਂ ਵਿੱਚ ਮੀਟਿੰਗਾਂ ਕੀਤੀਆਂ ਗਈਆਂ ਜਿਸ ਵਿੱਚ ਕੇਂਦਰ ਸਰਕਾਰ ਵੱਲੋਂ ਲਿਆਂਦੇ ਜਾ ਰਹੇ ਬਿਜਲੀ ਸੋਧ ਬਿੱਲ ਨੂੰ ਲੈ ਕੇ ਲੋਕਾਂ ਨੂੰ ਜਾਗਰਿਤ ਕੀਤਾ ਗਿਆ। ਇਸ ਮੌਕੇ ਪ੍ਰਧਾਨ ਬਲਵਿੰਦਰ ਸਿੰਘ ਰਾਜੂ ਔਲਖ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਦੀ ਕਾਲ ਉਤੇ 16 ਜਨਵਰੀ ਨੂੰ ਡੀਸੀ ਦਫਤਰ ਗੁਰਦਾਸਪੁਰ ਵਿਖੇ 11 ਵਜੇ ਧਰਨਾ ਪ੍ਰਦਰਸ਼ਨ ਕੀਤਾ ਜਾਵੇਗਾ ਅਤੇ ਡੀਸੀ ਗੁਰਦਾਸਪੁਰ ਨੂੰ ਮੰਗ ਪੱਤਰ ਦਿੱਤਾ ਜਾਵੇਗਾ। ਇਸ ਮੌਕੇ ਉਨ੍ਹਾਂ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਲੋਕ ਮਾਰੂ ਨੀਤੀਆਂ ਨੂੰ ਲੈ ਕੇ ਇੱਕ ਹੋਰ ਆਮ ਲੋਕਾਂ ਤੇ ਬੋਝ ਪਾਉਣ ਜਾ ਰਹੀ ਹੈ ਜਿਸ ਵਿੱਚ ਲੋਕਾਂ ਦੇ ਪ੍ਰੀਪੇਡ ਮੀਟਰ ਲਗਾਏ ਜਾਣਗੇ ਜਿਸ ਨਾਲ ਲੋਕਾਂ ਨੂੰ ਵੱਡੇ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।ਉਨ੍ਹਾਂ ਨੇ ਦੱਸਿਆ ਕਿ ਇਹ ਪ੍ਰੀਪੇਡ ਮੀਟਰ 'ਚ ਪੈਸੇ ਪਵਾ ਕੇ ਮੋਬਾਈਲ ਫੋਨ ਵਾਂਗੂੰ ਹੀ ਇਹ ਮੀਟਰ ਕੰਮ ਕਰਦੇ ਹਨ। ਉਨ੍ਹਾਂ ਨੇ ਦੱਸਿਆ ਕਿ ਜੇਕਰ ਇਸ ਵਿੱਚ ਪੈਸੇ ਖਤਮ ਹੋ ਗਏ ਤਾਂ ਘਰ ਦੀ ਬਿਜਲੀ ਵੀ ਬੰਦ ਹੋ ਜਾਵੇਗੀ।ਉਨ੍ਹਾਂ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਇਸ ਨੀਤੀ ਨੂੰ ਲਾਗੂ ਨਹੀਂ ਹੋਣ ਦਿੱਤਾ ਜਾਵੇਗਾ ਅਤੇ ਦੁਕਾਨਦਾਰਾਂ ਅਤੇ ਕਿਸਾਨਾਂ ਉਤੇ ਬੋਝ ਨਹੀਂ ਪੈਣ ਦਿੱਤਾ ਜਾਵੇਗਾ।

# ਪੱਤਰਕਾਰਾਂ ਖ਼ਿਲਾਫ਼ ਦਰਜ ਮਾਮਲੇ ਦੇ ਵਿਰੋਧ 'ਚ ਰੋਸ ਦਾ ਪ੍ਰਗਟਾਵਾ

## * ਪ੍ਰੈੱਸ ਕਲੱਬ ਗੋਇੰਦਵਾਲ ਸਾਹਿਬ ਨੇ ਪੰਜਾਬ ਸਰਕਾਰ ਖਿਲਾਫ ਕੀਤੀ ਨਾਅਰੇਬਾਜ਼ੀ



*ਗੋਇੰਦਵਾਲ ਸਾਹਿਬ: (ਕਾਬਲ ਸਿੰਘ ਮੱਲ੍ਹੀ)-ਪੰਜਾਬ ਸਰਕਾਰ ਵੱਲੋਂ ਕੁਝ ਦਿਨ ਪਹਿਲਾਂ 10 ਪੱਤਰਕਾਰਾਂ ਖ਼ਿਲਾਫ਼ ਮਾਮਲਾ ਦਰਜ ਕੀਤੇ ਜਾਣ ਤੋਂ ਬਾਅਦ ਪ੍ਰੈੱਸ ਜਗਤ ਵਿੱਚ ਰੋਸ ਦੀ ਲਹਿਰ ਪਾਈ ਜਾ ਰਹੀ ਹੈ।ਇਸੇ ਦੇ ਵਿਰੋਧ ਵਿੱਚ ਪ੍ਰੈਸ ਕਲੱਬ ਗੋਇੰਦਵਾਲ ਸਾਹਿਬ ਵੱਲੋਂ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਗਈ ਅਤੇ ਉਕਤ ਕਾਰਵਾਈ ਦੀ ਨਿੰਦਾ ਕੀਤੀ ਗਈ।ਕਸਬਾ ਗੋਇੰਦਵਾਲ ਸਾਹਿਬ ਦੇ ਸਮੂਹ ਪੱਤਰਕਾਰਾਂ ਵੱਲੋਂ ਉਕਤ ਕਾਰਵਾਈ ਨੂੰ ਪ੍ਰੈੱਸ ਦੀ ਆਜ਼ਾਦੀ ਅਤੇ ਲੋਕਤੰਤਰੀ ਹੱਕਾਂ ਦੀ ਰਾਖੀ ਲਈ ਆਵਾਜ਼ ਨੂੰ ਦਬਾਉਣਾ ਕਰਾਰ ਦਿੱਤਾ ਗਿਆ।ਇਸ ਮੌਕੇ ਪ੍ਰੈੱਸ ਕਲੱਬ ਦੇ ਪ੍ਰਧਾਨ ਜਤਿੰਦਰ ਸਿੰਘ ਬਾਵਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਰਕਾਰ ਵੱਲੋਂ ਪੱਤਰਕਾਰਾਂ ਤੇ ਦਰਜ ਕੀਤਾ ਗਿਆ ਮਾਮਲਾ ਲੋਕਤੰਤਰ ਦੇ ਚੌਥੇ ਥੰਮ੍ਹ 'ਤੇ ਸਿੱਧਾ ਹਮਲਾ ਹੈ, ਜੋ ਕਿਸੇ ਵੀ ਸੂਰਤ ਵਿੱਚ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।ਉਨ੍ਹਾਂ ਆਖਿਆ ਕਿ ਸਵਾਲ ਪੁੱਛਣਾ ਅਤੇ ਸੱਚ ਸਾਹਮਣੇ ਲਿਆਉਣਾ ਮੀਡੀਆ ਦਾ ਸੰਵਿਧਾਨਕ ਹੱਕ ਹੈ, ਪਰ ਸਰਕਾਰ ਵੱਲੋਂ ਇਸ ਤਰ੍ਹਾਂ ਦੀ ਕਾਰਵਾਈ ਪ੍ਰੈੱਸ ਦੀ ਸੁਤੰਤਰਤਾ ਨੂੰ ਦਬਾਉਣ ਦੀ ਕੋਸ਼ਿਸ਼ ਹੈ।ਪ੍ਰਧਾਨ ਬਾਵਾ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਪੱਤਰਕਾਰਾਂ ਖ਼ਿਲਾਫ਼ ਦਰਜ ਕੀਤੇ ਗਏ ਮਾਮਲੇ ਨੂੰ ਤੁਰੰਤ ਰੱਦ ਕੀਤਾ ਜਾਵੇ ਅਤੇ ਪ੍ਰੈੱਸ ਦੀ ਆਜ਼ਾਦੀ, ਬੋਲਣ ਦੀ ਆਜ਼ਾਦੀ ਅਤੇ ਵਿਚਾਰ ਪ੍ਰਗਟ ਕਰਨ ਦੇ ਹੱਕ ਨੂੰ ਪੂਰੀ ਤਰ੍ਹਾਂ ਬਹਾਲ ਕੀਤਾ ਜਾਵੇ।

ਉਨ੍ਹਾਂ ਇਹ ਵੀ ਕਿਹਾ ਕਿ ਲੋਕਤੰਤਰ ਦੀ ਮਜ਼ਬੂਤੀ ਲਈ ਮੀਡੀਆ ਦਾ ਸੁਤੰਤਰ ਹੋਣਾ ਬਹੁਤ ਜ਼ਰੂਰੀ ਹੈ ਅਤੇ ਇਸ ਤਰ੍ਹਾਂ ਦੇ ਕਦਮ ਲੋਕਤੰਤਰਿਕ ਪ੍ਰਣਾਲੀ ਲਈ ਖ਼ਤਰਨਾਕ ਸਾਬਤ ਹੋ ਸਕਦੇ ਹਨ।ਪ੍ਰੈੱਸ ਕਲੱਬ ਵੱਲੋਂ ਚਿਤਾਵਨੀ ਦਿੱਤੀ ਗਈ ਕਿ ਜੇਕਰ ਸਰਕਾਰ ਨੇ ਆਪਣਾ ਰਵੱਈਆ ਨਾ ਬਦਲਿਆ ਤਾਂ ਇਹ ਵਿਰੋਧ ਹੋਰ ਵੀ ਤੀਖਾ ਕੀਤਾ ਜਾਵੇਗਾ।ਇਸ ਮੌਕੇ ਕਲੱਬ ਦੇ ਮੀਤ ਪ੍ਰਧਾਨ ਪਰਮਜੀਤ ਸਿੰਘ ਪੰਛੀ, ਜਨਰਲ ਸਕੱਤਰ ਨਿਸ਼ਾਨ ਸਿੰਘ ਜੌਹਲ, ਕੈਸ਼ੀਆਰ ਸਕੱਤਰ ਸਿੰਘ ਅਟਵਾਲ , ਵਿਸ਼ੇਸ਼ ਸਕੱਤਰ ਸ਼ੇਰੂ ਮਹਾਜਨ, ਸਰਪ੍ਰਸਤ ਕਾਬਲ ਸਿੰਘ ਮੱਲ੍ਹੀ, ਸਪੋਕਸਪਰਸਨ ਪਲਵਿੰਦਰ ਸਿੰਘ ਅਤੇ ਜਗਜੀਤ ਸਿੰਘ ਕੱਕਾ ਹਾਜ਼ਰ ਸਨ।

# ਭਿੱਖੀਵਿੰਡ 'ਚ ਟਰੈਫਿਕ ਸਮੱਸਿਆ ਤੋਂ ਲੋਕ ਡਾਢੇ ਪ੍ਰੇਸ਼ਾਨ, ਪੈਦਲ ਲੰਘਣਾ ਵੀ ਔਖਾ !



ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਭਿੱਖੀਵਿੰਡ 'ਚ ਟ੍ਰੈਫਿਕ ਸਮੱਸਿਆ ਸ਼ਹਿਰ ਵਾਸੀਆਂ ਲਈ ਵੱਡੀ ਪ੍ਰੇਸ਼ਾਨੀ ਦਾ ਕਾਰਨ ਬਣੀ ਹੋਈ ਹੈ।ਸੜਕ 'ਤੇ ਪਾਰਕ ਕੀਤੇ ਜਾਂਦੇ ਵਾਹਨਾਂ, ਦੁਕਾਨਦਾਰਾਂ ਦੁਆਰਾ ਸਮਾਨ ਰੱਖ ਕੇ ਅੱਧੀ ਸੜਕ ਤੇ ਕੀਤੇ ਕਬਜ਼ੇ ਤੇ ਪੁਲਸ ਵੱਲੋਂ ਸੁਧਾਰ ਲਿਆਉਣ ਲਈ ਚੌਂਕ 'ਚ ਕੀਤੀ ਬੈਰੀਕੇਡਿੰਗ ਨੇ ਸਮੱਸਿਆ ਨੂੰ ਹੋਰ ਗੰਭੀਰ ਬਣਾ ਦਿੱਤਾ ਹੈ।ਸਥਿਤੀ ਇਸ ਕਦਰ ਖ਼ਰਾਬ ਹੋ ਚੁੱਕੀ ਹੈ ਕਿ ਲੋਕਾਂ ਦਾ ਸ਼ਹਿਰ ਵਿੱਚੋਂ ਪੈਦਲ ਲੰਘਣਾਂ ਔਖਾ ਹੋ ਗਿਆ ਹੈ।ਇਸ ਸੰਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਮਾਜਸੇਵੀ ਭਾਈ ਰਣਜੀਤ ਸਿੰਘ ਉਧੋਕੇ ਨੇ ਕਿਹਾ ਕਿ ਭਿੱਖੀਵਿੰਡ ਵਿੱਚ ਟਰੈਫਿਕ ਸਮੱਸਿਆ ਦਾ ਮੁੱਖ ਕਾਰਨ ਚੌਂਹਾਂ ਸੜਕਾਂ 'ਤੇ ਦੁਕਾਨਦਾਰਾਂ ਵੱਲੋਂ ਸਾਮਾਨ ਰੱਖ ਕੇ ਅੱਧੀ ਸੜਕ 'ਤੇ ਕੀਤੇ ਹੋਏ ਕਬਜ਼ੇ ਹਨ। ਉਨ੍ਹਾਂ ਕਿਹਾ ਕਿ ਖ਼ਰੀਦੋ-ਫਰੋਖਤ ਦੇ ਸਿਲਸਿਲੇ ਵਿੱਚ ਸ਼ਹਿਰ ਆਉਣ ਵਾਲੇ ਲੋਕ ਪਾਰਕਿੰਗ ਦਾ ਪ੍ਰਬੰਧ ਨਾ ਹੋਣ ਕਾਰਨ ਆਪਣੇ ਵਾਹਨ ਸੜਕ 'ਤੇ ਹੀ ਪਾਰਕ ਕਰਕੇ ਸੜਕੀ ਆਵਾਜਾਈ 'ਚ ਵਿਘਨ ਪਾ ਦਿੰਦੇ ਹਨ। ਇਹ ਮਾਮਲਾ ਹੋਰ ਗੰਭੀਰ ਹੋ ਜਾਂਦਾ ਹੈ ਜਦੋਂ ਛੁੱਟੀ ਹੋਣ ਮਗਰੋਂ ਸਕੂਲੀ ਬੱਸਾਂ ਜਾਮ ਵਿੱਚ ਫ਼ਸ ਕੇ ਸਾਰੀ ਆਵਾਜਾਈ ਨੂੰ ਠੱਪ ਕਰ ਦਿੰਦੀਆਂ ਹਨ। ਉਧੋਕੇ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਨੂੰ ਚੌਂਕ ਵਿੱਚ ਟ੍ਰੈਫਿਕ ਰੈਗੂਲੇਸ਼ਨ ਲਈ ਜ਼ਿਆਦਾ ਮੁਲਾਜ਼ਮ ਤਾਇਨਾਤ ਕਰਨ ਤੋਂ ਇਲਾਵਾ ਪਾਰਕਿੰਗ ਦੀ ਵਿਵਸਥਾ ਕਰਨੀ ਚਾਹੀਦੀ ਹੈ।ਇਸ ਮੌਕੇ ਉਨ੍ਹਾਂ ਟ੍ਰੈਫਿਕ ਪੁਲੀਸ ਤੇ ਨਗਰ ਪੰਚਾਇਤ ਭਿੱਖੀਵਿੰਡ ਦੇ ਈਓ ਨੂੰ ਤਾਲਮੇਲ ਬਣਾ ਕੇ ਸਮੱਸਿਆ ਦਾ ਸਾਰਥਕ ਹੱਲ ਕੱਢਣ ਦੀ ਅਪੀਲ ਕੀਤੀ ਹੈ।ਇਸ ਮਾਮਲੇ ਸੰਬੰਧੀ ਜਦੋਂ ਨਗਰ ਪੰਚਾਇਤ ਭਿੱਖੀਵਿੰਡ ਦੇ ਈਓ ਧਰਮਪਾਲ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਜੇਕਰ ਪੁਲਸ ਪ੍ਰਸ਼ਾਸਨ ਉਨ੍ਹਾਂ ਦਾ ਸਾਥ ਦੇਵੇ ਤਾਂ ਉਹ ਚੌਂਹਾਂ ਸੜਕਾਂ 'ਤੇ ਕੀਤੇ ਨਾਜਾਇਜ਼ ਕਬਜ਼ਿਆਂ ਨੂੰ ਹਟਵਾ ਦੇਣਗੇ। ਉਨ੍ਹਾਂ ਭਿੱਖੀਵਿੰਡ ਪੁਲਸ ਨੂੰ ਹਰ ਪੱਖ ਤੋਂ ਸਹਿਯੋਗ ਦੇਣ ਦਾ ਦਾਅਵਾ ਕੀਤਾ ਹੈ। ਉੱਧਰ ਜਦੋਂ ਇਸ ਮਾਮਲੇ ਸੰਬੰਧੀ ਜਦੋਂ ਸਬ-ਡਵੀਜ਼ਨ ਭਿੱਖੀਵਿੰਡ ਦੇ ਡੀਐੱਸਪੀ ਪ੍ਰੀਤ ਇੰਦਰ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਉਹ ਅਨੇਕਾਂ ਵਾਰ ਨਗਰ ਪੰਚਾਇਤ ਭਿੱਖੀਵਿੰਡ ਦੇ ਈਓ ਸਮੇਤ ਕਰਮਚਾਰੀਆਂ ਨੂੰ ਸ਼ਹਿਰ ਅੰਦਰ ਹੋਏ ਨਾਜਾਇਜ਼ ਕਬਜ਼ਿਆਂ ਕਾਰਨ ਵੱਧ ਰਹੀ ਟਰੈਫਿਕ ਸਮੱਸਿਆ ਸਬੰਧੀ ਜਾਣੂ ਕਰਵਾ ਚੁੱਕੇ ਹਨ, ਪ੍ਰੰਤੂ ਈਓ ਸਾਹਬ ਵੱਲੋਂ ਇਸ ਮਾਮਲੇ ਨੂੰ ਗੰਭੀਰਤਾ ਨਾਲ ਨਹੀਂ ਲਿਆ ਜਾ ਰਿਹਾ।ਉਨ੍ਹਾਂ ਕਿਹਾ ਕਿ ਜੇਕਰ ਈਓ ਭਿੱਖੀਵਿੰਡ ਵੱਲੋਂ ਉਨ੍ਹਾਂ ਦਾ ਸਹਿਯੋਗ ਕੀਤਾ ਜਾਵੇਗਾ ਤਾਂ ਜਲਦ ਹੀ ਸ਼ਹਿਰ ਦੇ ਨਾਜਾਇਜ਼ ਕਬਜ਼ਿਆਂ ਨੂੰ ਹਟਾ ਕੇ ਆਵਾਜਾਈ ਨੂੰ ਸਹੀ ਢੰਗ ਨਾਲ ਚਲਾਇਆ ਜਾਵੇਗਾ।

# ਮੰਦਰ ਮਾਤਾ ਰਾਣੀ ਧਰਮਸ਼ਾਲਾ ਸੰਮਤੀ ਨੇ ਲਾਇਆ ਲੰਗਰ



ਫ਼ਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)-ਇਥੇ ਵਾਰਡ ਨੰਬਰ 7 ਸਾਨਨ ਮੁਹੱਲਾ ਵਿਖੇ ਮੰਦਿਰ ਮਾਤਾ ਰਾਣੀ ਧਰਮਸ਼ਾਲਾ ਸੰਮਤੀ ਵੱਲੋਂ ਨਵੇਂ ਸਾਲ ਦੀ ਆਮਦ ਮੌਕੇ ਲੰਗਰ ਲਗਾਇਆ ਗਿਆ, ਜਿਸਦੀ ਸ਼ੁਰੂਆਤ ਆਮ ਆਦਮੀ ਪਾਰਟੀ ਦੇ ਆਗੂ ਨਵੀਸ਼ ਨੰਦਾ ਛੱਬੀ ਨੇ ਅਹੁਦੇਦਾਰਾਂ ਨਾਲ ਮਿਲਕੇ ਕੀਤੀ।ਇਸ ਮੌਕੇ ਸਵੇਰ ਤੋਂ ਸ਼ਾਮ ਤੱਕ ਲੰਗਰ ਚੱਲਦਾ ਰਿਹਾ, ਜਿਸ ਵਿੱਚ ਵੱਖ-ਵੱਖ ਤਰ੍ਹਾਂ ਦੇ ਪਕੌੜੇ ਅਤੇ ਕੌਫ਼ੀ ਲੋਕਾਂ/ਰਾਹਗੀਰਾਂ ਨੂੰ ਛਕਾਈ ਗਈ।

ਸੰਮਤੀ ਦੇ ਅਹੁਦੇਦਾਰਾਂ ਨੇ ਕਿਹਾ ਕਿ ਇਹ ਲੰਗਰ ਭੰਡਾਰਾ ਲੋਕਾਂ ਅਤੇ ਮੈਂਬਰਾਂ ਦੇ ਸਹਿਯੋਗ ਨਾਲ ਅੱਗੇ ਵੀ ਨਿਰੰਤਰ ਚੱਲਦਾ ਰਹੇਗਾ।ਇਸ ਮੌਕੇ ਸੰਦੀਪ ਕੁਮਾਰ, ਹਨੀ, ਵਿਸ਼ੂ, ਗੋਰਾ, ਮਨੀ, ਚਿੰਪੂ, ਅਸ਼ੋਕ ਕੁਮਾਰ, ਗਗਨ, ਵਿਨੇ, ਸੰਨੀ, ਸੰਨੀ ਭਗਤ, ਵਿਸ਼ਾਲ ਸਹਿਦੇਵ, ਪੰਮਾ, ਮੋਨੂੰ, ਲੱਭਾ, ਰਿਤਿਕ, ਕਿਟਮਨ, ਪ੍ਰਥਮ, ਅਕਸ਼ਿਤ, ਹਰਬੰਸ ਲਾਲ, ਬਿੱਲੂ, ਦਾਨਿਸ਼, ਕਾਕਾ ਆਦਿ ਹਾਜ਼ਿਰ ਰਹੇ।

# ਗੰਨੇ ਤੋਂ ਵਧੇਰੇ ਆਮਦਨ ਲਈ ਅੰਤਰ ਫ਼ਸਲੀ ਪ੍ਰਣਾਲੀ ਅਪਣਾਉਣ ਦੀ ਜ਼ਰੂਰਤ : ਕੇਨ ਕਮਿਸ਼ਨਰ

ਬਟਾਲਾ : (ਡਾ. ਮਲਵਿੰਦਰ ਸਿੰਘ)-ਗੰਨਾ ਸ਼ਾਖਾ, ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ ਵੱਲੋਂ ਪੰਜਾਬ ਵਿੱਚ ਗੰਨੇ ਦੀ ਫਸਲ ਹੇਠ ਰਕਬਾ, ਪ੍ਰਤੀ ਹੈਕਟੇਅਰ ਪੈਦਾਵਾਰ ਅਤੇ ਖੰਡ ਦੀ ਰਿਕਵਰੀ ਵਧਾਉਣ ਦੇ ਉਦੇਸ਼ ਨਾਲ ਸ਼ੁਰੂ ਕੀਤੀ ਗਈ ਵਿਸ਼ੇਸ਼ ਮੁਹਿੰਮ ਤਹਿਤ ਖੰਡ ਮਿੱਲ ਵਾਰ 15 ਆਨਲਾਈਨ ਸੈਮੀਨਾਰ ਕਰਵਾਉਣ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ।ਇਸ ਮੁਹਿੰਮ ਤਹਿਤ ਚੱਢਾ ਖੰਡ ਮਿੱਲ ਕੀੜੀ ਦੇ ਸਹਿਯੋਗ ਨਾਲ ਮਿੱਲ ਦੇ ਅਧਿਕਾਰ ਖੇਤਰ ਦੇ ਗੰਨਾ ਕਾਸ਼ਤਕਾਰਾਂ ਨਾਲ ਨਵੀਨਤਮ ਗੰਨਾ ਕਾਸ਼ਤਕਾਰੀ ਤਕਨੀਕਾਂ ਸਾਂਝਿਆਂ ਕਰਨ ਲਈ ਆਨ ਲਾਈਨ ਸੈਮੀਨਾਰ ਕਰਵਾਇਆ ਗਿਆ ਜਿਸ ਵਿੱਚ ਵਿੱਚ ਡਾ. ਅਮਰੀਕ ਸਿੰਘ ਕੇਨ ਕਮਿਸ਼ਨਰ ਪੰਜਾਬ, ਡਾ. ਗੁਰਜੋਤ ਸਿੰਘ (ਗੰਨਾ), ਅਗਾਂਹ ਵਧੂ ਗੰਨਾ ਕਾਸ਼ਤਕਾਰ ਹਰਿੰਦਰ ਸਿੰਘ ਰਿਆੜ ਨੇ ਗੰਨੇ ਦੀ ਫਸਲ ਦੀਆਂ ਕਾਸ਼ਤਕਾਰੀ ਤਕਨੀਕਾਂ ਬਾਰੇ ਜਾਣੂ ਕਰਵਾਇਆ ਅਤੇ ਕਿਸਾਨਾਂ ਦੇ ਸੁਆਲਾਂ ਦੇ ਜੁਆਬ ਦਿੱਤੇ ।ਆਨਲਾਈਨ ਵੈਬੀਨਾਰ ਦਾ ਸੰਚਾਲਨ ਡਾ. ਗੁਰਜੋਤ ਸਿੰਘ ਸਹਾਇਕ ਗੰਨਾ ਵਿਕਾਸ ਅਫਸਰ, ਗੁਰਦਾਸਪੁਰ ਅਤੇ ਡਾਕਟਰ ਕ੍ਰਿਤਿਕਾ ਚਾਵਲਾ ਖੇਤੀ ਵਿਕਾਸ ਅਫ਼ਸਰ ਨੇ ਕੀਤਾ।ਵੈਬੀਨਾਰ ਵਿੱਚ ਹੋਰਨਾਂ ਤੋਂ ਇਲਾਵਾ ਸਤਿੰਦਰ ਸਿੰਘ ਗੰਨਾ ਵਿਕਾਸ ਅਫਸਰ, ਸੋਨੂੰ ਚੱਢਾ, ਸੁਖਵਿੰਦਰ ਸਿੰਘ ਮੂਲਿਆਂਵਾਲ, ਸੁਰਜੀਤ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਗੰਨਾ ਕਾਸ਼ਤਕਾਰਾਂ ਅਤੇ ਮਿੱਲ ਦਾ ਤਕਨੀਕੀ ਸਟਾਫ ਹਾਜ਼ਰ ਸੀ।ਗੰਨਾ ਕਾਸ਼ਤਕਾਰਾਂ ਨੂੰ ਸੰਬੋਧਨ ਕਰਦਿਆਂ ਡਾ. ਅਮਰੀਕ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਗੰਨਾ ਕਾਸ਼ਤਕਾਰਾਂ ਦੀ ਮੰਗ ਨੂੰ ਮੁੱਖ ਰੱਖਦਿਆਂ ਗੰਨਾ ਦੀ ਕੀਮਤ 416 ਰੁਪਏ ਪ੍ਰਤੀ ਕੁਇੰਟਲ ਮੁਕੱਰਰ ਕੀਤੀ ਗਈ ਹੈ ਜਿਸ ਨਾਲ ਗੰਨਾ ਕਾਸ਼ਤਕਾਰਾਂ ਨੂੰ ਆਰਥਿਕ ਫਾਇਦਾ ਹੋਵੇਗਾ।ਉਨ੍ਹਾਂ ਕਿਹਾ ਕਿ ਗੰਨਾ ਕਾਸ਼ਤਕਾਰਾਂ ਦੀ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਗੰਨਾ ਮਿੱਲਾਂ ਨੂੰ ਗੰਨੇ ਦੀ ਫਸਲ ਨੂੰ ਪੂਰੀ ਤਰਾਂ ਪੱਕਣ 'ਤੇ ਹੀ ਸਪਲਾਈ ਕਰਨ ਤਾਂ ਜੋ ਖੰਡ ਰਿਕਵਰੀ ਬੇਹਤਰ ਕੀਤੀ ਜਾ ਸਕੇ।ਉਨ੍ਹਾਂ ਦੱਸਿਆ ਕਿ ਮਾਨਯੋਗ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦੇ ਆਦੇਸ਼ਾਂ ਅਤੇ ਪ੍ਰਬੰਧਕੀ ਸਕੱਤਰ ਖੇਤੀਬਾੜੀ ਪੰਜਾਬ ਅਰਸ਼ਦੀਪ ਸਿੰਘ ਥਿੰਦ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਵਿਸ਼ੇਸ਼ ਯੋਜਨਾਬੰਦੀ ਕੀਤੀ ਗਈ ਜਿਸ ਤਹਿਤ 15 ਖੰਡ ਮਿੱਲਾਂ ਵਿੱਚ ਆਨਲਾਈਨ ਸੈਮੀਨਾਰ ਕਰਨ ਤੋਂ ਇਲਾਵਾ ਜਨਵਰੀ ਫਰਵਰੀ ਮਹੀਨੇ ਦੌਰਾਨ ਪਿਡਾਂ ਵਿੱਚ ਜਾਗਰੂਕਤਾ ਕੈਂਪ ਲਗਾਏ ਜਾਣਗੇ।ਉਨ੍ਹਾਂ ਦੱਸਿਆ ਕਿ ਸਮੂਹ ਗੰਨਾ ਵਿਕਾਸ ਅਧਿਕਾਰੀ ਹਫਤੇ ਵਿੱਚ ਦੋ ਦਿਨ ਪਿੰਡਾਂ ਵਿੱਚ ਕਿਸੇ ਸਾਂਝੀ ਥਾਂ ਤੇ ਬੈਠ ਕੇ ਗੰਨਾ ਕਾਸ਼ਤਕਾਰਾਂ ਨਾਲ ਮੀਟਿੰਗਾਂ ਕਰ ਰਹੇ ਹਨ ਤਾਂ ਜੋ ਫੱਗਣ ਦੀ ਬਿਜਾਈ ਤੋਂ ਪਹਿਲਾਂ ਗੰਨੇ ਦੀਆਂ ਨਵੀਨਤਮ ਕਾਸ਼ਤਕਾਰੀ ਤਕਨੀਕਾਂ ਨੂੰ ਕਿਸਾਨਾਂ ਤੱਕ ਪਹੁੰਚਾਇਆ ਜਾ ਸਕੇ ।ਅਗਾਂਹਵਧੂ ਗੰਨਾ ਕਾਸ਼ਤਕਾਰ ਹਰਿਮੰਦਰ ਸਿੰਘ ਰਿਆੜ ਨੇ ਆਪਣੇ ਤਜਰਬੇ ਸਾਂਝੇ ਕਰਦਿਆਂ ਕਿਹਾ ਕਿ ਗੰਨੇ ਦੀ ਪ੍ਰਤੀ ਹੈਕਟੇਅਰ ਆਮਦਨ ਵਧਾਉਣ ਲਈ ਅੰਤਰ ਫਸਲੀ ਪ੍ਰਣਾਲੀ ਅਪਨਾਉਣ ਦੇ ਨਾਲ ਨਾਲ ਪਨੀਰੀ ਤਿਆਰ ਕਰਕੇ ਗੰਨਾ ਦੀ ਬਿਜਾਈ ਕਰਨ ਨਾਲ ਆਮਦਨ ਵਧਾਈ ਜਾ ਸਕਦੀ ਹੈ।ਉਨ੍ਹਾਂ ਕਿਹਾ ਕਿ ਗੰਨੇ ਦੀ ਕਾਸ਼ਤ ਵਿੱਚ ਮਸ਼ੀਨੀਕਰਨ ਨੂੰ ਉਤਸ਼ਾਹਿਤ ਕਰਨ ਦੀ ਜ਼ਰੂਰਤ ਹੈ।ਅਖੀਰ ਵਿੱਚ ਡਾ. ਗੁਰਜੋਤ ਸਿੰਘ ਗਿੱਲ ਨੇ ਗੰਨਾ ਮਾਹਿਰਾਂ ਅਤੇ ਗੰਨਾ ਕਾਸ਼ਤਕਾਰਾਂ ਦਾ ਧੰਨਵਾਦ ਕੀਤਾ।

# ਕੈਬਨਿਟ ਮੰਤਰੀ ਭੁੱਲਰ ਨੇ ਪੱਟੀ ਹਲਕੇ ਦੇ ਵਿਕਾਸ ਨੂੰ ਦਿੱਤਾ ਨਵਾਂ ਹੁਲਾਰਾ

## * 62.65 ਕਿਲੋਮੀਟਰ ਲੰਮੀਆਂ 20 ਸੜਕਾਂ ਨੂੰ ਅਪਗਰੇਡ ਕਰਨ ਲਈ ਰੱਖੇ ਪ੍ਰੋਜੈਕਟਾਂ ਦੇ ਨੀਂਹ ਪੱਥਰ



ਪੱਟੀ, (ਬਲਦੇਵ ਸਿੰਘ ਸੰਧੂ)-ਵਿਧਾਨ ਸਭਾ ਹਲਕਾ ਪੱਟੀ ਨੂੰ ਦੇ ਵਿਕਾਸ ਨੂੰ ਨਵਾਂ ਹੁਲਾਰਾ ਦਿੰਦੇ ਹੋਏ ਸੂਬੇ ਦੇ ਟਰਾਂਸਪੋਰਟ ਅਤੇ ਜੇਲ੍ਹਾਂ ਬਾਰੇ ਮੰਤਰੀ ਲਾਲਜੀਤ ਸਿੰਘ ਭੁੱਲਰ ਵੱਲੋਂ ਹਲਕੇ ਦੀਆਂ 20 ਸੰਪਰਕ ਸੜਕਾਂ ਦੀ ਮੁਰੰਮਤ ਅਤੇ ਅਪਗਰੇਡ ਕਰਨ ਦੇ ਪ੍ਰੋਜੈਕਟਾਂ ਦੇ ਨੀਂਹ ਪੱਥਰ ਰੱਖੇ ਗਏ।ਹਲਕੇ ਦੀਆਂ ਇਨ੍ਹਾਂ ਵੱਖ-ਵੱਖ 20 ਸੜਕਾਂ ਜਿਨ੍ਹਾਂ ਦੀ ਲੰਬਾਈ 62.65 ਕਿਲੋਮੀਟਰ ਹੈ, ਦੀ ਮੁਰੰਮਤ ਅਤੇ ਅਪਗਰੇਡ ਕਰਨ ਉਪਰ 1305.63 ਲੱਖ ਰੁਪਏ ਖਰਚ ਕੀਤੇ ਜਾ ਰਹੇ ਹਨ।ਹਲਕੇ ਦੀਆਂ ਸੜਕਾਂ ਨੂੰ ਅਪਗਰੇਡ ਕਰਨ ਦੇ ਪ੍ਰੋਜੈਕਟਾਂ ਦਾ ਨੀਂਹ ਪੱਥਰ ਰੱਖਦਿਆਂ ਕੈਬਨਿਟ ਮੰਤਰੀ ਸ. ਲਾਲਜੀਤ ਸਿੰਘ ਭੁੱਲਰ ਨੇ ਦੱਸਿਆ ਕਿ ਪੱਟੀ ਵਿਖੇ 1 ਸੰਪਰਕ ਸੜਕ, ਚੂਸਲੇਵੜ ਵਿਖੇ 1 ਸੜਕ, ਧਾਰੀਵਾਲ ਦੀਆਂ 4 ਸੜਕਾਂ, ਸੰਗਵਾਂ ਦੀ ਇੱਕ ਸੜਕ, ਭਾਊਵਾਲ ਦੀਆਂ 2 ਸੜਕਾਂ, ਤੂਤ ਦੀਆਂ 2 ਸੜਕਾਂ, ਰਸੂਲਪੁਰ ਦੀਆਂ ਤਿੰਨ ਸੜਕਾਂ, ਝੁੱਗੀਆਂ ਨੂਰ ਮੁਹੰਮਦ ਦੀਆਂ ਤਿੰਨ ਸੜਕਾਂ, ਸੀਤੋਮਹਿ ਝੁੱਗੀਆਂ ਦੀ ਇੱਕ ਸੜਕ ਅਤੇ ਕੋਟ ਬੁੱਢਾ ਦੀਆਂ ਤਿੰਨ ਸੜਕਾਂ ਨੂੰ 1305.63 ਲੱਖ ਰੁਪਏ ਦੀ ਲਾਗਤ ਨਾਲ ਅਪਗਰੇਡ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਸਾਰੀਆਂ ਸੜਕਾਂ ਲੋਕ ਨਿਰਮਾਣ ਵਿਭਾਗ ਵੱਲੋਂ ਬਣਾਈਆਂ ਜਾਣਗੀਆਂ।ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ ਇਹ ਸਾਰੀਆਂ ਸੜਕਾਂ ਪਿਛਲੇ ਲੰਮੇ ਸਮੇਂ ਤੋਂ ਟੁੱਟੀਆਂ ਹੋਈਆਂ ਸਨ ਅਤੇ ਪਿੱਛਲੀਆਂ ਸਰਕਾਰਾਂ ਵੱਲੋਂ ਇਸ ਵੱਲ ਕੋਈ ਧਿਆਨ ਨਹੀਂ ਸੀ ਦਿੱਤਾ ਗਿਆ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਆਮ ਲੋਕਾਂ ਦੀਆਂ ਮੁਸ਼ਕਲਾਂ ਤੇ ਸਮੱਸਿਆਵਾਂ ਤੋਂ ਭਲੀਭਾਂਤ ਜਾਣੂ ਹੈ ਅਤੇ ਇਹੀ ਕਾਰਨ ਹੈ ਕਿ ਮਾਨ ਸਰਕਾਰ ਵੱਲੋਂ ਲੋਕਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਅਧਾਰ ਤੇ ਹੱਲ ਕੀਤਾ ਜਾਂਦਾ ਹੈ।ਉਨ੍ਹਾਂ ਕਿਹਾ ਕਿ ਜਲਦੀ ਹੀ ਇਹ ਸਾਰੀਆਂ ਸੜਕਾਂ ਬਣ ਕੇ ਤਿਆਰ ਹੋ ਜਾਣਗੀਆਂ ਜਿਸ ਨਾਲ ਇਲਾਕਾ ਵਾਸੀਆਂ ਦੇ ਨਾਲ ਸਾਰੇ ਰਾਹਗੀਰਾਂ ਨੂੰ ਵੱਡੀ ਸਹੂਲਤ ਮਿਲੇਗੀ।

ਨੀਂਹ ਪੱਥਰ ਰੱਖਣ ਮੌਕੇ ਇਲਾਕਾ ਨਿਵਾਸੀਆਂ ਨਾਲ ਗੱਲ ਕਰਦਿਆਂ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਰੰਗਲਾ ਪੰਜਾਬ ਬਣਾਉਣ ਦੀ ਦਿਸ਼ਾ ਵਿੱਚ ਅਤੇ ਇਸ ਦੇ ਸਰਬਪੱਖੀ ਵਿਕਾਸ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ।ਇਸੇ ਲੜੀ ਤਹਿਤ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਬਾਸ਼ਿੰਦਿਆਂ ਲਈ ਬਿਹਤਰੀਨ ਸੜਕੀ ਨੈੱਟਵਰਕ ਮੁਹੱਈਆ ਕਰਵਾਉਣ ਲਈ ਲਗਾਤਾਰ ਕੰਮ ਕੀਤਾ ਜਾ ਰਿਹਾ ਹੈ।ਕੈਬਨਿਟ ਮੰਤਰੀ ਭੁੱਲਰ ਨੇ ਕਿਹਾ ਕਿ ਵਿਧਾਨ ਸਭਾ ਹਲਕਾ ਪੱਟੀ ਦੇ ਸਰਬਪੱਖੀ ਵਿਕਾਸ ਵਿੱਚ ਕੋਈ ਕਸਰ ਨਹੀਂ ਛੱਡੀ ਜਾਵੇਗੀ ਅਤੇ ਸਾਲ 2026 ਨੂੰ ਵਿਕਾਸ ਵਰ੍ਹੇ ਵਜੋਂ ਮਨਾਇਆ ਜਾਵੇਗਾ।

ਇਸ ਮੌਕੇ ਇਲਾਕਾ ਨਿਵਾਸੀਆਂ ਵੱਲੋਂ ਕੈਬਨਿਟ ਮੰਤਰੀ ਸ. ਲਾਲਜੀਤ ਸਿੰਘ ਭੁੱਲਰ ਅਤੇ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦਾ ਧੰਨਵਾਦ ਕੀਤਾ ਗਿਆ।

ਇਸ ਮੌਕੇ ਉਨ੍ਹਾਂ ਨਾਲ ਮਾਰਕੀਟ ਕਮੇਟੀ ਹਰੀਕੇ ਦੇ ਚੇਅਰਮੈਨ ਦਿਲਬਾਗ ਸਿੰਘ, ਮੀਡੀਆ ਇੰਚਾਰਜ ਅਵਤਾਰ ਸਿੰਘ ਢਿੱਲੋਂ, ਸੋਸ਼ਲ ਮੀਡੀਆ ਇੰਚਾਰਜ ਮੋਹਿਤ ਅਰੋੜਾ, ਮਲਕੀਤ ਸਿੰਘ ਮੱਲ੍ਹੂ, ਮਨਪ੍ਰੀਤ ਸਿੰਘ ਮੰਨਾ, ਬਿੱਲਾ ਜੋਸਨ, ਠਾਣਾ ਸਿੰਘ ਸਾਬਕਾ ਸਰਪੰਚ, ਸਰਪੰਚ ਰਾਜਵੀਰ ਸਿੰਘ ਚੂਸਲੇਵੜ, ਬਲਜਿੰਦਰ ਸਿੰਘ ਚੂਸਲੇਵੜ, ਐਡਵੋਕੇਟ ਮਨਦੀਪ ਸਿੰਘ ਭੁੱਲਰ, ਸੰਦੀਪ ਸੋਹਲ, ਗੁਰਪ੍ਰਤਾਪ ਸਿੰਘ ਐੱਨ ਆਰ ਆਈ ਤੋਂ ਇਲਾਵਾ ਇਲਾਕੇ ਦੇ ਪੰਚ-ਸਰਪੰਚ ਅਤੇ ਵੱਡੀ ਗਿਣਤੀ ਵਿੱਚ ਹੋਰ ਮੁਹਤਬਰ ਵੀ ਹਾਜ਼ਰ ਸਨ।

# ਪੇਂਡੂ ਤੇ ਖੇਤ ਮਜ਼ਦੂਰਾਂ ਵੱਲੋਂ ਡੀ ਸੀ ਦਫਤਰ ਅੱਗੇ ਧਰਨਾ ਭਲਕੇ



ਵਲਟੋਹਾ (ਰਣਜੀਤ ਸਿੰਘ ਵਲਟੋਹਾ)-ਦਿਹਾਤੀ ਮਜ਼ਦੂਰ ਸਭਾ ਦੇ ਮੀਤ ਪ੍ਰਧਾਨ ਗੁਰਬੀਰ ਸਿੰਘ ਭੱਟੀ ਰਾਜੋਕੇ, ਕੈਪਟਨ ਸਿੰਘ ਅਤੇ ਰੇਸ਼ਮ ਸਿੰਘ ਰਾਜੋਕੇ ਨੇ ਦੱਸਿਆ ਕਿ ਕੇਂਦਰ ਦੀ ਸਰਕਾਰ ਮਨਰੇਗਾ ਸਕੀਮ ਬਦਲ ਕੇ ਜੀ ਰਾਮ ਜੀ ਰੱਖਣਾ ਚਾਹੁੰਦੀ ਹੈ ਜੋ ਕਿ ਮਜ਼ਦੂਰਾਂ ਦੇ ਹੱਕ 'ਚ ਨਹੀਂ ਹੈ।

ਦਿਹਾਤੀ ਮਜ਼ਦੂਰ ਸਭਾ ਨੇ ਕੇਂਦਰ ਦੀ ਕਾਨੂੰਨ ਬਦਲਣ ਦੀ ਕੀਤੀ ਚਲਾਕੀ ਦੇ ਖਿਲਾਫ ਮਜ਼ਦੂਰ ਡੀਸੀ ਦਫਤਰ ਅੱਗੇ 6 ਜਨਵਰੀ ਨੂੰ ਧਰਨਾ ਦਿੱਤਾ ਜਾਵੇਗਾ। ਉਨ੍ਹਾਂ ਮਜ਼ਦੂਰ ਸਾਥੀਆਂ ਨੂੰ ਦਿੱਤੇ ਜਾਣ ਵਾਲੇ ਧਰਨੇ ਵਿੱਚ ਭਰਵੀਂ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ।

# ਬੇਸਬਰੀ ਨਾਲ ਲੁੱਕ ਉਡੀਕ ਰਿਹੈ ਪੁਤਲੀਘਰ ਨੇੜਲਾ ਸਰਵਿਸ ਮਾਰਗ



ਛੇਹਰਟਾ, (ਮਨੋਜ ਕੁਮਾਰ)-ਪੁਤਲੀਘਰ ਚੌਕ ਵਿਚ ਗਣਪਤੀ ਗਾਰਮੈਂਟ ਤੋਂ ਲੈ ਕੇ ਕੇਦਾਰ ਨਾਥ ਵਾਲੀ ਗਲੀ ਤਕ ਸਰਵਿਸ ਮਾਰਗ ਉਬੜ-ਖਾਬੜ ਹੋਣ ਕਾਰਨ ਰਾਹਗੀਰ ਤੇ ਦੁਕਾਨਦਾਰ ਪਰੇਸ਼ਾਨ ਹਨ। ਸੜਕ 'ਤੇ ਪਏ ਟੋਇਆਂ ਕਾਰਨ ਬਾਰਿਸ਼ ਦੇ ਦਿਨਾਂ ਵਿਚ ਇਸ ਸਰਵਿਸ ਮਾਰਗ ਤੋਂ ਲੋਕਾਂ ਦਾ ਲੰਘਣਾ ਔਖਾ ਹੋ ਜਾਂਦਾ ਹੈ। ਘੱਟਾ-ਮਿੱਟੀ ਉੱਡ-ਉੱਡ ਕੇ ਸਾਰਾ ਦਿਨ ਦੁਕਾਨਾਂ ਵਿਚ ਪੈਂਦਾ ਰਹਿੰਦਾ ਹੈ। ਦੁਕਾਨਦਾਰ ਉਸ ਦਿਨ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਹਨ, ਜਿਸ ਦਿਨ ਇਸ ਸੜਕ ਉਪਰ ਲੁੱਕ ਪਵੇਗੀ। ਜ਼ਿਕਰਯੋਗ ਹੈ ਕਿ ਕਰੀਬ ਪਿਛਲੇ ਸਾਲ ਮਾਰਚ ਮਹੀਨੇ ਵਿਚ ਸੀਵਰੇਜ ਪਾਈਪ ਪਾਉਣ ਲਈ ਇਹ ਸਰਵਿਸ ਮਾਰਗ ਪੁੱਟਿਆ ਗਿਆ ਸੀ। ਹਲਕੇ ਦੇ ਵਿਧਾਇਕ ਜਸਬੀਰ ਸਿੰਘ ਸੰਧੂ ਇਸ ਕਾਰਜ ਦੇ ਉਦਘਾਟਨ ਲਈ ਖ਼ੁਦ ਪੁੱਜੇ ਸਨ। ਇਹ ਸਾਰਾ ਕੰਮ ਵਾਰਡ ਨੰਬਰ 65 ਤੋਂ ਆਮ ਆਦਮੀ ਪਾਰਟੀ ਦੇ ਇੰਚਾਰਜ ਡਿੰਪਲ ਅਰੋੜ ਦੀ ਨਿਗਰਾਨੀ ਹੇਠ ਹੋਇਆ। ਸੀਵਰੇਜ ਪਾਈਪ ਪਾਉਣ ਤੇ ਹੌਦੀਆਂ ਬਣਾਉਣ ਤੋਂ ਬਾਅਦ ਇਸ ਕੰਮ ਲਈ ਪੁੱਟੇ ਟੋਏ ਪੂਰ ਦਿੱਤੇ ਗਏ ਪਰ ਸਰਵਿਸ ਮਾਰਗ ਉਪਰ ਲੁੱਕ ਨਹੀਂ ਪਾਈ ਗਈ।

ਗਣਪਤੀ ਗਾਰਮੈਂਟ ਦੇ ਮਾਲਕ ਦੁਕਾਨਦਾਰ ਦਵਿੰਦਰ ਕੁਮਾਰ ਨੇ ਕਿਹਾ ਕਿ ਮੀਂਹ ਪੈਣ 'ਤੇ ਸਰਵਿਸ ਮਾਰਗ 'ਤੇ ਬਣੇ ਟੋਇਆਂ ਵਿਚ ਪਾਣੀ ਭਰ ਜਾਣ ਕਾਰਨ ਚਿੱਕੜ ਹੋ ਜਾਂਦਾ ਹੈ, ਜਿਸ ਕਾਰਨ ਅਕਸਰ ਦੋ ਪਹੀਆ ਵਾਹਨ ਸਲਿੱਪ ਹੋ ਜਾਣ ਕਾਰਨ ਹਾਦਸੇ ਵੀ ਵਾਪਰਦੇ ਰਹਿੰਦੇ ਹਨ। ਪੈਦਲ ਤੁਰਨਾ ਵੀ ਔਖਾ ਹੋ ਜਾਂਦਾ ਹੈ। ਇਸੇ ਦੁਕਾਨ ਦੇ ਮੋਨੂੰ ਪੰਡਿਤ ਨੇ ਕਿਹਾ ਕਿ ਉਹ ਖ਼ੁਦ ਮਿੱਟੀ ਪਾ ਕੇ ਦੁਕਾਨ ਸਾਹਮਣੇ ਪਏ ਟੋਏ ਪੂਰਦੇ ਰਹਿੰਦੇ ਹਨ। ਪੁੱਛਣ 'ਤੇ ਇਕੋ ਜਵਾਬ ਸੁਣਨ ਨੂੰ ਮਿਲਦਾ ਹੈ ਕਿ ਦੋ-ਤਿੰਨ ਦਿਨ ਵਿਚ ਸੜਕ ਬਣਾ ਦਿੱਤੀ ਜਾਵੇਗੀ। ਗੁਰੂ ਦਸਮੇਸ਼ ਪੱਗੜੀ ਸੈਂਟਰ ਦੇ ਮਾਲਕ ਚਰਨਜੀਤ ਸਿੰਘ ਦਾ ਕਹਿਣਾ ਹੈ ਕਿ ਸੜਕ ਖ਼ਰਾਬ ਹੋਣ ਕਾਰਨ ਅਕਸਰ ਘੱਟਾ-ਮਿੱਟੀ ਉੱਡਦਾ ਰਹਿੰਦਾ ਹੈ, ਜਿਸ ਕਾਰਨ ਉਹ ਬਿਮਾਰ ਰਹਿਣ ਲੱਗ ਪਏ ਹਨ। ਧੂੜ ਉੱਡਣ 'ਤੇ ਦੁਕਾਨ ਵਿਚ ਪਿਆ ਕੱਪੜਾ ਖ਼ਰਾਬ ਹੋਣ ਤੇ ਟੋਇਆਂ ਦੇ ਚਲਦਿਆਂ ਗਾਹਕੀ ਘੱਟਣ ਕਾਰਨ ਦੁਕਾਨਦਾਰੀ ਦਾ ਨੁਕਸਾਨ ਹੋ ਰਿਹਾ ਹੈ। ਜਸਪਾਲ ਆਟਾ ਚੱਕੀ ਦੇ ਪ੍ਰਿਤਪਾਲ ਸਿੰਘ ਅਨੁਸਾਰ ਘੱਟੇ ਕਾਰਨ ਸੌਦੇ ਖ਼ਰਾਬ ਹੋ ਰਹੇ ਹਨ। ਉਨ੍ਹਾਂ ਨੂੰ ਦੁਕਾਨ ਖੋਲ੍ਹਣ ਤੋਂ ਪਹਿਲਾਂ ਰੋਜ਼ਾਨਾ ਸੜਕ 'ਤੇ ਪਾਣੀ ਤਰੌਂਕਣਾ ਪੈਂਦਾ ਹੈ। ਸੜਕ ਬਣਾਉਣ ਲਈ ਬੜੀ ਵਾਰ ਕਿਹਾ ਹੈ ਪਰ ਕੋਈ ਸੁਣਵਾਈ ਨਹੀਂ ਹੋ ਰਹੀ। ਇਸ ਸਬੰਧੀ ਸੰਪਰਕ ਕਰਨ 'ਤੇ ਵਾਰਡ ਇੰਚਾਰਜ ਡਿੰਪਲ ਅਰੋੜਾ ਨੇ ਕਿਹਾ ਕਿ ਠੰਢ ਕਾਰਨ ਲੁੱਕ ਦੇ ਪਲਾਂਟ ਬੰਦ ਪਏ ਹਨ। ਉਨ੍ਹਾਂ ਯਕੀਨ ਦਿਵਾਇਆ ਕਿ ਠੰਢ ਘੱਟਣ 'ਤੇ ਫਰਵਰੀ ਵਿਚ ਸਰਵਿਸ ਮਾਰਗ ਦੀ ਸੜਕ ਬਣਾ ਦਿੱਤੀ ਜਾਵੇਗੀ।

# ਮੁੱਖ ਮੰਤਰੀ ਸਿਹਤ ਬੀਮਾ ਯੋਜਨਾ 15 ਤੋਂ ਸ਼ੁਰੂ ਹੋਵੇਗੀ: ਪ੍ਰਭਬੀਰ ਸਿੰਘ ਬਰਾੜ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਆਮ ਆਦਮੀ ਪਾਰਟੀ ਦੇ ਅੰਮ੍ਰਿਤਸਰ ਸ਼ਹਿਰ ਦੇ ਜਿਲ੍ਹਾ ਪ੍ਰਧਾਨ ਤੇ ਚੇਅਰਮੈਨ ਪਨਸਪ (ਪੰਜਾਬ) ਪ੍ਰਭਬੀਰ ਸਿੰਘ ਬਰਾੜ ਨੇ ਬੀਤੇ ਦਿਨ ਅੰਮ੍ਰਿਤਸਰ ਦੱਖਣੀ ਦੇ ਵਾਰਡ 47 ਵਿੱਚ ਮੀਟਿੰਗ ਕੀਤੀ । ਇਸ ਮੌਕੇ ਕੌਂਸਲਰ ਵਰਪਾਲ ਸਿੰਘ ਬੱਬਰ, ਬਲਾਕ ਇੰਚਾਰਜ ਬਲਜੀਤ ਸਿੰਘ ਜੌੜਾ, ਪਾਰਟੀ ਦੇ ਹੋਰ ਅਹੁਦੇਦਾਰ ਅਤੇ ਇਲਾਕਾ ਨਿਵਾਸੀ ਮੌਜੂਦ ਸਨ ।ਮੀਟਿੰਗ ਦੌਰਾਨ ਆਮ ਆਦਮੀ ਪਾਰਟੀ, ਵਿਧਾਇਕ ਡਾ. ਨਿੱਜਰ ਵੱਲੋਂ ਵਾਰਡ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਅਤੇ ਮੁੱਖ ਮੰਤਰੀ ਸਿਹਤ ਬੀਮਾ ਬਾਰੇ ਚਰਚਾ ਕੀਤੀ ਗਈ।ਬਰਾੜ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ 15 ਜਨਵਰੀ ਨੂੰ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ, ਜਿਸ ਅਧੀਨ ਪੰਜਾਬ ਦੇ ਹਰ ਪਰਿਵਾਰ ਨੂੰ 10 ਲੱਖ ਰੁਪਏ ਤੱਕ ਦਾ ਮੁਫ਼ਤ ਕੈਸ਼ਲੈੱਸ ਇਲਾਜ ਮਿਲੇਗਾ।ਇਸ ਯੋਜਨਾ ਲਈ ਕੋਈ ਆਮਦਨ ਸੀਮਾ ਨਹੀਂ ਰੱਖੀ ਗਈ ਅਤੇ ਰਾਜ ਦੇ ਸਰਕਾਰੀ ਮੁਲਾਜ਼ਮਾਂ ਨੂੰ ਵੀ ਇਸ ਵਿੱਚ ਸ਼ਾਮਿਲ ਕੀਤਾ ਗਿਆ ਹੈ।ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਆਮ ਆਦਮੀ ਪਾਰਟੀ ਦੇ ਰਾਸ਼ਟਰੀ ਸੰਯੋਜਕ ਅਰਵਿੰਦ ਕੇਜਰੀਵਾਲ 15 ਜਨਵਰੀ ਨੂੰ ਇਸ ਯੋਜਨਾ ਦਾ ਸਰਕਾਰੀ ਤੌਰ 'ਤੇ ਆਗਾਜ਼ ਕਰਨਗੇ।ਬਰਾੜ ਨੇ ਕਿਹਾ ਕਿ ਪਹਿਲੀਆਂ ਸਰਕਾਰਾਂ ਵੱਲੋਂ ਚਲਾਈਆਂ ਸਿਹਤ ਯੋਜਨਾਵਾਂ ਵਿੱਚ ਕੇਵਲ 5 ਲੱਖ ਰੁਪਏ ਤੱਕ ਦੀ ਕਵਰੇਜ ਮਿਲਦੀ ਸੀ, ਪਰ ਮਾਨ ਸਰਕਾਰ ਨੇ ਇਤਿਹਾਸਕ ਫੈਸਲਾ ਲੈਂਦੇ ਹੋਏ ਇਸ ਸੀਮਾ ਨੂੰ ਦੋ ਗੁਣਾ ਕਰਕੇ 10 ਲੱਖ ਰੁਪਏ ਕਰ ਦਿੱਤਾ ਹੈ।ਯੋਜਨਾ ਦਾ ਹੱਕ ਹਰ ਨਿਵਾਸੀ ਨੂੰ ਹੋਵੇਗਾ ਅਤੇ ਕਿਸੇ ਵੀ ਪਰਿਵਾਰ ਨੂੰ ਇਸਦੇ ਲਾਭ ਤੋਂ ਬਾਹਰ ਨਹੀਂ ਰੱਖਿਆ ਜਾਵੇਗਾ।ਇਸ ਯੋਜਨਾ ਤਹਿਤ ਸਰਕਾਰੀ ਅਤੇ ਪ੍ਰਾਈਵੇਟ ਦੋਵੇਂ ਪ੍ਰਕਾਰ ਦੇ ਇਮਪੈਨਲ ਹਸਪਤਾਲਾਂ ਵਿੱਚ ਇਲਾਜ ਕਰਵਾਇਆ ਜਾ ਸਕੇਗਾ।ਅੰਤ ਵਿੱਚ ਬਰਾੜ ਨੇ ਕਿਹਾ ਕਿ ਇਹ ਯੋਜਨਾ ਸੂਬੇ ਲਈ ਸਿਹਤ ਖੇਤਰ ਵਿੱਚ ਇਕ ਕ੍ਰਾਂਤੀਕਾਰਕ ਕਦਮ ਸਾਬਤ ਹੋਵੇਗੀ, ਜਿਸ ਨਾਲ ਹਰ ਘਰ ਨੂੰ ਗੁਣਵੱਤਾ ਭਰਪੂਰ ਅਤੇ ਮੁਫ਼ਤ ਇਲਾਜ ਦੀ ਪੂਰੀ ਗਰੰਟੀ ਮਿਲੇਗੀ।ਇਸ ਮੌਕੇ ਬਲਜੀਤ ਸਿੰਘ ਮਸਾਓਂ, ਕੁਲਵੰਤ ਸਿੰਘ ਜੌੜਾ, ਪਰਗਟ ਸਿੰਘ, ਸੁਖਦੇਵ ਸਿੰਘ ਅਤੇ ਹੋਰ ਇਲਾਕਾ ਨਿਵਾਸੀ ਮੌਜੂਦ ਸਨ ।

# ਅਕਾਲ ਅਕੈਡਮੀ ਤਿੱਬੜ ਵਿਖੇ ਸਫ਼ਰ-ਏ-ਸ਼ਹਾਦਤ ਸਮਾਗਮ



ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਅਕਾਲ ਅਕੈਡਮੀ ਤਿੱਬੜ ਵਿਖੇ ਦਸਵੇਂ ਪਾਤਸ਼ਾਹ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਅਤੇ ਮਾਤਾ ਗੁਜਰੀ ਜੀ ਦੇ ਜੀਵਨ ਅਤੇ ਸ਼ਹਾਦਤ ਨੂੰ ਸਮਰਪਿਤ ਸਫ਼ਰ-ਏ-ਸ਼ਹਾਦਤ ਤਹਿਤ ਗੁਰਮਤਿ ਸਮਾਗਮ ਕਰਵਾਏ ਗਏ। ਅਕੈਡਮੀ ਦੇ ਪ੍ਰਿੰਸੀਪਲ ਗੁਰਵਿੰਦਰ ਕੌਰ ਨੇ ਦੱਸਿਆ ਕਿ ਸਫ਼ਰ-ਏ-ਸ਼ਹਾਦਤ ਸਮਾਗਮ ਦੌਰਾਨ ਪੂਰਾ ਹਫਤਾ ਅਕੈਡਮੀ ਵਿੱਚ ਸੰਗਤਾਂ ਨੂੰ ਸ਼ਹਾਦਤ ਦੇ ਸਫਰ ਸਬੰਧੀ ਜਾਣਕਾਰੀ ਦਿੱਤੀ ਗਈ। ਇਸ ਮਹਾਨ ਸ਼ਹਾਦਤ ਨੂੰ ਨਮਸਕਾਰ ਕਰਦਿਆਂ ਬੱਚਿਆਂ ਵੱਲੋਂ ਸ਼ਹੀਦੀ ਸਾਕਿਆਂ 'ਤੇ ਅਧਾਰਿਤ ਕਵਿਤਾਵਾਂ ਵੀ ਪੜ੍ਹੀਆਂ ਗਈਆਂ। ਸਮਾਗਮਾਂ ਦੌਰਾਨ ਬੱਚਿਆਂ, ਪਿੰਸੀਪਲ ਗੁਰਵਿੰਦਰ ਕੌਰ ਅਤੇ ਅਧਿਆਪਕਾ ਜਤਿੰਦਰ ਕੌਰ ਦੁਆਰਾ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਬੱਚਿਆਂ ਨੇ ਕਵਿਤਾਵਾਂ ਤੇ ਕਵੀਸ਼ਰੀ ਰਾਹੀਂ ਸ਼ਹਾਦਤ ਦੇ ਅਨੋਖੇ ਸਫਰ ਦੀ ਦਾਸਤਾਨ ਸੁਣਾਈ। ਪ੍ਰਿੰਸੀਪਲ ਗੁਰਵਿੰਦਰ ਕੌਰ ਨੇ ਸ਼ਹਾਦਤੀ ਸਫਰ ਬਾਰੇ ਜਾਣਕਾਰੀ ਦਿੰਦਿਆਂ ਗੁਰੂ ਜੀ ਦੇ ਸਿਧਾਂਤਾਂ 'ਤੇ ਚੱਲਣ ਦੀ ਪ੍ਰੇਰਨਾ ਦਿੱਤੀ। ਅੰਤ ਵਿੱਚ ਅਨੰਦ ਸਾਹਿਬ ਜੀ ਦੀਆਂ ਛੇ ਪਉੜੀਆਂ ਦੇ ਜਾਪ ਕੀਤੇ ਗਏ। ਉਪਰੰਤ ਸਰਬੱਤ ਦੇ ਭਲੇ ਲਈ ਅਰਦਾਸ ਕਰਕੇ ਕੜਾਹ ਪ੍ਰਸ਼ਾਦ ਦੀ ਦੇਗ ਵਰਤਾਈ ਗਈ। ਇਸ ਮੌਕੇ ਗੁਰੂ ਦਾ ਲੰਗਰ ਅਤੁੱਟ ਵਰਤਾਇਆ ਗਿਆ।

# ਧਰਦਿਉ 'ਚ 37 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਖੇਡ ਮੈਦਾਨ ਦਾ ਨੀਂਹ ਪੱਥਰ ਰੱਖਿਆ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਹਲਕਾ ਜੰਡਿਆਲਾ ਗੁਰੂ ਦੇ ਗ੍ਰਾਮ ਪੰਚਾਇਤ ਧਰਦਿਉ ਵਿਖੇ 36 ਲੱਖ 82 ਹਜ਼ਾਰ ਰੁਪਏ ਦੀ ਲਾਗਤ ਨਾਲ ਬਣ ਕੇ ਤਿਆਰ ਹੋਣ ਵਾਲੇ ਖੇਡ ਮੈਦਾਨ ਦੀ ਉਸਾਰੀ ਦੇ ਕੰਮ ਦਾ ਨੀਂਹ ਪੱਥਰ ਰੱਖਿਆ।ਇਸ ਮੌਕੇ ਸੰਬੋਧਨ ਕਰਦੇ ਕੈਬਨਿਟ ਮੰਤਰੀ ਨੇ ਕਿਹਾ ਕਿ ਆਧੁਨਿਕ ਸਹੂਲਤਾਂ ਨਾਲ ਤਿਆਰ ਹੋਣ ਵਾਲਾ ਇਹ ਖੇਡ ਮੈਦਾਨ ਮਾਨ ਸਰਕਾਰ ਦੀ ਉਸ ਦੂਰਦਰਸ਼ੀ ਸੋਚ ਦਾ ਪ੍ਰਤੀਕ ਹੈ, ਜਿਸ ਦਾ ਉਦੇਸ਼ ਨੌਜਵਾਨ ਪੀੜ੍ਹੀ ਨੂੰ ਸਹੀ ਸੋਚ ਅਤੇ ਸਿਹਤਮੰਦ ਜੀਵਨਸ਼ੈਲੀ ਵੱਲ ਲੈ ਕੇ ਜਾਣਾ, ਖੇਡ ਸੱਭਿਆਚਾਰ ਨੂੰ ਉਤਸ਼ਾਹਿਤ ਕਰਨਾ ਅਤੇ ਪੇਂਡੂ ਖਿਡਾਰੀਆਂ ਲਈ ਉੱਚ-ਮਿਆਰੀ ਮੌਕੇ ਉਪਲਬਧ ਕਰਵਾਉਣਾ ਹੈ।ਇਸ ਮੌਕੇ ਪਿੰਡਾਂ ਵਿੱਚ ਹੋਏ ਇਕੱਠਾਂ ਨੂੰ ਸੰਬੋਧਨ ਕਰਦੇ ਕੈਬਨਿਟ ਮੰਤਰੀ ਨੇ ਕਿਹਾ ਕਿ ਇਹ ਤੁਹਾਡੀ ਸਰਕਾਰ ਹੈ, ਜਿਸ ਕਰਕੇ ਖਜ਼ਾਨੇ ਦਾ ਮੂੰਹ ਤੁਹਾਡੇ ਵੱਲ ਖੁੱਲ੍ਹਿਆ ਹੈ ।ਉਨ੍ਹਾਂ ਕਿਹਾ ਕਿ ਤੁਸੀਂ ਪਿਛਲੀਆਂ ਸਰਕਾਰਾਂ ਦਾ ਰਾਜ ਵੀ ਵੇਖਿਆ ਹੈ, ਜਿਨ੍ਹਾਂ ਨੇ ਪਿੰਡਾਂ, ਪਿੰਡਾਂ ਦੇ ਸਕੂਲਾਂ ਦੀ ਸਾਰ ਤੱਕ ਨਹੀਂ ਸੀ ਲਈ ਅਤੇ ਅੱਜ ਤੁਹਾਡੀ ਬਣਾਈ ਹੋਈ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਦਾ ਇੱਕ ਇੱਕ ਪੈਸਾ ਤੁਹਾਡੇ ਉਤੇ ਖਰਚ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਦੀ ਇੱਛਾ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਦੀ ਹੈ ਅਤੇ ਪੰਜਾਬ ਪਿੰਡਾਂ ਦਾ ਦੇਸ਼ ਹੈ, ਇਸ ਲਈ ਸਾਡੀ ਕੋਸ਼ਿਸ਼ ਹੈ ਕਿ ਪਿੰਡਾਂ ਦੇ ਵਿੱਚ ਉਹ ਸਭ ਸਹੂਲਤਾਂ ਦਿੱਤੀਆਂ ਜਾਣ ਜੋ ਕਿ ਅੱਜ ਦੇ ਸਮੇਂ ਦੀ ਲੋੜ ਹਨ। ਉਹਨਾਂ ਕਿਹਾ ਕਿ ਪਿੰਡਾਂ ਦੇ ਵਿੱਚ ਗੰਦੇ ਪਾਣੀ ਦਾ ਨਿਕਾਸ, ਖੇਡ ਮੈਦਾਨਾਂ ਨੂੰ ਵਿਕਸਿਤ ਕਰਨਾ, ਕੂੜੇ ਪ੍ਰਬੰਧਨ ਦੇ ਕੰਮ ਕਰਨੇ ਅਤੇ ਪਿੰਡਾਂ ਦੇ ਵਿੱਚ ਬਿਹਤਰ ਸਿਹਤ, ਸਿੱਖਿਆ ਸਹੂਲਤਾਂ ਦੇਣੀਆਂ ਸਾਡੀ ਅੱਜ ਦੀ ਤਰਜੀਹ ਹਨ।ਸਰਕਾਰ ਇਸ ਉਤੇ ਕੰਮ ਕਰ ਰਹੀ ਹੈ ਅਤੇ ਆਉਣ ਵਾਲੇ ਸਾਲਾਂ ਵਿੱਚ ਵੀ ਖਜ਼ਾਨੇ ਦਾ ਮੂੰਹ ਲੋਕਾਂ ਲਈ ਖੁੱਲ੍ਹਿਆ ਰਹੇਗਾ।ਉਨ੍ਹਾਂ ਕਿਹਾ ਕਿ ਤੁਸੀਂ ਮੈਨੂੰ ਜੋ ਤਾਕਤ ਦਿੱਤੀ ਹੈ, ਉਸ ਤਾਕਤ ਦੀ ਵਰਤੋਂ ਮੈਂ ਤੁਹਾਡੇ ਲਈ ਕਰ ਰਿਹਾ ਹਾਂ।ਉਨ੍ਹਾਂ ਕਿਹਾ ਕਿ ਮੈਂ ਜੰਡਿਆਲਾ ਹਲਕੇ ਦਾ ਦੇਣ ਨਹੀਂ ਦੇ ਸਕਦਾ, ਜਿਨਾਂ ਨੇ ਮੈਨੂੰ ਵਿਧਾਇਕ ਬਣਾਇਆ ਤੇ ਸਾਡੀ ਪਾਰਟੀ ਨੇ ਅੱਗੋਂ ਕੈਬਨਿਟ ਮੰਤਰੀ ਦਾ ਦਰਜਾ ਦੇ ਕੇ ਜੰਡਿਆਲਾ ਹਲਕੇ ਦਾ ਮਾਣ ਵਧਾਇਆ।

## ਜਨਮ ਦਿਨ ਮੁਬਾਰਕ



ਵੰਸ਼ਦੀਪ ਸਿੰਘ ਜੋਸਨ

## ਮੁਬਾਰਕਾਂ



ਜੋਬਨਜੀਤ ਸਿੰਘ ਵਾਸੀ ਗੁਰਦਾਸਪੁਰ ਦਾ ਸ਼ੁਭ ਵਿਆਹ ਸੁਖਪ੍ਰੀਤ ਕੌਰ ਵਾਸੀ ਅੰਮ੍ਰਿਤਸਰ ਨਾਲ ਹੋਇਆ।


# ਨਗਰ ਕੌਂਸਲ ਚੋਣਾਂ ਤੋਂ ਬਾਅਦ ਨੰਗਲ ਸ਼ਹਿਰ ਦੀ ਕਾਇਆ-ਕਲਪ ਕਰਾਂਗੇ : ਬੈਂਸ

**ਨੰਗਲ (ਸੁਰਜੀਤ ਸਿੰਘ)** ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਿੱਖਿਆ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਪੰਜਾਬ ਨੇ ਕਿਹਾ ਹੈ ਕਿ ਨਗਰ ਕੌਂਸਲ ਦੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਜਿੱਤਾ ਕੇ ਨੰਗਲ ਸ਼ਹਿਰ ਦੀ ਕਾਇਆ ਕਲਪ ਕਰਾਂਗੇ, ਸਾਡੇ ਆਮ ਆਦਮੀ ਪਾਰਟੀ ਦੇ ਵਰਕਰ, ਕੌਂਸਲਰ ਨਹੀਂ ਸਗੋਂ ਸੇਵਾਦਾਰ ਦੀ ਤਰ੍ਹਾਂ ਕੰਮ ਕਰਨਗੇ। ਉਹਨਾਂ ਨੇ ਕਿਹਾ ਕਿ ਨੰਗਲ ਵਿੱਚ ਸੈਰ ਸਪਾਟਾ ਦੀਆਂ ਸੰਭਾਵਨਾਵਾਂ ਲਈ ਜ਼ਮੀਨੀ ਪੱਧਰ 'ਤੇ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਹਨ।ਜਲਦੀ ਹੀ ਨੰਗਲ ਵਿੱਚ ਕਦੰਬਾ ਟੂਰਿਜ਼ਮ ਕੰਪਲੈਕਸ ਨੂੰ ਕਾਰਜਸ਼ੀਲ ਕੀਤਾ ਜਾਵੇਗਾ ਅਤੇ ਇਸ ਇਲਾਕੇ ਨੂੰ ਸੈਰ ਸਪਾਟਾ ਸੰਨਤ ਵਜੋਂ ਪ੍ਰਫੁੱਲਤ ਕੀਤਾ ਜਾਵੇਗਾ, ਜਿਸ ਦੇ ਲਈ ਪਿਛਲੇ ਢਾਈ ਸਾਲ ਦੌਰਾਨ ਸਾਰੇ ਅੜਿੱਕੇ ਦੂਰ ਕਰ ਲਏ ਗਏ ਹਨ।ਨੰਗਲ ਵਿੱਚ ਆਪਣੀ ਰਿਹਾਇਸ਼ 2 ਆਰ ਵੀ ਆਰ ਵਿਖੇ ਲੋਕਾਂ ਦੀਆਂ ਮੁਸ਼ਕਲਾਂ ਅਤੇ ਸਮੱਸਿਆਵਾਂ ਹੱਲ ਕਰਨ ਲਈ ਪਿਛਲੇ ਚਾਰ ਸਾਲ ਤੋਂ ਲਗਾਤਾਰ ਚੱਲ ਰਹੇ ਪ੍ਰੋਗਰਾਮ ਸਾਡਾ ਐਮ ਐਲ ਏ ਸਾਡੇ ਵਿੱਚ ਤਹਿਤ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਉਹ ਆਪਣੇ ਹਲਕੇ ਦੇ ਲੋਕਾਂ ਦੀਆਂ ਮੁਸ਼ਕਲਾਂ ਹੱਲ ਕਰਨ ਲਈ ਹਰ ਐਤਵਾਰ ਨੰਗਲ ਵਿੱਚ ਇਹ ਕੈਂਪ ਲਗਾਉਂਦੇ ਹਨ, ਜਿੱਥੇ ਲੋਕ ਆ ਕੇ ਆਪਣੀਆਂ ਮੁਸ਼ਕਲਾਂ ਸਮੱਸਿਆਵਾਂ ਦੱਸਦੇ ਹਨ।ਜਿਨਾਂ ਦਾ ਮੌਕੇ 'ਤੇ ਹੀ ਅਧਿਕਾਰੀਆਂ ਨੂੰ ਦਿਸ਼ਾ ਨਿਰਦੇਸ਼ ਦੇ ਕੇ ਹੱਲ ਕੀਤਾ ਜਾਂਦਾ ਹੈ। ਉਹਨਾਂ ਨੇ ਕਿਹਾ ਕਿ ਲੋਕਾਂ ਨੂੰ ਨੇੜੇ ਹੋ ਕੇ ਮਿਲਣ ਅਤੇ ਉਹਨਾਂ ਦੀਆਂ ਮੁਸ਼ਕਲਾਂ ਹੱਲ ਕਰਨ ਦਾ ਇਹ ਉਪਰਾਲਾ ਉਨਾਂ ਦੇ ਲਈ ਬਹੁਤ ਹੀ ਸਾਰਥਕ ਸਿੱਧ ਹੋਇਆ ਹੈ, ਕਿਉਂਕਿ ਲੋਕਾਂ ਨੂੰ ਦੂਰ ਦੁਰਾਂਡੇ ਦੇ ਦਫਤਰਾਂ ਦੇ ਚੱਕਰ ਲਾਉਣ ਦੀ ਬੇਲੋੜੀ ਖੱਜਲ ਖੁਆਰੀ ਤੋਂ ਰਾਹਤ ਮਿਲ ਜਾਂਦੀ ਹੈ ਅਤੇ ਉਹ ਖੁੱਦ ਲੋਕਾਂ ਨੂੰ ਨੇੜੇ ਹੋ ਕੇ ਮਿਲਦੇ ਹਨ, ਇਸ ਤੋਂ ਪਹਿਲਾਂ ਪਿੰਡਾਂ ਵਿੱਚ ਸਾਂਝੀ ਸੱਥ ਵਿੱਚ ਬੈਠ ਕੇ ਲੋਕਾਂ ਦੇ ਮਸਲੇ ਹੱਲ ਕੀਤੇ ਗਏ ਹਨ।ਇਸ ਮੌਕੇ ਡਾ.ਸੰਜੀਵ ਗੌਤਮ ਜਿਲਾ ਪ੍ਰਧਾਨ, ਸਤੀਸ਼ ਚੋਪੜਾ ਬਲਾਕ ਪ੍ਰਧਾਨ, ਪੱਮੂ ਢਿੱਲੋ, ਦੀਪਕ ਸੋਨੀ ਮੀਡੀਆ ਕੋਆਰਡੀਨੇਟਰ, ਜਸਪਾਲ ਸਿੰਘ ਢਾਹੇ ਸਰਪੰਚ ਜ਼ਿਲਾਂ ਪ੍ਰੀਸ਼ਦ ਮੈਂਬਰ, ਰਾਕੇਸ਼ ਵਰਮਾ, ਗੁਰਜਿੰਦਰ ਸਿੰਘ ਸ਼ੋਕਰ, ਸ਼ੇਰ ਸਿੰਘ ਸ਼ੇਰੂ, ਦੀਪੂ ਬਾਸ ਹਲਕਾ ਕੋਆਰਡੀਨੇਟਰ ਯੁੱਧ ਨਸ਼ਿਆਂ ਵਿਰੁੱਧ, ਵਿਸ਼ਾਲ ਗੁਪਤਾ, ਸੁਮਿਤ ਸੰਦਲ, ਰਣਜੀਤ ਬੱਗਾ, ਰੋਜੀ ਬਾਸ, ਇਮਰਾਨ ਖਾਨ , ਦੀਪਕ ਅਬਰੋਲ ਤੇ ਵੱਡੀ ਗਿਣਤੀ ਵਿੱਚ ਪਤਵੰਤੇ ਹਾਜਰ ਸਨ।



# ਗੋਰਾਇਆ ਵਿਖੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਮਨਾਇਆ



**ਅੱਡਾ ਸਰਾਂ (ਜਸਵੀਰ ਕਾਜਲ)** ਧੰਨ ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਪਿੰਡ ਗੋਰਾਇਆ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ।ਇਸ ਸਮਾਗਮ ਸੰਬੰਧੀ 2 ਜਨਵਰੀ ਨੂੰ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਜਾਪ ਆਰੰਭ ਕੀਤੇ ਗਏ ਸਨ ਜਿਨਾਂ ਦੇ ਭੋਗ 4 ਜਨਵਰੀ ਨੂੰ ਪੈਣ ਉਪਰੰਤ ਕੀਰਤਨ ਦੀਵਾਨ ਸਜਾਏ ਗਏ ਜਿਸ ਵਿੱਚ ਭਾਈ ਜਸਮੇਲ ਸਿੰਘ ਅਤੇ ਭਾਈ ਨਿਰਮਲ ਸਿੰਘ ਜੀਚਲ ਦੇ ਕੀਰਤਨੀ ਜਥੇ ਨੇ ਆਈਆਂ ਹੋਈਆਂ ਸੰਗਤਾਂ ਨੂੰ ਕੀਰਤਨ ਅਤੇ ਕਥਾ ਵਿਚਾਰਾਂ ਨਾਲ ਨਿਹਾਲ ਕੀਤਾ। ਇਸ ਮੌਕੇ ਗੁਰੂ ਕੀਆਂ ਸੰਗਤਾਂ ਲਈ ਚਾਹ ਪਕੌੜੇ ਮਠਿਆਈਆਂ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

# ਸਸਤੀਆਂ ਸਥਾਨਕ ਖੇਡਾਂ

ਅੱਜ-ਕੱਲ੍ਹ ਬੱਚੇ ਮੋਬਾਇਲ ਤੇ ਟੈਲੀਵਿਜ਼ਨ 'ਤੇ ਖੇਡਾਂ ਦੇਖਦੇ ਹਨ। ਇਸ ਤਰ੍ਹਾਂ ਕੁਝ ਪ੍ਰਾਪਤ ਕਰਨ ਦੀ ਥਾਂ ਸਮੇਂ, ਸਰੀਰ, ਅੱਖਾਂ ਦਾ ਨੁਕਸਾਨ ਹੁੰਦਾ ਹੈ। ਅਸਲੀ ਖੇਡ ਉਹੀ ਹੈ, ਜੋ ਆਪ ਖੇਡੀ ਜਾਵੇ। ਪੁਰਾਣੇ ਸਮੇਂ ਤੋਂ ਲੈ ਕੇ ਅਜ਼ਾਦੀ ਪ੍ਰਾਪਤੀ ਤੱਕ ਲੋਕ ਖੇਤੀ, ਮਜ਼ਦੂਰੀ ਆਦਿ ਕੰਮ ਕਰਦੇ ਸਨ। ਬੱਚੇ ਛੋਟੀਆਂ-ਮੋਟੀਆਂ ਖੇਡਾਂ ਖੇਡਦੇ, ਜਿਨ੍ਹਾਂ ਦਾ ਖਰਚ ਘੱਟ ਨਾ ਮਾਤਰ ਤੇ ਸਰੀਰਕ ਮਾਨਸਿਕ ਲਾਭ ਵੱਧ ਹੁੰਦਾ ਤੇ ਸਮੇਂ ਦਾ ਯੋਗ ਉਪਯੋਗ ਹੁੰਦਾ। ਇਨ੍ਹਾਂ ਵਿੱਚੋਂ ਕੁਝ ਇਹ ਹਨ:

ਕਬੱਡੀ ਖੇਡ ਵਿੱਚ ਅੱਧੇ ਖਿਡਾਰੀ ਦੋਵੇਂ ਪਾਸੇ ਹੁੰਦੇ ਹਨ। ਕਿਸੇ ਖਾਸ ਮੈਦਾਨ, ਖਰਚੇ ਦੀ ਲੋੜ ਨਹੀਂ। ਸਰੀਰ ਦਿਮਾਗ ਦੀ ਖੇਡ ਹੈ।

ਸਾਂਝੀ ਪੱਕੀ ਖੇਡ ਵਿੱਚ ਵੱਡਾ ਚੱਕਰ ਮਾਰ ਲਿਆ ਜਾਂਦਾ। ਅੱਧੇ ਖਿਡਾਰੀ ਚੱਕਰ ਦੇ ਬਾਹਰ, ਅੱਧੇ ਅੰਦਰ ਹੁੰਦੇ ਹਨ। ਬਾਹਰ ਵਾਲੀ ਵਾਰੀ ਅੰਦਰ ਵਾਲਿਆਂ ਨੂੰ ਛੂੰਹਦੇ ਹਨ। ਜੇ ਆਪ ਫੜ ਹੋ ਜਾਵੇ ਤਾਂ ਆਪ ਬੈਠ ਜਾਂਦਾ ਹੈ। ਜੇ ਕਿਸੇ ਨੂੰ ਛੂਹ ਦੇਵੇ ਤਾਂ ਉਹ ਬੈਠ ਜਾਂਦੇ ਹਨ।



ਲੁਕਣ ਮੀਟੀ (ਚੋਰ ਸਿਪਾਹੀ) ਖੇਡ ਵਿੱਚ ਇੱਕ ਟੀਮ ਦੇ ਖਿਡਾਰੀ ਅੱਖਾਂ ਉੱਤੇ ਹੱਥ ਰੱਖ ਕੇ ਢਕ ਲੈਂਦੇ ਹਨ। ਦੂਜੀ ਟੀਮ ਦੇ ਖਿਡਾਰੀ ਇਧਰ-ਉਧਰ ਲੁਕ ਛਿਪ ਜਾਂਦੇ ਹਨ। ਇੱਕ ਬੱਚਾ ਐਲਾਨ ਕਰਦਾ ਲੱਭ ਲਓ। ਪਹਿਲੀ ਟੀਮ ਦੇ ਖਿਡਾਰੀ ਦੂਜਿਆਂ ਨੂੰ ਲੱਭਣ ਲਈ ਇਧਰ- ਉਧਰ ਦੌੜਦੇ ਹਨ। ਜਦੋਂ ਸਾਰੇ ਲੱਭ ਹੋ ਜਾਣ ਤਾਂ ਪਹਿਲੀ ਟੀਮ ਦੀ ਲੁਕਣ ਦੀ ਅਤੇ ਦੂਜੀ ਦੀ ਲੱਭਣ ਦੀ ਵਾਰੀ ਆਉਂਦੀ ਹੈ। ਚਾਦਰ ਪਟਾਕਾ ਅਤੇ ਵਿੱਚ ਇੱਕ ਬੱਚੇ ਨੂੰ ਧਰਤੀ ਉੱਤੇ ਲੰਮਾ ਪਾ ਕੇ ਚਾਦਰ ਨਾਲ ਢਕ ਦਿੱਤਾ ਜਾਂਦਾ ਹੈ। ਬਾਕੀ ਬੱਚੇ ਵਾਰੀ ਨਾਲ ਉਸ ਦੇ ਉਪਰੋਂ ਟੱਪਦੇ ਹਨ। ਉਸ ਤੋਂ ਪੁੱਛਿਆ ਜਾਂਦਾ ਹੈ ਕਿ ਕੌਣ ਟੱਪਿਆ ਹੈ ? ਜੇ ਉਹ ਠੀਕ ਨਾਂਅ ਦੱਸ ਦੇਵੇ ਤਾਂ ਉਸ ਦੀ ਥਾਂ ਟੱਪਣ ਵਾਲੇ ਨੂੰ ਲੇਟਣਾ ਪੈਂਦਾ ਹੈ ਨਹੀਂ ਤਾਂ ਵਾਰੀ ਨਾਲ ਸਭ ਲੇਟਦੇ ਹਨ।

ਰਾਜੇ ਦਾ ਘਰ ਕਿਹੜਾ ਖੇਡ ਵਿੱਚ ਇੱਕ ਬੱਚਾ ਰਾਜਾ ਬਣ ਕੇ ਬੈਠ ਜਾਂਦਾ ਹੈ। ਦੂਜੇ ਇੱਕ ਲਾਇਨ ਵਿੱਚ ਖੜ੍ਹੇ ਹੋ ਜਾਂਦੇ ਹਨ। ਉਨ੍ਹਾਂ ਵਿੱਚੋਂ ਇੱਕ ਬੱਚਾ, ਇਕੱਲੇ ਇਕੱਲੇ ਨੂੰ ਪੁੱਛਦਾ ਹੈ। ਰਾਜੇ ਦਾ ਘਰ ਕਿਹੜਾ-ਦੂਜੇ ਕਹਿ ਦਿੰਦੇ ਹਨ। ਅੰਦਰ ਦੀਵਾ ਬਲਦਾ, ਚੰਡੋਲ ਪਾਣੀ ਭਰਤਾ ਅੰਤ ਉਹਨੂੰ ਉਹ ਰਾਜੇ ਕੋਲ ਜਾ ਕੇ ਕਹਿੰਦਾ ਹੈ। ਰਾਜਾ ਰਾਜਾ ਖੋਲ੍ਹ ਪਟੜੀ ਰਾਜਾ ਬੱਚਾ ਪੁੱਛਦਾ ਹੈ। ਕਾਸ ਕੋ ਆਇਆ। ਤਾਂ ਦੂਜਾ ਬੱਚਾ ਕਹਿੰਦਾ ਹੈ ਭੇਡ ਬੱਕਰੀ। ਦੂਜਾ ਬੱਚਾ ਕਹਿੰਦਾ ਆਈ ਆਈ ਤੈਨੂੰ ਕਾਲੇ ਕੁੱਤੇ ਤੋ ਵਢਾਓ। ਹੋਰ ਬੱਚੇ ਵੀ ਇਸ ਤਰ੍ਹਾਂ ਕਹਿ ਕੇ ਰੌਲਾ ਪਾ ਦਿੰਦੇ ਹਨ।

ਪੀਲ ਪਲਾਂਗੜ ਖੇਡ ਵਿੱਚ ਬਾਹਰ ਕਿਸੇ ਛੋਟੇ ਦਰੱਖਤ ਕੋਲ ਖੇਡਦੇ ਹਨ। ਇੱਕ ਮੁੰਡਾ ਲੱਕੜੀ ਦੇ ਦੋ ਕੁ ਫੁੱਟ ਲੰਮੇ ਡੰਡੇ ਨੂੰ ਦੂਜੇ (ਲੱਤ ਥੱਲਿਓਂ ਲੰਘਾ ਕੇ) ਸੁੱਟ ਦਿੰਦਾ ਹੈ। ਇੱਕ ਹੋਰ ਮੁੰਡਾ ਉਹ ਡੰਡਾ ਚੁੱਕਣ ਜਾਂਦਾ ਹੈ, ਹੋਰ ਸਾਰੇ ਦਰੱਖਤ 'ਤੇ ਚੜ੍ਹ ਜਾਂਦੇ ਹਨ। ਡੰਡਾ ਚੁੱਕਣ ਤੋਂ ਬਾਅਦ ਉਹ ਡੰਡਾ ਦਰੱਖਤ ਕੋਲ ਘੁੱਤੀ ਉੱਤੇ ਰੱਖ ਦਿੰਦਾ ਹੈ ਤੇ ਦੂਜਿਆਂ ਨੂੰ ਛੋਹਣ ਲਈ ਦੌੜਦਾ ਹੈ, ਜਿਸ ਨੂੰ ਉਹ ਛੂਹ ਲਵੇਂ ਉਸ ਦੀ ਡੰਡਾ ਚੁੱਕ ਕੇ ਲਿਆਉਣ ਦੀ ਵਾਰੀ ਆ ਜਾਂਦੀ ਹੈ।

ਗੁੱਲੀ ਡੰਡਾ ਖੇਡ ਵਿੱਚ ਇੱਕ ਦੋ ਫੁੱਟ ਨੂੰ ਲੱਕੜ ਦਾ ਡੰਡਾ ਤੇ ਇੱਕ ਡੇਢ ਇੰਚ ਦੀ ਗੁੱਲੀ ਦੋਹਾਂ ਸਿਰਿਆਂ ਤੋਂ ਘੜੀ ਹੋਈ ਹੁੰਦੀ ਹੈ। ਇੱਕ ਬੱਚਾ ਛੋਟੀ ਲੰਬੀ ਘੁੱਤੀ ਉਤੇ ਪਈ ਗੁੱਲੀ ਨੂੰ ਡੰਡੇ ਦੇ ਸਿਰੇ ਨਾਲ ਉਲਾਰ ਕੇ ਪਰ੍ਹੇ ਸੁੱਟਦਾ ਹੈ। ਦੂਜਾ ਬੱਚਾ ਗੁੱਲੀ ਚੁੱਕ ਕੇ ਉਥੋਂ ਹੀ ਡੰਡੇ ਵੱਲ ਸੁੱਟਦਾ ਹੈ। ਜੇ ਗੁੱਲੀ ਡੰਡੇ ਨੂੰ ਵੱਜ ਜਾਵੇ ਤਾਂ ਗੁੱਲੀ ਲਿਆਉਣ ਦੀ ਹੋਰ ਬੱਚੇ ਦੀ ਵਾਰੀ ਆ ਜਾਂਦੀ ਹੈ। ਡੰਡੇ ਵਾਲਾ ਡੰਡੇ ਨਾਲ ਗੁੱਲੀ ਪਰੇ ਸੁੱਟਦਾ ਹੈ।

ਕੁੱਕੂ ਘਾਂਗੜੇ ਖੇਡ ਵਿੱਚ ਦੋਹਾਂ ਟੀਮਾਂ ਦੇ ਬੱਚੇ ਆਪਣੇ-ਆਪਣੇ ਪਾਸੇ ਵੱਲ ਦੌੜਦੇ ਹਨ। ਚਾਕ, ਕੋਲੇਜਾਂ ਰੰਗਦਾਰ ਚੀਜ਼ ਨਾਲ ਕੰਧਾਂ ਜਾਂ ਫੁੱਟਿਆਂ ਉੱਤੇ ਲਕੀਰਾਂ ਖਿੱਚ ਦਿੰਦੇ ਹਨ। ਕੁਝ ਮਿੰਟਾਂ ਬਾਅਦ ਕੁਕੂ ਕਾਂਗੜੇ ਕਹਿੰਦੇ ਵਾਪਸ ਆ ਜਾਂਦੇ ਹਨ। ਦੋਹਾਂ ਪਾਸਿਆਂ ਦੀਆਂ ਲਕੀਰਾਂ ਗਿਣ ਕੇ ਵੱਧ ਲਕੀਰਾਂ ਵਾਲੀ ਟੀਮ ਜੇਤੂ ਕਰਾਰ ਦਿੱਤੀ ਜਾਂਦੀ।

ਖੇਡਾਂ ਦੀ ਮਹੱਤਤਾ: ਇਹ ਹੈ ਕਿ ਖੇਡਾਂ ਹਰ ਥਾਂ ਹਰ ਸਮੇਂ ਹਰ ਕੋਈ ਖੇਡ ਸਕਦਾ ਹੈ। ਇਨ੍ਹਾਂ ਲਈ ਟੀਮ ਦੇ ਬੱਚਿਆਂ ਦੀ ਗਿਣਤੀ ਮਿੱਥੀ ਨਹੀਂ ਹੁੰਦੀ। ਖੇਡ ਦਾ ਮੈਦਾਨ ਲੋੜ ਅਨੁਸਾਰ ਲੰਮਾ-ਚੌੜਾ ਬਣਾ ਲਿਆ ਜਾਂਦਾ। ਇਸ ਵਿੱਚ ਫੈਸਲਾ ਜਾਂ ਫਾਊਲ ਦੇਣ ਲਈ ਬੱਚੇ ਲਈ ਆਪ ਹੀ ਨਿਰਣਾ ਕਰਦੇ ਹਨ। ਖੂੰਡੀ, ਗੇਂਦ ਤੇ ਕੋਰੜਾ ਆਪ ਹੀ ਤਿਆਰ ਕਰ ਲੈਂਦੇ ਹਨ। ਸ਼ੁਰੂ, ਮੱਧ ਤੇ ਅੰਤ ਆਪ ਹੀ ਕਰਦੇ ਹਨ। ਸੀਟੀ ਦੀ ਲੋੜ ਨਹੀਂ। ਗੋਲ ਫਾਊਲ ਅੰਤ ਅਰੰਭ ਆਪਣੀ ਜ਼ਿੰਮੇਵਾਰੀ ਨਾਲ ਹੀ ਜਾਣ ਲੈਂਦੇ ਹਨ। ਇਹ ਗਰੀਬ ਤੋਂ ਗਰੀਬ ਮੁੰਡੇ ਜਾਂ ਕੁੜੀਆਂ ਖੇਡ ਸਕਦੀਆਂ ਹਨ। ਇਸੇ ਕਰਕੇ ਇਨ੍ਹਾਂ ਨੂੰ ਆਪਾਂ ਸਥਾਨਕ ਖੇਡਾਂ ਕਹਿ ਦਿੰਦੇ ਹਾਂ।



ਡਾ: ਨਵਪ੍ਰੀਤ ਕੌਰ
ਐੱਸ.ਐੱਸ. ਮਿਸਟ੍ਰੈੱਸ
82839-59199

# ਧੁੰਦ ਕਾਰਨ ਬੱਜਰੀ ਨਾਲ ਭਰੇ ਟਿੱਪਰ ਨੇ ਕਾਰ ਨੂੰ ਮਾਰੀ ਟੱਕਰ

**ਅਲਾਵਲਪੁਰ (ਮਦਨ ਬੰਗੜ)** ਜਲੰਧਰ-ਪਠਾਨਕੋਟ ਰਾਸ਼ਟਰੀ ਰਾਜ ਮਾਰਗ 'ਤੇ ਸਥਿਤ ਅੱਡਾ ਬਿਆਸ ਪਿੰਡ ਨੇੜੇ ਇੱਕ ਢਾਬੇ ਕੋਲ ਸੰਘਣੀ ਧੁੰਦ ਕਾਰਨ ਬਜਰੀ ਨਾਲ ਭਰਿਆ ਟਿੱਪਰ ਕਾਰ ਨਾਲ ਟਕਰਾਉਣ ਤੋਂ ਬਾਅਦ ਢਾਬੇ ਅੱਗੇ ਖੜੇ ਦੋ ਖਾਲੀ ਗੈਸ ਵਾਲੇ ਟੈਂਕਰਾਂ ਨਾਲ ਟਕਰਾਉਣ ਤੋਂ ਬਾਅਦ ਇੱਕ ਟੈਂਕਰ ਦੇ ਪਲਟਣ ਦੇ ਬਾਵਜੂਦ ਜਾਨੀ ਨੁਕਸਾਨ ਤੋਂ ਬਚਾਅ ਹੋਣ ਦੀ ਖਬਰ ਪ੍ਰਾਪਤ ਹੈ।ਜਾਣਕਾਰੀ ਅਨੁਸਾਰ ਇੱਕ ਟਿੱਪਰ (ਘੋੜਾ) ਜੋ ਬਜਰੀ ਨਾਲ ਭਰਿਆ ਹੋਇਆ ਸੀ, ਜਿਸ ਦਾ ਚਾਲਕ ਪਠਾਨਕੋਟ ਤੋਂ ਜਲੰਧਰ ਨੂੰ ਜਾ ਰਿਹਾ ਸੀ ਜਦੋਂ ਉਹ ਅੱਡਾ ਬਿਆਸ ਪਿੰਡ ਨਜ਼ਦੀਕ ਇੱਕ ਢਾਬੇ ਦੇ ਕੋਲ ਪਹੁੰਚਾ ਤਾਂ ਸੰਘਣੀ ਧੁੰਦ ਹੋਣ ਕਾਰਨ ਬਜਰੀ ਨਾਲ ਭਰਿਆ ਟਿੱਪਰ ਟਰਾਲਾ ਉਸ ਦੇ ਅੱਗੇ ਜਾ ਰਹੀ ਇੱਕ ਆਲਟੋ ਕਾਰ ਨਾਲ ਟਕਰਾ ਗਿਆ ਕਾਰ ਨਾਲ ਟਕਰਾਉਣ ਤੋਂ ਬਾਅਦ ਟਿੱਪਰ ਬੇਕਾਬੂ ਹੋ ਕੇ ਢਾਬੇ ਅੱਗੇ ਹਾਈਵੇ 'ਤੇ ਖੜੇ ਦੋ ਖਾਲੀ ਗੈਸ ਵਾਲੇ ਟੈਂਕਰਾਂ ਵਿੱਚ ਜਾ ਟਕਰਾਇਆ ਤੇ ਜਿਸ ਕਾਰਨ ਇੱਕ ਟੈਂਕਰ ਪਲਟ ਗਿਆ। ਇਸ ਹਾਦਸੇ ਵਿੱਚ ਚਾਰੇ ਵਾਹਨ ਬੁਰੀ ਤਰ੍ਹਾਂ ਨੁਕਸਾਨੇ ਗਏ ਅਤੇ ਜਾਨੀ ਨੁਕਸਾਨ ਤੋਂ ਵਾਲ ਵਾਲ ਬਚਾਅ ਹੋ ਗਿਆ। ਸੂਚਨਾ ਮਿਲਣ 'ਤੇ ਐਸ ਐਸ ਐਫ ਦੀ ਟੀਮ ਮੌਕੇ 'ਤੇ ਪਹੁੰਚ ਕੇ ਟਰੈਫਿਕ ਨੂੰ ਸੰਚਾਰੂ ਢੰਗ ਨਾਲ ਚਾਲੂ ਕਰਵਾ ਦਿੱਤਾ ਅਤੇ ਇਸ ਹਾਦਸੇ ਸੰਬੰਧੀ ਪੁਲਸ ਚੌਂਕੀ ਅਲਾਵਲਪੁਰ ਨੂੰ ਸੂਚਿਤ ਕਰ ਦਿੱਤਾ ਗਿਆ।ਹਾਦਸੇ ਤੋਂ ਬਾਅਦ ਟਰੱਕ ਡ੍ਰਾਈਵਰ ਮੌਕੇ ਤੋਂ ਫਰਾਰ ਹੋ ਗਿਆ।



# ਲੋਕ ਵਿਰੋਧੀ ਕਾਨੂੰਨਾਂ ਦੇ ਵਿਰੋਧ 'ਚ ਮੋਟਰਸਾਈਕਲ ਮਾਰਚ ਕੱਢਿਆ



**ਮਹਿਤਪੁਰ (ਰਾਜਾ)** ਕੇਂਦਰ ਵੱਲੋਂ ਇੱਕ ਤੋਂ ਬਾਅਦ ਇੱਕ ਲਿਆਂਦੇ ਜਾ ਰਹੇ ਲੋਕ ਵਿਰੋਧੀ ਕਾਨੂੰਨਾਂ ਦੇ ਵਿਰੋਧ ਵਿੱਚ ਸੰਯੁਕਤ ਮੋਰਚੇ ਵੱਲੋਂ ਦਿੱਤੇ ਗਏ ਸੱਦੇ 'ਤੇ ਮਹਿਤਪੁਰ ਤੋਂ ਸ਼ੁਰੂ ਹੋਏ ਮੋਟਰਸਾਈਕਲ ਮਾਰਚ ਪਿੰਡ ਸ਼ਾਹਪੁਰ, ਮੰਡਿਆਲਾ, ਬੁਲੰਦਾ, ਉਧੋਵਾਲ, ਬਾਲੋਕੀ, ਬੀੜ ਬਾਲੋਕੀ, ਆਦਰਾਮਾਨ, ਤੋਂ ਹੁੰਦਾ ਹੋਇਆ ਸੰਗੋਵਾਲ ਪਹੁੰਚਿਆ ਵੱਖ ਵੱਖ ਪਿੰਡਾਂ ਵਿੱਚ ਮਾਰਚ ਦਾ ਭਰਵਾਂ ਸਵਾਗਤ ਕਿਸਾਨਾਂ ਮਜ਼ਦੂਰਾਂ ਅਤੇ ਮਨਰੇਗਾ ਵਰਕਰਾਂ, ਮੁਲਾਜ਼ਮਾ, ਵਿਦਿਆਰਥੀ ਅਤੇ ਨੌਜਵਾਨਾਂ ਨੇ ਕਰਦਿਆਂ ਵਿਕਸਿਤ ਭਾਰਤ ਜੀ ਰਾਮ ਜੀ ਕਾਨੂੰਨ, ਕਿਰਤ ਕਾਨੂੰਨ ਵਿੱਚ ਕੀਤੀਆਂ ਸੋਧਾਂ ਵਾਪਸ ਲਓ, ਬਿਜਲੀ ਸੋਧ ਬਿਲ 2025, ਬੀਜ ਬਿੱਲ ਵਾਪਸ ਲਓ ਨਾਰਿਆਂ ਨਾਲ ਕੀਤਾ।ਇਸ ਮਾਰਚ ਪਿੰਡਾਂ ਵਿੱਚ ਪਹੁੰਚਣ 'ਤੇ ਕੀਤੀਆਂ ਗਈਆਂ ਰੈਲੀਆਂ ਜਿਸ ਵਿੱਚ ਔਰਤਾਂ ਨੇ ਵੱਡੀ ਗਿਣਤੀ ਵਿੱਚ ਸ਼ਿਰਕਤ ਕੀਤੀ।ਮਾਰਚ ਵਿੱਚ ਸ਼ਾਮਲ ਆਗੂਆਂ ਨੇ ਲੋਕਾਂ ਨੂੰ ਸੱਦਾ ਦਿੱਤਾ ਕੀ ਉਹ ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੇ ਸੱਦੇ 'ਤੇ 6 ਜਨਵਰੀ ਨੂੰ ਜਲੰਧਰ ਅਤੇ ਸੰਯੁਕਤ ਮੋਰਚੇ ਦੇ ਸੱਦੇ ਦੇ 16 ਜਨਵਰੀ ਨੂੰ ਡਿਪਟੀ ਕਮਿਸ਼ਨਰ ਜਲੰਧਰ ਦੇ ਦਫਤਰ ਵੱਡੀ ਗਿਣਤੀ ਵਿੱਚ ਪਹੁੰਚਣ।ਇਸ ਮੌਕੇ ਵੱਖ ਵੱਖ ਪਿੰਡਾਂ ਵਿੱਚ ਸੰਬੋਧਨ ਕਰਨ ਵਾਲਿਆਂ ਕਿਰਤੀ ਕਿਸਾਨ ਯੂਨੀਅਨ ਦੇ ਸੰਤੋਖ ਸੰਧੂ, ਬਚਨ ਸਿੰਘ ਸਾਬਕਾ ਸਰਪੰਚ, ਕੁੱਲ ਹਿੰਦ ਕਿਸਾਨ ਸਭਾ ਦੇ ਸੰਦੀਪ ਅਰੋੜਾ, ਸਤਨਾਮ ਸਿੰਘ ਬਿਲੇ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਕਸ਼ਮੀਰ ਮੰਡਿਆਲਾ ਵਿਜੇ ਬਾਠ, ਜਨਰਲ ਮਜ਼ਦੂਰ ਯੂਨੀਅਨ ਦੇ ਸਿਕੰਦਰ ਸੰਧੂ, ਸਰਬ ਭਾਰਤ ਨੌਜਵਾਨ ਸਭਾ ਦੇ ਮਨਦੀਪ ਸਿੱਧੂ, ਪੰਜਾਬ ਸਟੂਡੈਂਟ ਯੂਨੀਅਨ ਦੀ ਰਮਨਜੀਤ ਕੌਰ,ਇਸਤਰੀ ਜਾਗਰਤੀ ਮੰਚ ਦੀ ਅਨੀਤਾ ਸੰਧੂ, ਨੌਜਵਾਨ ਭਾਰਤ ਸਭਾ ਦੇ ਨਵਜੋਤ ਸਿਆਣੀਵਾਲ, ਮਨਰੇਗਾ ਆਗੂ ਬਖਸ਼ੋ ਮੰਡਿਆਲਾ, ਤਰਸੇਮ ਪੀਟਰ, ਰਤਨ ਸਿੰਘ ਮੰਡ, ਪਵਨਦੀਪ, ਵਿਕਾਸ ਕੱਕੜ ਆਦਿ ਨੇ ਸੰਬੋਧਨ ਕੀਤਾ।

# ਜੰਗਾਂ-ਯੁੱਧਾਂ ਤੋਂ ਮੁਕਤ ਖੁਸ਼ਹਾਲ ਜ਼ਿੰਦਗੀ ਜਿਉਣ ਲਈ ਸਾਮਰਾਜ ਦੀ ਹੋਂਦ ਮਿਟਾਓ : ਪਾਸਲਾ

**ਜਲੰਧਰ (ਰਾਜੇਸ਼ ਥਾਪਾ, ਸ਼ੈਲੀ ਐਲਬਰਟ)**- ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐਮ ਪੀ ਆਈ) ਵੱਲੋਂ ਪਾਰਟੀ ਦੇ ਜਨਰਲ ਸਕੱਤਰ ਸਾਥੀ ਮੰਗਤ ਰਾਮ ਪਾਸਲਾ ਤੇ ਪੰਜਾਬ ਰਾਜ ਕਮੇਟੀ ਦੇ ਸਕੱਤਰ ਸਾਥੀ ਪਰਗਟ ਸਿੰਘ ਜਾਮਾਰਾਏ ਦੀ ਅਗਵਾਈ ਹੇਠ ਇੱਥੋਂ ਦੇ ਦੇਸ਼ ਭਗਤ ਯਾਦਗਾਰ ਤੋਂ ਲੈ ਕੇ ਬੀ ਐਮ ਸੀ ਚੌਂਕ ਤੱਕ ਜ਼ਬਰਦਸਤ ਰੋਸ ਮੁਜ਼ਾਹਰਾ ਕੀਤਾ ਗਿਆ।ਅਮਰੀਕੀ ਸਾਮਰਾਜ ਵੱਲੋਂ ਆਜ਼ਾਦ ਤੇ ਖੁਦ ਮੁਖਤਿਆਰ ਦੇਸ਼ ਵੇਨਜ਼ੁਏਲਾ 'ਤੇ ਧਾੜਵੀ ਹਮਲਾ ਕਰਕੇ ਸੈਂਕੜੇ ਨਿਰਦੋਸ਼ਾਂ ਨੂੰ ਮਾਰ ਮਕਾਉਣ ਅਤੇ ਦੇਸ਼ ਦੇ ਚੁਣੇ ਹੋਏ ਰਾਸ਼ਟਰਪਤੀ ਤੇ ਉਸ ਦੀ ਪਤਨੀ ਨੂੰ ਅਗਵਾ ਕਰ ਲੈਣ ਖਿਲਾਫ ਰੋਸ ਪ੍ਰਗਟ ਕਰਨ ਲਈ ਕੀਤੇ ਗਏ ਇਸ ਮੁਜ਼ਾਹਰੇ 'ਚ ਸਤਨਾਮ ਚਾਨਾ, ਡਾਕਟਰ ਤੇਜਿੰਦਰ ਵਿਰਲੀ ਤੇ ਦੇਵ ਰਾਜ ਨਈਅਰ ਵੀ ਸ਼ਾਮਲ ਹੋਏ।ਇਸ ਮੌਕੇ ਪੱਤਰਕਾਰਾਂ ਨੂੰ ਮੁਖਾਤਿਬ ਹੁੰਦਿਆਂ ਸਾਥੀ ਪਾਸਲਾ ਤੇ ਜਾਮਾਰਾਏ ਨੇ ਕਿਹਾ ਕਿ ਵੇਨਜ਼ੁਏਲਾ ਦੇ ਸਦਰ ਤੇ ਨਸ਼ਾ ਤਸਕਰੀ 'ਚ ਸ਼ਾਮਲ ਹੋਣ ਦਾ ਝੂਠਾ ਦੋਸ਼ ਮੜ੍ਹ ਕੇ ਕੀਤਾ ਗਿਆ ਉਕਤ ਹਮਲਾ, ਦਰਅਸਲ ਇਸ ਦੇਸ਼ ਦੇ ਵਿਸ਼ਾਲ ਤੇ ਬੇਸ਼ਕੀਮਤੀ ਤੇਲ ਭੰਡਾਰ ਅਤੇ ਹੋਰ ਕੁਦਰਤੀ ਵਸੀਲਿਆਂ 'ਤੇ ਕਬਜ਼ਾ ਜਮਾਉਣ ਦੀ ਅਮਰੀਕੀ ਪ੍ਰਸ਼ਾਸ਼ਨ ਦੀ ਚਿਰੋਕਣੀ ਸਾਜ਼ਿਸ਼ ਦਾ ਹਿੱਸਾ ਹੈ।ਪਾਸਲਾ ਅਤੇ ਜਾਮਾਰਾਏ ਨੇ ਐਲਾਨ ਕੀਤਾ ਹੈ ਕਿ ਅਮਰੀਕੀ ਧੌਂਸ ਅਤੇ ਪਸਾਰਵਾਦੀ ਨੀਤੀ ਖਿਲਾਫ ਰੋਸ ਪ੍ਰਦਰਸ਼ਨ ਨਿਰੰਤਰ ਜਾਰੀ ਰੱਖੇ ਜਾਣਗੇ। ਹੋਰਨਾਂ ਤੋਂ ਇਲਾਵਾ ਕੁਲਵੰਤ ਸਿੰਘ ਸੰਧੂ, ਡਾਕਟਰ ਸਤਨਾਮ ਸਿੰਘ ਅਜਨਾਲਾ, ਰਘਬੀਰ ਸਿੰਘ ਬੈਨੀਪਾਲ, ਮੋਹਨ ਸਿੰਘ ਧਮਾਨਾ, ਗੁਰਦਰਸ਼ਨ ਬੀਕਾ, ਹਰੀਮੁਨੀ ਸਿੰਘ ਤੇ ਬਲਦੇਵ ਸਿੰਘ ਨੂਰਪੁਰੀ ਵੀ ਮੌਜੂਦ ਸਨ।



# ਸਵਿੱਤਰੀ ਬਾਈ ਫੂਲੇ ਦਾ ਜਨਮ ਦਿਨ ਮਨਾਇਆ

**ਬੰਗਾ (ਅਵਤਾਰ ਕਲੇਰ)** ਸਤਿਗੁਰੂ ਰਵਿਦਾਸ ਬੇਗਮਪੁਰਾ ਵੈਲਫੇਅਰ ਸੰਸਥਾ ਅਤੇ ਮਾਤਾ ਸਵਿੱਤਰੀ ਬਾਈ ਫੂਲੇ ਇੰਟਰਨੈਸ਼ਨਲ ਵੈਲਫੇਅਰ ਸੰਸਥਾ ਵੱਲੋਂ ਭਾਰਤੀ ਇਤਿਹਾਸ ਦੀ ਪਹਿਲੀ ਮਹਿਲਾ ਅਧਿਆਪਕਾ, ਕ੍ਰਾਂਤੀ ਜੋਤ, ਸਮਾਜ ਸੁਧਾਰਕ ਮਾਤਾ ਸਵਿੱਤਰੀ ਬਾਈ ਫੂਲੇ ਦਾ ਜਨਮ ਦਿਨ ਪਿੰਡ ਕੰਗਰੌੜ ਵਿਖੇ ਮਨਾਇਆ ਗਿਆ।ਜਿਸ ਵਿੱਚ ਸੰਸਥਾ ਦੇ ਪ੍ਰਧਾਨ ਮੈਡਮ ਪਰਮਿੰਦਰ ਕੌਰ ਕੰਗਰੌੜ ਨੇ ਉਨ੍ਹਾਂ ਦੇ ਜੀਵਨ 'ਤੇ ਝਾਤ ਮਾਰਦਿਆਂ ਕਿਹਾ ਕਿ ਮਾਤਾ ਸਵਿੱਤਰੀ ਬਾਈ ਫੂਲੇ ਜੀ ਆਪਣਾ ਪੂਰਾ ਜੀਵਨ ਸਮਾਜਿਕ ਕੁਰੀਤੀਆਂ ਨੂੰ ਦੂਰ ਕਰਨ ਵਾਸਤੇ ਲਗਾਇਆ ਅਤੇ ਖਾਸ ਕਰਕੇ ਵਰਜਿਤ ਸਮਾਜ ਵਰਗ ਵਿਸ਼ੇਸ਼ ਕਰਕੇ ਦਲਿਤ ਲੜਕੀਆਂ ਦੀ ਸਿੱਖਿਆ ਦੇ ਲਈ ਸਮਰਪਿਤ ਕਰ ਦਿੱਤਾ ਸੀ।ਇਸ ਮੌਕੇ ਸੰਸਥਾ ਦੀ ਪ੍ਰਧਾਨ ਨੇ ਇਕੱਤਰ ਹੋਈਆਂ ਭੈਣਾਂ ਅਤੇ ਬੱਚਿਆਂ ਦਾ ਧੰਨਵਾਦ ਕੀਤਾ।ਇਸ ਮੌਕੇ ਰਣਜੀਤ ਕੌਰ ਵਾਈਸ ਪ੍ਰਧਾਨ, ਖਜਾਨਚੀ ਮਨਦੀਪ ਕੌਰ, ਅਮਰਜੀਤ ਕੌਰ, ਹਰਪ੍ਰੀਤ ਕੌਰ ਪੰਚ, ਸਵਿੱਤਰੀ, ਚਰਨਜੀਤ ਕੌਰ, ਨਿਰਮਲ ਕੌਰ, ਸੁਰਿੰਦਰ ਕੌਰ, ਕਮਲਜੀਤ ਕੌਰ, ਲਭਪ੍ਰੀਤ ਕੌਰ, ਹਰਜੋਤ, ਵਿੱਦਿਆ ਅਤੇ ਬੱਚੇ ਹਾਜ਼ਰ ਸਨ।



# ਇਫਟੂ ਨੇ ਆਟੋ ਮਾਰਚ ਕਰਕੇ ਲੇਬਰ ਕੋਡ ਤੇ ਬਿਜਲੀ ਸੋਧ ਬਿੱਲ ਦੀਆਂ ਕਾਪੀਆਂ ਸਾੜੀਆਂ



**ਬੰਗਾ (ਅਵਤਾਰ ਕਲੇਰ)** ਇੰਡੀਅਨ ਫੈਡਰੇਸ਼ਨ ਆਫ ਟਰੇਡ ਯੂਨੀਅਨਜ਼( ਇਫਟੂ) ਵਲੋਂ ਨਵਾਂਸ਼ਹਿਰ ਵਿਖੇ ਆਟੋ ਮਾਰਚ ਕਰਕੇ ਚਾਰ ਲੇਬਰ ਕੋਡ ਅਤੇ ਬੀਜ ਸੋਧ ਬਿੱਲ 2025 ਦੀਆਂ ਕਾਪੀਆਂ ਸਾੜੀਆਂ ਗਈਆਂ।ਪਹਿਲਾਂ ਇਫਟੂ ਵਰਕਰ ਸਥਾਨਕ ਆਟੋ ਸਟੈਂਡ ਉੱਤੇ ਇੱਕੱਠੇ ਹੋਏ ਅਤੇ ਸ਼ਹਿਰ ਵਿਚ ਮਾਰਚ ਕਰਕੇ ਡੀ ਸੀ ਦਫਤਰ ਅੱਗੇ ਧਰਨਾ ਦਿੱਤਾ।ਇਸ ਮੌਕੇ ਇਫਟੂ ਦੇ ਸੂਬਾ ਪ੍ਰਧਾਨ ਕੁਲਵਿੰਦਰ ਸਿੰਘ ਵੜੈਚ, ਸੂਬਾ ਸਕੱਤਰ ਅਵਤਾਰ ਸਿੰਘ ਤਾਰੀ, ਸੂਬਾ ਪ੍ਰੈਸ ਸਕੱਤਰ ਜਸਬੀਰ ਦੀਪ, ਜ਼ਿਲ੍ਹਾ ਪ੍ਰਧਾਨ ਗੁਰਦਿਆਲ ਰੱਕੜ, ਜ਼ਿਲ੍ਹਾ ਸਕੱਤਰ ਪਰਵੀਨ ਕੁਮਾਰ ਨਿਰਾਲਾ, ਆਟੋ ਯੂਨੀਅਨ ਦੇ ਜਿਲ੍ਹਾ ਪ੍ਰਧਾਨ ਪੁਨੀਤ ਕੁਮਾਰ ਬਛੌੜੀ, ਤਰਨਜੀਤ, ਗੋਪੀ, ਦੇਸ ਰਾਜ, ਕੁਲਵਿੰਦਰ ਆਗੂਆਂ ਨੇ ਆਖਿਆ ਕਿ ਕੇਂਦਰ ਸਰਕਾਰ ਵੱਲੋਂ ਲਾਗੂ ਕੀਤੇ ਗਏ ਚਾਰ ਲੇਬਰ ਕੋਡ ਦੇਸ਼ ਦੇ ਮਜ਼ਦੂਰ ਵਰਗ ਉੱਤੇ ਬਹੁਤ ਵੱਡਾ ਹਮਲਾ ਹੈ।ਇਹ ਮਜ਼ਦੂਰ ਜਮਾਤ ਕੋਲੋਂ ਉਸਦੇ ਮੁੱਢਲੇ ਅਧਿਕਾਰ ਖੋਹ ਲੈਂਦੇ ਹਨ ਜੋ ਮਜ਼ਦੂਰਾਂ ਨੇ ਦਹਾਕਿਆਂ ਤੱਕ ਸੰਘਰਸ਼ ਕਰਕੇ ਅਤੇ ਅਣਗਿਣਤ ਕੁਰਬਾਨੀਆਂ ਕਰਕੇ ਪ੍ਰਾਪਤ ਕੀਤੇ ਸਨ।ਇਹ ਮਜ਼ਦੂਰ ਜਮਾਤ ਕੋਲੋਂ ਉਸਦਾ ਯੂਨੀਅਨ ਬਣਾਉਣ ਦਾ ਹੱਕ, ਹੜਤਾਲ ਕਾਰਨ ਦਾ ਹੱਕ ਖੋਹਦੇਂ ਹਨ, ਰੁਜ਼ਗਾਰ ਸੁਰੱਖਿਆ ਉੱਤੇ ਹੱਲਾ ਬੋਲਦੇ ਹਨ। ਆਗੂਆਂ ਨੇ ਲੋਕਾਂ ਨੂੰ ਇਹਨਾਂ ਕੋਡਾਂ ਦਾ ਤਿੱਖਾ ਵਿਰੋਧ ਕਰਨ ਦਾ ਸੱਦਾ ਦਿੱਤਾ। ਆਟੋ ਯੂਨੀਅਨ ਦੇ ਆਗੂਆਂ ਨੇ ਕਿਹਾ ਕਿ ਉਹ ਲੰਬੇ ਸਮੇਂ ਤੋਂ ਬੱਸ ਅੱਡੇ ਵਿਚ ਆਟੋ ਸਟੈਂਡ ਲਈ ਜਗ੍ਹਾ ਮੰਗ ਰਹੇ ਹਨ ਪਰ ਜ਼ਿਲ੍ਹਾ ਪ੍ਰਸ਼ਾਸਨ ਕੋਈ ਧਿਆਨ ਨਹੀਂ ਦੇ ਰਿਹਾ।

# ਡੀ ਏ ਦੀਆਂ ਬਕਾਇਆ ਕਿਸ਼ਤਾਂ ਦਾ ਤੁਰੰਤ ਭੁਗਤਾਨ : ਪੈਨਸ਼ਨਰ ਐਸੋਸੀਏਸ਼ਨ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)** ਪੈਨਸ਼ਨਰ ਵੈਲਫੇਅਰ ਐਸੋਸੀਏਸ਼ਨ ਪੰਜਾਬ ਇਕਾਈ ਗੜ੍ਹਸ਼ੰਕਰ ਦੀ ਮਾਸਿਕ ਮੀਟਿੰਗ ਸੀਨੀਅਰ ਆਗੂ ਬਾਬੂ ਪਰਮਾ ਨੰਦ ਦੀ ਪ੍ਰਧਾਨਗੀ ਹੇਠ ਲਾਇਬ੍ਰੇਰੀ ਗਾਂਧੀ ਪਾਰਕ ਗੜ੍ਹਸ਼ੰਕਰ ਵਿਖੇ ਹੋਈ।ਮੀਟਿੰਗ ਦੇ ਵੇਰਵੇ ਦਿੰਦਿਆਂ ਪੈਨਸ਼ਨਰ ਆਗੂ ਬਲਵੰਤ ਰਾਮ ਨੇ ਦੱਸਿਆ ਕਿ ਪੰਜਾਬ ਦੇ ਇਤਿਹਾਸ ਵਿਚ ਆਮ ਆਦਮੀ ਪਾਰਟੀ ਦੀ ਪਹਿਲੀ ਸਰਕਾਰ ਹੈ ਜਿਸ ਨੇ ਇਸ ਸਾਲ ਪੰਜਾਬ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਮਹਿੰਗਾਈ ਭੱਤੇ ਦੀ ਇੱਕ ਵੀ ਕਿਸ਼ਤ ਨਹੀਂ ਦਿੱਤੀ। ਸਰਕਾਰ ਵਲੋਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀ ਲਗਾਤਾਰ ਕੀਤੀ ਜਾ ਰਹੀ ਅਣਦੇਖੀ ਕਾਰਨ ਇਸ ਵਰਗ ਦਾ ਸਰਕਾਰ ਪ੍ਰਤੀ ਗੁੱਸਾ ਦਿਨ ਬ ਦਿਨ ਵੱਧਦਾ ਜਾ ਰਿਹਾ ਹੈ।ਸਰਕਾਰ ਵੱਲੋਂ ਚੋਣਾਂ ਦੌਰਾਨ ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲ ਕੀਤੇ ਵਾਅਦਿਆਂ ਵਿੱਚੋਂ ਸਰਕਾਰ ਨੇ ਇੱਕ ਵੀ ਵਾਇਦਾ ਪੂਰਾ ਨਹੀਂ ਕੀਤਾ।ਲਗਾਤਾਰ ਸੰਘਰਸ਼ ਕਰਨ ਦੇ ਬਾਵਜੂਦ ਵੀ ਸਰਕਾਰ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀ ਗੱਲ ਸੁਣਨ ਨੂੰ ਤਿਆਰ ਨਹੀਂ। ਮੀਟਿੰਗ ਵਿੱਚ ਰਤਨ ਸਿੰਘ, ਜੋਗਿੰਦਰ ਸਿੰਘ, ਮੇਜਰ ਸਿੰਘ, ਰੌਸ਼ਨ ਲਾਲ ਵਰਮਾ, ਸੁਰਿੰਦਰ ਪਾਲ ਹੀਰ, ਹਰਬੰਸ ਲਾਲ, ਜਗਦੀਸ਼ ਰਾਇ, ਪ੍ਰਿੰ.ਬਿੱਕਰ ਸਿੰਘ ਅਤੇ ਦਲਬੀਰ ਸਿੰਘ ਨੇ ਵੀ ਆਪਣੇ ਵਿਚਾਰ ਰੱਖੇ।



# ਸ੍ਰੀ ਗੁਰੂ ਹਰਕ੍ਰਿਸ਼ਨ ਸਕੂਲ ਵਿਖੇ ਇੱਕ ਰੋਜ਼ਾ ਟੀਚਰ ਸੈਮੀਨਾਰ



**ਸੁਲਤਾਨਪੁਰ ਲੋਧੀ (ਹਨੀ)** ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੈਂਡਰੀ ਸਕੂਲ ਵਿਖੇ ਇੱਕ ਰੋਜ਼ਾ ਟੀਚਰ ਸੈਮੀਨਾਰ ਦਾ ਆਯੋਜਨ ਕੀਤਾ ਗਿਆ।ਜਿਸ ਵਿੱਚ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ ਬਤੌਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।ਸੈਮੀਨਾਰ ਵਿੱਚ ਮੁੱਖ ਬੁਲਾਰੇ ਵਜੋਂ ਸ਼ਾਮਲ ਹੋਏ ਮਿਸ ਜਾਨਵੀ ਕੋਹਲੀ ਨੇ ਦੱਸਿਆ ਕਿ ਪ੍ਰਭਾਵਸ਼ਾਲੀ ਕਲਾਸਰੂਮ ਪ੍ਰਬੰਧਨ ਨੂੰ ਵਿਦਿਆਰਥੀਆਂ ਅਤੇ ਸਿੱਖਿਅਕਾਂ ਦੋਵਾਂ ਲਈ ਲਾਭਦਾਇਕ ਬਣਾਉਣ ਲਈ ਸਹੀ ਰਣਨੀਤੀਆਂ ਨੂੰ ਲਾਗੂ ਕਰਨ ਤੇ ਨਿਰਭਰ ਕਰਦਾ ਹੈ। ਇਸ ਤੋਂ ਇਲਾਵਾ ਉਹਨਾਂ ਨੇ ਸਿੱਖਿਆ ਨੂੰ ਹੋਰ ਵੀ ਪ੍ਰਭਾਵਸ਼ਾਲੀ ਬਣਾਉਣ ਦੇ ਲਈ ਸੰਚਾਰ, ਅਨੁਕੂਲਤਾ, ਵਿਸ਼ੇ ਵਿੱਚ ਮੁਹਾਰਤ, ਰਚਨਾਤਮਕਤਾ, ਧੀਰਜ, ਨਿਰੰਤਰ ਸਿਖਲਾਈ ਵਰਗੀਆਂ ਕਈ ਰਣਨੀਤੀਆਂ ਸਾਂਝੀਆਂ ਕੀਤੀਆਂ। ਇਸ ਸੈਮੀਨਾਰ ਵਿਚ ਸਕੂਲ ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ, ਸਕੂਲ ਪ੍ਰਸ਼ਾਸਕ ਇੰਜੀਨੀਅਰ ਨਿਮਰਤਾ ਕੌਰ ਤੋਂ ਇਲਾਵਾ ਰੇਨੂੰ ਅਰੋੜਾ ਪ੍ਰਿੰਸੀਪਲ ਸ਼੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੈਂਡਰੀ ਸਕੂਲ ਸੁਲਤਾਨਪੁਰ ਲੋਧੀ, ਡਿੰਪਲ ਸ਼ਰਮਾ ਪ੍ਰਿੰਸੀਪਲ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਆਰ ਸੀ ਐਫ ਅਤੇ ਦੋਹਾਂ ਸਕੂਲਾਂ ਦੇ ਸਟਾਫ ਮੈਂਬਰ ਮੌਜੂਦ ਸਨ।

# ਡੀ ਸੀ ਵੱਲੋਂ ਗੋਦ ਲਈਆਂ ਗਈਆਂ ਸੜਕਾਂ ਦੇ ਕੰਮਾਂ ਦਾ ਜਾਇਜ਼ਾ

**ਜਲੰਧਰ (ਇਕਬਾਲ ਸਿੰਘ ਉਭੀ)**- ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ 'ਪੰਜਾਬ ਸੜਕ ਸਫਾਈ ਮਿਸ਼ਨ' ਤਹਿਤ ਸੜਕਾਂ ਦੇ ਬੁਨਿਆਦੀ ਢਾਂਚੇ ਨੂੰ ਬਰਕਰਾਰ ਰੱਖਣ ਲਈ ਕੀਤੇ ਜਾ ਰਹੇ ਉਪਰਾਲਿਆਂ ਦਾ ਜਾਇਜ਼ਾ ਲਿਆ।ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਨੇ 'ਪੰਜਾਬ ਸੜਕ ਸਫਾਈ ਮਿਸ਼ਨ' ਤਹਿਤ ਜ਼ਿਲ੍ਹੇ ਵਿੱਚ ਅਧਿਕਾਰੀਆਂ ਵੱਲੋਂ ਗੋਦ ਲਈਆਂ ਸੜਕਾਂ ਦੇ ਸੁਚੱਜੇ ਰੱਖ-ਰਖਾਅ ਲਈ ਕੀਤੇ ਜਾ ਰਹੇ ਯਤਨਾਂ ਦੀ ਸਮੀਖਿਆ ਕੀਤੀ।ਉਨ੍ਹਾਂ ਅਧਿਕਾਰੀਆਂ ਨੂੰ ਆਪੋ-ਆਪਣੇ ਅਧਿਕਾਰ ਖੇਤਰ ਵਿੱਚ ਗੋਦ ਲਈਆਂ ਗਈਆਂ ਸੜਕਾਂ ਦੇ ਨਿਯਮਿਤ ਦੌਰੇ ਕਰਨ ਅਤੇ ਇਨ੍ਹਾਂ ਦੀ ਸੁਚੱਜੇ ਢੰਗ ਨਾਲ ਮੁਰੰਮਤ ਕਰਨ ਲਈ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ।ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਗੋਦ ਲਈਆ ਸੜਕਾਂ 'ਤੇ ਸਾਫ-ਸਫਾਈ, ਟੋਏ, ਨਿਕਾਸੀ ਸਮੇਤ ਪੇਸ਼ ਆ ਰਹੇ ਹੋਰ ਮੁੱਦੇ ਤੁਰੰਤ ਸਬੰਧਤ ਵਿਭਾਗ ਦੇ ਨੋਡਲ ਅਧਿਕਾਰੀ ਨਾਲ ਸਾਂਝੇ ਕੀਤੇ ਜਾਣ, ਤਾਂ ਜੋ ਇਨ੍ਹਾਂ ਨੂੰ ਜਲਦ ਤੋਂ ਜਲਦ ਹੱਲ ਕਰਕੇ ਜ਼ਿਲ੍ਹਾ ਵਾਸੀਆਂ ਨੂੰ ਰਾਹਤ ਦਿਵਾਈ ਜਾ ਸਕੇ।ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਜਸਬੀਰ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਨਵਦੀਪ ਕੌਰ, ਸਹਾਇਕ ਕਮਿਸ਼ਨਰ (ਯੂ.ਟੀ.) ਮੁਕਿਲਨ ਆਰ, ਜੁਆਇੰਟ ਕਮਿਸ਼ਨਰ ਨਗਰ ਨਿਗਮ ਮਨਦੀਪ ਕੌਰ ਤੇ ਸੁਮਨਦੀਪ ਕੌਰ, ਸੀ.ਐਮ.ਐਫ.ਓ. ਨਵਦੀਪ ਸਿੰਘ ਅਤੇ ਹੋਰ ਅਧਿਕਾਰੀ ਮੌਜੂਦ ਸਨ।



# ਸ਼ਾਂਤੀ ਦੇਵੀ ਨਮਿੱਤ ਰਸਮ ਪਗੜੀ 9 ਨੂੰ



**ਫਗਵਾੜਾ (ਕਮਲ ਰਾਏ)** ਪੱਤਰਕਾਰ ਅਨਿਲ ਗੋਇਲ ਦੀ ਸੱਸ, ਗਣੇਸ਼ ਕੁਮਾਰ ਜੈਨ ਦੀ ਪਤਨੀ ਸ਼੍ਰੀਮਤੀ ਸ਼ਾਂਤੀ ਦੇਵੀ ਦਾ ਮੰਗਲਵਾਰ, 30 ਦਸੰਬਰ, 2025 ਨੂੰ ਦੇਹਾਂਤ ਹੋ ਗਿਆ।ਉਨ੍ਹਾਂ ਦੀ ਆਤਮਾ ਦੀ ਸ਼ਾਂਤੀ ਲਈ ਆਯੋਜਿਤ ਸ਼੍ਰੀ ਗਰੁੜ ਪੁਰਾਣ ਦਾ ਪਾਠ ਅਤੇ ਰਸਮ ਪਗੜੀ 9 ਜਨਵਰੀ ਦਿਨ ਸ਼ੁਕਰਵਾਰ ਨੂੰ ਦੁਪਹਿਰ 1:00 ਵਜੇ ਤੋਂ 2:00 ਵਜੇ ਤੱਕ ਸ਼੍ਰੀ ਸਨਾਤਨ ਧਰਮ ਸਭਾ ਆਸ਼ਰਮ, ਧੂਰੀ ਵਿਖੇ ਹੋਵੇਗੀ।



ਸ਼੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਦੇ ਸੰਬੰਧ ਵਿੱਚ ਕਢੇ ਗਏ ਮਹਾਨ ਨਗਰ ਕੀਰਤਨ ਮੌਕੇ ਜਿਲ੍ਹਾ ਕਾਂਗਰਸ ਕਮੇਟੀ ਸ਼ਹਿਰੀ ਅਤੇ ਦਿਹਾਤੀ ਵੱਲੋਂ ਦੁੱਧ ਦਾ ਲੰਗਰ ਲਗਾਇਆ ਗਿਆ।ਇਸ ਮੌਕੇ ਜਿਲ੍ਹਾ ਕਾਂਗਰਸ ਕਮੇਟੀ ਸ਼ਹਿਰੀ ਦੇ ਪ੍ਰਧਾਨ ਰਜਿੰਦਰ ਬੇਰੀ, ਕਰਨ ਸੁਮਨ, ਰਜਿੰਦਰ ਸਹਿਗਲ, ਕਪਿਲ ਦੇਵ, ਰਵਿੰਦਰ ਸਿੰਘ ਰਵੀ, ਦੀਪਕ ਸਹਿਗਲ, ਮੁਨੀਸ਼ ਪਾਹਵਾ, ਰੋਹਨ ਚੱਢਾ, ਰਾਜੇਸ਼ ਜਿੰਦਲ, ਹਰਪਾਲ ਸਿੰਘ ਸੰਧੂ ਦਫ਼ਤਰ ਇੰਚਾਰਜ ਦਿਹਾਤੀ, ਐਡਵੋਕੇਟ ਵਿਕਰਮ ਦੱਤਾ, ਸੁਧੀਰ ਘੁੱਗੀ, ਪ੍ਰਿੰਸ ਨਾਹਰ ਮੌਜੂਦ ਸਨ ।
(ਫੋਟੋ ਤੇ ਵੇਰਵਾ : ਇਕਬਾਲ ਸਿੰਘ ਉਭੀ ਜਲੰਧਰ)

# ਕਬੂਲਪੁਰ ਵਿਖੇ ਸ਼ਹੀਦੀ ਸਮਾਗਮ ਕਰਵਾਏ



**ਆਦਮਪੁਰ (ਪਰਮਜੀਤ ਸਿੰਘ)**- ਸਮੂਹ ਮੁੰਡੀ ਪਰਿਵਾਰ ਪਿੰਡ ਕਬੂਲਪੁਰ ਤੇ ਨਗਰ ਦੀਆਂ ਸਮੂਹ ਸੰਗਤਾਂ ਦੇ ਵਿਸ਼ੇਸ਼ ਸਹਿਯੋਗ ਨਾਲ ਸਮੂਹ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਮਹਾਨ ਸ਼ਹੀਦੀ ਸਮਾਗਮ ਪਿੰਡ ਕਬੂਲਪੁਰ ਵਿਖੇ ਸ਼ਰਧਾਭਾਵਨਾਂ ਨਾਲ ਸਵੇਰੇ 10 ਤੋਂ 2 ਵਜੇ ਤੱਕ ਕਰਵਾਏ ਗਏ।ਜਾਣਕਾਰੀ ਦਿੰਦੇ ਮੁੰਡੀ ਪਰਵਾਰ ਦੇ ਪਾਲ ਸਿੰਘ, ਜਥੇਦਾਰ ਕੁਲਵਿੰਦਰ ਸਿੰਘ ਕਬੂਲਪੁਰ, ਸਤਨਾਮ ਸਿੰਘ, ਜਸਵਿੰਦਰ ਸਿੰਘ ਨੇ ਦਸਿਆ ਇਨ੍ਹਾਂ ਸਮਾਗਮਾਂ ਦੇ ਸਬੰਧ ਵਿੱਚ ਪਹਿਲਾ ਸ਼੍ਰੀ ਸਹਿਜਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਉਪਰੰਤ ਭਾਈ ਮਨਜਿੰਦਰ ਸਿੰਘ ਹਰਿ ਰਾਏਪੁਰ ਵਾਲਿਆਂ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਅਤੇ ਗਿਆਨੀ ਸਰੂਪ ਸਿੰਘ ਕਡਿਆਣਾ ਦੇ ਢਾਡੀ ਜਥੇ ਨੇ ਸੰਗਤਾਂ ਇਤਿਹਾਸਕ ਵਾਰਾਂ ਰਾਹੀਂ ਨਿਹਾਲ ਕੀਤਾ। ਇਸ ਮੌਕੇ ਸਮਾਗਮ ਵਿੱਚ ਪੁੱਜੀਆਂ ਸਮੂਹ ਸੰਗਤਾਂ ਨੂੰ ਮੁੰਡੀ ਪਰਵਾਰ ਵੱਲੋਂ ਦੁੱਧ ਤੇ ਗੁਰੂ ਕੇ ਲੰਗਰ ਅਤੁੱਟ ਲਰਤਾਏ ਗਏ।ਇਸ ਮੌਕੇ ਪਾਲ ਸਿੰਘ, ਜਥੇਦਾਰ ਕੁਲਵਿੰਦਰ ਸਿੰਘ ਕਬੂਲਪੁਰ, ਸਤਨਾਮ ਸਿੰਘ, ਜਸਵਿੰਦਰ ਸਿੰਘ, ਮਨਪ੍ਰੀਤ ਸਿੰਘ, ਪਰਮਿੰਦਰ ਸਿੰਘ, ਰਮਨਦੀਪ ਸਿੰਘ, ਗੁਰਸੇਵਕ ਸਿੰਘ, ਨਵਜੋਤ ਸਿੰਘ, ਅਨਮੋਲ ਸਿੰਘ ਤੇ ਹੋਰ ਸੇਵਾਦਾਰ ਤੇ ਪਿੰਡ ਦੀਆਂ ਸਮੂਹ ਸੰਗਤਾਂ ਹਾਜ਼ਰ ਸਨ।


# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਮੌਕੇ ਅਜਨਾਲਾ ਤੋਂ ਵਿਸ਼ੇਸ਼ ਸਪਲੀਮੈਂਟ

## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਹਾੜੇ 'ਤੇ 'ਨਵਾਂ ਜ਼ਮਾਨਾ' ਵੱਲੋਂ ਸਪਲੀਮੈਂਟ ਕੱਢਣ 'ਤੇ ਭਾਰਤੀ ਜਨਤਾ ਪਾਰਟੀ ਵੱਲੋਂ ਲੱਖ-ਲੱਖ ਵਧਾਈਆਂ




ਸ੍ਰ. ਅਮਰਪਾਲ ਸਿੰਘ ਬੋਨੀ ਸਾਬਕਾ ਵਿਧਾਇਕ ਪ੍ਰਧਾਨ ਓ.ਬੀ.ਸੀ. ਮੋਰਚਾ ਅਤੇ ਜ਼ਿਲਾ ਪ੍ਰਧਾਨ ਅੰਮ੍ਰਿਤਸਰ ਬੀ.ਜੇ.ਪੀ. ਪੰਜਾਬ।

ਸ੍ਰੀ ਪ੍ਰਦੀਪ ਕੁਮਾਰ ਬੰਟਾ ਅਜਨਾਲਾ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਇੰਚਾਰਜ ਵਾਰਡ ਨੰ. 12 ਬੀ.ਜੇ.ਪੀ. ਅੰਮ੍ਰਿਤਸਰ

ਸਵ: ਬੀਬੀ ਜਗਦੀਸ਼ ਕੌਰ

ਸ੍ਰੀ. ਦੀਪੂ ਅਰੋੜਾ ਵਾਰਡ ਨੰ. 13 ਅਜਨਾਲਾ ਸੀਨੀਅਰ ਬੀ.ਜੇ.ਪੀ. ਆਗੂ

ਸ੍ਰੀ. ਬੰਟੀ ਸ਼ਰਮਾ ਵਾਰਡ ਨੰ. 7 ਅਜਨਾਲਾ ਸੀਨੀਅਰ ਬੀ.ਜੇ.ਪੀ. ਆਗੂ



ਸ੍ਰੀ.ਧਰਮਿੰਦਰ ਸਿੰਘ ਪ੍ਰਿੰਸ ਵਾਰਡ ਨੰ. 14, ਸੀਨੀਅਰ ਬੀ.ਜੇ.ਪੀ. ਆਗੂ

ਸ੍ਰੀ ਵਿਕਰਮ ਬੇਦੀ ਕੌਂਸਲਰ ਵਾਰਡ ਨੰ. 2 ਅਜਨਾਲਾ

ਸ੍ਰ. ਹਰਿੰਦਰ ਸਿੰਘ ਬੱਬਰ ਵਾਰਡ ਨੰ. 9, ਸੀਨੀਅਰ ਬੀ.ਜੇ.ਪੀ. ਆਗੂ।

ਸ੍ਰੀ. ਸੌਰਵ ਸਰੀਨ ਵਾਰਡ ਨੰ. 11 ਸੀਨੀਅਰ ਬੀ.ਜੇ.ਪੀ. ਆਗੂ

ਸ੍ਰੀ. ਰਾਜੇਸ਼ ਚੌਹਾਨ ਸੀਨੀਅਰ ਬੀ.ਜੇ.ਪੀ. ਆਗੂ

## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਨਵਾ ਜ਼ਮਾਨਾ ਵੱਲੋਂ ਸਪਲੀਮੈਂਟ ਕੱਢਣ ਤੇ ਬੱਚਪਣ ਅਤੇ ਅਕੈਡਮਿਕ ਹਾਇਟਸ ਪਬਲਿਕ ਸਕੂਲ ਅਜਨਾਲਾ ਵੱਲੋਂ ਬਹੁਤ ਮੁਬਾਰਕਾਂ



1. ਗਤੀਵਿਧੀਆ ਰਾਹੀਂ ਪੜਾਈ
2. ਜਿੱਥੇ ਬੋਲਦੀਆ ਹਨ ਕਿਤਾਬਾਂ
3. ਪ੍ਰਾਇ ਸਮਾਰਟ ਰਾਹੀਂ ਆਧੁਨਿਕ ਸਿੱਖਿਆ
4. ਗਤਕਾ, ਐਥਲੀਟ ਖੇਡਾਂ, ਕ੍ਰਿਕੇਟ ਕਬੱਡੀ, ਕਰਾਟੇ ਦੇ ਸਪੈਸ਼ਲ ਕੋਚ
5. ਵਧੀਆ ਪੜੇ ਲਿਖੇ ਤਜ਼ਰਬੇਦਾਰ ਅਧਿਆਪਕ

ਪ੍ਰਿੰਸੀਪਲ ਮੋਨਿਕਾ ਖੋਖਰ

## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਹਾੜੇ 'ਤੇ 'ਨਵਾਂ ਜ਼ਮਾਨਾ' ਵੱਲੋਂ ਸਪਲੀਮੈਂਟ ਕੱਢਣ 'ਤੇ ਇੰਪਲਾਈਜ਼ ਫੈੱਡਰੇਸ਼ਨ ਚਾਹਲ ਅਜਨਾਲਾ ਦੇ ਪ੍ਰਧਾਨ ਰਣਜੀਤ ਸਿੰਘ ਅਜਨਾਲਾ ਵੱਲੋਂ ਲੱਖ-ਲੱਖ ਵਧਾਈਆਂ



## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਹਾੜੇ 'ਤੇ ਜਮਹੂਰੀ ਕਿਸਾਨ ਸਭਾ ਵੱਲੋਂ ਲੱਖ-ਲੱਖ ਵਧਾਈਆਂ



ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਨਮ ਦਿਹਾੜੇ 'ਤੇ ਦੇਸ਼ ਵਾਸੀਆਂ ਨਾਲ ਖੁਸ਼ੀਆਂ ਸਾਂਝੀ ਕਰਦੇ ਹੋਏ ਪ੍ਰਣ ਕਰਦੇ ਹਾਂ ਕਿ ਭਾਈ ਲਾਲੋ ਜਿਹਾ ਸਮਾਜ ਸਿਰਜਣ ਲਈ ਸਾਂਝੇ ਮੋਰਚਿਆਂ ਅਤੇ ਸੰਘਰਸ਼ਾਂ ਰਾਹੀਂ ਜਿੱਤ ਪ੍ਰਾਪਤ ਕਰਕੇ ਰਹਾਂਗੇ।

ਵੱਲੋਂ : ਡਾ. ਸਤਨਾਮ ਸਿੰਘ
ਸੂਬਾ ਪ੍ਰਧਾਨ ਜਮਹੂਰੀ ਕਿਸਾਨ ਸਭਾ ਪੰਜਾਬ

## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਹਾੜੇ 'ਤੇ 'ਨਵਾਂ ਜ਼ਮਾਨਾ' ਵੱਲੋਂ ਸਪਲੀਮੈਂਟ ਕੱਢਣ 'ਤੇ ਵਧਾਈਆਂ





ਵੱਲੋਂ
ਸ੍ਰੀ ਦਵਿੰਦਰ ਸਿੰਘ ਡੈਮ
ਸ਼ਹਿਰੀ ਪ੍ਰਧਾਨ ਅਜਨਾਲਾ

ਅਤੇ ਸਮੂਹ ਕਾਂਗਰਸ ਪਾਰਟੀ